# ਦਰਸਨੁ ਦੇਹੁ ਦਇਆਪਤਿ ਦਾਤੇ

# ਦਰਸਨੁ ਦੇਹੁ
# ਦਇਆਪਤਿ ਦਾਤੇ

# ਦਰਸਨੁ ਦੇਹੁ ਦਇਆਪਤਿ ਦਾਤੇ

**ਪ੍ਰਿੰ: ਬੇਅੰਤ ਕੌਰ**

*ਐਮ. ਏ. (ਅੰਗ੍ਰੇਜ਼ੀ, ਪੰਜਾਬੀ, ਸਾਹਿੱਤ ਰਤਨ ਹਿੰਦੀ) ਬੀ. ਟੀ.*

ਪ੍ਰਕਾਸ਼ਕ

**ਐਚ. ਐਸ. ਮਨਚੰਦਾ ਫਾਊਂਡੇਸ਼ਨ**

1628-1/2, ਪਰਿਯੂਸ ਰੋਡ, ਲਾਸ ਏਂਜਲਸ

ਕੈਲੀਫੋਰਨੀਆ (90035) ਯੂ. ਐੱਸ. ਏ.

ਟੈਲੀਫੋਨ ਨੰ: 310-858-6825

**DARSAN DEHO DAYAPAT DATEY**

*By Pr. Beant Kaur*

Published by
**H.S. Manchanda Foundation**
1628-1/2, Preuss Road,
Los Angeles
CALIFORNIA (90035) U.S.A.
Tel-310 - 858 - 6825

© ਲੇਖਕ

ਪਹਿਲੀ ਵਾਰ : ਫਰਵਰੀ 1997
1100 ਕਾਪੀਆਂ

**ਮਿਲਣ ਦਾ ਪਤਾ :**
F-213 A-1, ਮਾਨਸਰੋਵਰ ਗਾਰਡਨ
ਨਵੀਂ ਦਿੱਲੀ-15
ਫ਼ੋਨ : 541 4451, 542 2956

ਮੁੱਲ : 250 ਰੁਪਏ

ਟਾਈਪ ਸੈਟਿੰਗ :
***ਜਨਤਕ ਪ੍ਰੈਸ***
ਪਲਟੀਅਰ ਗਾਰਡਨ ਮਾਰਕੀਟ
ਚਾਂਦਨੀ ਚੌਕ, ਦਿੱਲੀ-110006
ਫ਼ੋਨ : 328 1350, 328 3518

*ਛਾਪਕ :*
**ਨਾਮਧਾਰੀ ਪ੍ਰਿੰਟਿੰਗ ਵਰਕਸ**
4/1700, ਭੋਲਾ ਨਾਥ ਨਗਰ,
ਸ਼ਾਹਦਰਾ, ਦਿੱਲੀ-110 032
ਫ਼ੋਨ : 242 9771

# ਦੋ ਸ਼ਬਦ

ਕੋਈ ਵੀ ਸਾਹਿਤਿਕ ਰਚਨਾ ਸਿਰਜਣ ਤੋਂ ਪਹਿਲਾਂ, ਉਹ ਲਿਖਾਰੀ ਦੇ ਅੰਤਹਕਰਨ ਵਿਚ ਸਮਾਉਂਦੀ ਹੈ, ਉਸਦੇ ਦਿਲ ਦਿਮਾਗ ਵਿੱਚ ਵਾਸ ਕਰਦੀ ਹੈ, ਅਤੇ ਫਿਰ ਜਿੰਨਾ ਚਿਰ ਲਿਖਾਰੀ ਉਸ ਨੂੰ ਆਪਣੀ ਕਲਮ ਰਾਹੀਂ ਉਨ੍ਹਾਂ ਹਾਵਾਂ, ਭਾਵਾਂ, ਵਲਵਲਿਆਂ ਨੂੰ ਉਲੀਕ ਨਹੀਂ ਲੈਂਦਾ, ਓਨਾ ਚਿਰ ਉਹ ਰਚਨਾਂ ਉਸ ਦੇ ਹਿਰਦੇ ਮੰਦਰ ਅੰਦਰ ਵਾਸ ਕਰਕੇ ਰਹਿੰਦੀ ਹੈ। ਇਸੇ ਤਰ੍ਹਾਂ ਅੱਜ ਤੋਂ ਕਈ ਸਾਲ ਪਹਿਲਾਂ, ਜਦੋਂ ਮੈਂ ਐਮ. ਏ. ਪੰਜਾਬੀ ਦਾ ਅਧਿਐਨ ਕਰ ਰਹੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਗ ਤੁਖਾਰੀ ਵਿੱਚ ਰਚਿਤ ਬਾਰਾਂਮਾਹ ਨੇ ਮੇਰੇ ਹਿਰਦੇ ਦੇ ਹਾਵਾਂ ਭਾਵਾਂ ਨੂੰ ਹਲੂਣ ਕੇ ਰੱਖ ਦਿੱਤਾ, ਉਸ ਦਾ ਇੱਕ ਇੱਕ ਸ਼ਬਦ, ਇੱਕ ਇੱਕ ਦ੍ਰਿਸ਼ ਤੁਰਦੇ ਫਿਰਦੇ, ਉਠਦੇ ਬਹਿੰਦੇ ਮੇਰੀਆਂ ਅਖਾਂ ਸਾਹਵੇਂ ਹਮੇਸ਼ਾਂ ਮੂਰਤੀਮਾਨ ਰਹਿੰਦਾ, ਅਤੇ ਜਦੋਂ ਕਦੇ ਫੁਰਸਤ ਦੇ ਪਲ ਮਿਲਦੇ, ਬਾਰਾਂਮਾਹ ਦੀਆਂ ਸੁਆਦਲੀਆਂ ਤੁਕਾਂ ਮੇਰੇ ਦਿਮਾਗ ਉੱਤੇ ਛਾ ਜਾਂਦੀਆਂ ਅਤੇ ਮੈਂ ਉਹਨਾਂ ਸਤਰਾਂ ਦੇ ਵਿੱਚ ਹੀ ਗੁੰਮ ਹੋ ਜਾਂਦੀ।

ਬਾਰਾਂਮਾਹ ਤੁਖਾਰੀ ਦੇ ਨਾਲ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਝ ਵਿੱਚ ਰਚਿਤ ਬਾਰਾਂਮਾਹ ਵੀ ਕੰਠ ਕਰ ਲਿਆ। ਉਸੇ ਵੇਲੇ ਤੋਂ ਹੀ ਮੇਰੇ ਮਨ ਅੰਦਰ ਇਹ ਰੀਝ ਪੈਦਾ ਹੋਈ ਕਿ ਇਹਨਾਂ ਦੋਹਾਂ ਰਚਨਾਵਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਾਪਤ ਕਰਕੇ ਅਨੰਦ ਮਾਣਿਆ ਜਾਵੇ। ਇਹਨਾਂ ਦੋਹਾਂ ਬਾਰਾਂਮਾਹਾਂ ਵਿੱਚ ਆਪਣੇ ਪਿਆਰੇ ਪ੍ਰੀਤਮ ਇਸ਼ਟ ਲਈ ਪ੍ਰਿਯਤਮਾ ਦੀ ਕਸਕ, ਵੇਦਨਾਂ, ਪੀੜਾ, ਵਿਰਹ, ਵਿਆਕੁਲਤਾ ਅਤੇ ਦਰਸ਼ਨਾਂ ਦੀ ਤਾਂਘ ਉੱਚ ਸ਼ਿਖਰਾਂ ਨੂੰ ਛੋਹ ਰਹੀ ਹੈ। ਬਾਰਾਂ ਮਹੀਨਿਆਂ ਵਿੱਚ ਆਏ ਹੋਏ ਰਿਤੂਆਂ ਦੇ ਅਨੁਸਾਰ ਹਾਵ ਭਾਵ ਆਸ਼ਕ ਨੂੰ ਆਪਣੇ ਪਿਆਰੇ ਇਸ਼ਟ ਦੇ ਪਿਆਰ ਦੀ ਯਾਦ ਵਿੱਚ ਠੰਢੀਆਂ ਆਹਾਂ, ਹਉਕੇ, ਸਿਸਕੀਆਂ, ਪ੍ਰਦਾਨ ਕਰਦੇ ਹਨ, ਪਰ ਅੰਤ ਵਿੱਚ ਮੇਲ ਮਿਲਾਪ ਅਤੇ ਦਰਸ਼ਨਾਂ ਦੀ ਦਾਤ ਹਿਰਦੇ ਨੂੰ ਸਾਂਤਵਨਾ, ਹੁਲਾਸ, ਖੇੜਾ, ਠੰਢਕ ਅਤੇ ਪ੍ਰਸੰਨਤਾ ਪ੍ਰਦਾਨ ਕਰਦੀ ਹੈ।

ਇਹਨਾਂ ਦੋਹਾਂ ਬਾਰਾਂਮਾਹਾਂ ਵਿੱਚ ਸਭ ਤੋਂ ਪਹਿਲਾਂ ਉਹਨਾਂ ਵਿੱਚ ਆਏ ਹੋਏ ਕਠਿਨ ਸ਼ਬਦਾਂ ਦੇ ਅਰਥ ਜਾਨਣ ਦਾ ਉਪਰਾਲਾ ਕੀਤਾ ਗਿਆ ਹੈ, ਅਤੇ ਫਿਰ ਉਸ ਵਿੱਚ ਆਏ ਹੋਏ ਹਾਵਾ ਭਾਵਾਂ ਦੀ ਵਿਆਖਿਆ ਨੂੰ ਵਿਸਥਾਰਿਆ ਹੈ। ਗੁਰਬਾਣੀ ਦੇ ਅਰਥ ਕੀਤੇ ਤਾਂ ਨਹੀਂ ਜਾ ਸਕਦੇ, ਪਰ ਸਤਿਗੁਰਾਂ ਦੀ ਬਖਸ਼ੀ ਬੁੱਧੀ ਅਨੁਸਾਰ ਮੈਂ ਆਪਣੇ ਸ਼ਬਦਾਂ ਰਾਹੀਂ ਥੋੜੀ ਬਹੁਤ ਵਿਆਖਿਆ ਕਰਨ ਦਾ

ਉਪਰਾਲਾ ਕੀਤਾ ਹੈ, ਅਤੇ ਹਰ ਮਹੀਨੇ ਵਿੱਚ ਦਰਸਾਏ ਹੋਏ ਭਾਵਾਂ ਨੂੰ ਬੜੇ ਸੰਖੇਪ ਵਿੱਚ ਲਿਖਿਆ ਹੈ।

ਗਹੁ ਨਾਲ ਪੜ੍ਹਨ ਉਪਰੰਤ ਇੱਕ ਗੱਲ ਪੂਰਨ ਰੂਪ ਵਿੱਚ ਸਪਸ਼ਟ ਹੋ ਜਾਂਦੀ ਹੈ, ਕਿ ਬਾਰਾਂਮਾਹਾਂ ਦੀ ਇੱਕ ਇੱਕ ਸਤਰ ਉੱਤੇ ਸਿੱਖੀ ਰੂਪੀ ਸਾਗਰ ਵਿਚੋਂ ਕਿਸੇ ਨਾ ਕਿਸੇ ਗੁਰਸਿੱਖ ਦਾ ਜੀਵਨ ਪੂਰਨ ਰੂਪ ਵਿੱਚ ਉਸ ਦੇ ਅਨੁਸਾਰ ਬਤੀਤ ਹੋਇਆ ਮਿਲਦਾ ਹੈ, ਇੱਕ ਇੱਕ ਸਤਰ ਅਨੁਸਾਰ ਜੀਵਨ ਲਿਖਣ ਨਾਲ ਤਾਂ ਇੱਕ ਵੱਡਾ ਗ੍ਰੰਥ ਰਚਿਆ ਜਾ ਸਕਦਾ ਹੈ, ਇਸੇ ਗੱਲ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ, ਹਰ ਮਹੀਨੇ ਵਿਚੋਂ ਇੱਕ ਤੁਕ ਲੈ ਕੇ ਉਸ ਦੇ ਅਨੁਸਾਰ ਕਿਸੇ ਮਹਾਂਪੁਰਸ਼, ਸਾਧੂ ਸੰਤ ਦੀ ਜੀਵਨੀ ਨੂੰ ਬੜੇ ਸੰਖੇਪ ਵਿੱਚ ਲਿਖਣ ਦਾ ਯਤਨ ਕੀਤਾ ਗਿਆ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਗ ਤੁਖਾਰੀ ਵਿਚ ਰਚਿਤ ਮੰਗਲਾਚਰਣ ਵਿਚੋਂ 'ਸਿਰਿ ਸਿਰਿ ਸੁਖ ਸਹੰਮਾ' ਦੀ ਤੁੱਕ ਅਨੁਸਾਰ ਬੀਬੀ ਰਜਨੀ ਨੇ ਆਪਣੇ ਜੀਵਨ ਨੂੰ ਢਾਲਿਆ ਅਤੇ ਦੂਸਰੇ ਪਾਸੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚਿਤ ਰਾਗ ਮਾਝ ਵਿੱਚ ਬਾਰਾਂਮਾਹ ਦੀ ਇਹ ਪੰਕਤੀ **'ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ'** ਨਾਮ ਦੀ ਵਿਸ਼ੇਸ਼ਤਾ ਅਤੇ ਮਹੱਤਤਾ ਦਾ ਪ੍ਰਗਟਾਵਾ ਕਰਦੀ ਹੈ। ਇਸੇ ਤਰ੍ਹਾਂ ਹਰ ਮਹੀਨੇ ਵਿਚੋਂ ਕੋਈ ਇੱਕ ਤੁਕ ਲੈ ਕੇ ਕਿਸੇ ਸੰਤ, ਸਾਧੂ, ਮਹਾਂਪੁਰਖ ਦੀ ਜੀਵਨੀ ਦਾ ਆਧਾਰ ਬਣਾ ਕੇ ਉਹਨਾਂ ਦੇ ਜੀਵਨ ਦੀ ਵਿਆਖਿਆ ਸੰਖੇਪ ਵਿਚ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਬੀਬੀ ਰਜਨੀ 'ਸਿਰਿ ਸਿਰਿ ਸੁਖ ਸਹੰਮਾ' ਦੇ ਅਨੁਸਾਰ ਅਪਣੇ ਜੀਵਨ ਦੇ ਔਖੇ ਪਲ ਸੁਖਮਈ ਬਣਾ ਲੈਂਦੀ ਹੈ। ਬਾਬਾ ਸੰਗਤਾ ਜੀ ਭਾਣੇ ਦੇ ਸਿੱਖ ਬਣ ਕੇ ਸਤਿਗੁਰੂ ਜੀ ਦੀਆਂ ਅਪਾਰ ਖੁਸ਼ੀਆਂ ਦੇ ਪਾਤਰ ਬਣਦੇ ਹਨ, ਬਾਲਮੀਕ ਜੀ ਨੂੰ ਗਿਆਨ ਦੀ ਸੋਝੀ ਪ੍ਰਾਪਤ ਹੋਣ ਤੇ ਕਾਇਆ ਕਲਪ ਹੋ ਗਈ, ਪ੍ਰਹਿਲਾਦ ਨੇ ਤਸੀਹੇ ਕਸ਼ਟ ਸਹਾਰ ਕੇ ਆਪਣੇ ਪਿਤਾ ਹਰਨਾਕਸ਼ ਦੇ ਜੁਲਮਾਂ ਦਾ ਅੰਤ ਕੀਤਾ, ਸੀਤਾ ਜੀ ਨੇ ਭਾਰਤੀ ਨਾਰੀ ਦੇ ਆਦਰਸ਼ਾਂ ਨੂੰ ਅਪਣਾਇਆ, ਬਾਬਾ ਬੈਂਕਾ ਜੀ ਨੇ ਭਵਿਖ ਬਾਰੇ ਬਚਨ ਕੀਤੇ, ਰਾਜੇ ਅੰਬ੍ਰੀਕ ਨੇ ਮੋਹ ਮਾਇਆ ਤਿਆਗ ਕੇ, ਨਾਮ ਜਪ ਕੇ ਆਪਣਾ ਜੀਵਨ ਸਾਰਥਕ ਕੀਤਾ, ਰਾਜੇ ਜਨਕ ਨੇ ਅਸ਼ਟਾਵਕ੍ਰ ਨੂੰ ਗੁਰੂ ਧਾਰਨ ਕਰ ਕੇ ਗਿਆਨ ਪ੍ਰਾਪਤ ਕੀਤਾ, ਸੰਤ ਜੀਊਣ ਸਿੰਘ ਜੀ ਸਭ ਸੰਸਾਰਿਕ ਸੁਖ ਤਿਆਗ ਕੇ ਆਪਣੇ ਸਤਿਗੁਰਾਂ ਦੇ ਬਣ ਗਏ। ਬਾਬਾ ਜਮੀਤ ਸਿੰਘ ਕਾਹਨਾ-ਕਾਛਾ, ਬਾਬਾ ਜਮੀਤ ਸਿੰਘ ਜੀ ਗਿੱਲ, ਸੰਤ ਰਾਮ ਸਹਾਇ ਜੀ, ਬਾਬਾ ਬੁੱਢਾ ਸਿੰਘ ਜੀ, ਸੰਤ ਬਾਬਾ ਲਹਿਣਾ ਸਿੰਘ ਜੀ 'ਘਰਜਾਖ', ਬਾਬਾ ਜਵਾਹਰ ਸਿੰਘ ਜੀ ਮਿਰਜ਼ੇ ਵਾਲੀਏ, ਸੰਤ ਅਰੂੜ ਸਿੰਘ ਜੀ ਨਾਮ ਸਿਮਰਨ ਕਰ ਕੇ ਆਪਣੇ ਸਤਿਗੁਰੂ ਦੇ ਬਣ ਗਏ। ਬਾਬਾ ਫਰੀਦ ਜੀ ਨੇ ਸਾਰੀ ਆਯੂ ਕਠਿਨ

ਤਪਸਿਆ ਕੀਤੀ ਅਤੇ ਉਹਨਾਂ ਨੂੰ ਅਗਮ ਨਿਗਮ ਦੀ ਸੋਝੀ ਹੋ ਗਈ।

ਸੰਤ ਕੇਸਰ ਸਿੰਘ ਜੀ ਚਵਿੰਡਾ, ਬਾਬਾ ਰਿਖੀ ਸਿੰਘ, ਬਾਬਾ ਨਿਹਾਲ ਸਿੰਘ ਜੀ ਨੇ ਨਾਮ ਦੀ ਅਮੋਲਕ ਦਾਤ ਪ੍ਰਾਪਤ ਕਰ ਕੇ ਉਸ ਦਾਤਾਰ ਦੇ ਹੀ ਬਣ ਗਏ। ਸੂਬਾ ਗੰਡਾ ਸਿੰਘ ਜੀ ਸੇਵਾ ਦਾ ਸਾਕਾਰ ਰੂਪ ਸਨ, ਸ੍ਰ. ਤੇਜਵੀਰ ਸਿੰਘ ਆਪਣੇ ਪ੍ਰਾਣ ਰਖਿਅਕ ਸਤਿਗੁਰੂ ਜੀ ਦੀ ਅਪਾਰ ਬਖ਼ਸ਼ਸ਼ ਦਾ ਪਾਤਰ ਬਣ ਗਏ, ਧਰੂਅ ਨੇ ਛੋਟੀ ਆਯੂ ਵਿੱਚ ਹੀ ਭਗਤੀ ਕਰ ਕੇ ਅਕਾਲ ਪੁਰਖ ਪ੍ਰਭੂ ਦੀ ਪ੍ਰਾਪਤੀ ਕਰ ਲਈ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਛੋੜਾ ਅਸਿਹ ਸੀ। ਵੇਮੁੱਖਾਂ ਨੂੰ ਹਲਤ ਪਲਤ ਵਿੱਚ ਕੋਈ ਢੋਈ ਨਹੀਂ ਮਿਲਦੀ, ਅੱਯੁਧਿਆ ਵਾਸੀ ਸ੍ਰੀ ਰਾਮਚੰਦਰ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ ਵਿਆਕੁਲ ਸਨ, ਜੀਵਾਂ ਤੇ ਦਇਆ ਕਰਨੀ ਅਠਾਹਠ ਤੀਰਥਾਂ ਦੇ ਤੁਲ ਹੈ, ਸੇਵਾ ਤਨ, ਮਨ, ਧਨ ਨਾਲ ਮਨੁੱਖ ਨੂੰ ਸਰਵ ਸ੍ਰੇਸ਼ਟ ਬਣਾ ਦਿੰਦੀ ਹੈ।

ਆਸ ਹੈ, ਦੋਹਾਂ ਬਾਰਾਂਮਾਹਾਂ ਦੇ ਵਿਸ਼ੇ-ਵਸਤੂ ਅਤੇ ਸੰਤਾਂ, ਮਹਾਂਪੁਰਖਾਂ ਦੀਆਂ ਜੀਵਨੀਆਂ ਤੋਂ ਪ੍ਰਕਾਸ਼ ਦੀਆਂ ਕਿਰਨਾਂ ਗ੍ਰਹਿਣ ਕਰ ਕੇ ਪਾਠਕ ਜਨ ਆਪਣੇ ਜੀਵਨ ਨੂੰ ਪ੍ਰਕਾਸ਼ਵਾਨ ਬਣਾਉਣ ਦਾ ਪ੍ਰਯਤਨ ਕਰਨਗੇ, ਅਤੇ ਅਧਿਆਤਮਵਾਦ ਦੀਆਂ ਪਉੜੀਆਂ ਚੜ੍ਹ ਕੇ ਆਪਣੇ ਪਿਆਰੇ ਅਕਾਲ ਪੁਰਖ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰਨਗੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਬਖ਼ਸ਼ਸ਼ ਕੀਤੀ ਅਤੇ ਪੁਸਤਕ ਦਾ ਨਾਮ ਬੜਾ ਹੀ ਢੁੱਕਵਾਂ ਰਖਿਆ :

**ਦਰਸਨੁ ਦੇਹੁ ਦਇਆਪਤਿ ਦਾਤੇ**

'ਦਰਸਨੁ ਦੇਹੁ ਦਇਆਪਤਿ ਦਾਤੇ' ਆਪਣੇ ਪਿਆਰੇ ਇਸ਼ਟ ਤੋਂ ਵਿਛੁੱੜੀ ਹੋਈ ਜੀਵ ਰੂਪੀ ਇਸਤ੍ਰੀ ਦਰਸ਼ਨਾਂ ਦੀ ਤਾਂਘ ਵਿੱਚ ਵਿਆਕੁਲ ਹੈ, ਉਹ ਇਥੇ, ਉੱਥੇ ਹਰ ਥਾਂ ਆਪਣੇ ਪਿਆਰੇ ਦੀ ਭਾਲ ਕਰਦੀ ਹੈ, ਉਸ ਦਾ ਹਰ ਪਲ ਉਸ ਪ੍ਰਭੂ ਦੀ ਉਡੀਕ ਵਿੱਚ ਹੀ ਲੰਘਦਾ ਹੈ, ਉਸ ਦਾ ਹਰ ਸਵਾਸ ਉਸ ਦੇ ਯਾਦ ਵਿੱਚ ਸਮਰਪਿਤ ਹੈ, ਉਸ ਦੇ ਰੋਮ ਰੋਮ ਵਿੱਚ ਉਸੇ ਸਰਬ-ਵਿਆਪਕ, ਸਰਬ-ਸ਼ਕਤੀਮਾਨ ਦਾ ਹੀ ਵਾਸਾ ਹੈ, ਉਸ ਦੇ ਦਿਲ ਦੀ ਧੜਕਨ ਵਿੱਚ ਉਸ ਦੇ ਪਿਆਰੇ ਦੇ ਮਧੁਰ ਦਰਸ਼ਨਾਂ ਦੀ ਲਾਲਸਾ ਹੈ। ਉਹ ਅੱਡੀਆਂ ਚੁੱਕ ਚੁੱਕ ਕੇ ਅਪਣੇ ਪਿਆਰੇ ਪ੍ਰੀਤਮ ਦੀ ਉਡੀਕ ਕਰਦੀ ਹੈ, ਉਸ ਦੇ ਨੇਤਰ ਆਪਣੇ ਪ੍ਰਭੂ ਪ੍ਰੀਤਮ ਨੂੰ ਨਿਹਾਰਣ ਵਾਸਤੇ ਅਤਿ ਲਲਾਯਿਤ ਰਹਿੰਦੇ ਹਨ, ਉਸ ਬਿਰਹਣੀ ਦੀ ਕੋਈ ਪੇਸ਼ ਨਹੀਂ ਜਾਂਦੀ, ਉਹ ਪ੍ਰੀਤਮ ਦੀ ਯਾਦ ਵਿੱਚ ਲੁੱਛਦੀ ਹੈ, ਤੜਪਦੀ ਹੈ, ਵਿਆਕੁਲ ਰਹਿੰਦੀ ਹੈ, ਅਤੇ ਦਿਨ ਰਾਤ ਹੱਥ ਜੋੜ ਕੇ ਅਰਜੋਈਆਂ, ਬੇਨਤੀਆਂ, ਤਰਲੇ, ਮਿੰਨਤਾਂ, ਜੋਦੜੀਆਂ ਕਰਦੀ ਹੈ, 'ਦਰਸਨੁ ਦੇਹੁ ਦਇਆਪਤਿ ਦਾਤੇ'। ਅੰਤ ਵਿੱਚ ਉਸ ਦਾ ਕਰੁਣਾ ਨਿਧਾਨ, ਦਇਆ ਦਾ ਸਾਗਰ ਉਸ ਦੀ

ਪੁਕਾਰ ਨੂੰ ਸੁਣ ਲੈਂਦਾ ਹੈ, ਅਤੇ ਬਿਰਹਣੀ ਆਪਣੇ ਭਾਗਾਂ ਦੀ ਸਰਾਹੁਣਾ ਕਰਦੀ ਹੈ, ਅਪਣੇ ਧੰਨ ਭਾਗ ਸਮਝਦੀ ਹੈ, ਕਿਉਂਕਿ ਉਸ ਨੂੰ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਗਿਆ ਹੈ।

ਸਭ ਤੋਂ ਪਹਿਲਾਂ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀ ਅਪਾਰ ਬਖ਼ਸ਼ਸ਼ ਸਦਕਾ ਇਹ ਪੁਸਤਕ ਨੇਪਰੇ ਚੜ੍ਹ ਸਕੀ। ਸਤਿਗੁਰੂ ਜੀ ਦੇ ਹੁਕਮਾਨੁਸਾਰ ਪੰਡਿਤ ਗੋਪਾਲ ਸਿੰਘ ਜੀ ਅਤੇ ਮਾਸਟਰ ਦਰਸ਼ਨ ਸਿੰਘ ਜੀ ਨੇ ਇਸ ਪੁਸਤਕ ਦੇ ਇੱਕ ਇੱਕ ਸ਼ਬਦ ਨੂੰ ਬੜੇ ਗਹੁ ਨਾਲ ਪੜ੍ਹਿਆ ਅਤੇ ਆਪਣੀਆਂ ਵਡਮੁੱਲੀਆਂ ਰਾਵਾਂ ਅਤੇ ਵਿਚਾਰ ਪ੍ਰਗਟ ਕੀਤੇ। ਪੰਡਿਤ ਜੀ ਅਤੇ ਮਾਸਟਰ ਜੀ ਨੇ ਇਹਨਾਂ ਪ੍ਰਸੰਸਾ ਭਰਪੂਰ ਸ਼ਬਦਾਂ ਰਾਹੀਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਗ਼ਰੀਬ ਨਿਵਾਜ਼, ਅਸੀਂ ਦੋਹਾਂ ਨੇ ਇਸ ਪੁਸਤਕ ਪੜ੍ਹ ਲਈ ਹੈ। ਸਾਡੇ ਖਿਆਲ ਵਿੱਚ ਨਾਮਧਾਰੀ ਪੰਥ ਵਿੱਚ ਇਹ ਆਪਣੀ ਕਿਸਮ ਦੀ ਪਹਿਲੀ ਰਚਨਾ ਹੈ, ਇਹੋ ਜਿਹੀ ਪੁਸਤਕ ਪਹਿਲਾਂ ਨਹੀਂ ਪ੍ਰਕਾਸ਼ਿਤ ਹੋਈ।" ਮੈਂ ਅਤਿ ਧੰਨਵਾਦੀ ਹਾਂ ਆਪਣੇ ਜੀਵਨ ਸਾਥੀ ਸੰਤ ਸੰਤ ਸਿੰਘ ਜੀ ਦੀ ਜਿਹੜੇ ਮੇਰੇ ਪ੍ਰੇਰਣਾ ਸਰੋਤ ਹਨ। ਉਹ ਹਮੇਸ਼ਾਂ ਮੈਨੂੰ ਕੁਝ ਨ ਕੁਝ ਲਿਖਣ ਲਈ ਉਤਸ਼ਾਹਿਤ ਕਰਦੇ ਰਹਿੰਦੇ ਹਨ ਅਤੇ ਮੇਰੀਆਂ ਲਿਖਤਾਂ ਨੂੰ ਨੇਪਰੇ ਚੜ੍ਹਾਉਣ ਲਈ ਪੂਰਨ ਰੂਪ ਵਿਚ ਸਹਿਯੋਗ ਦਿੰਦੇ ਹਨ। ਮੈਂ ਅਤਿ ਸਰਾਹੁਣਾ ਕਰਦੀ ਹਾਂ, ਅਪਣੀ ਵੱਡੀ ਨੂੰਹ ਅਸਤਿੰਦਰ ਕੌਰ ਦੀ ਜਿਹੜੀ ਪਰੂਫ ਪੜ੍ਹਨ ਵਿੱਚ ਰਤਾ ਭਰ ਵੀ ਢਿੱਲ ਨਹੀਂ ਕਰਦੀ ਅਤੇ ਇਸ ਕੰਮ ਵਿੱਚ ਮੇਰੀ ਪੂਰਨ ਰੂਪ ਵਿੱਚ ਸਹਾਇਤਾ ਕਰਦੀ ਹੈ।

ਮੈਂ ਆਪਣੀ ਪਿਆਰੀ ਸਖੀ ਡਾ. ਮੁਹਿੰਦਰ ਕੌਰ ਗਿੱਲ ਦੀ ਅਤਿ ਕ੍ਰਿਤਗਯ ਹਾਂ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਕੁਝ ਫੁਰਸਤ ਦੇ ਪਲ ਕੱਢ ਕੇ ਇਸ ਪੁਸਤਕ ਦੀ ਉਥਾਨਕਾ ਲਿਖੀ। ਮੈਂ ਅਤਿ ਧੰਨਵਾਦੀ ਹਾਂ ਸ. ਸੁਰਿੰਦਰ ਸਿੰਘ ਜੀ ਮਨਚੰਦਾ ਦੀ ਜਿਨ੍ਹਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਨ ਕਰਵਾਉਣ ਲਈ ਸਹਰਸ਼ ਮਾਇਕ ਸਹਾਇਤਾ ਦਿੱਤੀ ਅਤੇ ਸਤਿਗੁਰੂ ਜੀ ਦੀਆਂ ਅਸੀਮ ਅਪਾਰ ਖੁਸ਼ੀਆਂ ਦੇ ਪਾਤਰ ਬਣੇ।

ਸਾਡੀ ਸਾਰੇ ਪਰਿਵਾਰ ਦੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਆਪਣਾ ਮਿਹਰ ਭਰਿਆ ਹੱਥ ਸਾਡੇ ਸਿਰਾਂ 'ਤੇ ਰੱਖ ਕੇ ਸਾਨੂੰ ਸਿਦਕ, ਭਰੋਸਾ ਬਖ਼ਸ਼ਣ ਤਾਂ ਕਿ ਅਸੀਂ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਆਪਣੇ ਉਦੇਸ਼ਾਂ ਦੀ ਪੂਰਤੀ ਕਰ ਸਕੀਏ।

**ਬੇਅੰਤ ਕੌਰ**

੧੫ ਦਸੰਬਰ, ੧੯੯੬

*ਐਮ. ਏ. ਅੰਗ੍ਰੇਜ਼ੀ, ਪੰਜਾਬੀ, ਬੀ. ਟੀ.*
*ਸਾਹਿਤ ਰਤਨ ਹਿੰਦੀ*

# ਉਥਾਨਕਾ

ਪ੍ਰਿੰਸੀਪਲ ਬੇਅੰਤ ਕੌਰ ਨੂੰ ਇਕ ਸੁਚੱਜੇ ਪ੍ਰਬੰਧਕ ਦੇ ਤੌਰ 'ਤੇ ਮੈਨੂੰ ਜਾਣਨ-ਸਮਝਣ ਦਾ ਸੁਭਾਗ ਪ੍ਰਾਪਤ ਸੀ। ਇਕ ਅਧਿਏਤਾ ਦੇ ਰੂਪ ਵਿਚ ਮੈਂ ਉਹਨਾਂ ਨੂੰ ਉਹਨਾਂ ਦੁਆਰਾ ਤਿਆਰ ਕੀਤੇ ਗਏ ਇਕ ਖਰੜੇ : "ਦਰਸਨੁ ਦੇਹੁ ਦਇਆ ਪਤਿ ਦਾਤੇ" ਦੇ ਅਧਿਐਨ ਪਿਛੋਂ ਪਛਾਣਿਆ ਹੈ। ਇਹ ਰਚਨਾ-ਕਿਰਤ ਬਾਰਾਂਮਾਹ ਤੁਖਾਰੀ ਅਤੇ ਬਾਰਾਂਮਾਹ ਮਾਝ ਉਪਰ ਕੇਂਦਰਿਤ ਹੈ। ਕੇਂਦਰਿਤ ਸ਼ਬਦ ਸ਼ਾਇਦ, ਏਥੇ ਬਹੁਤ ਸਹੀ ਨਹੀਂ। ਇਹ ਦੋਵੇਂ ਬਾਰਾਂਮਾਹ ਇਸ ਰਚਨਾ-ਅਧਿਐਨ ਦਾ ਬੀਜ-ਆਧਾਰ ਹਨ। ਉਂਞ ਇਹ ਅਧਿਐਨ ਖ਼ਾਸਾ ਵਿਸਤ੍ਰਿਤ ਹੈ। ਇਸ ਵਿੱਚ ਕਵਿਤਾ, ਸਾਖੀ ਤੇ ਪ੍ਰਸੰਗ ਵੀ ਆਪਣਾ ਸੁਰ ਉਚਾਰਦੇ ਹਨ। ਦਰਅਸਲ, ਇਹ ਸਿਦਕੀ ਮਨ ਦਾ ਅਧਿਐਨ-ਕਾਰਜ ਹੈ। ਇਕ ਰਸੀਲੀ ਚੇਤਨਾ ਇਸ ਰਚਨਾ ਦੇ ਆਰ-ਪਾਰ ਵਿਆਪਕ ਹੈ। ਇਹ ਰਸ ਗੁੱਥੀ ਚੇਤਨਾ : "ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਬਿਨੁ ਹਰਿ ਜਾਪਤ ਹੈ ਨਹੀਂ ਹੋਰ" ਦੀ ਭਾਵਨਾ ਵਿਚ ਓਤਪ੍ਰੋਤ ਹੈ। ਇਸੇ ਲਈ ਇਹ ਬਾਣੀ ਅਤੇ ਕਾਵਿ ਵਿਚ ਅੰਤਰ ਨਹੀਂ ਕਰਦੀ ਸਗੋਂ ਸਿਦਕੀ ਮਨਾਂ ਵਾਲਿਆਂ ਨੇ ਜੋ ਵੀ ਬਾਰਾਂ ਮਾਹ ਦੇ ਰੂਪ ਵਿੱਚ ਉਚਾਰਿਆ ਹੈ, ਅਧਿਏਤਾ ਬੀਬੀ ਉਹਨਾਂ ਨੂੰ ਟੂਕ ਮਾਤ੍ਰ ਰੂਪਮਾਨ ਕਰਦੀ ਹੋਈ ਅਗਾਂਹ ਦੀ ਅਗਾਂਹ ਤੁਰੀ ਜਾਂਦੀ ਹੈ। ਅਧਿਐਨ-ਕਰਮ ਦੀ ਇੱਕ ਸੀਮਾ ਹੁੰਦੀ ਹੈ, ਉਹ ਨਿਖੇੜਿਆਂ ਵਲ ਰੁਚਿਤ ਹੋ ਜਾਂਦਾ ਹੈ। ਉਸ ਦੀ ਕਾਰਜ-ਵਿਧੀ ਵਿਚ ਇਕ ਖ਼ਾਸ ਤਰ੍ਹਾਂ ਦਾ ਪ੍ਰਬੰਧ ਸਮਾਇਆ ਹੋਇਆ ਹੁੰਦਾ ਹੈ। ਅਜਿਹਾ ਅਧਿਐਨ-ਕਾਰਜ ਵਗਦਾ ਦਰਿਆ ਨਹੀਂ ਹੋ ਸਕਦਾ ਸਗੋਂ ਉਸਦੀ ਸੀਮਾ ਇੱਕ ਸੁਨਿਸਚਿਤ ਡੈਮ ਵਾਂਗ ਹੁੰਦੀ ਹੈ। ਵਗਦਾ ਦਰਿਆ ਅਤੇ ਸੁਨਿਸਚਿਤ ਡੈਮ ਆਪਣੇ ਰੂਪ ਵਿੱਚ ਸਾਂਝ ਨਹੀਂ ਰਖਦੇ ਆਪਣੇ ਧਰਮ ਵਿੱਚ ਸਾਂਝ ਰਖਦੇ ਹਨ। ਪਾਣੀ ਦੀ ਮੂਲ ਪ੍ਰਵਿਰਤੀ ਚੰਚਲਤਾ ਹੈ। ਇਹ ਟਿਕਦਾ ਨਹੀਂ। ਸਥਿਰ ਨਹੀਂ ਹੁੰਦਾ। ਇਸ ਵਿੱਚ ਸਦਾ ਲਹਿਰਾਂ ਉਠਦੀਆਂ, ਤੁਰਦੀਆਂ ਤੇ ਟਕਰਾਉਂਦੀਆਂ ਰਹਿੰਦੀਆਂ ਹਨ। ਲਹਿਰਾਂ ਦਾ ਉਛਲ ਕੂਦ ਨਾਚ, ਖੌਲਦਾ ਵਹਿਣ, ਖੌਰੂ ਪਾਉਣਾ, ਤੇਜ਼ ਚਾਲ ਚਲਣਾ ਜਾਂ ਮੰਦ-ਮੰਦ ਚਲਣਾ, ਭਉਰੀਆਂ ਪਾਉਣਾ ਆਦਿ ਜਲ-ਧਰਮ ਦੇ ਪ੍ਰਮੁੱਖ ਪਛਾਣ-ਚਿਹਨ ਹਨ।

ਕਿਸੇ ਵੀ ਰਚਨਾ ਦੇ ਅਧਿਐਨ-ਕਾਰਜ ਵਿਚ ਅਪਣਾਈ ਗਈ ਵਿਧੀ-ਵਿਸ਼ੇਸ਼ ਉਸ ਦੀ ਸ਼ਕਤੀ ਵੀ ਬਣ ਜਾਂਦੀ ਹੈ। ਉਸਦੀ ਖ਼ੂਬਸੂਰਤੀ ਵੀ ਤੇ ਉਸਦੀ ਕਮਜ਼ੋਰੀ ਵੀ। ਅਧਿਐਨ-ਕਰਤਾ ਆਪ ਬਣਾਈ ਕਾਰਜ-ਸੀਮਾ ਨੂੰ

ਉਲੰਘ ਨਹੀਂ ਸਕਦਾ। ਉਲੰਘਣ ਦੀ ਹਾਲਤ ਵਿੱਚ ਇਹ ਅਧਿਐਨ-ਦੋਸ਼ ਬਣ ਜਾਂਦਾ ਹੈ। ਮਾਲੂਮ ਹੁੰਦਾ ਹੈ, ਬੀਬੀ ਬੇਅੰਤ ਕੌਰ ਨੇ ਅਚੇਤ ਹੀ ਨਿਰ-ਵਿਧੀ ਨੂੰ ਗ੍ਰਹਿਣ ਕੀਤਾ ਹੈ। ਉਹ ਚਾਹੁੰਦੇ ਤਾਂ ਇਸ ਅਧਿਐਨ-ਕਾਰਜ ਦੇ ਅਧਿਆਏ ਬਣ ਸਕਦੇ ਸਨ। ਇਹਨਾਂ ਬਾਰਾਂ-ਮਾਹਿਆਂ ਦੇ ਥੀਮਕ ਪੈਟਰਨ ਤੇ ਰੂਪਕ ਪੈਟਰਨ ਦੇ ਵੱਖ ਵੱਖ ਪਹਿਲੂਆਂ ਨੂੰ ਵੱਖੋ ਵਖਰਾ ਉਘਾੜਿਆ ਜਾ ਸਕਦਾ ਸੀ। ਰੂਪਕ ਪੈਟਰਨ ਅਧੀਨ ਸਾਰੀਆਂ ਕਾਵਿ-ਜੁਗਤਾਂ ਨੂੰ ਨਿਖੇੜਿਆ ਜਾ ਸਕਦਾ ਸੀ। ਪਰ ਉਹ ਤਾਂ ਭਾਵਨ-ਸੰਸਾਰ ਵਲ ਰੁਚਿਤ ਹਨ। ਭਾਵਨਾ ਜਿਤਨੀ ਉਚਾਣ ਵਾਲੀ ਹੋਵੇਗੀ ਉਤਨੀ ਹੀ ਸੰਘਣੀ ਹੋਵੇਗੀ। ਸੰਘਣਾ ਅਧਿਐਨ ਬਹੁਤਾ ਕਰ ਕੇ ਮਿਸ਼੍ਰਤ-ਸ਼ੈਲੀ ਵਾਲਾ ਹੋ ਜਾਂਦਾ ਹੈ। ਇਹ Mixture ਜਾਂ ਮਿਸ਼੍ਰਤ ਨਹੀਂ ਹੁੰਦਾ ਸਗੋਂ ਸੰਮਿਸ਼੍ਰਣ (Compound) ਹੁੰਦਾ ਹੈ। ਇਸ ਵਿਚ ਭਾਵਨਾ, ਅਧਿਆਤਮਕ ਅਨੁਭਵ, ਰਸ ਗੁੱਥੀ ਥੀਮ ਕਾਵਿ-ਜੁਗਤਾਂ, ਬਿਰਹ, ਪ੍ਰੇਮਾ ਭਗਤੀ ਆਪੋ ਆਪਣਾ ਸੁਰ ਨਾ ਉਚਾਰ ਕੇ ਇਕ ਦੂਜੇ ਵਿਚ ਰਲਗਡ਼ ਹੋ ਜਾਂਦੇ ਹਨ। ਇੱਕ ਰੂਪ ਇਕਸੁਰਤਾ (Harmony) ਨੂੰ ਰੂਪਮਾਨ ਕਰਨਾ ਸੰਮਿਸ਼੍ਰਣ-ਸ਼ੈਲੀ ਦੀ ਪ੍ਰਮੁੱਖ ਪਛਾਣ ਹੈ।

ਸਾਹਿਤ-ਅਧਿਐਨ ਦੀਆਂ ਵੰਨਸਵੰਨ ਵੰਨਗੀਆਂ ਨੇ ਜਿਥੇ ਸਾਹਿਤ ਨੂੰ ਅਮੀਰ ਕੀਤਾ ਹੈ, ਉਥੇ ਰਚਨਾ-ਅਧਿਐਨ ਨੂੰ ਸੀਮਤ ਵੀ। ਹਥਲੀ ਰਚਨਾ-ਕਿਰਤ : "ਦਰਸਨੁ ਦੇਹੁ ਦਇਆ ਪਤਿ ਦਾਤੇ" ਆਪਣੇ ਸਿਰਲੇਖ ਤੋਂ ਹੀ ਇਹ ਟੁਹ ਦੇ ਜਾਂਦੀ ਹੈ ਕਿ ਇਸ ਰਚਨਾ-ਅਧਿਐਨ ਦਾ ਮੁਹਾਂਦਰਾ ਅਨੁਭਵ ਵਾਲਾ ਹੈ।

ਸੰਮਿਸ਼੍ਰਣ-ਸ਼ੈਲੀ ਇਸ ਦਾ ਖ਼ਾਸਾ ਹੈ। ਸੰਮਿਸ਼੍ਰਣ ਸ਼ੈਲੀ ਢੇਰ ਅਰਸਾ ਪੰਜਾਬੀ ਸਾਹਿਤ ਵਿਚ ਛਾਈ ਰਹੀ ਹੈ। ਗੁਰਬਾਣੀ ਸਿਰਜਣਾ ਸਾਰੀ ਦੀ ਸਾਰੀ ਸੰਮਿਸ਼੍ਰਣ-ਸ਼ੈਲੀ ਰਾਹੀਂ ਰੂਪਮਾਨ ਹੋਈ ਹੈ। ਗੁਰੂ ਸਾਹਿਬਾਨ ਦੇ ਜ਼ਮਾਨੇ ਹੀ ਉਦਾਸੀ ਸੰਤ ਪ੍ਰਚਾਰ ਕਰਨ ਲਈ ਅਗੇ ਆਏ। ਉਦੋਂ ਇਹੋ ਸ਼ੈਲੀ ਦਰਵੇਸ਼-ਸ਼ੈਲੀ ਅਖਵਾਈ। ਦਰਵੇਸ਼-ਸ਼ੈਲੀ ਵਿਚ ਦਰਸ਼ਨ ਵੰਨਸਵੰਨ ਕਾਵਿ-ਜੁਗਤਾਂ, ਸਾਖੀਆਂ, ਪ੍ਰਚਲਿਤ ਸਾਮਾਜਿਕ ਰੀਤਾਂ-ਰਸਮਾਂ ਜਾਂ ਲੋਕ ਸਭਿਆਚਾਰ ਤੇ ਧਾਰਮਿਕ ਰਹੁਰੀਤਾਂ ਇੱਕ ਸੰਜੁਗਤ ਹੋਂਦ ਵਾਂਗ ਰੂਪ ਗ੍ਰਹਿਣ ਕਰਦੀਆਂ ਹਨ।

ਬੀਬੀ ਬੇਅੰਤ ਕੌਰ ਦੇ ਅਧਿਐਨ-ਕਾਰਜ ਤੋਂ ਇਹ ਸੰਘਣੀ ਪ੍ਰਤੀਤੀ ਹੁੰਦੀ ਹੈ ਕਿ ਇਹ ਦਰਵੇਸ਼-ਸ਼ੈਲੀ ਰਾਹੀਂ ਰੂਪਮਾਨ ਹੋਇਆ ਹੈ। ਗੁਰਬਾਣੀ ਇਸਦਾ ਲਾਜ਼ਮੀ ਜੁਜ਼ ਹੈ। ਥਾਂ ਪਰ ਥਾਂ ਕਾਵਿ-ਟੁਕੜੀਆਂ ਆਪਣਾ ਵਖਰਾ ਸੁਰ ਨਹੀਂ ਉਚਾਰਦੀਆਂ ਸਗੋਂ ਵਗਦੇ ਪ੍ਰਵਾਹ ਦਾ ਅੰਗ ਬਣ ਜਾਂਦੀਆਂ ਹਨ। ਸਾਖੀਆਂ ਉਸੇ ਥੀਮ ਦੀ ਪ੍ਰੋੜ੍ਹਤਾ ਕਰਦੀਆਂ ਹਨ। ਅਧਿਏਤਾ ਬਾਣੀ ਤੋਂ ਕਾਵਿ, ਕਾਵਿ ਤੋਂ ਸਾਖੀ ਸੰਸਾਰ ਵਲ ਪ੍ਰਵਿਰਤ ਹੋ ਜਾਂਦੀ ਹੈ। ਕਾਵਿ ਤੇ ਸਾਖੀ ਮੂਲ ਨੁਕਤੇ ਦੀ ਪੁਸ਼ਟੀ

ਕਰਦੀਆਂ ਤਰੰਗਾਂ ਵਾਂਗ ਅਗਾਂਹੋਂ ਅਗਾਂਹ ਤੁਰਦੀਆਂ ਪ੍ਰਤੀਤ ਹੁੰਦੀਆਂ ਹਨ।

ਇਸ ਰਚਨਾ-ਅਧਿਐਨ ਦਾ ਇਕ ਹੋਰ ਵੀ ਵਸਫ਼ ਹੈ। ਇਹ ਬਾਰਾਂ-ਮਾਹ ਕਾਵਿ-ਰੂਪ ਦੀ ਮੂਲ ਬਿਰਤੀ ਨੂੰ ਨਾ ਕੇਵਲ ਪਛਾਣਦਾ ਹੀ ਹੈ ਸਗੋਂ ਉਸ ਨਾਲ ਵੀ ਬਖਲੂਸ ਭਾਵਨਾਤਮਕ ਰਿਸ਼ਤਾ ਕਾਇਮ ਕਰਦਾ ਹੈ। ਬਾਰਾਂ-ਮਾਹ ਮੂਲ ਰੂਪ ਵਿਚ ਬ੍ਰਿਹਾਤਮਕ ਰਚਨਾ ਹੈ। ਇੱਕ ਤੀਬਰ ਲੋਚਾ ਉਦੈ ਹੁੰਦੀ ਹੈ। ਆਪਣੇ ਪਿਆਰੇ ਨੂੰ ਢੂੰਢਦੀ ਹੈ। ਇੱਕ ਹੂਕ, ਇੱਕ ਵਿਲਕਣੀ, ਇੱਕ ਵਿਆਕੁਲਤਾ, ਅੰਦਰ-ਬਾਹਰ, ਇਥੇ ਉਥੇ, ਜਿਥੇ-ਕਿਥੇ ਹਾਵੀ ਹੋ ਜਾਂਦੀ ਹੈ। ਗਿਆਨ-ਚੇਤਨਾ ਸਰਬੋਚ ਅਵਸਥਾ ਵਿੱਚ ਆਤਮ ਸਮਰਪਣ ਕਰਦੀ ਹੋਈ ਸ਼ੁੱਧ ਭਾਵਨ-ਸੰਸਾਰ ਵਿਚ ਪ੍ਰਵਾਹਿਤ ਹੋ ਜਾਂਦੀ ਹੈ। ਇਹੋ ਉਹ ਪਲ ਹੈ ਜਦੋਂ ਤਦਰੂਪਤਾ ਸਾਕਾਰ ਹੁੰਦੀ ਹੈ। ਪ੍ਰੇਮਾ ਭਗਤੀ ਦੀ ਸਭ ਤੋਂ ਆਖ਼ਰੀ ਮੰਜ਼ਿਲ ਪਰਮ ਪੁਰਖ ਨਾਲ ਇੱਕ ਸੁਰ ਹੋ ਕੇ ਇੱਕ ਰੂਪ ਹੋ ਜਾਣਾ ਹੈ। ਉਦੋਂ ਬਿਹਬਲਤਾ ਵਹਿਣ ਵਿਚ ਪੈ ਜਾਂਦੀ ਹੈ। ਬਿਰਹ-ਪ੍ਰਵਾਹ ਦਾ ਕੋਈ ਆਰਪਾਰ ਨਹੀਂ ਰਹਿੰਦਾ। ਉਹ ਹਰ ਥਾਂ, ਹਰ ਰੂਪ ਹਰ ਪਲ ਵਿਚ ਉਸ 'ਇੱਕ' ਦਾ ਦੀਦਾਰ ਹੀ ਕਰਦੀ ਹੈ। ਰੱਬੀ ਰਾਹ 'ਤੇ ਤੁਰਨ ਵਾਲੀ ਬੀਬੀ ਬੇਅੰਤ ਕੌਰ ਨੇ ਬੈਰਾਗ ਦਾ ਪਾਵਨ ਸੰਸਾਰ ਸਿਰਜਿਆ ਹੈ ਜਿਸ ਵਿਚ ਜੀਵ ਆਤਮਾ ਦੀ ਪ੍ਰਮਾਤਮਾ ਪਤੀ ਲਈ ਲੋਚਾ ਬੇਕਿਨਾਰ ਹੈ। ਇਸ ਅਥਾਹ ਪ੍ਰੀਤ-ਭਾਵਨਾ ਦਾ ਸਿਰਜਣ ਸੁੰਦਰ ਸ਼ਬਦਾਂ ਨਾਲ ਹੋਇਆ ਹੈ। ਬਾਰਾਂ-ਮਾਹ ਦੀ ਬਾਣੀ ਨਿਰੋਲ ਬਾਰਾਂ-ਮਾਹ ਤਕ ਸੀਮਤ ਨਹੀਂ ਰਹੀ ਸਗੋਂ ਗੁਰਬਾਣੀ ਵਿਚੋਂ ਅਨੇਕਾਂ ਟੂਕਾਂ ਇਸ ਦੀ ਭਾਵੁਕ ਅਵਸਥਾ ਨੂੰ ਸਮਰਪਿਤ ਹੋਈਆਂ ਹਨ।

ਬਾਰਾਂ-ਮਾਹ ਦਾ ਦੂਸਰਾ ਪਛਾਣ-ਚਿਹਨ, ਇਹ ਕਾਲ-ਚੇਤਨਾ ਨਾਲ ਜੁੜਿਆ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਾਲ-ਚੇਤਨਾ ਨਾਲ ਜੁੜੇ ਛੇ ਬਾਣੀ ਰੂਪ ਹਨ। ਮਸਲਨ ਪਹਿਰੇ, ਦਿਨ ਰੈਣਿ, ਸਤਵਾਰੇ, ਥਿਤੀ, ਬਾਰਾਂ-ਮਾਹ ਅਤੇ ਰੁਤੀ। ਸਮੇਂ ਦੀ ਛੋਟੀ ਤੋਂ ਛੋਟੀ ਇਕਾਈ ਤੋਂ ਲੈ ਕੇ ਵੱਡੀ ਤੋਂ ਵੱਡੀ ਇਕਾਈ ਤਕ ਮਨੁੱਖ ਨੂੰ ਸੁਚੇਤ ਕੀਤਾ ਗਿਆ ਹੈ। ਉਂਞ ਤਾਂ :

**ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ**

ਵਾਲੀ ਅਵਸਥਾ ਮਨੁੱਖ ਤੇ ਸਦਾ ਹਾਵੀ ਰਹਿੰਦੀ ਹੈ। ਗੁਰੂ ਸਾਹਿਬਾਨ ਸਮੇਂ ਦੀ ਸਭ ਤੋਂ ਸੂਖਮ ਇਕਾਈ ਵਲ ਵੀ ਧਿਆਨ ਦਿਵਾਉਂਦੇ ਹਨ :

**ਪਲੁ ਪਲੁ ਨਿਮਖ ਸਦਾ ਹਰਿ ਜਪਨੇ**

ਅਜੇਹਾ ਉਪਦੇਸ਼ ਗੁਰਬਾਣੀ ਸੰਸਾਰ ਵਿੱਚ ਵਿਆਪਕ ਹੈ। ਸੁਆਲ ਹੈ, ਜਦੋਂ ਕਾਲ-ਚੇਤਨਾ ਗੁਰਬਾਣੀ-ਸੰਸਾਰ ਵਿੱਚ ਓਤਪ੍ਰੋਤ ਹੈ, ਫਿਰ ਵੀ ਗੁਰੂ ਸਾਹਿਬਾਨ ਨੂੰ ਕਾਲ-ਚੇਤਨਾ ਨਾਲ ਜੁੜੇ ਕਾਵਿ-ਰੂਪ ਸਿਰਜਣ ਦੀ ਲੋੜ ਕਿਉਂ ਭਾਸਦੀ ਹੈ ? ਉੱਤਰ ਬਹੁਤ ਸਪਸ਼ਟ ਹੈ, ਧਰਮ ਦੇ ਪੈਰ ਲੋਕ-ਚੇਤਨਾ ਵਿੱਚ ਹੁੰਦੇ ਹਨ।

ਲੋਕ ਸਭਿਆਚਾਰ ਦੀ ਪਕੜ ਮਨੁੱਖੀ ਜ਼ਿੰਦਗੀ ਵਿਚ ਬਹੁਤ ਪੀਡੀ ਹੈ। ਮਨੁੱਖ ਤਾਂ ਜੰਮਦਾ-ਮਰਦਾ, ਜੀਂਦਾ-ਥੀਂਦਾ ਹੀ ਲੋਕ ਸੰਸਕ੍ਰਿਤੀ ਵਿੱਚ ਹੈ। ਉਹ ਜੰਮਣ ਦੇ ਪਲ ਤੋਂ ਹੀ ਲੋਕ ਸਭਿਆਚਾਰ ਵਿਚ ਰਿਸ਼ਤਿਆਂ ਦੀ ਪਕੜ ਵਿੱਚ ਆ ਜਾਦਾ ਹੈ। ਇਹ ਕਿਸੇ ਦਾ ਪੁੱਤ, ਕਿਸੇ ਦਾ ਭਰਾ, ਕਿਸੇ ਦਾ ਮਾਮਾ, ਕਿਸੇ ਦਾ ਚਾਚਾ, ਕਿਸੇ ਦਾ ਭਤੀਜਾ, ਕਿਸੇ ਦਾ ਭਣੇਂਵਾ ਸਹਿਜੇ ਹੀ ਬਣ ਜਾਂਦਾ ਹੈ। ਮਨੁੱਖ ਜੀਉਂਦਾ ਹੀ ਰਿਸ਼ਤਿਆਂ ਦੇ ਸੰਸਾਰ ਵਿਚ ਹੈ। ਹੋਰ ਤਾਂ ਹੋਰ ਸਾਧਕ ਮਹਾਂਪੁਰਖ ਅਤੇ ਗੁਰੂ ਜਨ ਵੀ ਰੱਬ ਨਾਲ ਰਿਸ਼ਤਾ ਦੁਨਿਆਵੀ ਦਿੱਖ ਵਾਲਾ ਬਣਾਉਂਦੇ ਹਨ :

**(ੳ) ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥**
**ਤੂੰ ਮੇਰਾ ਬਧੰਪੁ ਤੂੰ ਮੇਰਾ ਭਰਾਤਾ॥**

**(ਅ) ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥**
**ਰਾਮ ਬਡੇ ਮੈ ਤਨਕ ਲਹੁਰੀਆ॥**

**(ੲ) ਸਜਣ ਮੁਖੁ ਅਨੂਪੁ ਅਠੇ ਪਹਿਰ ਨਿਹਾਲਸਾ॥**
**ਸੁਤੜੀ ਸੋ ਸਹੁ ਡਿਠੁ ਤੈ ਸੁਪਨੈ ਹਉ ਖੰਨੀਐ॥**

ਉਪਰ ਅੰਕਿਤ ਬਾਣੀ-ਪਦ ਪ੍ਰਮਾਤਮਾ ਨਾਲ ਬਣਾਏ ਗਏ ਰਿਸ਼ਤਿਆਂ ਦੀ ਝਲਕ ਰੂਪਮਾਨ ਕਰਦੇ ਹਨ। ਸਾਧਾਰਣ ਬਾਲਕ ਪਹਿਲੋਂ ਪਹਿਲ ਮਾਤਾ-ਪਿਤਾ ਨੂੰ ਹੀ ਪਛਾਣਦਾ ਹੈ। ਹੌਲੀ ਹੌਲੀ ਇਹ ਰਿਸ਼ਤਾ ਗੰਭੀਰ ਹੁੰਦਾ ਜਾਂਦਾ ਹੈ। ਇਸ ਦੀ ਦਿੱਖ ਲੋਕ ਸਭਿਆਚਾਰ ਨਾਲੋਂ ਟੁੱਟਦੀ ਨਹੀਂ। ਤਦੇ ਤਾਂ ਜੀਵਾਤਮਾ ਆਪਣੇ ਆਪ ਨੂੰ ਇੱਕ ਦੁਨਿਆਵੀ ਰਿਸ਼ਤੇ ਨਾਲ ਜੋੜਦੀ ਹੈ ਤੇ ਫੌਰਨ ਹੀ ਪਛਾਣ ਲੈਂਦੀ ਹੈ ਉਹ ਸਰਬ ਸਮਰੱਥ ਬਹੁਤ ਵੱਡਾ ਹੈ ਤੇ ਉਹਦੇ ਮੁਕਾਬਲੇ ਵਿੱਚ ਉਹ ਅਸਲੋਂ ਨਿਰਮੂਲ। ਤੀਸਰਾ ਰਿਸ਼ਤਾ ਹੈ ਤਾਂ ਸਭਿਆਚਾਰਕ ਪਰ ਇਸ ਵਿੱਚ ਰਤਾ ਕੁ ਖੁਲ੍ਹ ਹੈ। ਹੁਣ ਪ੍ਰਮਾਤਮਾ ਸਹੁ ਵੀ ਹੈ ਤੇ ਸਜੱਣ ਵੀ। ਦਰਅਸਲ, ਉਪਦੇਸ਼ਾਤਮਕ ਬਾਣੀ ਨੂੰ ਵੀ ਸੰਚਾਰ-ਮਾਡਲਾਂ ਥਾਣੀਂ ਗੁਜ਼ਰਨਾ ਪੈਂਦਾ ਹੈ। ਗੁਰੁ ਸਾਹਿਬਾਨ ਸੰਦੇਸ਼ ਤਾਂ ਆਪਣਾ ਹੀ ਦੇਂਦੇ ਹਨ ਪਰ ਉਸ ਦਾ ਮੁਹਾਵਰਾ ਲੋਕਾਂ ਵਾਲਾ ਰਖਦੇ ਹਨ। ਇਹੋ ਕਾਰਣ ਹੈ ਕਿ, ਕਦੀ ਉਹ ਕਾਲ-ਚੇਤਨਾ ਨੂੰ ਪਹਿਰੇ ਕਾਵਿ-ਰੂਪ ਰਾਹੀਂ ਕਦੀ, ਸਤਵਾਰੇ ਕਦੀ ਦਿਨ ਰੈਣਿ ਤੇ ਕਦੀ ਬਾਰਾਂ-ਮਾਹਿਆਂ ਰਾਹੀਂ ਜਾਗਰੂਕ ਕਰਦੇ ਹਨ। ਆਮ ਸਾਧਾਰਣ ਲੋਕ ਵੀ ਪਹਿਲਾ ਪਹਿਰ ਤੇ ਪਿਛਲਾ ਪਹਿਰ ਕਰ ਕੇ ਸਮੇਂ ਨੂੰ ਜਾਣ ਲੈਂਦੇ ਹਨ। ਗੁਰੂ ਸਾਹਿਬਾਨ ਨੇ ਲੋਕ ਸੰਸਕ੍ਰਿਤੀ ਦਾ ਧਰਮੀਕਰਣ ਕਰ ਦਿੱਤਾ ਹੈ। ਉਹਨਾਂ ਨੇ ਲੋਕ ਮੁਹਾਵਰੇ ਰਾਹੀਂ ਉਚੇਰੀ ਅਧਿਆਤਮਕ ਗੱਲ ਸਮਝਾਈ ਹੈ। ਦੂਸਰੇ ਸ਼ਬਦਾਂ ਵਿੱਚ ਲੋਕ ਰੂਪਾਂ ਰਾਹੀਂ ਗੁਹਜ ਭਰੀਆਂ ਰਮਜ਼ਾਂ ਨੂੰ ਸੌਖਿਆਂ ਸਮਝਾਇਆ ਗਿਆ ਹੈ। ਬਾਰਾਂ-ਮਾਹ ਵਿਚਲੀ ਮਿਲਣ-ਲੋਚਾ ਪਰਮਪਦ ਪ੍ਰਾਪਤ ਕਰਨ ਦੀ ਹੀ ਤਾਂ ਲਾਲਸਾ ਹੈ।

ਬੈਰਾਗ ਦਾ ਅੰਤਿਮ ਰੂਪ ਨਿਰਵੇਦ ਹੈ ਜੋ ਸ਼ੁੱਧ ਗਿਆਨ-ਰੂਪ ਹੈ। ਗੁਰੂ ਸਾਹਿਬ ਭਗਤੀ ਮਾਰਗ ਵਿਚ ਕਠਿਨ ਪਦਾਵਲੀ ਦੀ ਵਰਤੋਂ ਨਾ ਕਰ ਕੇ ਸਹਿਜ ਸਾਧਾਰਣ ਰੰਗ ਵਿਚ ਕਹਿੰਦੇ ਹਨ :

**ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ**
**ਕਿਉ ਪਾਈ ਗੁਰ ਪੂਰੇ॥**

ਇਹੋ ਉਚੇਰੀ ਸੁਰਤਿ ਵਾਲੇ ਜੀਉੜਿਆਂ ਦਾ ਕਮਾਲ ਹੈ। ਉਹ ਗਹਿਰੀ ਤੋਂ ਗਹਿਰੀ ਗੱਲ ਸੌਖੇ ਤੋਂ ਸੌਖੇ ਢੰਗ ਨਾਲ ਸਮਝਾ ਸਕਦੇ ਹਨ। ਗੁਰੂ ਪਾਤਸ਼ਾਹ ਆਮ ਅਵਾਮ ਨੂੰ ਕਾਲ ਵਲੋਂ ਸੁਚੇਤ ਕਰਨਾ ਚਾਹੁੰਦੇ ਹਨ ਪਰ ਇਕੋ ਗੱਲ ਨੂੰ ਉਹਨਾਂ ਛੇ ਕਾਵਿ-ਰੂਪਾਂ ਰਾਹੀਂ ਕਿਹਾ ਹੈ। ਇਸੇ ਦਾ ਇਕ ਹੋਰ ਕਾਰਣ ਵੀ ਹੈ। ਬਾਣੀ ਦੀ ਯਾਤਰਾ ਸਾਧਾਰਣ ਤੋਂ ਆਸਾਧਰਣ ਵਲ ਹੈ। ਲੋਕ ਤੋਂ ਪਰਲੋਕ ਵਲ ਹੈ। ਇਸ ਲੋਕ ਤੋਂ ਉਸ ਲੋਕ ਵਲ ਹੈ। ਸਾਧਾਰਣ ਬੁਧਿ ਸ਼ਾਇਦ ਪਹਰੇ ਜਾਂ ਦਿਨ ਰੈਣਿ ਰਾਹੀਂ ਹੀ ਗੱਲ ਨੂੰ ਸਮਝ ਲੈਣ ਤੇ ਗਹਿਰੇ ਮਨੁੱਖ ਥਿਤੀ ਰੁਤੀ ਰਾਹੀਂ ਉਸ ਮਰਮ ਨੂੰ ਪ੍ਰਾਪਤ ਹੋ ਜਾਣ। ਗੁਰਬਾਣੀ ਵਿੱਚ ਹੈਰਾਨਕੁੰਨ ਕਰਨ ਵਾਲੀ ਵੰਨਸੁਵੰਨਤਾ ਹੈ। ਇਹ ਵਖੋਂ ਵੱਖ ਪਧਰਾਂ ਵਾਲੇ ਮਨੁੱਖਾਂ, ਸਾਧਕਾਂ, ਮਹਾਂਪੁਰਖਾਂ ਲਈ ਵੀ ਹੈ। ਇਹ ਜੀਵਨ ਵਾਲੇ ਬਚਨ, ਜੀਵਨ ਜੀਉਣ ਦੇ ਰਾਹ 'ਤੇ ਚਲਣ ਵਾਲਿਆਂ ਨੂੰ ਮਾਰਗ ਦਰਸ਼ਨ ਕਰਦੀ ਹੈ। ਜ਼ਾਹਿਰ ਹੈ, ਬੰਦਗੀਵਾਨਾਂ ਦੀ "**ਮਨ ਪ੍ਰੀਤ ਚਰਨ ਕਮਲਾ ਰੇ**" ਵਾਲੀ ਸਰਬੋਚ ਅਵਸਥਾ ਨੂੰ ਰੂਪਮਾਨ ਕਰਨ ਵਾਲੀ ਰਚਨਾ, ਬਾਰਾਂ-ਮਾਹ ਹੈ। ਇਹ ਲੋਕ ਮੁਹਾਵਰੇ ਲੋਕ ਬੁਧਿ ਤੋਂ ਤੁਰ ਕੇ ਪਰਾਲੌਕਿਕ ਦਿੱਬਤਾ ਨਾਲ ਸੰਗਮ ਦਾ ਹਿਲੌਰਾ ਦੇਂਦੀ ਹੈ। ਇਕ ਪਾਸੇ, ਇਸ ਵਿਚ ਪ੍ਰਾਕ੍ਰਿਤਕ ਵਾਤਾਵਰਣ ਰੂਪਮਾਨ ਹੈ। ਦੂਜੇ ਪਾਸੇ, ਬਾਰਾਂ ਮਹੀਨਿਆਂ ਦੇ ਬਾਹਰਲੇ ਮਾਹੌਲ ਦਾ ਮਨੁੱਖੀ ਚੇਤਨਾ ਉਪਰ ਕੀ ਅਸਰ ਹੁੰਦਾ ਹੈ, ਉਸਦਾ ਵਰਣਨ ਹੈ। ਤੀਜੇ ਪਾਸੇ, ਪ੍ਰਾਕ੍ਰਿਤਕ ਵਾਤਾਵਰਣ ਤੇ ਮਨੁੱਖੀ ਚੇਤਨਾ ਦਾ ਸੁਖਾਵਾਂ ਸੰਜੋਗ ਉਸ ਨੂੰ ਰੂਹਾਨੀ ਮਾਰਗ ਤੇ ਤੋਰ ਦੇਂਦਾ ਹੈ। ਰੂਹਾਨੀ ਸਫ਼ਰ ਹੀ ਅਖੀਰ ਆਪਣੀ ਅੰਤਿਮ ਮੰਜ਼ਿਲ ਨੂੰ ਪ੍ਰਾਪਤ ਹੁੰਦਾ ਹੈ। ਕੁਝ ਮਿਲਾ ਕੇ ਕੁਦਰਤੀ ਵਾਤਾਵਰਣ, ਉਸਦਾ ਪ੍ਰਭਾਵ ਤੇ ਜੀਵਾਤਮਾ ਤਿੰਨੇ ਇਕ ਸੁਰ ਹੋ ਕੇ ਪਰਮਪਦਵੀ ਨੂੰ ਪ੍ਰਾਪਤ ਹੁੰਦੇ ਹਨ :

**"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ"**

ਇਹ ਅੰਮ੍ਰਿਤ ਵੇਲੇ ਦਾ ਮਾਹੌਲ ਹੀ ਹੈ ਜਿਸ ਦੀਆਂ ਪਾਵਨ ਪੁਨੀਤ ਲਹਿਰਾਂ ਸਚੇ ਨਾਮ ਦੀ ਵਡਿਆਈ ਨੂੰ ਵਿਚਾਰਨ ਲਈ ਪ੍ਰੇਰਿਤ ਕਰਦੀਆਂ ਹਨ। ਬਾਰਾਂ-ਮਾਹ ਇਕ ਪਾਸੇ, ਲੋਕ ਪੱਧਤੀ ਦੀ ਰਚਨਾ ਹੈ, ਦੂਜੇ ਪਾਸੇ, ਅਧਿਆਤਮਕ ਯਾਤਰਾ ਦੀ ਸੂਚਕ। ਜੀਵਾਤਮਾ ਦੀ ਬ੍ਰਿਹਕੂਕ ਇਸ ਰਚਨਾ ਦਾ ਲਾਜ਼ਮੀ ਜੁਜ਼

ਹੈ। ਬੈਰਾਗ ਬਿਨਾਂ ਬੰਦਗੀ ਨਹੀਂ ਹੁੰਦੀ :

**"ਲਗਨ ਬਿਨ ਰੈਣਿ ਨ ਜਾਗੇ ਕੋਇ"**

ਜ਼ਾਹਿਰ ਹੈ, ਬ੍ਰਿਹਾ-ਲੋਚਾ ਹੀ ਪਰਮ ਪਿਰ ਨੂੰ ਮਿਲਾਉਣ ਦਾ ਸਭ ਤੋਂ ਵੱਡਾ ਮਾਧਿਅਮ ਬਣਦੀ ਹੈ।

ਬੀਬੀ ਬੇਅੰਤ ਕੌਰ ਨੇ ਇਸ ਅਧਿਆਤਮਕ ਯਾਤਰਾ ਦਾ ਬੜਾ ਸਰਲ, ਸੁਖਾਵਾਂ ਤੇ ਰਸਿਕ ਅਧਿਐਨ ਪੇਸ਼ ਕੀਤਾ ਹੈ। ਇਸ ਲਈ ਉਹ ਮੁਬਾਰਕ ਦੀ ਹੱਕਦਾਰ ਹੈ। ਰੱਬ ਖ਼ੈਰ ਕਰੇ ! ਉਹਨਾਂ ਦੀ ਕਲਮ ਏਸੇ ਤਰ੍ਹਾਂ ਤੁਰਦੀ ਰਹੇ !

ਮਿਤੀ ੨੬ ਨਵੰਬਰ, ੧੯੯੬

**ਮਹਿੰਦਰ ਕੌਰ ਗਿੱਲ**
ਮਾਤਾ ਸੁੰਦਰੀ ਕਾਲਜ
(ਦਿੱਲੀ ਯੂਨੀਵਰਸਿਟੀ)
ਨਵੀਂ ਦਿੱਲੀ

# ਤਤਕਰਾ


| | | |
|---|---|---|
| 1. | ਬਾਰਹ ਮਾਹਾ ਦਾ ਸੰਖੇਪ ਪਿਛੋਕੜ<br>**ਤੁਖਾਰੀ ਛੰਤ ਮ: 1, ਬਾਰਹ ਮਾਹ** | 19 |
| 2. | ਤੂ ਸੁਣਿ ਕਿਰਤ ਕਰੰਮਾ ਪੁਰਬ ਕਮਾਇਆ<br>—ਸਿਰਿ ਸਿਰਿ ਸੁਖ ਸਹੰਮਾ<br>— ਬੀਬੀ ਰਜਨੀ | 35<br>37 |
| 3. | ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ<br>-ਨਿਸਿ ਬਾਸੁਰ ਰੰਗ ਰਾਵੈ<br>— ਬਾਬਾ ਸੰਗਤਾ ਜੀ | 42<br>44 |
| 4. | ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ<br>-ਨਾ ਕੋਈ ਮੇਰਾ ਹਉ ਕਿਸੁ ਕੇਰਾ<br>— ਬਾਲਮੀਕ ਜੀ | 47<br>51 |
| 5. | ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ<br>-ਹਰਿ ਸਿਉ ਪ੍ਰੀਤ ਬਣੀ<br>— ਭਗਤ ਪ੍ਰਹਿਲਾਦ | 54<br>56 |
| 6. | ਚੇਤੁ ਬਸੰਤੁ ਭਲਾ ਭਵਰ ਸੁਹਾਵੜੇ<br>-ਬਿਰਹਿ ਬਿਰੋਧ ਤਨੁ ਛੀਜੈ<br>— ਮਾਤਾ ਸੀਤਾ ਜੀ | 59<br>61 |
| 7. | ਵੈਸਾਖੁ ਭਲਾ ਸਾਖਾ ਵੇਸ ਕਰੇ<br>-ਸੁਰਤਿ ਸਬਦਿ ਮਨੁ ਮਾਨਾ<br>— ਬਾਬਾ ਬੈਂਕਾ ਜੀ ਲਬਾਲਬ | 64<br>66 |
| 8. | ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ<br>-ਕਿਉ ਪਾਵੈ ਸੁਖ ਮਹਲੀ<br>— ਰਾਜਾ ਅੰਬ੍ਰੀਕ | 71<br>73 |
| 9. | ਅਸਾੜੁ ਭਲਾ ਸੂਰਜੁ ਗਗਨਿ ਤਪੈ<br>-ਨਾਨਕ ਜਿਸ ਨੋ ਇਹੁ ਮਨੁ ਦੀਆ<br>— ਰਾਜਾ ਜਨਕ | 76<br>78 |

| | | |
|---|---|---|
| 10. | ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ | 82 |
| | -ਪਿਰ ਕੈ ਅੰਕਿ ਸਮਾਵਏ | 84 |
| | -ਸੰਤ ਜੀਊਣ ਸਿੰਘ ਸਰਹਾਲੀ | |
| 11. | ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ | 89 |
| | -ਨਾਨਕ ਪੂਛਿ ਚਲਉ ਗੁਰ ਅਪੁਨੇ | 91 |
| | —ਸੰਤ ਜਮੀਤ ਸਿੰਘ ਕਾਹਨਾਕਾਛਾ | |
| 12. | ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ | 93 |
| | -ਸਤਿਗੁਰ ਭਏ ਬਸੀਠਾ | 96 |
| | — ਸ. ਆਰੂੜ ਸਿੰਘ ਸਿਆਲਕੋਟ | |
| 13. | ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ | 98 |
| | -ਅਜਹੁ ਤਿਨਾੜੀ ਆਸਾ | 101 |
| | — ਫਰੀਦ ਜੀ | |
| 14. | ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ | 104 |
| | - ਸਾ ਧਨ ਨਾਹ ਪਿਆਰੀ | 107 |
| | — ਬਾਬਾ ਜਮੀਤ ਸਿੰਘ ਜੀ ਗਿੱਲ | |
| 15. | ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ | 109 |
| | -ਦਰਸਨੁ ਦੇਹੁ ਦਇਆਪਤਿ ਦਾਤੇ | 111 |
| | — ਸੰਤ ਰਾਮ ਸਹਾਇ ਜੀ | |
| 16. | ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ | 115 |
| | -ਮਹਾ ਰਸੁ ਹਰਿ ਜਪਿ | 117 |
| | — ਬਾਬਾ ਬੁਢਾ ਸਿੰਘ ਜੀ | |
| 17. | ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ | 121 |
| | -ਅਨਦਿਨੁ ਰਹਸੁ ਭਇਆ | 125 |
| | — ਸੰਤ ਲਹਿਣਾ ਸਿੰਘ ਜੀ ਘਰਜਾਖ | |
| 18. | ਬੇਦਸ ਮਾਹ ਰੁਤੀ ਥਿਤੀ ਵਾਰ ਭਲੇ | 133 |
| | -ਅਹਿ ਨਿਸਿ ਰਾਵੈ ਪ੍ਰੀਤਮੁ | 136 |
| | — ਬਾਬਾ ਜਵਾਹਰ ਸਿੰਘ ਜੀ ਮਿਰਜ਼ੇ ਵਾਲੀਏ | |

## ਭਾਗ 2


1. ਬਾਰਹ ਮਾਹ ਮਾਝ 143
**ਬਾਰਹ ਮਾਹ ਮਾਝ ਮ: 5**

2. ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ 148
-ਨਾਨਕ ਜੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ 152
— ਨਾਮ

3. ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ 158
-ਇਕੁ ਖਿਨੁ ਤਿਸੁ ਬਿਨੁ ਜੀਵਣਾ 163
— ਸਤਿਗੁਰੂ ਪ੍ਰਤਾਪ ਸਿੰਘ ਜੀ

4. ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ 168
-ਸੰਤ ਭੇਟੈ ਹਰਿ ਸੋਇ 171
— ਸੰਤ ਕੇਸਰ ਸਿੰਘ ਜੀ ਚਵਿੰਡਾ

5. ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ 177
-ਸਾਧੂ ਸੰਗੁ ਪਰਾਪਤੇ 180
— ਸੂਬਾ ਗੰਡਾ ਸਿੰਘ ਜੀ

6. ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿਨ੍ਾ ਪਾਸਿ 188
-ਮਨਿ ਹਰਿ ਚਰਣ ਨਿਵਾਸ 191
— ਧਰੂਅ ਭਗਤ

7. ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ 195
-ਜਿਨੀ ਸਖੀ ਪ੍ਰਭੁ ਪਾਇਆ 198
— ਏ ਤੂੰ ਭੈਣੇ ਵੇਸ ਕਰਿ

8. ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ 202
-ਗੁਰੁ ਰਖਣ ਵਾਲਾ ਹੇਤੁ 208
— ਸ. ਤੇਜਵੀਰ ਸਿੰਘ

9. ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ 218
-ਮਨਿ ਤਨਿ ਪਿਆਸ ਦਰਸਨ ਘਣੀ 222
— ਐਸੋ ਢੋਲਨ ਕਹਾਂ ਹੈ ?

10. ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ 225
- ਵੇਮੁਖ ਹੋਏ ਰਾਮ ਤੇ 229
— ਬੇਮੁਖਾਂ ਦੀ ਦੁਰਦਸ਼ਾ

11. ਮੰਘਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ 234
-ਤਿਨ ਕੀ ਸੋਭਾ ਕਿਆ ਗਣੀ 237
— ਬਾਬਾ ਰਿਖੀ ਸਿੰਘ ਜੀ

12. ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ 240
-ਸੇਵਾ ਸੁਆਮੀ ਲਾਹੁ 243
— ਸੇਵਾ

13. ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ 249
-ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ 252
— ਜੀਅ ਦਇਆ

14. ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ 256
-ਇਛ ਪੁਨੀ ਵਡਭਾਗਣੀ 260
— ਸੰਤ ਬਾਬਾ ਨਿਹਾਲ ਸਿੰਘ ਜੀ

15. ਜਿਨਿ ਜਿਨਿ ਨਾਮੁ ਧਿਆਇਆ ਤਿਨਕੇ ਕਾਜ ਸਰੇ 263
-ਜਿਨਿ ਜਿਨਿ ਨਾਮ ਧਿਆਇਆ 266
— ਭਗਤ ਕਬੀਰ ਜੀ

16. ਤੁਲਨਾਤਮਿਕ ਅਧਿਐਨ 270

੧ੴ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਬਾਰਹ ਮਾਹਾ

**ਬਾਰਹ** ਮਾਹਾ ਤੋਂ ਭਾਵ ਉਹ ਕਾਵਯ ਜਿਸ ਵਿੱਚ ਬਾਰਾਂ ਮਹੀਨਿਆਂ ਦਾ ਵਰਣਨ ਹੋਵੇ। ਬਾਰਾਂ ਮਹੀਨੇ ਦੇਸੀ ਸੰਮਤ ਅਨੁਸਾਰ ਇਸ ਪ੍ਰਕਾਰ ਹਨ—ਚੇਤ੍ਰ, ਵੈਸਾਖ, ਜੇਠ, ਹਾੜ੍ਹ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਅਤੇ ਫਗੁੱਣ।

ਬਾਰਹ ਮਾਹ ਕੀ ਹੈ ? ਇਸ ਬਾਰੇ ਭਿੰਨ-ਭਿੰਨ ਵਿਦਵਾਨਾਂ ਨੇ ਆਪਣੇ ਵੱਖਰੇ-ਵੱਖਰੇ ਵਿਚਾਰ ਪ੍ਰਗਟ ਕੀਤੇ ਹਨ। ਹਿੰਦੀ ਸ਼ਬਦ ਸਾਗਰ ਅਨੁਸਾਰ—

"ਵਹ ਪਦਯ ਯਾ ਗੀਤ ਜਿਸਮੇਂ ਬਾਰਹ ਮਹੀਨੋਂ ਕੀ ਪ੍ਰਾਕ੍ਰਿਤਕ ਵਿਸ਼ੇਸ਼ਤਾਉਂ ਕਾ ਵਰਣਨ ਕਿਸੀ ਵਿਰਹੀ ਯਾ ਵਿਰਹਣੀ ਕੇ ਮੂੰਹ ਸੇ ਕਰਾਯਾ ਗਯਾ ਹੋ।"

ਜਾਮਿਓਲ ਲੁਗਾਤ ਵਿੱਚ ਲਿਖਿਆ ਹੈ :—

"ਹਿੰਦੀ ਗੀਤ ਜਿਸਮੇਂ ਔਰਤ ਕੀ ਜ਼ੁਬਾਨ ਸੇ ਬਾਰਹ ਮਹੀਨੋਂ ਕੀ ਫਰਾਕ ਕਾ ਹਾਲ ਬਿਆਨ ਕੀਆ ਗਯਾ ਹੋ।"

ਗੁਰੂ ਸ਼ਬਦ ਮਹਾਨ ਕੋਸ਼ ਅਨੁਸਾਰ :

"ਉਹ ਕਾਵਯ ਜਿਸ ਵਿੱਚ ਬਾਰਹ ਮਹੀਨਿਆਂ ਦਾ ਵਰਣਨ ਹੋਵੇ।"

ਇਸੇ ਤਰ੍ਹਾਂ ਹੋਰ ਅਨੇਕਾਂ ਹੀ ਵਿਦਵਾਨਾਂ ਨੇ ਬਾਰਾਂ-ਮਾਹ ਬਾਰੇ ਆਪਣੀਆਂ-ਆਪਣੀਆਂ ਪਰਿਭਾਸ਼ਾਵਾਂ ਦਿੱਤੀਆਂ ਹਨ। ਬਾਰਹ ਮਾਹ ਕੋਈ ਆਧੁਨਿਕ ਕਾਵਿ ਰੂਪ ਨਹੀਂ। ਇਤਿਹਾਸ ਗਵਾਹੀ ਭਰਦਾ ਹੈ ਕਿ ਇਹ ਆਪਣੀ ਹੋਂਦ ਬਾਰ੍ਹਵੀਂ ਸਦੀ ਤੋਂ ਵੀ ਪਹਿਲਾਂ ਸਥਾਪਿਤ ਕਰ ਚੁੱਕਾ ਸੀ। ਇਹ ਰੁੱਤਾਂ ਦੇ ਵਰਣਨ ਦਾ ਹੀ ਵਿਗਸਿਆ ਹੋਇਆ ਰੂਪ ਹੈ। ਪ੍ਰਾਚੀਨ ਕਾਲ ਵਿੱਚ ਸਾਲ ਵਿੱਚ ਛੇ ਰੁੱਤਾਂ ਮੰਨੀਆਂ ਜਾਂਦੀਆਂ ਸਨ ਤੇ ਉਨ੍ਹਾਂ ਰੁੱਤਾਂ ਦਾ ਹੀ ਵਰਣਨ ਕੀਤਾ ਜਾਂਦਾ ਸੀ, ਜਿਸਨੂੰ ਖਟ-ਰਿਤੂ ਵਰਣਨ ਕਿਹਾ ਜਾਂਦਾ ਸੀ। ਖਟ-ਰਿਤੂ ਦਾ ਵਰਣਨ ਮਹਾਨ ਕੋਸ਼ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ :

ਭਾਰਤ ਦੇ ਵਿਦਵਾਨਾਂ ਨੇ ਦੋ ਦੋ ਮਹੀਨਿਆਂ ਦੀਆਂ ਵਰ੍ਹੇ ਵਿੱਚ ਛੇ ਰੁੱਤਾਂ ਮੰਨੀਆਂ ਹਨ—

ਬਸੰਤ—ਵਸੰਤ (ਚੇਤ-ਵਸਾਖ), ਚੇਤ੍ਰ-ਵੈਸਾਖ,<br>
ਗ੍ਰਿਸ਼ਮ-ਗ੍ਰਸ਼ਮ (ਜੇਠ-ਹਾੜ) ਜੈਸ਼ਯ-ਆਸ਼ਾਢ,<br>
ਬਰਖਾ-ਵ੍ਰਸ਼ਾ (ਸਾਉਣ-ਭਾਦੋਂ) ਸ੍ਰਾਵਣ-ਭਾਦ੍ਰਪਦ,<br>
ਸਰਦ-ਸ਼ਰਦ (ਅੱਸੂ-ਕੱਤਕ) ਆਸ਼ਿਨ-ਕਾਤਿੰਕ,<br>
ਹਿਮ-ਹੇਮੰਤ (ਮੱਘਰ-ਪੋਹ), ਮਾਰੀਸ਼ੀਸ਼-ਪੋਸ਼,

ਸਿਸਰ-ਸ਼ਿਸ਼ਿਰ (ਮਾਘ-ਫਗੁੱਣ) ਮਾਘ-ਫਾਲਗੁਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰੁੱਤਾਂ ਦਾ ਵਰਣਨ ਰਾਮਕਾਲੀ ਰਾਗ ਵਿੱਚ ਇਸ ਤਰ੍ਹਾਂ ਕੀਤਾ ਹੈ :—

**ਛੰਤੁ ॥**

**ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁੱਖ ਮਾਸੁ ਜੀਉ ॥**
**ਹਰਿਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ।**
**ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ।**
**ਸੁੰਦਰੁ ਸੁਘੜੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ।**
**ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ।**
**ਬਿਨਵੰਤਿ ਨਾਨਕ ਸਰਣਿ ਤੇਰੀ ਮਿਟੀ ਜਮ ਕੀ ਤ੍ਰਾਸ ਜੀਉ ॥੨ ॥**

**ਛੰਤੁ ॥**

**ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।**
**ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਓ।**
**ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ।**
**ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ।**
**ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ।**
**ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਰਨ ਕਾਮ ਜੀਉ ॥੩ ॥**

**ਛੰਤੁ ॥**

**ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।**
**ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।**
**ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵ ਨਿਧਿ ਗ੍ਰਿਹ ਭਰੇ।**
**ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ।**
**ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ ਕ੍ਰਿਪਾਲੁ ਸਦ ਬਖਸਿੰਦੁ ਜੀਉ।**
**ਬਿਨਵੰਤਿ ਨਾਨਕ ਹਰਿ ਕੰਤੁ ਪਾਇਆ ਸਦਾ ਮਨ ਭਾਵੰਦੁ ਜੀਉ ॥੪ ॥**

**ਛੰਤੁ ॥**

**ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ।**
**ਖੋਜੰਤੀ ਦਰਸਨੁ ਫਿਰਤ,ਕਬ ਮਿਲੀਐ ਗੁਣਤਾਸ ਜੀਉ।**
**ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ।**
**ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ।**
**ਈਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ।**
**ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥੫॥**

ਛੰਤੁ ॥
ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ।
ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ ਜੀਉ।
ਸਭਿ ਕਾਮ ਪੂਰੇ ਮਿਲਿ ਹਜੂਰੇ ਹਰਿ ਚਰਣ ਸੇਵਕਿ ਸੇਵਿਆ।
ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ।
ਭਾਉ ਭਗਤਿ ਗੋਵਿੰਦ ਬਾਂਛਤ ਜਮੁ ਨ ਸਾਕੈ ਜੋਹਿ ਜੀਉ।
ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹ ਨ ਪ੍ਰੇਮ ਬਿਛੋਹ ਜੀਉ ॥੬॥

ਛੰਤੁ ॥
ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ।
ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ।
ਵਣੁ ਤ੍ਰਿਣੁ ਤ੍ਰਿਭਵਣੁ ਭਏ ਹਰਿਆ ਦੇਖਿ ਦਰਸਨ ਮੋਹੀਆ।
ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ।
ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰਿ ਕੰਤ ਜੀਉ।
(ਰਾਮ ਰੁਤੀ, ਮ: ੫) ਪੰਨਾ ੯੨੭

ਪ੍ਰਾਚੀਨ ਕਾਲ ਵਿੱਚ ਮਨੁੱਖ ਆਪਣੇ ਹਾਵਾਂ ਭਾਵਾਂ ਨੂੰ ਵਿਅਕਤ ਕਰਨ ਲਈ ਕਵਿਤਾ ਦਾ ਆਸਰਾ ਲੈਂਦਾ ਸੀ। ਪੁਰਾਣੇ ਕਿੱਸੇ ਜਾਂ ਕਾਵਿ-ਸੰਗ੍ਰਿਹਾਂ ਦੀ ਰਚਨਾ ਰਿਤੂਆਂ, ਸਤਵਾਰੇ, ਬਾਰਾਂਮਾਹ, ਪਹਿਰੇ, ਬੈਂਤਾਂ, ਪੈਂਤੀ ਅੱਖਰੀ ਆਦਿ ਅਨੁਸਾਰ ਕੀਤੀ ਜਾਂਦੀ ਸੀ। ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਆਸਾ ਵਿੱਚ ਪੱਟੀ, ਰਾਗ ਤੁਖਾਰੀ ਵਿਚ ਬਾਰਹ-ਮਾਹ, ਸਿਰੀ ਰਾਗ ਵਿਚ ਪਹਿਰੇ, ਰਾਗ ਬਿਲਾਵਲ ਵਿੱਚ ਥਿੱਤੀ ਆਦਿ ਨਾਵਾਂ ਦੀ ਵਰਤੋਂ ਕੀਤੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਆਸਾ ਵਿੱਚ ਪੱਟੀ, ਸ੍ਰੀ ਗੁਰੂ ਰਾਮ ਦਾਸ ਜੀ ਨੇ ਸਿਰੀ ਰਾਗ ਵਿੱਚ ਪਹਿਰੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਰਾਮਕਲੀ ਵਿੱਚ ਰੁਤੀ ਤੇ ਮਾਝ ਰਾਗ ਵਿੱਚ ਬਾਰਾਂ-ਮਾਹ ਇਤਿਆਦਿ ਦੀ ਰਚਨਾ ਕੀਤੀ।

ਅਣਗਿਣਤ ਕਵੀਆਂ ਨੇ ਬਾਰਹ-ਮਾਹ ਲਿਖੇ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਾਗ ਤੁਖਾਰੀ ਵਿੱਚ ਰਚਿਤ ਬਾਰਾਂ-ਮਾਹ ਤੇ ਮਾਝ ਰਾਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਬਾਰਾਂ-ਮਾਹ ਆਪਣੀ ਇੱਕ ਵਿਸ਼ੇਸ਼ ਹੋਂਦ ਰਖਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰਚਿਤ ਦਸਮ ਗ੍ਰੰਥ ਦੀ ਬਾਣੀ ਕ੍ਰਿਸ਼ਨਾਵਤਾਰ ਵਿੱਚ ਲਿਖੇ ਦੋ ਬਾਰਾਂ-ਮਾਹ ਆਪਣੇ ਆਪ ਵਿੱਚ ਅਦੁੱਤੀ ਰਚਨਾਵਾਂ ਹਨ। ਸੰਮਤ ੧੮੭੭ ਵਿਚ ਪ੍ਰੇਮੀ ਵੀਰ ਸਿੰਘ ਨੇ ਅੜਿੱਲ ਅਤੇ ਰੂਪ ਚੋਪਾਈ ਛੰਦ ਵਿੱਚ ਇਕ ਬਾਰਹਮਾਹਾ ਰਚਿਆ ਹੈ ਜਿਸਦੀ ਰਹਾਉ ਦੀ ਤੁਕ ੯ ਮਾਤਰਾ ਦੀ ਹੈ, ਜਿਸ ਦੇ ਬਿਸਰਾਮ ੧੩-੧੬-੧੧ ਮਾਤਰਾ ਵਿਚ ਹਨ

ਉਦਾਹਰਣ :—

*ਚੜ੍ਹੇ ਵਿਸਾਖ ਵਰਮ ਨਹਿ ਜਾਂਦਾ,*
*ਦਹ ਦਿਸ ਵੇਖਾਂ ਪੰਥ ਗੁਰਾਂ ਦਾ,*
*ਕੂੰਜਾਂ ਵਾਂਙ ਫਿਰਾਂ ਕੁਰਲਾਂਦਾ,*
*ਮੇਲੀਂ ਮਹਿਰਮਕਾਰ ਦਿਲਾਂ ਦਾ,*
*ਪਲ ਪਲ ਬੀਤੇ ਸੈ ਵਰ੍ਹਿਆਂ ਦਾ,*
*ਬਿਨ ਗੋਬਿੰਦ ਸਿੰਘ ਮੈਂ ਮਰ ਜਾਂਦਾ, ਘੜੀ ਨ ਜੀਂਵਦਾ।*

*ਗੁਰੂ ਤੇ ਵੀਰ ਸਿੰਘ ਬਲਿਹਾਰੀ,*
*ਗੁਰੂ ਗੋਬਿੰਦ ਸਿੰਘ ਹਰਿ ਔਤਾਰੀ,*
*ਸਤਗੁਰੁ ਮਾਨ ਮੁਕੰਦ ਮੁਰਾਰੀ,*
*ਸਾਨੂੰ ਦਰਸਨ ਦੇ ਇਕ ਵਾਰੀ,*
*ਜੁਗ ਜੁਗ ਜੀਵਨ ਕੇਸਾਧਾਰੀ,*
*ਮੇਰੇ ਬਖਸ਼ੀਂ ਔਗੁਣ ਭਾਰੀ, ਤਾਣ ਰਖੀਂਵਦਾ।*

*ਫੁਨ ਹਰੀ ਸੁ ਹਰਿ ਦੀ ਸਰਣ,*
*ਗੁਬਿੰਦ ਸਿੰਘ ਕ੍ਰੋੜ ਬ੍ਰਿੰਦ ਅਘਹਰਣ,*
*ਜੁਗੋਜੁਗ ਜਾਣੀਏ।*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਬਾਬਾ ਚੰਦਾ ਸਿੰਘ ਜੀ ਸੂਰਮੇ ਨਾਮਧਾਰੀ ਪੰਥ ਦੇ ਪਹਿਲੇ ਕਵੀ ਹੋਏ ਹਨ, ਜਿਨ੍ਹਾਂ ਨੇ ਆਪਣੇ ਪਿਆਰੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਅਤੇ ਬਿਰਹੋਂ ਦੀ ਤੜਪ ਵਿੱਚ ਬਾਰਾਂ-ਮਾਹ ਦੀ ਰਚਨਾ ਕੀਤੀ। ਸੰਤ ਜੀ ਚੇਤ੍ਰ ਦੇ ਮਹੀਨੇ ਵਿੱਚ ਆਪਣੇ ਮਨ ਦੀ ਉਦਾਸੀ ਨੂੰ ਇਨ੍ਹਾਂ ਸ਼ਬਦਾਂ ਵਿੱਚ ਪ੍ਰਗਟ ਕਰਦੇ ਹਨ :—

ਚਉਪਈ —
*ਚੜਦੇ ਚੇਤ੍ਰ ਚਿਤ ਉਦਾਸ,*
*ਚਲੀਏ ਸਤਿਗੁਰਾਂ ਦੇ ਪਾਸ,*
*ਕਰੀਏ ਹਥ ਜੋੜ ਅਰਦਾਸ,*
*ਸਾਨੂੰ ਰਖੋ ਅਪਣੇ ਪਾਸ,*
*ਦੇਹੋ ਚਰਨਾ ਵਿੱਚ ਨਿਵਾਸ, ਮੈਂ ਔਗੁਣ ਹਾਰੀਆਂ।*

*ਜਦ ਮੈਂ ਹੈ ਵਿਰਾਗਣ ਚੱਲੀ,*
*ਚਰਖੇ ਤੰਦ ਨ ਲਾਹੀ ਛੱਲੀ,*
*ਘਰ ਤੋਂ ਤੁਰਕੇ ਭਈ ਇਕੱਲੀ,*

*ਮੈਨੂੰ ਲੋਕ ਆਖਦੇ ਝੱਲੀ,*
*ਕਿਸੇ ਦੀ ਗਲ ਨ ਲਗਦੀ ਭੱਲੀ, ਮੈਂ ਬਲਿਹਾਰੀਆਂ।*

*ਸਤਿਗੁਰ ਮੇਰਾ ਦੀਨ ਦਇਆਲ,*
*ਲਧਾ ਰਾਮਦਾਸ ਪੁਰੇ ਵਿੱਚ ਭਾਲ,*
*ਦੇਕੇ ਸ਼ਬਦ ਤੇ ਕਰੇ ਨਿਹਾਲ,*
*ਕਟੇ ਜਨਮ ਮਰਨ ਦੇ ਜਾਲ, ਮੈਂ ਸਤਿਗੁਰ ਤਾਰੀਆਂ।*

*ਸੁਣ ਲਓ ਸੰਤ ਜਨਾ ਗਲ ਹੋਰ,*
*ਮੈਨੂੰ ਭਜਨ ਲੈਣ ਦੀ ਲੋੜ*
*ਤਾਂ ਮੈਂ ਪਹੁੰਚੀ ਸਤਿਗੁਰ ਕੋਲ,*
*ਲਿਆ ਭਜਨ ਮੈਂ ਕਰ ਕੇ ਜੋਰ,*
*ਘਰ ਵਿੱਚ ਰਹੇ ਹਮੇਸ਼ਾਂ ਸ਼ੋਰ,*
*ਸੱਸ ਕਢੇਂਦੀ ਮੰਦੇ ਬੋਲ,*
*ਨੀ ਤੈਂ ਜਾਣਾ ਕੂਕਿਆਂ ਕੋਲ, ਇਹ ਮਿਹਣੇ ਮਾਰਦੀ*

ਸੰਤ ਨਿਹਾਲ ਸਿੰਘ ਜੀ ਦੁਆਰਾ ਰਚਿਤ ਬਾਰਾਂ-ਮਾਹ ਨਾਮਧਾਰੀ ਪੰਥ ਲਈ ਇਕ ਵਡਮੁੱਲਾ ਖਜ਼ਾਨਾ ਹੈ : ਫਗਣ ਮਹੀਨੇ ਦਾ ਵਰਣਨ ਸੰਤ ਨਿਹਾਲ ਸਿੰਘ ਜੀ ਇੰਝ ਕਰਦੇ ਹਨ —

*ਫਗਣ ਫੇਰ ਕਦੀਂ ਆਵੀਂ, ਮੁਖ ਆਪਣਾ ਦਿਖਾਵੀਂ,*
*ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।*
*ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿੱਚ ਫੋੜਾ,*
*ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।*
*ਹੋਈ ਹਾਲ ਤੋਂ ਬਿਹਾਲ, ਖੁਲੇ ਗਲ ਵਿੱਚ ਵਾਲ,*
*ਫਿਰ ਥਕੀ ਢੂੰਢ ਭਾਲ ਨੈਣੀ ਨੀਂਦ ਨਹੀਂ ਆਂਵਦੀ।*
*ਨਿਹਾਲ ਸਿੰਘ ਔਗਣਹਾਰ, ਆਇਆ ਤੇਰੇ ਦਰਬਾਰ,*
*ਗੁਰੂ ਭੁਲ ਚੁਕ ਬਖਸ਼ ਸੰਗਤ ਸੀਸ ਹੈ ਨਿਵਾਂਵਦੀ॥*

ਬਾਬਾ ਕਾਲਾ ਸਿੰਘ ਜੀ ਨੰਗਲ, ਲੁਧਿਆਣਾ ਰਾਹੀਂ ਰਚਿਤ ਬਾਰਾਂ-ਮਾਹ ਨੇ ਪਾਠਕਾਂ ਦੇ ਮਨਾਂ ਨੂੰ ਮੰਤ੍ਰ ਮੁਗਧ ਕੀਤਾ। ਉਨ੍ਹਾਂ ਨੇ ਸਿੱਖਾਂ ਨੂੰ ਸਿੱਖੀ ਦੇ ਆਦਰਸ਼ਾਂ ਨੂੰ ਅਪਨਾਉਣ ਲਈ ਸੱਦਾ ਦਿੱਤਾ ਹੈ—ਹਾੜ ਦੇ ਮਹੀਨੇ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :—

*ਹਾੜ ਹੁਕਮ ਕਰ ਰਹਿਤ ਰਖਾਈ ਪੰਥ ਗੁਰਾਂ ਦਾ ਸਚਾ ਜੀ।*
*ਕੰਨ ਵਿੱਚ ਭਜਨ ਸੁਣੌਂਦੇ ਸਤਿਗੁਰ ਝੂਠ ਨ ਬੋਲਣ ਅਛਾ ਜੀ।*

*ਚੋਰੀ ਯਾਰੀ ਠਗੀ ਛਡਣੀ ਨਿੰਦਾ ਕੰਮ ਉਚੱਕਾ ਜੀ।*
*ਗੁਰੂ-ਮਤ ਨੂੰ ਧਾਰਨ ਕਰਨਾ ਰਹੀਂ ਨਾਮ ਵਿੱਚ ਰਤਾ ਜੀ।*

ਸ੍ਰੀ ਇਕਬਾਲ ਸਿੰਘ ਜੀ ਮਨਚੰਦਾ ਸਿਆਮ ਨਿਵਾਸੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਤਾਂਘ ਵਿਚ ਬਿਹਬਲਤਾ ਪ੍ਰਗਟ ਕੀਤੀ ਹੈ। ਚੇਤਰ ਮਹੀਨੇ ਦੇ ਵਰਣਨ ਨੂੰ ਅਤਿ ਉਦਾਸ ਕਿਹਾ ਹੈ :—

*ਚੇਤਰ ਚਿਤ ਹੈ ਉਦਾਸ ਪੀਆ ਮੇਰੇ ਨਹੀਂ ਪਾਸ,*
*ਮਨ ਮੇਰੇ 'ਚ ਹੁਲਾਸ ਕਦੋਂ ਦਰਸ ਮੈਂ ਪਾਵਸਾਂ।*
*ਮੇਰੇ ਮਨ ਵਿੱਚ ਪੀਰ ਲਗਾ ਪ੍ਰੇਮ ਵਾਲਾ ਤੀਰ,*
*ਵਰੇ ਨੈਣਾਂ ਵਿੱਚੋਂ ਨੀਰ ਕੀਕੂੰ ਮਨ ਸਮਝਾਵਸਾਂ।*
*ਹੋਈ ਹਾਲ ਤੋਂ ਬੇਹਾਲ ਖੁਲੇ ਗਲ ਵਿੱਚ ਵਾਲ,*
*ਲੋਕੀ ਆਖਦੇ ਬੇਤਾਲ ਕਿਹਨੂੰ ਦੁਖੜਾ ਸੁਨਾਵਸਾਂ।*
*ਪ੍ਰੀਤਮ ਪਿਆਰੇ ਗੁਰੂ ਰਾਮ ਸਿੰਘ ਆਵੇ ਦੇਸ,*
*ਦੁਖਾਂ ਤੋਂ ਛਡਾਵੇ ਦਿਨ ਰਾਤ ਏਹ ਗਾਵਸਾਂ।*

ਬਾਰਹ-ਮਾਹ ਰਾਗ ਤੁਖਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਤਿਮ ਅਮਰ ਰਚਨਾ ਹੈ। ਜੇਕਰ ਇਹ ਕਹਿ ਦਿੱਤਾ ਜਾਵੇ ਕਿ ਗੁਰੂ ਸਾਹਿਬ ਦੀ ਇਹ ਅਤਿ ਉੱਤਮ, ਅਤਿ ਸਰੇਸ਼ਟ ਹਰ ਮਹੀਨੇ ਵਿੱਚ ਕੁਦਰਤ ਦੇ ਗੂੜੇ ਰਹੱਸਾਂ ਦੇ ਭਾਵ ਤੇ ਆਧਾਰਤ, ਸਾਹਿੱਤਕ ਪੱਖੋਂ ਇੱਕ ਅਦੁੱਤੀ ਲੋਕ-ਕਾਵਿ ਹੈ ਤਾਂ ਕੋਈ ਅਤਿ-ਕਥਨੀ ਨਹੀਂ। ਇਸ ਵਿੱਚ ਵਿਚਾਰਸ਼ੀਲ ਭਾਵਾਂ ਦਾ ਬੇਰੋਕ, ਬੇਟੋਕ ਪ੍ਰਵਾਹ ਬਹਿ ਰਿਹਾ ਹੈ, ਇਹ ਦਰਦ, ਪੀੜਾ, ਕਸਕ ਦੀ ਇੱਕ ਅਮਿਟ ਛੋਹ ਪੰਜਾਬੀ ਸਾਹਿੱਤ ਵਿੱਚ ਆਪਣੇ ਕਿਸਮ ਦੀ ਇਹ ਪਹਿਲੀ ਰਚਨਾ ਹੈ। ਇਸ ਵਿੱਚ ਜੇਕਰ ਇਕ ਪਾਸੇ ਬਿਰਹ, ਵਿਯੋਗ, ਪੀੜਾ, ਕਸਕ, ਵੇਦਨਾ ਦੀ ਅਭਿਵਿਅਕਤੀ ਹੈ ਤੇ ਦੂਸਰੇ ਪਾਸੇ ਮੇਲ-ਮਿਲਾਪ, ਸੰਜੋਗ ਦੀਆਂ ਘੜੀਆਂ, ਵਿਜੋਗ-ਸੰਜੋਗ ਦੇ ਪਰਸਪਰ ਮੇਲ ਦੀ ਇੱਕ ਅਨੂਠੀ ਅਨੂਪਮ ਸ਼ੈਲੀ ਵਿੱਚ ਰਚੀ ਰਚਨਾ ਸਾਹਿੱਤਕ ਸਿਖਰਾਂ ਨੂੰ ਛੋਹ ਰਹੀ ਹੈ। ਭਾਈ ਬਾਲੇ ਵਾਲੀ ਪੁਰਾਤਨ ਜਨਮ-ਸਾਖੀ ਦੇ ਅਨੁਸਾਰ :

"ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹੁਣੀਆਂ। ਤਬ ਬਾਬਾ ਬਿਸਮਾਦ ਦੇ ਘਰ ਆਇਆ। ਤਿਤੁ ਮਹਲਿ ਹੁਕਮੁ ਹੋਇਆ, ਰਾਗੁ ਤੁਖਾਰੀ ਕੀਤਾ, ਬਾਬਾ ਬੋਲਿਆ ਬਾਰਹਮਾਹ, ਰਾਤਿ, ਅੰਮ੍ਰਿਤ ਵੇਲਾ ਹੋਆ, ਚਲਾਣੈ ਕੇ ਵਖਤਿ।"

ਬਾਰਹਮਾਹ ਤੁਖਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਤਿਮ ਸਮੇਂ ਦੀ ਰਚਨਾ ਹੈ। ਕਰਤਾਰਪੁਰ ਵਿਖੇ ਸੱਚੇ ਪਾਤਸ਼ਾਹ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਇਸ ਬਾਣੀ ਦੀ ਰਚਨਾ ਕੀਤੀ।

ਗੁਰਬਾਣੀ ਵਿੱਚ ਮਨੁੱਖੀ ਜੀਵਨ ਦੇ ਸਾਰੇ ਰਿਸ਼ਤਿਆਂ ਦਾ ਵਰਣਨ ਕਰ

ਕੇ ਆਪਣੇ ਪਿਆਰੇ ਪ੍ਰੀਤਮ ਦੀ ਅਰਾਧਨਾ ਕੀਤੀ ਜਾਂਦੀ ਹੈ। ਕਿਧਰੇ ਉਹ ਤਾਤ ਮਾਤ ਹੈ, ਕਿਧਰੇ ਭੈਣ-ਭਰਾ ਦਾ ਰਿਸ਼ਤਾ ਹੈ, ਕਿਧਰੇ ਸਖਾ-ਬੰਧਪੁ ਦੀ ਪੀੜਾ ਹੈ ਪਰ ਸਭ ਤੋਂ ਵੱਡਾ ਕਾਮਣੀ, ਭਤਾਰ ਦਾ ਰਿਸ਼ਤਾ ਹੈ। ਠਾਕੁਰ ਤਾਂ ਇੱਕ ਹੈ, ਬਾਕੀ ਸਭ ਨਾਰਾਂ ਹਨ। ਪੁਰਖ ਪਤੀ ਪਰਮੇਸ਼ਰ ਤਾਂ ਇੱਕ ਹੈ, ਬਾਕੀ ਸਭ ਇਸਤ੍ਰੀ ਰੂਪ ਚੇਰੀਆਂ ਹਨ।

ਠਾਕੁਰ ਏਕ ਸਬਾਈ ਨਾਰਿ ਦੀ ਭਾਵਨਾ ਨਾਲ ਸਾਰੀ ਗੁਰਬਾਣੀ ਓਤ-ਪ੍ਰੋਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਰਹ ਮਾਹ ਵਿੱਚ ਆਪਣੇ ਪ੍ਰਿਅ ਪ੍ਰੀਤਮ ਦੇ ਵਿਛੋੜੇ ਦੀ ਪੀੜਾ, ਬਿਰਹ, ਦਰਦ ਕਸਕ ਦਾ ਵਰਣਨ ਕੀਤਾ ਹੈ। ਉਹਨਾਂ ਨੂੰ ਅੰਤਲੇ ਸਮੇਂ ਵਿੱਚ, ਆਪਣੇ ਪ੍ਰਿਅ-ਪ੍ਰੀਤਮ ਦੀ ਯਾਦ ਦਿਨ ਰਾਤ ਸਤਾਉਂਦੀ ਹੈ, ਬਿਹਬਲਤਾ, ਬੇਬਸੀ ਸਿਖਰਾਂ ਛੋਹ ਰਹੀ ਹੈ। ਸੱਚੇ ਪਾਤਸ਼ਾਹ ਜੀ ਨੂੰ ਆਪਣੇ ਪਿਆਰੇ ਬਾਬੁਲ ਦੀਆਂ ਗਲੀਆਂ ਯਾਦ ਆਉਂਦੀਆਂ ਹਨ, ਜਿੱਥੇ ਉਨ੍ਹਾਂ ਨੇ ਬਚਪਨ ਵਿੱਚ ਅਨੇਕ ਕ੍ਰੀੜਾਵਾਂ ਕੀਤੀਆਂ ਸਨ, ਉਨ੍ਹਾਂ ਨੂੰ ਉਹ ਘਰ ਯਾਦ ਆਉਂਦਾ ਹੈ, ਜਿੱਥੇ ਬਾਲਪਣ ਵਿੱਚ ਖੇਡਾਂ, ਆਮੋਦ-ਪ੍ਰਮੋਦ ਕੀਤੇ ਸਨ। ਉਹ ਆਪਣੀਆਂ ਅੱਖਾਂ ਦੇ ਸਾਹਮਣੇ ਤਲਵੰਡੀ ਨੂੰ ਸਾਕਾਰ ਰੂਪ ਵਿੱਚ ਵੇਖਦੇ ਹਨ, ਉਨ੍ਹਾਂ ਦੀ ਕਲਪਨਾ ਤਲਵੰਡੀ ਤੋਂ ਬਾਹਰ ਅਤਿ ਰਮਣੀਕ, ਸੁੰਦਰ ਬਾਰ ਦੇ ਆਲੇ ਦੁਆਲੇ ਕੇਂਦਰਿਤ ਹੋ ਜਾਂਦੀ ਹੈ, ਜਿੱਥੇ ਉਨ੍ਹਾਂ ਨੇ ਆਪਣੇ ਜੀਵਨ ਦੇ ਜਿਆਦਾ ਪਲ ਬਤੀਤ ਕੀਤੇ।

ਸੱਚੇ ਪਾਤਸ਼ਾਹ ਜੀ ਨੇ ਇਸ ਨੂੰ ਰਾਗ ਤੁਖਾਰੀ ਵਿੱਚ ਲਿਖਿਆ ਹੈ। ਇਹ ਰਾਗ ਸਰਦੀ ਦਾ ਹੈ, ਵਿਯੋਗ, ਪੀੜਾ, ਕਸਕ, ਦਰਦ, ਤੜਪ ਦਾ ਪ੍ਰਤੀਕ ਹੈ। ਆਤਮਾ ਆਪਣੀ ਪਰਮ-ਆਤਮਾ ਤੋਂ ਵਿਛੁੜ ਕੇ ਤੜਪ ਰਹੀ ਹੈ, ਲੁੱਛ ਰਹੀ ਹੈ ਤੇ ਸੱਚੇ ਪਾਤਸ਼ਾਹ ਜੀ ਇਸ ਵਿਛੋੜੇ ਦੀ ਸਿਕ ਨੂੰ ਹਮੇਸ਼ਾਂ-ਹਮੇਸ਼ਾਂ ਲਈ ਖਤਮ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਰਾਤ-ਦਿਨ ਸਤਾਉਂਦੀ ਹੈ, ਤੜਪਾਉਂਦੀ ਹੈ, ਆਪਣੇ ਪ੍ਰੀਤਮ ਪਿਆਰੇ ਤੋਂ ਬਿਨਾਂ ਉਹ ਬਿਲਕੁਲ ਇਕੱਲੀ ਹੈ। ਉਸ ਦਾ ਕੋਈ ਮੀਤ ਨਹੀਂ, ਉਸ ਦਾ ਕੋਈ ਸਖਾ ਬੰਧਪ ਨਹੀਂ, ਉਸ ਦਾ ਕੋਈ ਸਾਜਨ ਨਹੀਂ। ਇਸ ਲਈ ਸਾਧਕ ਨੂੰ ਇੱਕ ਪਲ ਵੀ ਗੁਜ਼ਾਰਨਾ ਕਠਿਨ ਹੋ ਰਿਹਾ ਹੈ। ਇੱਕ ਖਿਨ ਕਈ ਸਾਲਾਂ ਦੇ ਸਮਾਨ ਲੱਗ ਰਿਹਾ ਹੈ। ਪਪੀਹਾ ਆਪਣੀਆਂ ਉੱਚੀਆਂ ਸੁਰਾਂ ਵਿੱਚ ਆਪਣੇ ਪ੍ਰੀਤਮ ਨੂੰ ਪੁਕਾਰ ਰਿਹਾ ਹੈ। ਕੋਇਲ ਕੂ-ਕੂ ਦੀ ਮਿਠਾਸ ਭਰਪੂਰ ਆਵਾਜ਼ ਵਿੱਚ ਕੂਕ ਰਹੀ ਹੈ, ਪਰ ਕੰਤ ਦੇ ਦਰਸ਼ਨ ਨਹੀਂ ਮਿਲ ਰਹੇ। ਪ੍ਰੀਤਮ ਦੇ ਦਰਸ਼ਨਾਂ ਦੀ ਤਾਂਘ ਵਿਆਕੁਲ ਕਰ ਰਹੀ ਹੈ, ਵਿਛੋੜੇ ਦੇ ਪਲ ਮੁੱਕ ਹੀ ਨਹੀਂ ਰਹੇ, ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਇੱਕ ਪਲ ਇੱਕ ਘੜੀ ਹਉਕੇ ਸਿਸਕੀਆਂ ਬਣ ਰਹੇ ਹਨ। ਆਪਣਾ ਪਿਆਰਾ ਇਸ਼ਟ ਦੇਵ ਇੱਕ ਘੜੀ ਪਲ ਲਈ ਵੀ ਅੱਖੋਂ ਪਰੋਖੇ ਨਹੀਂ ਹੋ ਪਾ

ਰਿਹਾ, ਉਸਦਾ ਪਿਆਰਾ ਪ੍ਰੀਤਮ ਹੀ ਉਸ ਲਈ ਸਭ ਕੁਝ ਹੈ, ਪਿਆਰੇ ਇਸ਼ਟ ਤੋਂ ਬਿਨਾਂ ਉਸ ਦਾ ਹੋਰ ਕੋਈ ਹੈ ਹੀ ਨਹੀਂ। ਆਪਣਾ ਪਿਆਰਾ ਪ੍ਰੀਤਮ ਇੱਕ ਪਲ ਲਈ ਵੀ ਨਹੀਂ ਵਿਸਰਦਾ। ਸਾਧਕ ਨੂੰ ਇਸ ਗਲ ਦਾ ਭਰਮ ਹੈ :

**ਘਰ ਘਰਿ ਕੰਤੁ ਰਵੈ ਸੋਹਾਗਣਿ**
**ਹਉ ਕਿਉ ਕੰਤਿ ਵਿਸਾਰੀ॥**

ਆਪਣੇ ਪਿਆਰੇ ਕੰਤ ਨੇ ਆਪਣੀ ਪ੍ਰੇਮਿਕਾ ਨੂੰ ਕਿਉਂ ਭੁਲਾ ਦਿੱਤਾ ਹੈ। ਉਹ ਪ੍ਰੀਤਮ ਆਪਣੀ ਕ੍ਰਿਪਾ ਕਰੇ ਤੇ ਤਪਦੇ, ਲੁੱਛਦੇ ਸਰੀਰ ਨੂੰ ਦਰਸ਼ਨਾਂ ਦੀ ਦਾਤ ਦੇ ਕੇ ਤ੍ਰਿਪਤ ਕਰੇ।

ਚੇਤ ਦੇ ਮਹੀਨੇ ਵਿੱਚ ਭੌਰੇ ਆਪਣੇ ਪਿਆਰੇ ਦੇ ਵਿਯੋਗ ਵਿੱਚ ਗੁੰਜ਼ਾਰ ਕਰਦੇ, ਫੁੱਲ ਆਪਣੀ ਸੁਗੰਧਤਾ ਬਿਖੇਰ ਕੇ ਸਾਰੇ ਵਾਤਾਵਰਨ ਨੂੰ ਸੁੰਦਰ ਬਣਾ ਰਹੇ ਹਨ। ਕੋਇਲ ਅੰਬਾਂ ਦੀਆਂ ਡਾਰਾਂ ਤੇ ਮਿੱਠੇ-ਮਿੱਠੇ ਬੋਲ-ਬੋਲ ਆਪਣੇ ਪੀ ਨੂੰ ਪੁਕਾਰਦੀ ਹੈ। ਆਪਣੇ ਪਿਆਰੇ ਇਸ਼ਟ ਤੋਂ ਬਿਨਾਂ ਬਸੰਤ ਵੀ ਸੁੱਖਮਈ ਨਾ ਹੋ ਕੇ ਦੁੱਖਦਾਈ ਬਣ ਰਹੀ ਹੈ।

ਵੈਸਾਖ ਦੇ ਮਹੀਨੇ 'ਚ ਪ੍ਰਾਕ੍ਰਿਤ ਦ ਹਾਰ ਸ਼ਿੰਗਾਰ ਬਿਰਹਿਣੀ ਨੂੰ ਚੰਗਾ ਨਹੀਂ ਲਗਦਾ। ਜੇਠ ਦੇ ਮਹੀਨੇ ਦੀ ਤਪਸ਼, ਹਾੜ ਦੇ ਮਹੀਨੇ ਦੀ ਅੱਗ ਸਾੜਦੀ ਹੈ ਪਰ ਜਿਹੜਾ ਜੀਵ ਆਪਣੇ ਆਪਨੂੰ ਉਸ ਅਕਾਲ-ਪੁਰਖ ਪ੍ਰਭੂ ਦੇ ਚਰਨਾਂ ਨਾਲ ਜੋੜ ਕੇ ਰੱਖਦਾ ਹੈ, ਉਸ ਨੂੰ ਇਸ ਜੀਵਨ-ਸਫਰ ਵਿੱਚ ਵਿਸ਼ੇ-ਵਿਕਾਰਾਂ ਦੀ ਤਪਸ਼ ਦਾ ਸੇਕ ਪੋਹ ਨਹੀਂ ਸਕਦਾ। ਸਾਵਣ ਦੇ ਮਹੀਨੇ ਵਿੱਚ ਕਾਲੀਆਂ ਘਟਾਵਾਂ, ਬਿਜਲੀ ਦੀ ਚਮਕ, ਕਾਮਣੀ ਨੂੰ ਅਤਿ ਦੁਖਦਾਈ ਲਗਦੀ ਹੈ, ਭਾਦਰੋਂ ਦੇ ਮਹੀਨੇ ਵਿੱਚ ਬਿਰਹਣੀ ਨਾਰ ਨੂੰ ਪ੍ਰਕਿਰਤਕ ਦ੍ਰਿਸ਼ ਬਿਲਕੁਲ ਚੰਗੇ ਨਹੀਂ ਲਗਦੇ, ਅੱਸੂ ਦੇ ਮਹੀਨੇ ਦੀ ਮਿੱਠੀ ਰੁੱਤ ਬਿਰਹਣੀ ਦੇ ਦਿਲ ਵਿੱਚ ਪਤੀ ਨੂੰ ਮਿਲਣ ਦੀ ਤਾਂਘ ਉਤਪੰਨ ਕਰਦੀ ਹੈ। ਕੱਤਕ ਦੇ ਮਹੀਨੇ ਵਿੱਚ ਕਾਮਣੀ ਦੇ ਹਿਰਦੇ ਅੰਦਰ ਮਿਲਣ ਦੀ ਤੀਵਰ ਇੱਛਾ ਪੈਦਾ ਹੋ ਜਾਂਦੀ ਹੈ, ਇੱਕ ਦਿਨ ਦਾ ਵਿਛੋੜਾ ਛੇ ਮਹੀਨੇ ਦਾ ਵਿਛੋੜਾ ਜਾਪਦਾ ਹੈ। ਉਹ ਪ੍ਰਭੂ ਦੀ ਸਿਫਤ ਸਲਾਹੀ ਦੇ ਅੰਦਰ ਜੁੜ ਕੇ ਉਸ ਦੇ ਨਾਮ ਦਾ ਆਸਰਾ ਲੈ ਕੇ ਮੱਘਰ ਦੇ ਮਹੀਨੇ ਵਿੱਚ ਜੁੜ ਜਾਂਦੀ ਹੈ, ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਉਹ ਆਪਣੇ ਪਤੀ ਦੀ ਪਿਆਰੀ ਹੋ ਜਾਂਦੀ ਹੈ। ਪੋਹ ਦੇ ਮਹੀਨੇ ਵਿੱਚ ਸਾਧਕ ਆਪਣੇ ਪਿਆਰੇ ਇਸ਼ਟ ਦੇ ਚਰਨਾਂ ਵਿੱਚ ਦਰਸ਼ਨਾਂ ਦੀ ਦਾਤ ਮੰਗਦਾ ਹੈ, ਜਿਸ ਨਾਲ ਉਹ ਉੱਚੀ ਆਤਮਕ ਅਵਸਥਾ ਹਾਸਲ ਕਰ ਸਕੇ ਤਾਂਕਿ ਉਹ ਉਸ ਦੇ ਸਰਬ ਵਿਆਪੀ ਰੂਪ ਦਾ ਗਿਆਨ ਪ੍ਰਾਪਤ ਕਰ ਸਕੇ। ਮਾਘ ਦੇ ਮਹੀਨੇ ਵਿੱਚ ਕਾਮਣੀ ਆਪਣੇ ਪਿਆਰੇ ਪ੍ਰੀਤਮ ਦੇ ਚਰਨਾਂ ਵਿੱਚ ਗੰਗਾ, ਜਮਨਾ, ਸਰਸਵਤੀ ਤਿੰਨਾਂ ਨਦੀਆਂ ਦੇ ਮਿਲਾਪ ਦਾ ਥਾਂ ਹੈ, ਤ੍ਰਿਵੇਣੀ ਹੈ, ਉਥੇ ਹੀ ਸੱਤ ਸਮੁੰਦਰ ਸਮਾਏ ਹੋਏ ਹਨ। ਫਾਗੁਨ ਦੇ

ਮਹੀਨੇ ਵਿੱਚ ਬਿਰਹਣੀ ਨੇ ਆਪਣੇ ਸਤਿਗੁਰੂ ਦੀ ਕ੍ਰਿਪਾ ਨਾਲ ਆਪਾ ਭਾਵ ਮਿਟਾ ਦਿੱਤਾ, ਉਸ ਦਾ ਹਿਰਦਾ ਵਿਗਸ ਗਿਆ, ਉਸਦੇ ਹਿਰਦੇ-ਘਰ ਵਿੱਚ ਹੀ ਖਸਮ-ਪ੍ਰਭੂ ਮਿਲ ਪਿਆ। ਅੰਤ ਵਿੱਚ ਉਸ ਦੇ ਹਿਰਦੇ ਦੀ ਸੇਜ ਸੁੰਦਰ ਹੋ ਗਈ, ਹੁਣ ਦਿਨ ਰਾਤ ਉਸ ਦਾ ਮਿਲਾਪ ਆਪਣੇ ਪਿਆਰੇ ਪ੍ਰੀਤਮ ਨਾਲ ਹੈ, ਉਹ ਹੁਣ ਹਮੇਸ਼ਾਂ-ਹਮੇਸ਼ਾਂ ਲਈ ਸੁਹਾਗਣ ਬਣ ਗਈ। ਪਿਆਰੇ ਪ੍ਰੀਤਮ ਦਾ ਆਸਰਾ ਮਿਲ ਜਾਣ ਨਾਲ ਸਾਰੀਆਂ ਖੁਸ਼ੀਆਂ ਵਾਪਸ ਮੁੜ ਕੇ ਆ ਗਈਆਂ, ਅਸੀਮ ਸੁੱਖ ਅਤੇ ਆਨੰਦ ਦੀ ਪ੍ਰਾਪਤੀ ਹੋ ਗਈ। ਹਰ ਪਾਸੇ ਖ਼ੁਸ਼ੀ ਆਨੰਦ, ਖੇੜਾ। ਜਿੱਥੇ ਪਹਿਲੇ ਸੱਤ ਮਹੀਨਿਆਂ ਦੀ ਰਚਨਾਵਾਂ ਵਿੱਚ ਵਿਜੋਗ ਵਿਰਹ, ਪੀੜਾ ਕਸਕ ਸ਼ਿਖਰਾਂ ਤੇ ਹੈ, ਉੱਥੇ ਪਿਛਲੇ ਪੰਜ ਮਹੀਨਿਆਂ ਵਿੱਚ ਆਪਣੇ ਪਿਆਰੇ ਦੇ ਮੇਲ ਮਿਲਾਪ ਦੇ ਆਨੰਦ-ਮਈ ਭਾਵਾਂ ਦਾ ਵਰਣਨ ਹੈ। ਕਾਮਨੀ ਦੇ ਗੁਰੂ ਦੀ ਕ੍ਰਿਪਾ ਸਦਕਾ ਗਿਆਨ, ਧਿਆਨ, ਮਿਠਾਸ, ਸੰਗੀਤ, ਕਾਵਿ ਆਦਿ ਦਾ ਗਿਆਨ ਪ੍ਰਾਪਤ ਕਰਕੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਸਾਰੀਆਂ ਯਾਤਨਾਵਾਂ ਦਾ ਅੰਤ ਹੋ ਗਿਆ, ਹੁਣ ਤਾਂ ਸਰਦੀ ਦੀ ਕਠੋਰਤਾ ਉਸ ਨੂੰ ਡਰਾ, ਤੜਪਾ ਨਹੀਂ ਸਕਦੀ ਕਿਉਂਕਿ ਆਪਣੇ ਪ੍ਰੀਤਮ ਦਾਤੇ ਦੇ ਦਰਸ਼ਨ ਪਾ ਕੇ ਉਸ ਨੂੰ ਸਹਿਜ ਗਿਆਨ ਦੀ ਪ੍ਰਾਪਤੀ ਹੋ ਚੁੱਕੀ ਹੈ।

ਆਪਣੇ ਪ੍ਰੀਤਮ ਪਿਆਰੇ ਦੇ ਮਿਲਣ ਦਾ ਅਦੁੱਤੀ ਅਨੰਦ ਵਰਣਨ ਨਹੀਂ ਕੀਤਾ ਜਾ ਸਕਦਾ। ਪ੍ਰੀਤਮ ਦੇ ਮਿਲਣ ਨਾਲ, ਮਿਲਾਪ ਨਾਲ ਘਰ ਬੈਠਿਆਂ ਹੀ ਤ੍ਰਿਵੇਣੀ ਦੇ ਸੰਗਮ ਦਾ ਮਹੱਤਵ ਤਥਾ ਅਨੰਦ ਮਿਲਦਾ ਹੈ। ਪ੍ਰੀਤਮ ਦੇ ਮਿਲਣ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਤੋਂ ਕਿਧਰੇ ਜ਼ਿਆਦਾ ਫਲ ਮਿਲਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਪ੍ਰਕਿਰਤੀ ਦੇ ਚਿੱਤਰ ਨੂੰ ਅਤਿਅੰਤ ਸੁੰਦਰ ਸ਼ੈਲੀ ਵਿੱਚ ਚਿਤਰਨ ਕੀਤਾ ਹੈ। ਕੁਦਰਤ ਦਾ ਜਿੰਨਾ ਬਹੁ-ਰੰਗਾ ਸਾਫ ਸੁੰਦਰ ਵਰਣਨ ਇਸ ਬਾਣੀ ਵਿੱਚ ਮਿਲਦਾ ਹੈ, ਉਹ ਹੋਰ ਕਿਧਰੇ ਨਹੀਂ ਮਿਲਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਿਰਹੋਂ ਨੂੰ ਹੋਰ ਤੇਜ ਕਰਨ ਲਈ, ਕੁਦਰਤ ਦੇ ਦ੍ਰਿਸ਼ਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਉਲੀਕਿਆ ਹੈ। ਬਦਲਦੀਆਂ ਹੋਈਆਂ ਰੁੱਤਾਂ, ਰੁੱਤਾਂ ਦੇ ਅਨੁਸਾਰ ਬਦਲਦਾ ਹੋਇਆ ਵਾਤਾਵਰਨ ਬਿਰਹਣੀ ਦੀ ਪੀੜਾ ਨੂੰ ਹੋਰ ਉੱਤੇਜਿਤ ਕਰਦਾ ਹੈ। ਸੱਚੇ ਪਾਤਸ਼ਾਹ ਜੀ ਨੇ ਕੁਦਰਤ ਦਾ ਵਰਣਨ ਬੜੇ ਸੂਖਮ ਰੂਪ ਵਿੱਚ ਕੀਤਾ ਹੈ। ਬਾਰਾਂ ਮਹੀਨਿਆਂ ਵਿੱਚ ਕੁਦਰਤ ਦੇ ਵੱਖ-ਵੱਖ ਰੂਪਾਂ ਦਾ ਨਿਰੂਪਣ ਕੀਤਾ ਹੈ। ਉਸਦਾ ਚਿਤ੍ਰਨ ਬਿਰਹ ਵਿੱਚ ਤੜਪਦੀ ਹੋਈ ਜੀਵਾਤਮਾ ਦੀ ਭਾਵਨਾਵਾਂ ਦੇ ਅਨੁਕੂਲ ਹੈ। ਮੰਗਲਾਚਰਨ ਕਰਦਿਆਂ ਹੋਇਆਂ ਸੱਚੇ ਪਾਤਸ਼ਾਹ ਜੀ ਲਿਖਦੇ ਹਨ :—

**—ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ।**

**—ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ।**

**—ਬਰਸੈ ਅੰਮ੍ਰਿਤਧਾਰ ਬੂੰਦ ਸੁਹਾਵਣੀ।**
**—ਉਨਵਿ ਘਨ ਛਾਏ ਬਰਸੁ ਸੁਭਾਏ।**
ਚੇਤਰ ਦੇ ਮਹੀਨੇ ਵਿੱਚ ਬਸੰਤ ਆਪਣੇ ਯੋਵਨ ਤੇ ਹੈ।
**—ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।**
**—ਬਨ ਫੂਲੇ ਮੰਝ ਬਾਰਿ। ...**
**—ਕੋਕਿਲ ਅੰਬਿ ਸੁਹਾਵੀ ਬੋਲੈ।**
**—ਭਵਰੁ ਭਵੰਤਾ ਫੂਲੀ ਡਾਲੀ।**

ਵਣ, ਫੁੱਲ ਖਿਲੇ ਹੋਏ ਹਨ, ਅੰਬਾਂ ਦੇ ਰੁੱਖਾਂ ਉਤੇ ਕੋਇਲਾਂ ਬੋਲਦੀਆਂ ਹਨ, ਫੁੱਲਾਂ ਦੀਆਂ ਡਾਲਾਂ ਉੱਤੇ ਭੌਰੇ ਗੁੰਜਾਰ ਕਰ ਕੇ, ਉਸ ਜੀਵ-ਰੂਪੀ ਇਸਤ੍ਰੀ ਨੂੰ ਬਿਰਹ ਦੀ ਅਗਨੀ ਵਿੱਚ ਸਾੜ ਸੁੱਟਦੇ ਹਨ, ਕਿਉਂਕਿ ਉਸ ਦਾ ਪਿਆਰਾ ਪ੍ਰੀਤਮ ਉਸ ਦੇ ਕੋਲ ਨਹੀਂ।

ਵੈਸਾਖ ਦੇ ਮਹੀਨੇ ਵਿੱਚ—
**—ਵੈਸਾਖੁ ਭਲਾ ਸਾਖਾ ਵੇਸ ਕਰੇ।**

ਹਾੜ ਦੇ ਮਹੀਨੇ ਵਿੱਚ—
**—ਆਸਾੜੁ ਭਲਾ ਸੂਰਜ ਗਗਨਿ ਤਪੈ,**
**—ਧਰਤੀ ਦੂਖ ਸਹੈ।**
ਸੂਰਜ ਦੀ ਤਪਸ਼ ਕਰਕੇ ਧਰਤੀ ਦੁੱਖ ਸਹਿੰਦੀ ਹੈ।
ਸਾਵਣ ਦੇ ਮਹੀਨੇ ਕੁਦਰਤ ਪ੍ਰੇਮਿਕਾ ਦੇ ਬਿਰਹ ਨੂੰ ਹੋਰ ਤੇਜ਼ ਕਰ ਦਿੰਦੀ ਹੈ।
**—ਘਣ ਵਰਸਹਿ ਰੁਤਿ ਆਏ।**
**—ਦਾਮਨਿ ਚਮਕਿ ਡਰਾਏ।**

ਬੱਦਲ ਗਰਜਦੇ ਹਨ, ਵਰਖਾ ਕਰਦੇ ਹਨ, ਅਤੇ ਬਿਜਲੀ ਦੀ ਚਮਕ ਕਾਮਨੀ ਨੂੰ ਬਹੁਤ ਡਰਾਉਂਦੀ ਹੈ।

ਭਾਦਰੋਂ ਦੇ ਮਹੀਨੇ ਵਿੱਚ :—
**ਬਰਸੈ ਨਿਸਿ ਕਾਲੀ ਕਿਉ ਸੁਖ ਬਾਲੀ ਦਾਦਰ ਮੋਰ ਲਵੰਤੇ।**
**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥**
**ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।**

ਕਾਲੀ ਰਾਤ ਨੂੰ ਬਾਰਸ਼ ਹੋ ਰਹੀ ਹੈ। ਡੱਡੂ ਗੜੈਂ ਗੜੈਂ ਕਰਦੇ ਹਨ, ਮੋਰ ਕੁਹਕਦੇ ਹਨ। ਬਬੀਹਾ ਪ੍ਰਿਉ ਪ੍ਰਿਉ ਕਰਦਾ ਹੈ, ਸੱਪ ਖੁੱਡਾਂ ਵਿਚੋਂ ਬਾਹਰ ਨਿਕਲ ਕੇ ਡਸਦੇ ਹਨ, ਮੱਛਰ ਡੰਗ ਮਾਰਦੇ ਹਨ, ਮੀਂਹ ਦੇ ਪਾਣੀ ਨਾਲ ਤਲਾਬ ਨੱਕਾ-ਨੱਕ ਭਰੇ ਹੋਏ ਹਨ। ਇਸ ਤਰ੍ਹਾਂ ਪ੍ਰਕਿਰਤੀ ਬਿਰਹਣ ਦੇ ਵਿਛੋੜੇ ਨੂੰ ਹੋਰ

ਉਦਾਸੀਨ ਬਣਾ ਦਿੰਦੀ ਹੈ। ਇਸ ਰਚਨਾ ਦਾ ਸਰੂਪ ਲੋਕ ਕਾਵਾਤਮਕ ਹੋਣ ਕਰ ਕੇ ਇਸ ਦੇ ਭਾਵ-ਪਖ ਵਿੱਚ ਬੋਧਿਕਤਾ ਨਾਲੋਂ ਭਾਵੁਕਤਾ ਦੀ ਅਧਿਕਤਾ ਹੈ। ਇਸ ਰਚਨਾ ਦੀ ਸ਼ਬਦਾਵਲੀ ਕਿਧਰੇ-ਕਿਧਰੇ ਕੁਝ ਔਖੀ ਹੋ ਜਾਂਦੀ ਹੈ— ਪਰ ਭਾਵਾਂ ਦੀ, ਜਜ਼ਬਾਤਾਂ ਦੀ ਕੋਮਲਤਾ ਤੇ ਕੋਈ ਆਂਚ ਨਹੀਂ ਆਉਂਦੀ। ਇਸ ਰਚਨਾ 'ਚ ਮਧੁਰਤਾ, ਦਰਦ, ਕੋਮਲਤਾ, ਬਿਰਹ, ਵਿਯੋਗ, ਸੰਜੋਗ ਆਦਿ ਭਾਵਨਾਵਾਂ ਸ਼ਿਖਰਾਂ ਨੂੰ ਛੋਹ ਰਹੀਆਂ ਹਨ।

ਬਾਰਾਮਾਹ ਤੁਖਾਰੀ ਦੀ ਬੋਲੀ ਸਾਧਾਰਨ ਤੇ ਕੁਦਰਤੀ ਵੇਗ ਵਾਲੀ ਹੈ। ਇਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਹੋਰ ਬਾਣੀਆਂ ਵਾਂਗ ਡੂੰਘੇ ਫਲਸਫੇ ਦਾ ਪ੍ਰਗਟਾਵਾ ਨਹੀਂ। ਇਸ ਵਿੱਚ ਸਥਾਨਕ ਬੋਲੀ ਦੀ ਵਰਤੋਂ ਕੀਤੀ ਹੈ, ਅਤੇ ਬਿਰਹ ਵਿਯੋਗ ਅਤੇ ਤੜਪ ਦੀ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਸੁਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਸੱਚੇ ਪਾਤਸ਼ਾਹ ਜੀ ਨੇ ਥਾਂ ਪਰ ਥਾਂ ਬੜੇ ਢੁੱਕਵੇਂ ਸ਼ਬਦਾਂ ਦੀ ਵਰਤੋਂ ਕੀਤੀ ਹੈ। ਸਿਰਫ਼ 'ਪਤੀ' ਸ਼ਬਦ ਲਈ ਹੀ ਪਿਆਰਾ, ਪ੍ਰਿਅ, ਸਹੁ, ਪਿਰ, ਪ੍ਰੀਤਮ, ਭਤਾਰ, ਸਾਜਨ, ਢੋਲਾ, ਵਰ, ਨਾਹ ਇਤਿਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਬਾਰਾਂ-ਮਾਹ ਤੁਖਾਰੀ ਦੇ ਕੁਝ ਕੁ ਵਾਕ ਲੋਕ ਮੁਹਾਵਰਾ ਬਣ ਗਏ ਹਨ, ਜਿਹਾ ਕਿ :

**—ਪ੍ਰਿਅ ਬਾਝ ਦੁਹੇਲੀ, ਕੋਇ ਨ ਬੇਲੀ,**
**—ਏਕ ਘੜੀ ਖਟ ਮਾਸਾ,**
**—ਸਹਿਜ ਪਕੇ ਸੋ ਮੀਠਾ,**
**—ਮਰੀਐ ਹਾਵੈ।**

ਬਾਰਾਂ-ਮਾਹ ਤੁਖਾਰੀ ਦੇ ਵਿੱਚ ੧੭ ਪਦੇ ਹਨ। ਪਹਿਲੇ ਚਾਰ ਪਦਿਆਂ ਵਿੱਚ ਭੂਮਿਕਾ ਵੱਜੋਂ ਵਿਸ਼ੇ ਦੀ ਸਪਸ਼ਟਤਾ ਕੀਤੀ ਹੈ, ਅਗਲੇ ੧੨ ਪਦਿਆਂ ਵਿੱਚ ਸਾਲ ਦੇ ਬਾਰਾਂ ਮਹੀਨਿਆਂ ਦਾ ਵਰਣਨ ਹੈ ਅਤੇ ਅੰਤਲੇ ਪਦੇ ਵਿੱਚ ਸਮੁੱਚੇ ਕਾਵਿ ਦਾ ਨਿਰਣਾ ਕੀਤਾ ਹੈ। ਹਰ ਪਦੇ ਦੀਆਂ ਛੇ-ਛੇ ਤੁਕਾਂ ਹਨ ਅਤੇ ਤੁਕਾਂ ਦੀਆਂ ਮਾਤਰਾਂ ਵਿੱਚ ਇੱਕ ਖਾਸ ਤਰਤੀਬ ਹੈ। ਪਹਿਲੀਆਂ ਦੋ ਤੁਕਾਂ ਵਿੱਚ ੧੧+੧੦=੨੧ ਮਾਤਰਾਂ ਹਨ। ਪਿਛਲੀਆਂ ਚਾਰ ਤੁਕਾਂ ਵਿੱਚ ੧੬+੧੨=੨੮ ਮਾਤਰਾਂ ਦੀ ਚਾਲ ਹੈ। ਬਾਰਾਂ-ਮਾਹ ਤੁਖਾਰੀ ਦੇ ਸ਼ੁਰੂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਛੰਤ ਸ਼ਬਦ ਲਿਖ ਕੇ ਛੰਤ ਦਾ ਬਾਰਾਂ-ਮਾਹ ਨਾਲ ਸੁਮੇਲ ਕੀਤਾ ਹੈ। ਲੋਕ-ਕਾਵਿ ਧਾਰਾ ਵਿੱਚ ਵਿਆਹ ਦੇ ਸਮੇਂ ਛੰਤ ਦਾ ਪ੍ਰਯੋਗ ਕੀਤਾ ਜਾਂਦਾ ਹੈ, ਛੰਤ ਲਾੜੇ ਵਲੋਂ ਗਾਏ ਜਾਣ ਵਾਲੇ ਪਦਾਂ ਨੂੰ ਕਿਹਾ ਜਾਂਦਾ ਹੈ। ਇਥੇ ਸੱਚੇ ਪਾਤਸ਼ਾਹ ਜੀ ਨੇ ਮੰਗਲ ਅਤੇ ਵਿਯੋਗ ਨੂੰ ਇਕੱਠਿਆਂ ਕਰ ਕੇ ਮੌਲਿਕਤਾ ਦਾ ਪ੍ਰਦਰਸ਼ਨ ਕੀਤਾ ਹੈ।

ਪ੍ਰਾਚੀਨ ਕਾਵਯ-ਗ੍ਰੰਥਾਂ ਵਿੱਚ ਕੋਈ ਵੀ ਰਚਨਾ ਆਰੰਭ ਕਰਨ ਤੋਂ ਪਹਿਲਾਂ,

ਕਵੀ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਦਾ ਮੰਗਲ ਕਰਦੇ ਸਨ, ਤਾਂਕਿ ਉਨ੍ਹਾਂ ਦੀ ਰਚਨਾ ਸਫਲਤਾ ਦੀਆਂ ਚਰਮ ਸ਼ਿਖਰਾਂ ਨੂੰ ਛੋਹ ਸਕੇ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰ ਕੇ ਪਤਾ ਲਗਦਾ ਹੈ, ਕਿ ਸਤਿਗੁਰੂ ਜੀ ਨੇ ਹਰੇਕ ਮੁਖੀ ਰਚਨਾ ਦੇ ਅਰੰਭ ਵਿਚ ਕੁਝ ਪੰਕਤੀਆਂ ਆਪਣੇ ਪਿਆਰੇ ਪ੍ਰਭੂ ਦੇ ਮੰਗਲ ਵਜੋਂ ਕੀਤੀਆਂ ਹਨ, ਉਸ ਦੀ ਮਹਿਮਾ ਦਾ ਗੁਣ-ਗਾਣ ਕੀਤਾ ਹੈ, ਤੇ ਉਹ ਉਸ ਬਾਣੀ ਦੇ ਮੁੱਖ ਮੰਤਵ ਦਾ ਮੁੱਖ ਉਦੇਸ਼ ਦਾ ਪ੍ਰਗਟਾਵਾ ਕਰਦਾ ਹੈ। ਬਾਰਹ ਮਾਹ ਤੁਖਾਰੀ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਇੰਜ ਕਰਦੇ ਹਨ :

**ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥**
**ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥**
**ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ॥**
**ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤ ਪੀਵਾਂ।**
**ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥**
**ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ ॥੧॥** ਪੰਨਾ ੧੧੦੭

ਆਪਣੀ ਬੋਲੀ ਨੂੰ ਹੋਰ ਸੁੰਦਰ ਅਤੇ ਸਜਾਵਟ ਭਰਪੂਰ ਬਣਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਅੰਤ ਅਨੁਪ੍ਰਾਸ, ਮਧ-ਅਨੁਪ੍ਰਾਸ, ਉਪਮਾ ਅਲੰਕਾਰ, ਰੂਪਕ ਅਲੰਕਾਰ, ਲੋਕੋਕਤੀ ਅਲੰਕਾਰ ਅਤੇ ਯਮਕ ਅਲੰਕਾਰ ਆਦਿ ਦੀ ਵਰਤੋਂ ਕਰ ਕੇ ਬਾਰਹ ਮਾਹ ਨੂੰ ਹੋਰ ਵੀ ਸੁੰਦਰ ਬਣਾ ਦਿੱਤਾ ਹੈ।

ਕੁਝ ਕੁ ਵੰਨਗੀਆਂ ਇਸ ਪ੍ਰਕਾਰ ਹਨ।

੧. ਯਮਕ ਅਲੰਕਾਰ :—
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ
ਭੁਇਅੰਗਮ ਫਿਰਹਿ ਡਸੰਤੇ।

੨. ਲੋਕੋਕਤੀ ਅਲੰਕਾਰ :
ਦਹਦਿਸਿ ਸਾਖ ਹਰੀ ਹਰੀਆਵਲ
ਸਹਜਿ ਪਕੈ ਸੋ ਮੀਠਾ।

੩. ਉਪਮਾ ਅਲੰਕਾਰ :
ਥਣ ਤਾਪਹਿ ਸਰ ਭਾਰ, ਸਾਧਕ ਬਿਨਉ ਕਰੈ।

੪. ਰੂਪਕ ਅਲੰਕਾਰ :
ਦੀਪਕੁ ਸਹਜਿ ਬਲੈ, ਤਤਿ ਜਲਾਇਆ।
ਦੀਪਕ ਰਸ ਤੇਲੋ, ਧਨ ਪਿਰ ਮੇਲੋ, ਧਨ ਉਮਾਹੈ ਸਰਸੀ॥

੫. ਅੰਤ ਅਨੁਪ੍ਰਾਸ :

ਘਰਿ ਆਉ ਪਿਆਰੇ, ਦੁਤਰ ਤਾਰੇ,
ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ।

੬. ਮਧੁ-ਅਨੁਪ੍ਰਾਸ :

ਬਾਬੀਹਾ ਪ੍ਰਿਉ ਬੋਲੇ, ਕੋਕਿਲ ਬਾਣੀਆ।
ਸਾ ਧਨ ਸਭਿ ਰਸ ਚੋਲੈ, ਅੰਕਿ ਸਮਾਣੀਆ।

ਅਨੁਪ੍ਰਾਸ ਮਈ ਸ਼ਬਦਾਵਲੀ ਬਿਰਹੋਂ ਦੀ ਜਵਾਲਾ ਨੂੰ ਹੋਰ ਵੀ ਪ੍ਰਚੰਡ ਬਣਾ ਦਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਪ੍ਰਤੀਕਾਂ ਦੀ ਭਰਮਾਰ ਹੈ। ਪ੍ਰਤੀਕ ਅਸਪੱਸ਼ਟ ਨੂੰ ਸਪੱਸ਼ਟ ਕਰਦੇ ਹਨ। ਬਾਰਹ ਮਾਹ ਤੁਖਾਰੀ ਵਿੱਚ ਕੰਤ ਅਤੇ ਪਤਨੀ ਦੇ ਨਾਲ ਸੰਬੰਧਿਤ ਬਹੁਤ ਸਾਰੇ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੈ। ਜਿਸ ਤਰ੍ਹਾਂ ਧਨ, ਸਾਧਨ, ਸੇਜ, ਦੁਹਾਗਣ, ਸੁਹਾਗਣ, ਕੰਤ, ਭਤਾਰ, ਪਿਰ, ਸਹੁ, ਇਤਿਆਦਿ। ਬਾਰਹਮਾਹ ਤੁਖਾਰੀ ਦੀ ਇੱਕ ਇੱਕ ਤੁਕ ਵਿੱਚ ਕਈ-ਕਈ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੈ। ਕਈ-ਕਈ ਆਮ ਪ੍ਰਤੀਕਾਂ ਦੀ ਵਰਤੋਂ ਵੀ ਕੀਤੀ ਗਈ ਹੈ, ਪਰ ਸਤਿਗਰੂ ਜੀ ਨੇ ਉਨ੍ਹਾਂ ਨੂੰ ਅਧਿਆਤਮ ਰੰਗ ਦੇ ਵਿੱਚ ਰੰਗ ਕੇ ਮੌਲਿਕ ਬਣਾ ਦਿੱਤਾ ਹੈ।

— **ਘਰਿ ਘਰਿ 'ਕੰਤੁ' ਰਵੈ ਸੋਹਾਗਣਿ,**
**ਹਉ ਕਿਉ ਕੰਤਿ ਵਿਸਾਰੀ॥**
— **ਕੀਮਤਿ ਕਉਣ ਕਰੇ ਤੁਧੁ ਭਾਵਾਂ,**
**ਦੇਖਿ ਦਿਖਾਵੈ 'ਢੋਲੋ॥**
— **'ਸੇਜ' ਇਕੇਲੀ ਖਰੀ ਦੁਹੇਲੀ,**
**ਮਰਣ ਭਇਆ ਦੁਖੁ ਮਾਏ॥**

ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਰਾਗ ਤੁਖਾਰੀ ਵਿੱਚ ਬਾਰਹ-ਮਾਹ ਕਲਾ ਦੀ ਸਿਖਰਾਂ ਨੂੰ ਛੋਹ ਰਿਹਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਇਸ ਬਾਰਹ- ਮਾਹ ਦੀ ਆਪਣੀ ਹੀ ਇੱਕ ਖਾਸ ਵਿਸ਼ੇਸ਼ਤਾ ਹੈ, ਤੇ ਆਪਣੇ ਆਪ ਵਿਚ ਇਹ ਇੱਕ ਅਦੁੱਤੀ ਅਤੇ ਸਰਵ ਸਰੇਸ਼ਟ ਰਚਨਾ ਹੈ।

ਆਪ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥



ਸ੍ਰੀ ਸਤਿਗੁਰੂ ਨਾਨਕ ਦੇਵ ਜੀ

# ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

**ੴ ਸਤਿਗੁਰ ਪ੍ਰਸਾਦਿ॥**
**ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥**
**ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥**
**ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ॥**
**ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥**
**ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ॥**
**ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥੧॥ ਪੰਨਾ ੧੧੦੭**

***ਸ਼ਬਦਾਰਥ :***

ਕਿਰਤ—ਕੀਤੇ ਹੋਏ। ਕਰੰਮਾ—ਕੰਮ। ਪੁਰਬਿ—ਪਹਿਲੇ ਜੂਨਮਾਂ ਵਿੱਚ। ਸਿਰਿ ਸਿਰਿ—ਹਰੇਕ ਜੀਵ ਦੇ ਸਿਰ ਉਤੇ। ਸਹੰਮਾ—ਦੁੱਖ। ਗਤਿ—ਹਾਲਤ। ਦੁਹੇਲੀ—ਦੁਖੀ। ਬੇਲੀ—ਮਦਦ ਕਰਨ ਵਾਲਾ, ਸਹਾਇਕ। ਸੁ ਕਰਮਾ—ਸ੍ਰੇਸ਼ਟ ਕੰਮ, ਸ਼ਿਰੋਮਣੀ ਕਰਮ। ਪੰਥ—ਰਸਤਾ, ਰਾਹ। ਨਿਹਾਲੇ—ਵੇਖ ਰਹੀ ਹੈ, ਤੱਕ ਰਹੀ ਹੈ। ਸਾਧਨ—ਜੀਵ-ਰੂਪ ਇਸਤ੍ਰੀ।

***ਵਿਆਖਿਆ :***

ਹਰ ਜੀਵ ਆਪਣੇ ਪਹਿਲੇ ਜਨਮਾਂ ਵਿੱਚ ਕੀਤੇ ਹੋਏ ਕਰਮਾਂ ਕਰ ਕੇ, ਪਹਿਲੇ ਜਨਮਾਂ ਦੀ ਕਮਾਈ ਕਰ ਕੇ ਅਕਾਲ-ਪੁਰਖ ਤੋਂ ਵਿੱਛੜ ਜਾਂਦਾ ਹੈ। ਉਸ ਦੇ ਕੀਤੇ ਕਰਮਾਂ ਅਨੁਸਾਰ ਹਰੇਕ ਜੀਵ ਨੂੰ ਸੁੱਖ 'ਜਾਂ ਦੁੱਖ ਸਹਿਨ ਕਰਨਾ ਪੈਂਦਾ ਹੈ।

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥**

ਆਸਾ ਮ: ੧ ਪੰਨਾ ੪੩੩

ਜੇਕਰ ਉਸਨੇ ਪੂਰਬਲੇ ਜਨਮ ਵਿੱਚ ਚੰਗੇ ਕਰਮ ਕੀਤੇ ਹਨ, ਉਹ ਸੁੱਖ ਭੋਗਦਾ ਹੈ, ਖੁਸ਼ੀਆਂ ਮਾਣਦਾ ਹੈ, ਜੇਕਰ ਬੁਰੇ ਕਰਮ ਕੀਤੇ ਹੋਣ ਤੇ ਉਸ ਦੇ ਅਨੁਸਾਰ ਮੋਹ ਮਾਇਆ ਦੇ ਜੰਜਾਲ 'ਚ ਫਸ ਕੇ ਹਮੇਸ਼ਾਂ-ਹਮੇਸ਼ਾਂ ਲਈ ਦੁਖੀ ਰਹਿੰਦਾ ਹੈ। ਸੁੱਖ ਤੇ ਦੁੱਖ ਅਕਾਲ-ਪੁਰਖ ਦੀ ਰਜ਼ਾ ਨਾਲ ਹੀ ਮਿਲਦਾ ਹੈ, ਇਸੇ ਵਿੱਚ ਹੀ ਹਰੇਕ ਜੀਵ ਦੀ ਭਲਾਈ ਹੈ, ਉਹੋ ਨਿਆਂ ਹੈ ਅਤੇ ਉਚਿਤ ਹੈ। ਹਰੇਕ ਜੀਵ ਨੂੰ ਉਸ ਦੇ ਆਪਣੇ-ਆਪਣੇ ਕਰਮਾਂ ਅਤੇ ਕਿਰਤ ਲਈ ਅਪਣਾਏ

ਸਾਧਨਾਂ ਅਨੁਸਾਰ ਉਹਨਾਂ ਨੂੰ ਦੁੱਖ ਅਤੇ ਸੁੱਖ ਦਾ ਭੋਗ ਭੋਗਣਾ ਪੈਂਦਾ ਹੈ ਤੇ ਇਹ ਅਕਾਲ ਪੁਰਖ ਦੀ ਇੱਕ ਰਚਨਾ ਹੈ, ਮਰਯਾਦਾ ਹੈ, ਇਸ ਵਿੱਚ ਕਿਸੇ ਦੀ ਕੀ ਮਜ਼ਾਲ ਕਿ ਉਸ ਵਿੱਚ ਕਿਸੇ ਕਿਸਮ ਦਾ ਰਤਾ ਜਿੰਨਾ ਵੀ ਦਖਲ ਦੇ ਸਕੇ।

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ॥੨॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ॥੩॥**
**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚਿ ਅਗਨੀ ਆਪੁ ਜਲਾਈ॥੪॥**
**ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥੫॥**

ਸੂਹੀ ਮ: ੪ ਪੰਨਾ ੭੫੭

ਸਾਧਕ ਤਾਂ ਸਗੋਂ ਪੂਰਨ ਰੂਪ ਵਿੱਚ ਅਕਾਲ ਪੁਰਖ ਪ੍ਰਭੂ ਦੇ ਰਹਿਮ ਅਤੇ ਕਰਮ ਉਤੇ ਹੈ, ਉਸ ਤੋਂ ਬਿਨਾਂ ਇਕ ਘੜੀ ਭਰ ਵੀ ਜਿਊਂਣਾ ਕਠਿਨ ਹੈ, ਅਤੇ ਮੁਸ਼ਕਲ ਹੈ।

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**
**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ**
**ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥**

ਮਾਝ ਮ: ੫, ਪੰਨਾ ੯੭

ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਦੁੱਖ ਹੀ ਦੁੱਖ ਹੈ, ਪ੍ਰਿਯਤਮਾ ਅਤਿ ਦੁਖੀ ਹੈ, ਦੁਹੇਲੀ ਹੈ, ਜੇਕਰ ਕੋਈ ਉਸ ਦਾ ਸ਼ੁਭਚਿੰਤਕ ਹੈ, ਕੋਈ ਮਿਤ੍ਰ ਹੈ, ਕੋਈ ਸਖਾ ਹੈ, ਤਾਂ ਉਹ ਆਪ ਹੀ ਹੈ, ਉਸਦਾ ਪ੍ਰੀਤਮ ਹੀ ਉਸ ਦਾ ਸਭ ਕੁਝ ਹੈ, ਉਸਦਾ ਹੋਰ ਕੋਈ ਬੇਲੀ ਨਹੀਂ, ਕੋਈ ਮੀਤ ਨਹੀਂ, ਕੋਈ ਸਖਾ ਨਹੀਂ, ਕੋਈ ਬੰਧਪ ਨਹੀਂ, ਇਸ ਲਈ ਕਾਮਨੀ ਦੀ ਇਹ ਕਾਮਨਾ ਹੈ, ਕਿ ਆਪਣੇ ਪ੍ਰਿਆ ਪ੍ਰੀਤਮ ਦਾਤਾਰ ਦੀ ਕ੍ਰਿਪਾ ਸਦਕਾ ਉਹ ਹਮੇਸ਼ਾਂ-ਹਮੇਸ਼ਾਂ ਲਈ ਗੁਰੂ ਉਪਦੇਸ਼ ਰੂਪ ਅੰਮ੍ਰਿਤ ਦਾ ਰਸ ਹਮੇਸ਼ਾਂ ਹੀ ਮਾਣਦੀ ਰਹੇ। ਗੁਰੂ ਦੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਣ ਕੀਤੇ ਹੋਏ ਸ਼ਬਦਾਂ ਦਾ ਰਸਾਸ੍ਵਾਦਨ ਕਰ ਕਰਕੇ ਸਾਧਕ ਨੂੰ ਇਹ ਗਿਆਨ ਹੋ ਗਿਆ ਕਿ ਜਿਤਨੀ ਵੀ ਬ੍ਰਹਿਮੰਡ ਦੀ ਰਚਨਾ ਹੈ, ਇਹ ਸਾਰੀ ਦੀ ਸਾਰੀ ਉਸ ਸਿਰਜਨਹਾਰ ਨੇ ਹੀ ਰਚੀ ਹੈ, ਇਸ ਮਹਾਨ ਰਚਨਾ ਵਿੱਚ ਉਸ ਅਕਾਲ ਪੁਰਖ ਪ੍ਰਭੂ ਦੀ ਹੋਂਦ, ਉਸ ਦੀ ਮਹਾਨਤਾ, ਉਸ ਦੀ ਵਡਿਆਈ, ਉਸ ਦੇ ਪ੍ਰਭੁੱਤਵ ਨੂੰ, ਉਸ ਦੀ ਹੋਂਦ ਨੂੰ ਜਾਂ ਉਸ ਦੇ ਗਿਆਨ ਨੂੰ ਮਨ ਵਿੱਚ ਵਸਾਉਣਾ, ਸਭ ਤੋਂ ਉੱਤਮ ਤੇ ਸ੍ਰੇਸ਼ਟ ਕਰਮ ਹੈ। ਇਸ ਲਈ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਵਿੱਚ ਪ੍ਰਿਯਤਮਾ ਆਪਣੇ ਪਤੀ ਦੇ ਰਾਹਾਂ ਨੂੰ ਵੇਖਦੀ ਹੈ।

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥
ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥੧॥
ਉਡਹੁ ਨ ਕਾਗਾ ਕਾਰੇ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥੧॥ ਰਹਾਉ॥
ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥
ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥੨॥
ਰਾਗੁ ਗਉੜੀ ਕਬੀਰ ਜੀ ਪੰਨਾ ੩੩੭

ਕਾਮਣੀ ਆਪਣੇ ਇਸ਼ਟ ਦੇ ਸਿਮਰਨ ਵਿੱਚ ਲਿਵਲੀਨ ਰਹਿੰਦੀ ਹੈ, ਉਸ ਦੀ ਅਪਾਰ ਬਖਸ਼ਸ਼ਾਂ ਦੀ ਉਡੀਕਵਾਨ ਰਹਿੰਦੀ ਹੈ ਤਾਂ ਕਿ ਉਸ ਨੂੰ ਸਰਬ ਵਿਆਪਕ ਪ੍ਰਭੂ ਦੇ ਦਰਸ਼ਨਾਂ ਦੀ ਦਾਤ ਉਪਲੱਬਧ ਹੋ ਸਕੇ।

*ਭਾਵ :*

ਮਨੁੱਖ ਆਪਣੇ ਪੂਰਬਲੇ ਕਰਮਾਂ ਦੇ ਅਨੁਸਾਰ ਇਸ ਜਨਮ ਵਿੱਚ ਮੋਹ ਮਾਇਆ ਦੇ ਜਾਲ ਵਿੱਚ ਫਸ ਕੇ ਦੁਖੀ ਜੀਵਨ ਗੁਜ਼ਾਰਦਾ ਹੈ। ਉਸ ਅਕਾਲ ਪੁਰਖ ਪ੍ਰਭੂ ਦੀ ਕ੍ਰਿਪਾ ਅਤੇ ਮਿਹਰ ਸਦਕਾ, ਜਿਹੜਾ ਮਨੁੱਖ ਆਪਣੇ ਪਿਆਰੇ ਸਤਿਗੁਰੂ ਦੀ ਸ਼ਰਨ ਵਿੱਚ ਜਾਂਦਾ ਹੈ, ਉਹ ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀ ਪੀ ਕੇ ਆਤਮਕ ਆਨੰਦ ਦਾ ਰਸ ਮਾਣਦਾ ਹੈ। ਉਸ ਦਾ ਇਸ ਸੰਸਾਰ ਵਿੱਚ ਆਉਣ ਦਾ ਮਨੋਰਥ ਹੀ ਇਹੀ ਹੈ।

# ਸਿਰਿ ਸਿਰਿ ਸੁਖ ਸਹੰਮਾ

## *ਬੀਬੀ ਰਜਨੀ*

ਕੁਝ ਮਹਾਨ ਸਖ਼ਸ਼ੀਅਤਾਂ ਉਸ ਅਕਾਲ ਪੁਰਖ ਪ੍ਰਭੂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ– ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂੰ ਭਲਾ– ਕਹਿ ਕੇ ਆਪਣੇ ਪਿਆਰੇ ਦਾ ਸ਼ੁਕਰਾਨਾ ਕਰਦੀਆਂ ਹਨ ਅਤੇ ਆਪਣੇ ਭਾਗਾਂ ਨੂੰ ਧੰਨ ਭਾਗ ਕਹਿਕੇ ਸਲਾਹੁੰਦੀਆਂ ਹਨ। ਬੀਬੀ ਰਜਨੀ ਦਾ ਜੀਵਨ ਇਸ ਦਾ ਇੱਕ ਸਾਖਿਆਤ ਉਦਾਹਰਣ ਹੈ ਤੇ ਇੱਕ ਅਦੁੱਤੀ ਚਾਨਣ ਮੁਨਾਰਾ ਹੈ। ਉਹ ਭਾਵੇਂ ਇੱਕ ਅਮੀਰ ਪਿਤਾ ਦੀ ਸਪੁੱਤਰੀ ਸੀ, ਪਰ ਆਪਣੇ ਪਿਆਰੇ ਅਕਾਲ ਪੁਰਖ ਪ੍ਰਭੂ ਦੇ ਹੁਕਮਾਂ ਦੀ ਪਾਲਣਾ ਤਨ ਮਨ ਨਾਲ ਕਰਦੀ ਸੀ। ਉਸ ਨੂੰ ਸਾਧਾਂ ਸੰਤਾਂ ਦੀ ਸੰਗਤ ਕਰ ਕੇ ਇਹ ਗਿਆਨ ਪ੍ਰਾਪਤ ਹੋ ਗਿਆ ਸੀ :

*ਜੀਵ ਜੀਵ ਪ੍ਰਤਿ ਤੀਨਹੁ ਲੋਕ। ਨਿਤਿ ਪਾਲਤ ਸਭਿ ਪ੍ਰਭੁ ਅਰੋਕ॥*
*ਜੋ ਜਿਸ ਜੂਨਿ ਜਹਾਂ ਹੁਇ ਪ੍ਰਾਨੀ। ਤਹਾ ਦੇਤਿ ਭੋਜਨ ਗੁਨਖਾਨੀ॥*

ਰਜਨੀ ਦਾ ਪਿਤਾ ਖੱਤਰੀ ਜਾਤ ਦਾ ਦੁਨੀਚੰਦ ਸ਼ਹਿਰ ਪੱਟੀ ਵਿਖੇ ਰਹਿੰਦਾ

ਸੀ। ਉਸ ਕੋਲ ਰੱਬ ਦਾ ਦਿੱਤਾ ਹੋਇਆ ਬਹੁਤ ਧਨ ਸੀ, ਪਰ ਪੁੱਤਰ ਦਾ ਧਨ ਉਸ ਦੇ ਕਰਮਾਂ ਵਿੱਚ ਨਹੀਂ ਸੀ। ਉਸ ਦੇ ਘਰ ਸੱਤ ਧੀਆਂ ਨੇ ਜਨਮ ਲਿਆ। ਦੁਨੀਚੰਦ ਧਰਮ ਕਰਮ ਵੱਲੋਂ ਬਿਲਕੁਲ ਅੰਨ੍ਹਾ ਸੀ। ਉਹ ਧਨ ਨੂੰ ਹੀ ਆਪਣਾ ਰੱਬ ਜਾਣਦਾ ਸੀ। ਉਸ ਦੇ ਕੋਸ਼ ਵਿੱਚ ਪ੍ਰਮੇਸ਼ਰ, ਪ੍ਰਮਾਤਮਾ, ਰਾਮ ਆਦਿ ਦਾ ਕੋਈ ਨਾਮ ਨਹੀਂ ਸੀ। ਉਹ ਹਮੇਸ਼ਾਂ ਆਪਣੇ ਆਪ ਨੂੰ ਇਹੀ ਸਮਝਦਾ, "ਮੈਂ ਹੀ ਵਿਸ਼ਨੂੰ ਹਾਂ, ਮੈਂ ਹੀ ਪਰਮਾਤਮਾ ਹਾਂ, ਮੇਰੇ ਘਰ ਬੈਕੁੰਠ ਧਾਮ ਹੈ।" ਇਸ ਤਰ੍ਹਾਂ ਸੋਚ ਸੋਚ ਕੇ ਉਹ ਹਮੇਸ਼ਾਂ ਆਪਣੀ ਸੱਤਾਂ ਧੀਆਂ ਨੂੰ ਪੁੱਛਦਾ ਰਹਿੰਦਾ, "ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ ?" ਆਪਣੀ ਇਸਤ੍ਰੀ ਨੂੰ ਪੁੱਛਦਾ ਰਹਿੰਦਾ, "ਦੁਨੀਆਂ ਵਿੱਚ ਮੇਰੇ ਤੋਂ ਬਿਨਾਂ ਹੋਰ ਕੋਈ ਪ੍ਰਮਾਤਮਾ ਵੀ ਹੈ ? ਤੂੰ ਕਿਸ ਦਾ ਦਿੱਤਾ ਖਾਂਦੀ ਹੈ ?" ਇਸ ਤਰ੍ਹਾਂ ਦੇ ਸੁਆਲ ਉਹ ਆਪਣੇ ਨੌਕਰਾਂ, ਗੁਆਂਢੀਆਂ ਕੋਲੋਂ ਪੁੱਛਦਾ ਰਹਿੰਦਾ। ਇਸ ਦੇ ਉੱਤਰ ਵਿੱਚ ਦੁਨੀਚੰਦ ਦੀਆਂ ਛੇ ਧੀਆਂ, ਵਹੁਟੀ, ਨੌਕਰ ਚਾਕਰ ਆਦਿ ਸਾਰੇ ਆਖਦੇ, "ਅਸੀਂ ਸਾਰੇ ਤੁਹਾਡਾ ਹੀ ਦਿੱਤਾ ਖਾਂਦੇ ਹਾਂ, ਤੁਸੀਂ ਹੀ ਸਾਡੇ ਜੀਵਨ ਦਾਤਾ ਹੋ, ਤੁਹਾਡੇ ਤੋਂ ਬਿਨਾਂ ਹੋਰ ਕੌਣ ਪ੍ਰਮਾਤਮਾ ਹੋ ਸਕਦਾ ਹੈ ? ਤੁਸੀਂ ਹੀ ਸਾਡੇ ਰੱਬ ਹੋ, ਪ੍ਰਮਾਤਮਾ ਹੋ।" ਸਾਰੇ ਲੋਕਾਂ ਦਾ ਇਹ ਉੱਤਰ ਸੁਣ ਕੇ ਉਹ ਬਹੁਤ ਹੀ ਜ਼ਿਆਦਾ ਖੁਸ਼ ਹੁੰਦਾ ਅਤੇ ਹਰਨਾਖਸ਼ ਵਾਂਗ ਆਪਣੇ ਆਪ ਨੂੰ ਜਗ ਦਾ ਕਰਤਾ-ਧਰਤਾ ਜਾਣਦਾ। ਪਰ ਅਕਾਲ ਪੁਰਖ ਦੀ ਰਜ਼ਾ ਦੇ ਸਾਹਮਣੇ ਕੁਝ ਵੀ ਹੋਰ ਨਹੀਂ ਹੋ ਸਕਦਾ ? ਜਿਸ ਤਰ੍ਹਾਂ ਹਰਨਾਖਸ਼ ਦੇ ਘਰ ਪ੍ਰਭੂ ਭਗਤ ਪੈਦਾ ਹੋਇਆ, ਉਸੇ ਤਰ੍ਹਾਂ ਦੁਨੀਚੰਦ ਦੇ ਘਰ ਉਸ ਦੀ ਸਭ ਤੋਂ ਛੋਟੀ ਲੜਕੀ ਅਕਾਲ-ਪੁਰਖ ਪ੍ਰਭੂ ਦੀ ਅਤਿ ਭਗਤਣੀ ਸੀ।

ਇੱਕ ਦਿਨ ਉਸ ਨੇ ਆਪਣੀਆਂ ਸੱਤਾਂ ਧੀਆਂ ਨੂੰ ਹਮੇਸ਼ਾਂ ਵਾਂਗ ਪੁਛਿਆ, "ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ ? ਛੇ ਧੀਆਂ ਨੇ ਇੱਕ ਸੁਰ ਹੋ ਕੇ ਉੱਤਰ ਦਿਤਾ, "ਪਿਤਾ ਜੀ ਅਸੀਂ ਤੁਹਾਡਾ ਦਿੱਤਾ ਖਾਂਦੀਆਂ ਹਾਂ। ਸਾਰਾ ਦੇਸ਼ ਤੇ ਸਾਰਾ ਸ਼ਹਿਰ ਹੀ ਤੁਹਾਡਾ ਦਿੱਤਾ ਖਾਂਦਾ ਹੈ। ਸਭ ਦੇ ਜੀਵਨ ਦਾਤਾ ਤੁਸੀਂ ਹੀ ਹੋ।"

ਸਭ ਤੋਂ ਛੋਟੀ ਲੜਕੀ ਨੇ ਉੱਤਰ ਦਿੱਤਾ, "ਪਿਤਾ ਜੀ ! ਜਿਹੜਾ ਪ੍ਰਮਾਤਮਾ ਸ੍ਰਿਸ਼ਟੀ ਦੇ ਸਾਰੇ ਜੀਆਂ ਨੂੰ ਰਿਜ਼ਕ ਦਿੰਦਾ ਹੈ, ਉਹੀ ਮੇਰੀ ਪਾਲਣਾ ਕਰਦਾ ਹੈ, ਉਹੀ ਮੈਨੂੰ ਖਾਣ ਨੂੰ ਦਿੰਦਾ ਹੈ।"

ਅਕਾਲ ਪੁਰਖ ਦੀ ਉਸਤਤ ਦੁਨੀਚੰਦ ਨਾ ਸਹਾਰ ਸਕਿਆ। ਉਹ ਅੱਗ ਬਬੂਲਾ ਹੋਕੇ ਪੁੱਛਦਾ, "ਜੇ ਮੈਂ ਤੈਨੂੰ ਨਹੀਂ ਪਾਲਦਾ, ਤੂੰ ਮੇਰਾ ਦਿੱਤਾ ਨਹੀਂ ਖਾਂਦੀ ਤਾਂ ਕਿਸ ਦਾ ਦਿੱਤਾ ਖਾਂਦੀ ਹੈਂ। ਮੈਂ ਤੇਰਾ ਵਿਆਹ ਕੋਹੜੇ ਪਿੰਗਲੇ ਲੂਲੇ ਨਾਲ ਕਰਾਂਗਾ, ਜੋ ਜ਼ਰਾ ਜਿੰਨੀ ਵੀ ਕਮਾਈ ਨਹੀਂ ਕਰ ਸਕੇਗਾ ਤਾਂ ਮੈਂ ਦੇਖਾਂਗਾ ਤੈਨੂੰ ਕੌਣ ਪਾਲਦਾ ਹੈ। ਵੇਖਾਂਗਾ, ਕਿਹੜਾ ਪ੍ਰਭੂ ਪ੍ਰਮਾਤਮਾ ਤੈਨੂੰ ਛੱਤ ਪਾੜ ਕੇ ਅੰਨ, ਧਨ ਤੇ ਕਪੜੇ ਸੁਟਦਾ ਹੈ। ਤੈਨੂੰ ਮੇਰੇ ਘਰ ਵਰਗਾ ਸੁਖ ਕਿਵੇਂ ਮਿਲ ਸਕਦਾ ਹੈ ?"

ਲੜਕੀ ਨੇ ਬੜੇ ਧੀਰਜ ਅਤੇ ਭਰੋਸੇ ਨਾਲ ਕਿਹਾ, "ਪਿਤਾ ਜੀ ! ਜਿਸ ਪੁਰਖ ਨਾਲ ਮੇਰਾ ਵਿਆਹ ਧੁਰ ਤੋਂ ਹੀ ਨੀਯਤ ਹੋਇਆ ਹੋਵੇਗਾ, ਉਸੇ ਨਾਲ ਹੀ ਮੇਰਾ ਵਿਆਹ ਹੋਵੇਗਾ। ਜੇ ਮੇਰੇ ਕਰਮਾਂ ਵਿਚ ਸੁੱਖ ਹੈ, ਮੈਨੂੰ ਸੁੱਖ ਮਿਲੇਗਾ। ਜੇ ਮੇਰੇ ਕਰਮਾਂ ਵਿਚ ਦੁੱਖ ਹੈ ਤਾਂ ਉਸਨੂੰ ਕੋਈ ਸੁੱਖ ਨਹੀਂ ਬਣਾ ਸਕਦਾ।" ਉਸ ਨੂੰ ਇਹ ਭਰੋਸਾ ਸੀ – "ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।"

ਰਜਨੀ ਦੇ ਪਿਤਾ ਨੇ ਆਪਣਾ ਬਦਲਾ ਚੁਕਾਉਣ ਲਈ ਆਪਣੀ ਪੁੱਤਰੀ ਦਾ ਵਿਆਹ ਇੱਕ ਲੂਲੇ ਪਿੰਗਲੇ ਨਾਲ ਕਰ ਦਿੱਤਾ। ਉਸ ਦੇ ਪਤੀ ਨੂੰ ਇੱਕ ਟੋਕਰੇ ਵਿੱਚ ਪਾ ਦਿੱਤਾ, ਤੇ ਬਿਨਾਂ ਕੋਈ ਕਪੜਾ, ਗਹਿਣਾ ਦਿੱਤੇ ਉਸ ਨੂੰ ਉਸ ਦੇ ਹਵਾਲੇ ਕਰ ਦਿੱਤਾ ਅਤੇ ਨਾਲ ਹੀ ਉਸ ਨੂੰ ਮਿਹਣਾ ਮਾਰਿਆ, "ਹੁਣ ਮੈਂ ਵੇਖ ਲਵਾਂਗਾ ਕਿ ਤੂੰ ਕਿਸ ਤਰ੍ਹਾਂ ਨਾਲ ਮੇਰੇ ਘਰ ਵਰਗਾ ਸੁੱਖ ਭੋਗਦੀ ਹੈ ? ਜੇਕਰ ਤੂੰ ਮੇਰਾ ਦਿੱਤਾ ਨਹੀਂ ਖਾਂਦੀ ਤਾਂ ਮੈਂ ਵੇਖ ਲਵਾਂਗਾ ਕਿ ਤੇਰਾ ਪ੍ਰਮਾਤਮਾ ਤੈਨੂੰ ਕਿਥੋਂ ਛੱਤ ਪਾੜ ਕੇ ਅੰਨ ਧਨ ਤੇ ਕਪੜੇ ਸੁੱਟ ਦੇਵੇਗਾ।"

ਇਹ ਸਤਵੰਤੀ ਆਪਣੇ ਪਤੀ ਨੂੰ ਲੈ ਕੇ ਘਰ ਵਿਚੋਂ ਟੁਰ ਪਈ। ਉਸ ਦੀਆਂ ਸਹੇਲੀਆਂ, ਸਖੀਆਂ ਨੇ ਸਮਝਾਇਆ ਕਿ ਆਪਣੇ ਪਿਤਾ ਕੋਲੋਂ ਮੁਆਫੀ ਮੰਗ ਲੈ, ਪਰ ਉਸ ਬੀਬੀ ਰਜਨੀ ਨੇ ਆਪਣੇ ਲੂਲੇ ਪਿੰਗਲੇ ਪਤੀ ਨੂੰ ਵਿਸ਼ਨੂੰ ਸਮਝਿਆ। ਉਹ ਉਸ ਦੁਨੀਆਵੀ ਝੂਠੇ ਧੰਦਿਆਂ ਲਈ ਪ੍ਰਮਾਤਮਾ ਤੋਂ ਬੇਮੁੱਖ ਨਹੀਂ ਹੋਣਾ ਚਾਹੁੰਦੀ ਸੀ। ਬੀਬੀ ਰਜਨੀ ਇੱਕ ਪਿੰਡ ਤੋਂ ਦੂਸਰੇ ਪਿੰਡ ਵਿੱਚ ਆਪਣੇ ਪਤੀ ਨੂੰ ਲੈ ਕੇ ਟੁਰਦੀ ਤੇ ਟੁਰਦੀ ਹੀ ਜਾ ਰਹੀ ਸੀ। ਜਿਥੇ ਰਾਤ ਪੈ ਜਾਂਦੀ, ਉਥੇ ਕਿਸੇ ਮੰਦਰ, ਸਰਾਂ, ਧਰਮਸ਼ਾਲਾ ਜਾਂ ਕਿਸੇ ਦਰਖਤ ਹੇਠਾਂ ਹੀ ਬੈਠ ਕੇ ਰਾਤ ਗੁਜ਼ਾਰ ਲੈਂਦੀ ਅਤੇ ਦਿਨ ਚੜ੍ਹਨ ਨਾਲ ਅਗਾਂਹ ਪਤੀ ਨੂੰ ਨਗਰ ਤੋਂ ਬਾਹਰ ਛੱਡ ਜਾਂਦੀ ਤੇ ਆਪ ਨਗਰ ਵਿੱਚੋਂ ਜਾ ਕੇ ਰੋਟੀ ਮੰਗ ਲਿਆਉਂਦੀ। ਪਹਿਲਾਂ ਉਹ ਆਪਣੇ ਪਤੀ ਨੂੰ ਛਕਾਉਂਦੀ ਅਤੇ ਫਿਰ ਉਸ ਦਾ ਸੀਤ ਪ੍ਰਸ਼ਾਦ ਆਪਣੇ ਆਪ ਛਕ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੀ।

ਇੱਕ ਦਿਨ ਬੀਬੀ ਰਜਨੀ ਆਪਣੇ ਪਿੰਗਲੇ ਪਤੀ ਨੂੰ ਤੁੰਗ ਅਤੇ ਸੁਲਤਾਨ ਪਿੰਡ ਦੋਹਾਂ ਨਗਰਾਂ ਦੇ ਵਿਚਾਲੇ ਇੱਕ ਸੁੰਦਰ ਪਾਣੀ ਦੀ ਛੱਪੜੀ ਦੇ ਕੰਢੇ, ਬੇਰੀ ਦੇ ਹੇਠਾਂ ਛੱਡ ਕੇ, ਆਪ ਨਗਰ ਵਿਚੋਂ ਪ੍ਰਸ਼ਾਦਾ ਲਿਆਉਣ ਲਈ ਗਈ। ਉਸ ਦਾ ਪਤੀ ਬੇਰੀ ਦੇ ਬ੍ਰਿਛ ਦੇ ਕੋਲ ਸੀ। ਉਸ ਬੇਰੀ ਦੇ ਬ੍ਰਿਛ ਉਤੇ ਕਿੰਨੇ ਹੀ ਕਾਂ ਆਣ ਕੇ ਬੈਠਦੇ, ਕਿੰਨੇ ਹੀ ਕਾਵਾਂ ਨੇ ਉਸ ਛੱਪੜੀ ਵਿਚੋਂ ਪਾਣੀ ਪੀਤਾ ਅਤੇ ਫਿਰ ਉਸ ਵਿੱਚ ਨਹਾਉਣ ਲਗ ਪਏ। ਉਨ੍ਹਾਂ ਕਾਵਾਂ ਨੂੰ ਉਹ ਪਿੰਗਲਾ ਬੜੇ ਧਿਆਨ ਨਾਲ ਵੇਖ ਰਿਹਾ ਸੀ। ਉਸ ਨੇ ਗਹੁ ਨਾਲ ਵੇਖਿਆ ਕਿੰਨੇ ਹੀ ਕਾਂ ਉਸ ਛੱਪੜੀ ਦਾ ਪਾਣੀ ਪੀ ਕੇ ਉਸ ਵਿਚ ਨਹਾ ਕੇ, ਹੰਸ ਬਣ ਗਏ। ਉਸ ਨੇ ਕਾਵਾਂ ਨੂੰ ਹੰਸ ਬਣਦਿਆਂ ਵੇਖ ਕੇ, ਸੋਚਿਆ ਕਿ ਉਹ ਵੀ ਉਸ ਛੱਪੜੀ ਵਿੱਚ ਜਾਕੇ

ਇਸ਼ਨਾਨ ਕਰੇ, ਤਾਂਕਿ ਉਸਦਾ ਭਲਾ ਵੀ ਹੋ ਸਕੇ, ਉਸ ਦਾ ਕੋਹੜ ਵੀ ਮਿੱਟ ਜਾਵੇ। ਇਸ ਤਰ੍ਹਾਂ ਹਿੰਮਤ ਕਰ ਕੇ, ਉਹ ਰਿੜ੍ਹਦਾ-ਰਿੜ੍ਹਦਾ ਪਾਣੀ ਦੀ ਛੱਪੜੀ ਵਿੱਚ ਜਾ ਪਿਆ। ਸੱਚੇ ਪਾਤਸ਼ਾਹ ਜੀ ਨੇ ਉਸ ਉੱਤੇ ਅਪਾਰ ਕ੍ਰਿਪਾ ਕੀਤੀ ਅਤੇ ਉਸ ਦੇ ਹੱਥ ਪੈਰ ਨਵੇਂ ਨਰੋਏ ਹੋ ਗਏ, ਕੋਹੜ ਮਿੱਟ ਗਿਆ, ਉਸ ਦਾ ਸਰੀਰ ਅਤਿ ਸੁੰਦਰ ਸੁਡੌਲ ਬਣ ਗਿਆ ਉਹ ਰਾਜਕੁਮਾਰ ਦਿੱਸਣ ਲਗ ਪਿਆ। ਇਸ ਤਰ੍ਹਾਂ ਇਹ ਨੌ ਬਰ ਨੌ ਹੋ ਗਿਆ ਅਤੇ ਉਸੇ ਜਗ੍ਹਾ ਤੇ ਜਾ ਕੇ ਬੈਠ ਗਿਆ।

ਬੀਬੀ ਰਜਨੀ ਨਗਰ ਵਿੱਚੋਂ ਪ੍ਰਸ਼ਾਦਾ ਲਿਆ ਕੇ ਵਾਪਸ ਪਹੁੰਚੀ ਅਤੇ ਉਸ ਪਿੰਗਲੇ ਕੋਹੜੇ ਪਤੀ ਦੇ ਸਥਾਨ ਤੇ ਬੜਾ ਸੁੰਦਰ ਰਾਜਕੁਮਾਰ ਬੈਠਾ ਵੇਖ ਕੇ ਹੈਰਾਨ ਹੋਕੇ ਆਪਣੇ ਪਤੀ ਬਾਰੇ ਪੁੱਛਣ ਲੱਗੀ ਕਿ ਉਹ ਕਿਧਰ ਚਲਾ ਗਿਆ ਹੈ। ਉਸ ਸੁੰਦਰ ਪੁਰਖ ਨੇ ਉਤਰ ਦਿੱਤਾ, "ਹੇ ਸਤਵੰਤੀ ! ਇਸ ਛੱਪੜ ਦੇ ਪਾਣੀ ਦੀ ਬਰਕਤ ਨਾਲ ਤੇਰਾ ਪਤੀ, ਇਸ ਤਰ੍ਹਾਂ ਸੁੰਦਰ ਰੂਪ ਵਾਲਾ ਬਣ ਗਿਆ ਹੈ। ਇਸ ਛੱਪੜੀ ਵਿੱਚ ਮੈਂ ਕਾਵਾਂ ਨੂੰ ਹੰਸ ਬਣਦਾ ਵੇਖ ਕੇ ਇਸ਼ਨਾਨ ਕੀਤਾ ਹੈ, ਜਿਸ ਕਰ ਕੇ ਮੇਰਾ ਸਰੀਰ ਅਤਿ ਸੁੰਦਰ ਹੋ ਗਿਆ ਹੈ।" ਉਸਨੂੰ ਵਿਸ਼ਵਾਸ ਅਤੇ ਭਰੋਸਾ ਦਿਵਾਉਣ ਲਈ ਕਈ ਗੁਪਤ ਗੱਲਾਂ ਵੀ ਉਸਨੂੰ ਦੱਸੀਆਂ। ਰਜਨੀ ਨੂੰ ਭਰੋਸਾ ਨਹੀਂ ਸੀ ਹੋ ਰਿਹਾ, ਉਸ ਦੇ ਪਤੀ ਨੇ ਕਿਹਾ :

*ਪੂਰਬ ਭਾਗੁ ਜਗੇ ਅਬਿ ਮੇਰੇ। ਫਲ ਪ੍ਰਾਪਤਿ ਔਚਕ ਇਸ ਬੇਰੇ।*
*ਕਰਤਿ ਸ਼ਨਾਨ ਕਾਕ ਮੈਂ ਹੇਰਾ। ਭਯੋ ਹੰਸ ਸ਼ਿਤ ਬਰਨੁ ਬਡੇਰਾ।*

ਬਹੁਤ ਸਾਰੀਆਂ ਗੱਲਾਂ ਸੁਣਨ ਤੇ ਵੀ ਉਸਨੂੰ ਭਰੋਸਾ ਨਹੀਂ ਸੀ ਹੋਇਆ। ਕੋਲ ਬੈਠੇ ਜ਼ਿੰਮੀਦਾਰਾਂ ਨੇ ਬੀਬੀ ਨੂੰ ਸਲਾਹ ਦਿੱਤੀ ਕਿ ਥੋੜੀ ਦੂਰੀ ਤੇ ਸਤਿਗੁਰੂ ਅਰਜਨ ਦੇਵ ਜੀ ਬੈਠੇ ਹੋਏ ਤਲਾਉ ਬਣਵਾ ਰਹੇ ਸਨ, ਉਨ੍ਹਾਂ ਕੋਲ ਜਾ ਕੇ ਸਾਰੀ ਗਲ ਸੁਣਾ ਕੇ ਆਪਣਾ ਸਾਰਾ ਫੈਸਲਾ ਕਰਾ ਲਵੇ, ਸਚਾਈ ਉਥੇ ਪ੍ਰਗਟ ਹੋ ਜਾਵੇਗੀ। ਉਹ ਬੀਬੀ ਉਨ੍ਹਾਂ ਦੀ ਸਲਾਹ ਮੰਨ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜਿਰ ਹੋ ਗਈ ਅਤੇ ਆਪਣੀ ਸਾਰੀ ਵਿਥਿਆ ਉਨ੍ਹਾਂ ਨੂੰ ਕਹਿ ਸੁਣਾਈ। ਸੱਚੇ ਪਾਤਸ਼ਾਹ ਜੀ ਨੇ ਬੀਬੀ ਰਜਨੀ ਨੂੰ ਫਰਮਾਇਆ, "ਬੀਬੀ ! ਇਹ ਇੱਕ ਬੜਾ ਪਵਿਤਰ ਤੀਰਥ ਹੈ, ਜਿਸ ਨੂੰ ਸਾਡੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਗਟ ਕੀਤਾ ਸੀ। ਪਰ ਬਹੁਤ ਜਿਆਦਾ ਬਾਰਸ਼ ਹੋਣ ਕਰ ਕੇ ਸਾਰੀ ਮਿੱਟੀ ਤਲਾਉ ਵਿੱਚ ਜਾ ਪਈ ਤੇ ਉਹ ਪੂਰਿਆ ਗਿਆ ਸੀ। ਸੱਚੇ ਪਾਤਸ਼ਾਹ ਜੀ ਨੇ ਇਸ ਤੀਰਥ ਬਾਰੇ ਫਰਮਾਇਆ :

**ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥**
**ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੈ॥**
(ਗੁਜਰੀ ਮ : ੪ ਪੰਨਾ ੪੯੩)

"ਅਸੀਂ ਇਸ ਅੰਮ੍ਰਿਤਸਰ ਤੀਰਥ ਦੀ ਬਹੁਤ ਚਿਰ ਤੋਂ ਭਾਲ ਕਰ ਰਹੇ ਸਾਂ, ਉਹ ਅੱਜ ਸਤਿਗੁਰੂ ਦੀ ਕ੍ਰਿਪਾ ਸਦਕਾ ਤੇਰੇ ਪਿੰਗਲੇ ਪਤੀ ਦੇ ਠੀਕ ਹੋਣ ਨਾਲ ਪ੍ਰਗਟ ਹੋ ਗਿਆ ਹੈ। ਹੇ ਪੁੱਤਰੀ, ਤੂੰ ਭਰੋਸਾ ਰੱਖ, ਇਹ ਤੇਰਾ ਪਤੀ ਹੀ ਹੈ। ਤੇਰੇ ਸਤ ਧਰਮ ਦੀ ਸਹਾਇਤਾ ਨਾਲ ਹੀ ਇਸ ਦਾ ਕੁਸ਼ਟ, ਪਿੰਗਲਾਪਣ ਤੇ ਲੂਲਾਪਣ ਦੂਰ ਹੋ ਗਿਆ ਹੈ। ਤੇਰਾ ਸਿਦਕ ਅਤੇ ਪ੍ਰਭੂ-ਭਗਤੀ ਦਾ ਫਲ ਤੈਨੂੰ ਮਿਲਿਆ ਹੈ, ਜੋ ਤੇਰਾ ਪਤੀ ਸਭ ਤਰ੍ਹਾਂ ਦੇ ਦੁੱਖਾਂ, ਕਸ਼ਟਾਂ ਤੋਂ ਛੁਟਕਾਰਾ ਪਾ ਕੇ, ਤੇਰੇ ਲਈ ਸੁੱਖ ਦਾ ਸਾਧਨ ਬਣ ਗਿਆ ਹੈ।"

ਸਤਿਗੁਰੂ ਜੀ ਬੀਬੀ ਰਜਨੀ ਦੇ ਨਾਲ ਉਸ ਬੇਰੀ ਕੋਲ ਪਹੁੰਚੇ ਅਤੇ ਉਸ ਬੇਰੀ ਦਾ ਨਾਮ ਦੁੱਖ ਭੰਜਨੀ ਬੇਰੀ ਰੱਖ ਦਿੱਤਾ। ਉਸ ਬੇਰੀ ਨੂੰ ਲੰਬਾ ਚੌੜਾ ਕਰਾ ਕੇ ਪੱਕਾ ਤਲਾਉ ਬਣਵਾ ਕੇ ਉਸ ਦਾ ਨਾਮ ਅੰਮ੍ਰਿਤਸਰ ਰੱਖ ਦਿੱਤਾ। ਅਣਗਿਣਤ ਲੋਕ ਅੱਜ ਕੱਲ੍ਹ ਵੀ ਇਸ ਬੇਰੀ ਹੇਠ ਇਸ਼ਨਾਨ ਕਰ ਕੇ ਆਪਣਾ ਜਨਮ ਸਫਲ ਕਰਦੇ ਹਨ। ਬੀਬੀ ਰਜਨੀ ਆਪਣੇ ਪਤੀ ਨੂੰ ਨਾਲ ਲੈ ਕੇ ਸਤਿਗੁਰੂ ਜੀ ਅਤੇ ਸਾਧ-ਸੰਗਤ ਦੀ ਸੇਵਾ ਵਿੱਚ ਜੁੱਟ ਗਈ ਤੇ ਰਜਨੀ ਹੁਣ ਆਪਣੇ ਭਾਗਾਂ ਦੀ ਸਰਾਹਣਾ ਕਰਦੀ ਹੋਈ ਕ੍ਰਿਤ ਕ੍ਰਿਤਯ ਅਤੇ ਧੰਨ-ਧੰਨ ਹੋ ਗਈ। ਅੰਤ ਵਿਚ ਉਸ ਦਾ ਪਿਤਾ ਗ਼ਰੀਬ ਹੋ ਗਿਆ ਉਸ ਨੂੰ ਆਪਣੇ ਕਰਮਾਂ ਦਾ ਫਲ ਭੁਗਤਣਾ ਪਿਆ ਤੇ ਰਜਨੀ ਨੂੰ ਆਪਣੇ ਸ਼ੁਭ ਕਰਮਾਂ ਸਦਕਾ ਤੇ ਅਕਾਲ ਪੁਰਖ ਪ੍ਰਭੂ ਦੀ ਰਜ਼ਾ ਮੰਨਣ ਕਰ ਕੇ ਸੁੰਦਰ ਗੱਭਰੂ ਨੌ-ਬਰ-ਨੌ ਪਤੀ ਮਿਲ ਗਿਆ। ਉਸਦੇ ਨਾਲ ਹੀ ਰਾਜ ਪਾਟ ਵੀ ਮਿਲ ਗਿਆ ਅਤੇ ਸਾਰੇ ਸੰਸਾਰਿਕ ਸੁੱਖ ਪ੍ਰਾਪਤ ਹੋ ਗਏ। ਉਹ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸੁੱਖ ਅਤੇ ਦੁੱਖ ਵਿੱਚ ਅਡੋਲ ਰਹੀ ਅਤੇ ਉਸ ਦੀ ਰਸਨਾ ਤੇ ਸੀ :

**ਸਿਰਿ ਸਿਰਿ ਸੁਖ ਸਹੰਮਾ ਦੇਹ ਸੁ ਤੂੰ ਭਲਾ।**

## ੨

**ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥**
**ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥**
**ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ॥**
**ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ॥**
**ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥**
**ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥੨॥ ਪੰਨਾ ੧੧੦੭**

***ਸ਼ਬਦਾਰਥ :***

ਬਬੀਹਾ—ਚਾਤ੍ਰਿਕ। ਬਾਣੀਆਂ—ਮਿੱਠੇ ਬੋਲ। ਸਾਧਨ—ਜੀਵ-ਰੂਪੀ ਇਸਤ੍ਰੀ। ਸਭਿ—ਸਾਰੇ। ਚੋਲੈ—ਮਾਣਦੀ ਹੈ। ਅੰਕਿ—ਅੰਗ ਨਾਲ। ਨਵ ਘਰ—ਨੌ ਇੰਦ੍ਰੀਆਂ ਵਾਲੇ ਸਰੀਰ ਨੂੰ। ਥਾਪਿ—ਜੁਗਤਿ ਵਿੱਚ ਰਖ ਕੇ। ਮਹਲ ਘਰੁ—ਪ੍ਰਭੂ ਦੇ ਚਰਨ। ਨਿਸਿ—ਰਾਤ। ਬਾਸੁਰ—ਦਿਨ। ਰੰਗਿ—ਪਿਆਰ ਵਿੱਚ। ਰਾਵੈ—ਮਾਣਦੀ ਹੈ। ਸੁਹਾਵੇ—ਸੋਹਣੀ ਲੱਗਦੀ ਹੈ।

***ਵਿਆਖਿਆ :***

ਜਿਸ ਤਰ੍ਹਾਂ ਬਾਬੀਹਾ ਆਪਣੇ ਪਿਆਰੇ ਤੋਂ ਵਿੱਛੜ ਕੇ, ਉਸ ਦੇ ਵਿਜੋਗ ਵਿੱਚ ਪੀ, ਪੀ ਦੇ ਮਿੱਠੇ ਸ਼ਬਦਾਂ ਰਾਹੀਂ ਪੁਕਾਰ ਕਰਦਾ ਹੈ ਅਤੇ ਕੋਇਲ ਪੀ ਕਹਾਂ, ਪੀ ਕਹਾਂ ਦੀ ਰਟ ਲਗਾਉਂਦੀ ਹੈ, ਇਸੇ ਤਰ੍ਹਾਂ ਜੀਵ ਰੂਪ ਇਸਤ੍ਰੀ ਆਪਣੇ ਪਿਅਰੇ ਪ੍ਰੀਤਮ ਤੋਂ ਵਿਛੱੜ ਕੇ ਉਸ ਦੇ ਵਿਯੋਗ ਵਿੱਚ ਵਿਆਕੁਲ ਹੋ ਕੇ ਬਾਬੀਹੇ ਤੇ ਕੋਇਲ ਵਾਂਗ ਤੜਪਦੀ ਹੈ ਤੇ ਉਨ੍ਹਾਂ ਵਾਂਗੂ ਵੈਰਾਗ ਵਿੱਚ ਆ ਕੇ ਮਿੱਠੀ ਸੁਰ ਨਾਲ ਆਪਣੇ ਪ੍ਰਭੂ ਪਿਆਰੇ ਨੂੰ ਯਾਦ ਕਰਦੀ ਹੈ :—

**ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ॥**
**ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ॥**
**ਤਿਸ ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ॥**
**ਨਾਨਕ ਗੁਰਮੁਖਿ ਸਾਂਤਿ ਹੋਇ ਨਾਮੁ ਰਖਹੁ ਉਰਿ ਧਾਰਿ॥**

**ਸਲੋਕ ਮ: ੩ ਪੰਨਾ ੧੪੧੯**

ਉਹ ਜੀਵ-ਰੂਪੀ ਇਸਤ੍ਰੀ ਪ੍ਰਭੂ-ਮਿਲਾਪ ਦੇ ਸਾਰੇ ਆਨੰਦ ਮਾਣਦੀ ਹੈ ਤੇ ਉਸ ਦੇ ਚਰਨਾਂ ਵਿੱਚ ਟਿਕੀ ਰਹਿੰਦੀ ਹੈ। ਜਦੋਂ ਉਸ ਉਤੇ ਅਕਾਲ ਪੁਰਖ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ, ਉਹ ਆਪਣੇ ਇਸ਼ਟ ਨੂੰ ਚੰਗੀ ਲੱਗਣ ਲੱਗ ਜਾਂਦੀ ਹੈ,

ਪਿਆਰੀ ਲੱਗ ਜਾਂਦੀ ਹੈ, ਉਸ ਦੇ ਚਰਨ-ਕੰਵਲਾਂ ਵਿੱਚ ਟਿਕੀ ਰਹਿੰਦੀ ਹੈ ਫਿਰ ਇਹੋ ਜਿਹੀ ਜੀਵ-ਰੂਪੀ ਇਸਤ੍ਰੀ ਆਪਣੇ ਪਿਆਰੇ ਦੀ ਮਿਹਰ ਸਦਕਾ ਸੋਹਾਗਣਿ ਬਣ ਜਾਂਦੀ ਹੈ, ਉਸ ਦਾ ਸੰਸਾਰ ਵਿਚ ਆਉਣਾ ਸਾਰਥਕ ਹੋ ਜਾਂਦਾ ਹੈ।

**ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ**
**ਮਾਨੈ ਹੁਕਮੁ ਤਜੈ ਅਭਿਮਾਨੈ॥**
**ਪ੍ਰਿਅ ਸਿਉ ਰਾਤੀ ਰਲੀਆ ਮਾਨੈ॥**
**ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥**
**ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥ ਰਹਾਉ॥**
**ਸਖੀ ਸਹੇਲੀ ਕਉ ਸਮਝਾਵੈ॥**
**ਸੋਈ ਕਮਾਵੈ ਜੋ ਪ੍ਰਭ ਭਾਵੈ॥**
**ਸਾ ਸੋਹਾਗਣਿ ਅੰਕਿ ਸਮਾਵੈ॥**

**ਸੂਹੀ ਮ: ੫ ਪੰਨਾ ੭੩੭**

ਤੇ ਇਹੋ ਜਿਹਾ ਪਿਆਰ, ਇਹੋ ਜਿਹਾ ਵਸਲ ਕੇਵਲ ਉਸੇ ਹੀ ਜੀਵ-ਰੂਪੀ ਇਸਤ੍ਰੀ ਨੂੰ ਉਪਲੱਬਧ ਹੋ ਸਕਦਾ ਹੈ, ਜਿਹੜੀ ਆਪਣੀਆਂ ਨੌਵਾਂ ਇੰਦ੍ਰੀਆਂ ਉਤੇ ਕਾਬੂ ਪਾ ਸਕੇ, ਉਨ੍ਹਾਂ ਨੂੰ ਆਪਣੇ ਵਸ ਵਿੱਚ ਕਰ ਕੇ, ਉਨ੍ਹਾਂ ਤੇ ਹਾਵੀ ਹੋ ਜਾਵੇ, ਉਨ੍ਹਾਂ ਨੂੰ ਜੁਗਤੀ ਵਿੱਚ ਰੱਖ ਕੇ ਉਨ੍ਹਾਂ ਤੋਂ ਬਹੁਤ ਹੀ ਉੱਚੀ ਉਠ ਜਾਵੇ, ਅਤੇ ਉਸ ਅਵਸਥਾ ਵਿੱਚ ਪਹੁੰਚ ਜਾਵੇ, ਜਿਥੇ ਉਸ ਦੇ ਆਪਣੇ ਪਿਆਰੇ ਦਾ ਨਿਵਾਸ ਹੈ, ਉਹ ਉਸ ਦੇ ਸਰੂਪ ਵਿੱਚ ਟਿਕ ਜਾਂਦੀ ਹੈ, ਤੇ ਮੋਹ ਮਾਇਆ ਦੇ ਝੂਠੇ ਪਸਾਰੇ ਨੂੰ ਤਿਆਗ ਕੇ ਆਪਣੇ ਪ੍ਰਭੂ-ਪ੍ਰੀਤਮ ਦਾ ਉੱਚਾ ਟਿਕਾਣਾ ਮੱਲ ਲੈਂਦੀ ਹੈ। ਜਦੋਂ ਆਪਣੇ ਪਿਆਰੇ ਦਾ ਵਸਲ ਪ੍ਰਾਪਤ ਹੋ ਜਾਂਦਾ ਹੈ, ਨਿੱਘਾ ਪਿਆਰ ਮਿਲ ਜਾਂਦਾ ਹੈ, ਸਾਧਕ ਆਪਣੇ ਦਾਤਾਰ ਪ੍ਰੀਤਮ ਦੇ ਰੰਗ ਵਿੱਚ ਦਿਨ ਰਾਤ ਰੰਗੀ ਰਹਿੰਦੀ ਹੈ, ਹਰ ਪਲ ਉਸ ਨੂੰ ਸਿਮਰਦੀ ਹੈ ਤੇ ਸ਼ੁਕਰਾਨੇ ਵਿੱਚ ਝੂਮਦੀ-ਝੂਮਦੀ ਮਸਤ ਹੋ ਕੇ ਕਹਿੰਦੀ ਫਿਰਦੀ ਹੈ ਕਿ ਉਹ ਤਾਂ ਸਾਰੀ ਦੀ ਸਾਰੀ ਆਪਣੇ ਪਿਆਰੇ ਪ੍ਰੀਤਮ ਦੀ ਹੀ ਹੈ, ਸਾਰੀ ਸ੍ਰਿਸ਼ਟੀ ਦੀ ਰਚਨਾ ਉਸ ਦੇ ਪ੍ਰੀਤਮ ਨੇ ਹੀ ਕੀਤੀ ਹੋਈ ਹੈ ਤੇ ਉਹੀ ਉਸ ਦਾ ਪਿਆਰਾ, ਪ੍ਰਭੂ ਸੁਆਮੀ ਪ੍ਰੀਤਮ ਹੈ। ਉਹ ਉਸ ਦੇ ਨਾਲ ਰੰਗ ਰਲੀਆ ਮਾਣਦੀ ਹੈ।

**ਸਹ ਕੀ ਸਾਰ ਸੁਹਾਗਨਿ ਜਾਨੈ॥**
**ਤਜਿ ਅਭਿਮਾਨੁ ਸੁਖ ਰਲੀਆ ਮਾਨੈ॥**
**ਤਨੁ ਮਨੁ ਦੇਇ ਨ ਅੰਤਰੁ ਰਾਖੈ॥**
**ਅਵਰਾ ਦੇਖਿ ਨ ਸੁਨੈ ਅਭਾਖੈ॥**

ਸੂਹੀ ਰਵਿਦਾਸ ਜੀ ਪੰਨਾ ੭੯੩

ਜਿਸ ਤਰ੍ਹਾਂ ਬਾਬੀਹਾ ਆਪਣੇ ਪਿਆਰੇ ਪ੍ਰੀਤਮ ਦੀ ਮਿੱਠੀ-ਮਿੱਠੀ ਯਾਦ ਵਿੱਚ ਪ੍ਰਿਉ-ਪ੍ਰਿਉ ਕਰ ਕੇ ਟੇਰਦਾ ਹੈ, ਕੋਇਲ ਕੂ, ਕੂ, ਪੀ ਕਹਾਂ, ਪੀ ਕਹਾਂ ਦੀ ਰਟ ਲਗਾ ਕੇ ਆਪਣੇ ਮਿੱਠੇ ਬੋਲਾਂ ਵਿੱਚ ਆਪਣੇ ਪਿਆਰੇ ਨੂੰ ਪੁਕਾਰਦੀ ਹੈ, ਉਸੇ ਤਰ੍ਹਾਂ ਜੀਵ-ਰੂਪੀ ਇਸਤ੍ਰੀ ਗੁਰੂ ਸ਼ਬਦਾਂ ਦੇ ਰਾਹੀਂ, ਆਪਣੇ ਪਿਆਰੇ ਦੀ ਵਡਿਆਈ ਕਰ ਕੇ, ਸਿਫਤਿ ਸਲਾਹ ਕਰ ਕੇ ਉਸ ਦੇ ਪਵਿਤ੍ਰ ਨਾਉ ਦਾ ਰਟਨ ਕਰ ਕੇ ਬੜੀ ਸੁਹਣੀ ਲਗਦੀ ਹੈ, ਉਸ ਦਾ ਜੀਵਨ ਪਵਿਤਰ ਹੋ ਜਾਂਦਾ ਹੈ, ਉਸ ਦਾ ਜੀਵਨ ਮੋਹ ਮਾਇਆ ਨੂੰ ਤਿਆਗ ਕੇ ਉੱਚਾ ਸੁਚਾ ਤੇ ਆਦਰਸ਼ਮਈ ਬਣ ਜਾਂਦਾ ਹੈ।

**ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ॥**
**ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ॥**
**ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ॥**
**ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਿਜ ਸੁਭਾਇ॥**
**ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥**
**ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ॥**

ਸਲੋਕ ਮ: ੩ ਪੰਨਾ ੧੪੧੯

***ਭਾਵ :***

ਮਨੁੱਖ ਆਪਣੇ ਪਿਆਰੇ ਅਕਾਲ ਪੁਰਖ ਪ੍ਰਭੂ ਦੀ ਸਿਫਤਿ ਸਲਾਹ ਕਰ ਕੇ, ਆਪਣੇ ਮਨ ਨੂੰ ਉਸ ਦੇ ਨਾਲ ਸਿਮਰਨ ਵਿੱਚ ਜੋੜ ਕੇ, ਆਪਣੀਆਂ ਇੰਦਰੀਆਂ ਨੂੰ ਮਰਯਾਦਾ ਵਿੱਚ ਰੱਖ ਕੇ, ਮੋਹ ਮਾਇਆ ਦੇ ਪਸਾਰੇ ਤੋਂ ਉੱਚਾ ਹੋ ਕੇ ਟਿਕਿਆ ਰਹਿੰਦਾ ਹੈ। ਉਸ ਦਾ ਜੀਵਨ ਆਪਣੇ ਸਤਿਗੁਰੂ ਦੇ ਉਪਦੇਸ਼ ਸੁਣ ਕੇ, ਉਸ ਦੇ ਸ਼ਬਦ ਸੁਣ ਕੇ, ਪਰਮ ਪਾਵਨ ਹੋ ਜਾਂਦਾ ਹੈ।

# ਨਿਸਿ ਬਾਸੁਰ ਰੰਗਿ ਰਾਵੈ

***ਬਾਬਾ ਸੰਗਤਾ ਜੀ***

ਬਾਬਾ ਸੰਗਤਾ ਜੀ ਇੱਕ ਉੱਚ ਅਧਿਆਤਮਕ ਸ਼ਖ਼ਸੀਅਤ ਸਨ। ਉਹ ਤਾਂ ਦਿਨ ਰਾਤ ਆਪਣੇ ਪਿਆਰੇ ਦੀ ਯਾਦ ਵਿੱਚ ਹਰ ਪਲ ਹਰ ਸੁਆਸ ਬਤੀਤ ਕਰਦੇ ਸਨ। ਆਪ ਜੀ ਦਾ ਜਨਮ ਬਾਬਾ ਫਿਰਾਯਾ ਸਿੰਘ ਦੇ ਘਰ ਹਜ਼ਰੋਂ ਵਿਖੇ ਹੋਇਆ। ਕੁਝ ਚਿਰ ਬਾਅਦ ਆਪ ਜੀ ਅਟਕ ਦੇ ਕੰਢੇ ਜਾ ਵੱਸੇ। ਆਪ ਜੀ ਦੀ ਸੁਪੱਤਨੀ ਵੀ ਹਜ਼ਰੋਂ ਦੀ ਵਸਨੀਕ ਸੀ, ਇਸ ਲਈ ਹਜ਼ਰੋਂ ਸਾਹਿਬ ਜਾਣ ਦੇ ਅਵਸਰ ਅਕਸਰ ਪ੍ਰਾਪਤ ਹੁੰਦੇ ਰਹਿੰਦੇ। ਆਪ ਜੀ ਨੂੰ ਬਚਪਨ ਤੋਂ ਹੀ

ਸਤਿਸੰਗ ਕਰਨ ਦਾ ਬੜਾ ਸ਼ੌਂਕ ਸੀ। ਆਪ ਜੀ ਨੇ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਅਤੇ ਪ੍ਰਸੰਸਾ ਸੁਣੀ ਹੋਈ ਸੀ। ਇਸ ਲਈ ਇੱਕ ਦਿਨ ਆਪਣੇ ਪੁੱਤਰ ਨੂੰ ਨਾਲ ਲੈ ਕੇ ਹਜ਼ਰੋਂ ਸਾਹਿਬ ਗਏ। ਉਥੇ ਜਾ ਕੇ ਉਸ ਨੂੰ ਕਹਿਣ ਲੱਗੇ, "ਬੇਟਾ, ਨਰੈਣ ਤੂੰ ਖੋਤੇ ਲੈ ਕੇ ਚੱਲ, ਮੈਂ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰ ਕੇ ਆ ਰਿਹਾ ਹਾਂ।" ਜਿਸ ਵੇਲੇ ਸੱਚੇ ਪਾਤਸ਼ਾਹ ਇਸ਼ਨਾਨ ਕਰ ਰਹੇ ਸਨ, ਬਾਬਾ ਜੀ ਨੇ ਜਾ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਸਤਿਗੁਰਾਂ ਬਚਨ ਕੀਤਾ, "ਸੰਗਤਾ ! ਹੁਣ ਖੋਤੇ ਛੱਡ ਦੇ ਤੇ ਆਪਣਾ ਅਸਲੀ ਕੰਮ ਸੰਭਾਲ।" ਸੱਚੇ ਪਾਤਸ਼ਾਹ ਜੀ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਬਾਬਾ ਸੰਗਤਾਂ ਜੀ ਦੀ ਕਾਇਆ ਪਲਟ ਦਿੱਤੀ, ਬਾਬਾ ਜੀ ਲੋਟ-ਪੋਟ ਹੋ ਰਹੇ ਸਨ।

ਸਤਿਗੁਰੂ ਬਾਲਕ ਸਿੰਘ ਜੀ ਨੇ ਪੁੱਛਿਆ, "ਭਾਈ ਸੰਗਤਾ ! ਕੀ ਗੱਲ ਹੈ ? ਜਿਸ ਚੀਜ਼ ਦੀ ਲੋੜ ਹੈ ਮੰਗ ਲਵੋ।"

ਭਾਈ ਜੀ ਨੇ ਹੱਥ ਜੋੜ ਕੇ ਗਰੀਬ ਨਿਵਾਜ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਨਾਮ ਦੀ ਦਾਤ ਬਖਸ਼ੋ ਜੀ।"

ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ, "ਭਾਈ ਕੁਝ ਹੋਰ ਮੰਗ ਲਵੋ। ਆਪ ਜੀ ਨੇ ਫਿਰ ਨਾਮ ਦੀ ਖ਼ੈਰ ਪਾਣ ਦੀ ਮੰਗ ਕੀਤੀ। ਸਤਿਗੁਰੂ ਜੀ ਨੇ ਅਪਾਰ ਕ੍ਰਿਪਾ ਕੀਤੀ ਤੇ ਆਪ ਜੀ ਦੇ ਕੰਨ ਵਿੱਚ ਗੁਰਮੰਤਰ ਦੱਸ ਕੇ ਜਨਮ-ਜਨਮਾਂਤਰਾਂ ਲਈ ਅਪਾਰ ਖ਼ੁਸ਼ੀਆਂ ਦੇ ਖ਼ਜ਼ਾਨੇ ਉਡੇਲ ਦਿੱਤੇ। ਨਾਮ ਦੀ ਦਾਤ ਪ੍ਰਾਪਤ ਕਰ ਕੇ ਆਪ ਜੀ ਧੰਨ-ਧੰਨ ਹੋ ਗਏ। ਬਾਹਰ ਆਪ ਜੀ ਦਾ ਬੇਟਾ ਉਡੀਕ ਰਿਹਾ ਸੀ। ਉਸ ਨੇ ਆਪਣੇ ਪਿਤਾ ਨੂੰ ਘਰ ਜਾਣ ਲਈ ਕਿਹਾ, ਪਰ ਪਿਤਾ ਤਾਂ ਹੁਣ ਕਿਧਰੇ ਜਾਣ ਜੋਗੇ ਹੀ ਨਹੀਂ ਸਨ, ਉਹ ਤਾਂ ਬਸ ਹੁਣ ਸਤਿਗੁਰੂ ਜੀ ਦੇ ਚਰਨਾਂ ਜੋਗੇ ਹੀ ਸਨ।

ਬਾਬਾ ਜੀ ਹੁਣ ਨਾਮ ਦੇ ਵਣਜਾਰੇ ਬਣ ਗਏ। ਆਪ ਜੀ ਸਾਰੇ ਝੂਠੇ ਸੌਦੇ ਛੱਡ ਕੇ ਸੱਚੇ ਸੌਦੇ ਦੇ ਗਾਹਕ ਬਣ ਗਏ। ਆਪ ਜੀ ਤਾਂ ਹੁਣ ਆਪਣੇ ਸਤਿਗੁਰੂ ਦੇ ਚਰਨ-ਕੰਵਲਾਂ ਦੇ ਭੌਰੇ ਬਣ ਗਏ ਸਨ। ਆਪ ਜੀ ਦਾ ਚਿੱਤ ਕਰਦਾ ਕਿ ਆਪਣੇ ਪਿਆਰੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਉਨ੍ਹਾਂ ਦੀ ਸੇਵਾ ਕਰ ਕੇ ਜਨਮ ਸਫਲ ਕਰਨ ਪਰ ਨਰੈਣ ਸਿੰਘ ਜੀ ਦੇ ਬਾਰ-ਬਾਰ ਮਜ਼ਬੂਰ ਕਰਨ ਤੇ ਆਪ ਜੀ ਆਪਣੇ ਪਿੰਡ ਵਾਪਸ ਪਰਤ ਗਏ। ਉਥੇ ਜਾ ਕੇ ਦਿਨ ਰਾਤ ਅਕਾਲ-ਪੁਰਖ ਦੇ ਨਾਮ ਸਿਮਰਨ ਵਿੱਚ ਲਿਵਲੀਨ ਹੋ ਗਏ ਤੇ ਆਲੌਕਿਕ ਆਤਮਕ ਆਨੰਦ ਵਿੱਚ ਵਿਭੋਰ ਹੋ ਕੇ ਦਿਨ ਰਾਤ ਆਪਣੇ ਪਿਆਰੇ ਦੇ ਰੰਗ ਵਿੱਚ ਜੁੱਟ ਗਏ।

**ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ।**

ਆਪ ਜੀ ਹਮੇਸ਼ਾ ਲੁੱਕ ਛਿਪ ਕੇ ਭਜਨ ਕਰਦੇ, ਤਾਂ ਕਿ ਲੋਕਾਂ ਨੂੰ ਪਤਾ

ਨਾ ਲੱਗੇ। ਇੱਕ ਵਾਰੀ ਇੱਕ ਸਿੱਖ ਨੇ ਆ ਕੇ ਸਤਿਗੁਰੂ ਬਾਲਕ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਸਾਨੂੰ ਕਿਸੇ ਅਜਿਹੇ ਸਿੱਖ ਦੇ ਦਰਸ਼ਨ ਕਰਾਉ, ਜਿਹੜਾ ਸਤਿਗੁਰੂ ਦੇ ਬਚਨ ਅਤੇ ਭਾਣੇ ਨੂੰ ਮਿੱਠਾ ਕਰ ਕੇ ਮੰਨਦਾ ਹੋਵੇ।"

ਸਤਿਗੁਰੂ ਜੀ ਨੇ ਬਚਨ ਕੀਤਾ, "ਭਾਈ ਗੁਰੂ ਘਰ ਵਿੱਚ ਕਿਸੇ ਗੱਲ ਦੀ ਕਮੀਂ ਨਹੀਂ।"

ਪਿਛਲੇ ਪਹਿਰ ਸਤਿਗੁਰੂ ਬਾਲਕ ਸਿੰਘ ਜੀ ਆਪਣੇ ਸਿੱਖਾਂ ਸਮੇਤ ਬਾਹਰ ਗਏ। ਬਾਬਾ ਸੰਗਤਾਂ ਜੀ ਵੀ ਨਾਲ ਸਨ। ਸਤਿਗੁਰੂ ਜੀ ਨੇ ਬਾਬਾ ਜੀ ਨੂੰ ਖੂਹ ਗੇੜਨ ਦੀ ਆਗਿਆ ਦਿੱਤੀ। ਬਾਬਾ ਜੀ ਨੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਖੂਹ ਗੇੜਨਾ ਸ਼ੁਰੂ ਕਰ ਦਿੱਤਾ। ਬਾਬਾ ਜੀ ਹੱਥਾਂ ਨਾਲ ਤਾਂ ਖੂਹ ਗੇੜਨ ਦੀ ਸੇਵਾ ਕਰ ਰਹੇ ਸਨ, ਪਰ ਨਾਲ ਹੀ ਰਸਨਾ ਆਪਣੇ ਪਿਆਰੇ ਦਾ ਨਾਮ ਸਿਮਰਨ ਕਰਨ ਵਿੱਚ ਲੱਗੀ ਹੋਈ ਸੀ।"

ਸਤਿਗੁਰੂ ਜੀ ਪੰਜ ਇਸ਼ਨਾਨ ਕਰ ਕੇ ਬਾਬਾ ਜੀ ਨੂੰ ਬਿਨਾਂ ਕੁਝ ਕਹੇ ਘਰ ਵਾਪਸ ਪਰਤ ਗਏ। ਸਤਿਗੁਰੂ ਜੀ ਨੇ ਆਪਣੇ ਚੁਬਾਰੇ ਵਿੱਚ ਜਾ ਕੇ ਭਜਨ ਕਰਨਾ ਸ਼ੁਰੂ ਕਰ ਦਿੱਤਾ, ਪਰ ਬਾਬਾ ਸੰਗਤਾ ਜੀ ਉਸੇ ਤਰ੍ਹਾਂ ਹੀ ਖੂਹ ਗੇੜਨ ਵਿੱਚ ਲੱਗੇ ਰਹੇ, ਕਿਉਂਕਿ ਉਨ੍ਹਾਂ ਦਾ ਪਿਆਰਾ ਸਤਿਗਰੂ ਉੱਨ੍ਹਾਂ ਨੂੰ ਖੂਹ ਗੇੜਨ ਦਾ ਹੁਕਮ ਕਰ ਗਏ ਸਨ। ਸੱਚੇ ਪਾਤਸ਼ਾਹ ਪ੍ਰਸ਼ਾਦਾ ਛਕ ਕੇ ਹਟੇ ਸਨ, ਕਿ ਕੋਲੋਂ ਇਕ ਸਿੱਖ ਨੇ ਆ ਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਗਰੀਬ ਨਿਵਾਜ਼ ਜੀ ! ਭਾਈ ਸੰਗਤਾ ਜੀ ਕਿੱਥੇ ਹਨ ?"

ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ, "ਭਾਈ, ਉਨ੍ਹਾਂ ਨੂੰ ਭਸੀਣਾ ਦੇ ਖੂਹ ਤੇ ਜਾ ਕੇ ਵੇਖੋ, ਅਸੀਂ ਉਨ੍ਹਾਂ ਨੂੰ ਖੂਹ ਗੇੜਨ ਦਾ ਹੁਕਮ ਦਿੱਤਾ ਸੀ, ਉਹ ਹਾਲਾਂ ਤਕ ਖੂਹ ਹੀ ਗੇੜ ਰਹੇ ਹੋਣੇ ਹਨ।"

ਸਿੱਖ ਝੱਟਪੱਟ ਉਸ ਖੂਹ ਤੇ ਪਹੁੰਚੇ ਤੇ ਜਾ ਕੇ ਵੇਖਦੇ ਹਨ ਕਿ ਬਾਬਾ ਜੀ ਨਾਮ ਦੀ ਮਸਤੀ ਵਿੱਚ ਰੰਗੇ ਹੋਏ ਖੂਹ ਗੇੜੀ ਜਾਂਦੇ ਹਨ। ਸਿੱਖਾਂ ਨੇ ਬਾਬਾ ਸੰਗਤਾ ਨੂੰ ਜਾ ਕੇ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਕਿ ਉਹ ਖੂਹ ਗੇੜਨਾ ਬੰਦ ਕਰ ਦੇਣ। ਸਤਿਗੁਰੂ ਜੀ ਦਾ ਹੁਕਮ ਸੁਣ ਕੇ, ਉਨ੍ਹਾਂ ਨੇ ਖੂਹ ਗੇੜਨਾ ਬੰਦ ਕਰ ਦਿੱਤਾ ਤੇ ਸਾਧ ਸੰਗਤ ਨਾਲ ਵਾਪਸ ਡੇਰੇ ਤੇ ਪਹੁੰਚ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਸਿੱਖ ਦੀ ਅਰਜ਼ ਮੰਨ ਕੇ ਉਸਨੂੰ ਭਾਣੇ ਦੇ ਸਿੱਖ ਦੇ ਦਰਸ਼ਨ ਕਰਾ ਦਿੱਤੇ ਤੇ ਨਾਲ ਹੀ ਬਾਬਾ ਜੀ ਨੂੰ ਲੱਖ ਖੁਸ਼ੀਆਂ ਦੇ ਖਜ਼ਾਨੇ ਬਖ਼ਸ਼ ਦਿਤੇ। ਬਾਬਾ ਜੀ ਆਪਣੇ ਪਿਆਰੇ ਸਤਿਗੁਰੂ ਜੀ ਦੀ ਬਖਸ਼ਸ਼ ਸਦਕਾ ਅਤੇ ਆਪਣੇ ਹਿਰਦੇ ਅੰਦਰ ਆਪਣੇ ਪਿਆਰੇ ਪ੍ਰੀਤਮ ਲਈ ਅਥਾਹ ਅਤੇ ਡੂੰਘਾ ਪਿਆਰ ਸੰਜੋਅ ਕੇ "ਨਿਸਿ ਬਾਸੁਰ" ਉਸ ਦੇ ਰੰਗ ਦਾ ਆਨੰਦ ਮਾਣਦੇ।

## ੩

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥
ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥
ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ॥
ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥੩॥

***ਸ਼ਬਦਾਰਥ :***

ਰਵਤ ਰਵੰਨੇ—ਹੇ ਰਮੇ ਹੋਏ। ਨ ਬੀਸਰੈ—ਨਹੀਂ ਭੁਲਾਂਦਾ। ਬਿਸਾਰੀ—ਮੈਂ ਵਿਸਾਰ ਸਕਾਂ। ਹਉ—ਮੈਂ। ਰਹਣੁ ਨ ਜਾਏ—ਮਨ ਧੀਰਜ ਨਹੀਂ ਧਰਦਾ। ਗਹੀ—ਫੜੀ। ਦ੍ਰਿਸਟਿ—ਨਜ਼ਰ। ਦੀਰਘ—ਲੰਮੀ।

***ਵਿਆਖਿਆ :***

ਜੀਵ ਰੂਪ ਇਸਤ੍ਰੀ ਆਪਣੇ ਹਰ ਰਸ ਭਿੰਨੇ ਹਰੀ, ਮਨ ਤੇ ਤਨ ਵਿੱਚ ਰਮੇ ਹੋਏ ਹਰੀ ਦੇ ਚਰਨਾਂ ਵਿੱਚ ਬੇਨਤੀਆਂ, ਅਰਜ਼ੋਈਆਂ ਕਰਦੀ ਹੈ ਕਿ ਉਹ ਆਪਣੇ ਇਸ਼ਟ ਨੂੰ ਇੱਕ ਘੜੀ ਪਲ ਲਈ ਵੀ ਨਹੀਂ ਭੁਲਾ ਸਕਦੀ ਉਸ ਦੀ ਯਾਦ ਹਮੇਸ਼ਾਂ ਉਸ ਦੇ ਮਨ ਵਿੱਚ ਰਹਿੰਦੀ ਹੈ, ਉਹ ਤਨ ਤੇ ਮਨ ਕਰ ਕੇ ਹਮੇਸ਼ਾਂ ਹੀ ਉਸ ਨੂੰ ਸਿਮਰਦੀ ਰਹਿੰਦੀ ਹੈ। ਉਹ ਆਪਣੇ ਪਿਆਰੇ ਪ੍ਰੀਤਮ ਨੂੰ ਕਿਵੇਂ ਭੁਲਾ ਸਕਦੀ ਹੈ, ਕਿਵੇਂ ਵਿਸਾਰ ਸਕਦੀ ਹੈ, ਕਿਉਂਕਿ ਉਸ ਦੇ ਹਰ ਸਵਾਸ, ਹਰ ਪਲ, ਹਰ ਧੜਕਣ ਵਿੱਚ ਆਪਣੇ ਪਿਆਰੇ ਦੀ ਯਾਦ ਸਮਾਈ ਹੋਈ ਹੈ। ਉਹ ਤਾਂ ਦਿਨ ਰਾਤ ਸਵਾਸ, ਸਵਾਸ ਆਪਣੇ ਪਿਆਰੇ ਨੂੰ ਧਿਆਉਣਾ ਚਾਹੁੰਦੀ ਹੈ। ਇਸ ਲਈ ਉਸ ਦੇ ਚਰਨਾਂ ਵਿੱਚ ਬੇਨਤੀ ਕਰਦੀ ਹੈ :—

ਵਿਸਰੁ ਨਾਹੀ ਏਵਡ ਦਾਤੇ॥
ਕਰਿ ਕਿਰਪਾ ਭਗਤਨ ਸੰਗਿ ਰਾਤੇ॥
ਦਿਨਸੁ ਰੈਣਿ ਜਿਉ ਤੁਧੁ ਧਿਆਈ ਏਹੁ ਦਾਨੁ ਮੋਹਿ ਕਰਣਾ ਜੀਉ॥੧॥
ਮਾਟੀ ਅੰਧੀ ਸੁਰਤਿ ਸਮਾਈ॥
ਸਭ ਕਿਛੁ ਦੀਆ ਭਲੀਆ ਜਾਈ॥
ਅਨਦ ਬਿਨੋਦ ਚੋਜ ਤਮਾਸੇ ਤੁਧੁ ਭਾਵੈ ਸੋ ਹੋਣਾ ਜੀਉ॥੨॥
ਜਿਸ ਦਾ ਦਿਤਾ ਸਭੁ ਕਿਛੁ ਲੈਣਾ॥

**ਛਤੀਹ ਅੰਮ੍ਰਿਤ ਭੋਜਨੁ ਖਾਣਾ॥**
**ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ॥੩॥**
**ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ॥**
**ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥**
**ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ॥੪॥**
ਮਾਝ ਮ: ੫ ਪੰਨਾ ੧੦੦

ਉਹ ਆਪਣੇ ਪਿਆਰੇ ਤੋਂ ਸਦਕੇ, ਵਾਰਨੇ, ਬਲਿਹਾਰਨੇ, ਕੁਰਬਾਨ ਜਾਂਦੀ ਹੈ, ਉਸ ਦੀ ਸਿਫਤਿ-ਸਲਾਹ ਕਰ ਕਰ ਕੇ ਉਸ ਤੇ ਆਪਣੀ ਜਿੰਦੜੀ ਘੋਲ ਘੁਮਾਉਣ ਵਾਸਤੇ ਹਮੇਸ਼ਾ ਤੱਤਪਰ ਰਹਿੰਦੀ ਹੈ। ਉਸ ਦੇ ਜੀਵਨ ਦਾ ਮਨੋਰਥ ਹੀ ਉਸ ਦੇ ਗੁਣਾਂ ਦਾ ਗਾਣ ਕਰ ਕੇ ਆਤਮਕ ਸ਼ਿਖਰਾਂ ਨੂੰ ਛੂਹਣਾ ਹੈ।

ਜੇਕਰ ਉਸ ਨੂੰ ਆਪਣੇ ਪਿਆਰੇ ਦੇ ਦਰਸ਼ਨ ਨਹੀਂ ਹੁੰਦੇ ਤਾਂ ਉਸ ਨੂੰ ਸਾਰੀ ਦੁਨੀਆਂ ਦੇ ਸਵਾਦ ਫਿੱਕੇ ਲਗਦੇ ਹਨ, ਸਭ ਕੁੜਿਆਰ ਹੀ ਕੁੜਿਆਰ ਦਿੱਸਦਾ ਹੈ। ਪਿਰ ਦਾ ਇੱਕ ਘੜੀ ਨਾ ਮਿਲਣਾ ਕਲਿਜੁਗ ਬਣ ਜਾਂਦਾ ਹੈ, ਪ੍ਰੇਮਿਕਾ ਬੋਲ ਉੱਠਦੀ ਹੈ :—

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**
**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥**
ਮਾਝ ਮ: ੫ ਪੰਨਾ ੯੬

ਉਸ ਨੂੰ ਤਾਂ ਆਪਣੇ ਪਿਆਰੇ ਬਿਨਾਂ ਇੱਕ ਘੜੀ ਕਈ ਦਿਨਾਂ ਦੇ ਬਰਾਬਰ ਲਗਦੀ ਹੈ।

**ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥**
**ਮਨੁ ਨ ਰਹੈ ਕੈਸੇ ਮਿਲਉ ਪਿਆਰੇ॥੧॥**
**ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥**
**ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ॥**
ਆਸਾ ਮ: ੫ ਪੰਨਾ ੩੭੪

ਉਹ ਪਿਆਰ ਤੇ ਬਿਰਹਾ ਵਿੱਚ ਤੜਪਦੀ ਹੈ, ਉਹ ਉਸ ਨੂੰ ਹਮੇਸ਼ਾਂ ਯਾਦ ਕਰਦੀ ਹੈ ਤੇ ਇੱਕ ਛਿਨ ਭਰ ਲਈ ਵੀ ਨਹੀਂ ਭੁਲਾ ਸਕਦੀ, ਸਗੋਂ ਉਸ ਤੋਂ ਵਾਰੇ ਵਾਰੇ ਤੇ ਬਲਿਹਾਰੇ ਜਾਂਦੀ ਹੈ। ਉਹ ਉਸ ਨਾਲ ਸੁੱਖ ਦੇ ਦਿਨ ਬਤੀਤ ਕਰਨ ਦੀ ਕਾਮਨਾ ਕਰਦੀ ਹੈ ਤੇ ਇਸ ਲਈ :—

**ਵਾਰਿ ਵਾਰਉ ਅਨਿਕ ਡਾਰਉ॥**
**ਸੁਖੁ ਪ੍ਰਿਅ ਸੁਹਾਗ ਪਲਕ ਰਾਤ॥ ਰਹਾਉ॥**
**ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ॥**
**ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ॥**
**ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥**
ਕਾਨੜਾ ਮ: ੫ ਪੰਨਾ ੧੩੦੬

ਉਸ ਦੇ ਜੀਵਨ ਦਾ ਆਧਾਰ ਆਪਣੇ ਪਿਆਰੇ ਦੇ ਗੁਣਾਂ ਦਾ ਗਾਣ ਕਰਨਾ ਹੈ। ਉਸ ਦੀ ਸਿਫਤਿ-ਸਲਾਹ ਵਿੱਚ ਆਪਣੀ ਰਸਨਾ ਪਵਿਤਰ ਕਰਨੀ ਹੈ। ਜੀਵਨ ਦਾ ਹਰੇਕ ਪਲ ਉਸ ਦੀ ਮਹਿਮਾ ਦੇ ਗੀਤ ਗਾਉਣ ਵਿੱਚ ਲਗਾਉਣਾ ਹੈ।

**ਜੀਵਤੁ ਰਾਮ ਕੇ ਗੁਣ ਗਾਇ॥**
**ਕਰਹੁ ਕ੍ਰਿਪਾ ਗੋਪਾਲ ਬੀਠੁਲੇ ਬਿਸਰਿ ਨ ਕਬ ਹੀ ਜਾਇ॥ ਰਹਾਉ॥**
**ਮਨੁ ਤਨੁ ਧਨੁ ਸਭੁ ਤੁਮਰਾ ਸੁਆਮੀ ਆਨ ਨ ਦੂਜੀ ਜਾਇ॥**
**ਜਿਉ ਤੂ ਰਾਖਹਿ ਤਿਵ ਹੀ ਰਹਣਾ ਤੁਮਰਾ ਪੈਨੈ ਖਾਇ॥**
**ਸਾਧਸੰਗਤਿ ਕੈ ਬਲਿ ਬਲਿ ਜਾਈ ਬਹੁੜਿ ਨ ਜਨਮਾ ਧਾਇ॥**
**ਨਾਨਕ ਦਾਸ ਤੇਰੀ ਸਰਣਾਈ ਜਿਉ ਭਾਵੈ ਤਿਵੈ ਚਲਾਇ॥**
ਸਾਰੰਗ ਮ: ੫ ਪੰਨਾ ੧੨੨੩

ਉਸ ਨੂੰ ਆਪਣੇ ਪ੍ਰੀਤਮ ਤੋਂ ਬਿਨਾਂ ਹੋਰ ਕੋਈ ਦਿੱਸਦਾ ਹੀ ਨਹੀਂ। ਉਸ ਦਾ ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਕੋਈ ਸੰਗੀ ਨਹੀਂ, ਕੋਈ ਸਾਥੀ ਨਹੀ, ਕੋਈ ਮੀਤ ਨਹੀਂ, ਕੋਈ ਵੀ ਤਾਂ ਨਹੀਂ, ਜਦੋਂ ਉਸ ਦਾ ਹੀ ਕੋਈ ਨਹੀਂ, ਫਿਰ ਭਲਾ, ਉਹ ਵੀ ਕਿਵੇਂ ਕਿਸੇ ਦੀ ਹੋ ਸਕਦੀ ਹੈ।

**ਕਬੀਰ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ॥**
**ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ॥**
ਮ: ੫ ਪੰਨਾ ੧੩੭੬

ਆਪਣੇ ਪਿਆਰੇ ਪ੍ਰੀਤਮ ਬਿਨਾਂ ਤਾਂ ਉਹ ਜਿਉਂਦੀ ਰਹਿ ਹੀ ਨਹੀਂ ਸਕਦੀ, ਉਸ ਦਾ ਪਿਆਰਾ ਹੀ ਤਾਂ ਉਸ ਦਾ ਆਪਣਾ ਸਭ ਕੁਝ ਹੈ, ਉਹ ਆਪਣੇ ਪਿਆਰੇ ਦੀ ਹੈ ਤੇ ਉਸ ਦਾ ਪਿਆਰਾ ਉਸ ਲਈ, ਹੋਰ ਕਿਸੇ ਤੋਂ ਕੀ ਲੈਣ-ਦੇਣ ? ਆਪਣੇ ਪਿਆਰੇ ਦੀ ਯਾਦ ਤੋਂ ਬਿਨਾਂ, ਉਸ ਦਾ ਮਨ ਧੀਰਜ ਹੀ ਨਹੀਂ ਫੜਦਾ। ਉਹ ਆਪਣੇ ਪਿਆਰੇ ਹਰਿ ਬਿਨਾਂ ਨਹੀਂ ਰਹਿ ਸਕਦੀ। ਉਸ ਦਾ ਦੋਸਤ, ਉਸ ਦਾ ਸੱਜਣ, ਉਸਦਾ ਦਾਤਾਰ, ਉਸ ਦਾ ਇੱਛਾ ਪੂਰਕ ਸਭ ਕੁਝ ਤਾਂ ਉਹ ਆਪ ਹੀ ਹੈ। ਇਸ ਲਈ ਕਾਮਣੀ ਹਮੇਸ਼ਾ ਹੀ ਉਸ ਨਾਲ ਭੋਗ ਕਰਨ ਦੀ ਕਾਮਨਾ ਨਾਲ ਲਾਲਾਯਿਤ ਰਹਿੰਦੀ ਹੈ :—

ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ॥
ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ॥
ਹਰਿ ਇਕੋ ਮੇਰਾ ਦਾਤਾਰੁ ਹੈ, ਸਿਰਿ ਦਾਤਿਆ ਜਗ ਹਥੁ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰ ਕੈ ਹਥੁ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ॥
ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ॥ ਮ: ੫ ਪੰਨਾ ੯੫੮

ਇਸ ਲਈ ਬਿਰਹਣ ਨੇ ਆਪਣੇ ਅਕਾਲ ਪੁਰਖ ਪ੍ਰੀਤਮ ਦਾ ਆਸਰਾ ਲਿਆ, ਉਸ ਦੇ ਚਰਨ-ਕੰਵਲਾਂ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ, ਇੰਝ ਕਰਨ ਨਾਲ ਉਸ ਦਾ ਸਰੀਰ ਪਵਿਤ੍ਰ ਹੋ ਗਿਆ, ਪੁਨੀਤ ਹੋ ਗਿਆ, ਪਾਵਨ ਹੋ ਗਿਆ। ਬਸ ਫਿਰ ਕੀ ਸੀ, ਉਸ ਨੂੰ ਦਿਬ ਦ੍ਰਿਸ਼ਟੀ ਪ੍ਰਾਪਤ ਹੋ ਗਈ, ਉਸ ਨੂੰ ਅਗਮ-ਨਿਗਮ ਦੀ ਸੋਝੀ ਪ੍ਰਾਪਤ ਹੋ ਗਈ, ਉਹ ਆਤਮਕ ਆਨੰਦ ਵਿੱਚ ਵਿਭੋਰ ਹੋ ਗਈ, ਆਪਣੇ ਗੁਰੂ ਦੇ ਸ਼ਬਦ ਰਾਹੀਂ, ਉਸ ਦਾ ਮਨ ਧੀਰਜ ਵਾਲਾ ਬਣ ਗਿਆ। ਉਸ ਦਾ ਮਨ ਭਟਕਣਾ ਤਿਆਗ ਕੇ ਬਿਸ੍ਰਾਮ ਦੀ ਅਵਸਥਾ ਪ੍ਰਾਪਤ ਕਰਕੇ, ਉਚ ਆਤਮਕ ਆਨੰਦ ਵਿੱਚ ਉਡਾਰੀਆਂ ਮਾਰਦਾ ਹੈ। ਉਹ ਕਾਮਣੀ ਆਪਣੇ ਇਸ਼ਟ ਦੀਆਂ ਵੱਡੀਆਂ ਵਡਿਆਈਆਂ ਵੇਖ ਕੇ ਧੀਰਜਵਾਨ ਹੋ ਗਈ, ਤੇ ਉਸ ਦੇ ਰੰਗਾਂ ਦਾ ਆਨੰਦ ਮਾਣ ਕੇ, ਉਸ ਨੂੰ ਕਦੇ ਵੀ ਵਿਸਾਰਨਾ ਨਹੀਂ ਚਾਹੁੰਦੀ ਤੇ ਇਸ ਲਈ ਆਪਣੇ ਦਾਤਾਰ ਕੋਲੋਂ ਦਾਨ ਮੰਗਦੀ ਹੈ।

ਧੀਰਉ ਦੇਖਿ ਤੁਮਾਰੈ ਰੰਗਾ॥
ਤੁਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ।।ਰਹਾਉ॥
ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ॥
ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ॥

ਬਿਲਾਵਲੁ ਮ: ੫ ਪੰਨਾ ੮੨੪

*ਭਾਵ :*

ਆਪਣੇ ਪਿਆਰੇ ਦੇ ਨਾਮ ਦੇ ਰੰਗ ਵਿੱਚ ਰੰਗਕੇ, ਉਸ ਦੀ ਸਿਫਤ ਸਲਾਹ ਕਰਦਿਆਂ-ਕਰਦਿਆਂ ਮਨੁੱਖ ਦਾ ਆਤਮਕ ਜੀਵਨ ਉੱਚਾ ਹੋ ਜਾਂਦਾ ਹੈ। ਜੀਵਾਤਮਾ ਨੂੰ ਭਰੋਸਾ ਹੋ ਜਾਂਦਾ ਹੈ ਕਿ ਇੱਕ ਅਕਾਲ ਪੁਰਖ ਹੀ ਜੀਵ ਦੇ ਨਾਲ ਸਦਾ ਨਿਭਣ ਵਾਲਾ ਸਾਥੀ ਹੈ।

# ਨਾ ਕੋਈ ਮੇਰਾ ਹਉ ਕਿਸੁ ਕੇਰਾ

## ਬਾਲਮੀਕ

ਬਾਲਮੀਕ ਜੀ ਭੀਲ ਜਾਤੀ ਦੇ ਸਨ। ਭੀਲਾਂ ਦਾ ਪੇਸ਼ਾ ਧਾੜਾ, ਡਕੈਤੀ ਸੀ। ਬਾਲਮੀਕ ਜੀ ਵੀ ਸੁਭਾਵਿਕ ਹੀ ਚੋਰੀ, ਧਾੜਾ ਡਕੈਤੀ ਦੇ ਕੰਮ ਵਿੱਚ ਜੁੱਟ ਗਏ। ਸਾਰਾ ਦਿਨ ਰਾਹ ਵਿੱਚ ਬੈਠੇ ਰਹਿੰਦੇ ਅਤੇ ਆਉਂਦੇ ਜਾਂਦੇ ਰਾਹੀਆਂ ਦੇ ਕਪੜੇ ਲਾਹ ਕੇ, ਜੋ ਕੁਝ ਉਨ੍ਹਾਂ ਕੋਲ ਹੁੰਦਾ ਲੁੱਟ ਖੋਹ ਕੇ ਘਰ ਲੈ ਜਾਂਦੇ। ਉਨ੍ਹਾਂ ਲੁੱਟੇ ਹੋਏ ਪਦਾਰਥਾਂ ਨੂੰ ਵੇਚ ਕੇ ਆਪਣੇ ਘਰ ਦਾ ਨਿਰਬਾਹ ਕਰਦੇ।

ਇੱਕ ਦਿਨ ਬਾਲਮੀਕ ਜੀ ਦੇ ਭਾਗ ਦਾ ਉਦੈ ਹੋਣਾ ਸੀ। ਇਸ ਕਰ ਕੇ ਜਿਸ ਰਸਤੇ ਵਿੱਚ ਉਹ ਬੈਠੇ ਸਨ, ਉਥੋਂ ਸੱਤ ਰਿਖੀ ਲੰਘੇ। ਬਾਲਮੀਕ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਕਿਹਾ, "ਜੋ ਕੁਝ ਤੁਹਾਡੇ ਕੋਲ ਹੈ, ਇਥੇ ਸੁੱਟ ਦਿਉ ਤੇ ਮੇਰੇ ਕੁਹਾੜੇ ਦੇ ਵਾਰ ਨੂੰ ਝੱਲਣ ਲਈ ਤਿਆਰ ਹੋ ਜਾਉ।" ਰਿਖੀਆਂ ਨੇ ਸਤਿ ਬਚਨ ਕਿਹਾ।

ਬਾਲਮੀਕ ਨੇ ਆਪਣੇ ਮੋਢੇ ਤੇ ਕੁਹਾੜਾ ਚੁੱਕ ਲਿਆ, ਪਰ ਉਨ੍ਹਾਂ ਨੂੰ ਮਾਰਨ ਦਾ ਹੌਂਸਲਾ ਨਹੀਂ ਸੀ ਪੈ ਰਿਹਾ। ਜਦੋਂ ਕੁਹਾੜਾ ਉਤਾਂਹ ਕਰਨ ਲੱਗਾ, ਉਸ ਕੋਲੋਂ ਕੁਹਾੜਾ ਉਪਰ ਨਾ ਚੁੱਕਿਆ ਗਿਆ। ਉਸ ਦੀਆਂ ਬਾਹਾਂ ਫੁੱਲ ਗਈਆਂ, ਜਿਵੇਂ ਕੁਹਾੜਾ ਕਈ ਮਣਾਂ ਦਾ ਹੋ ਗਿਆ ਹੋਵੇ। ਉਸ ਨੂੰ ਇਹ ਵੀ ਦਿਖਾਈ ਦਿੱਤਾ, ਜਿਨ੍ਹਾਂ ਨੂੰ ਉਹ ਮਾਰਨ ਲੱਗਾ ਸੀ, ਉਹ ਰਿਖੀ ਨਹੀਂ ਸਨ, ਸਗੋਂ ਉਸ ਦੇ ਘਰ ਦੇ ਜੀਅ ਸਨ। ਉਹ ਤਾਂ ਆਪਣੇ ਘਰ ਦੇ ਜੀਆਂ ਨੂੰ ਹੀ ਮਾਰਨ ਲੱਗਾ ਸੀ। ਉਹ ਕਿੰਨਾ ਚਿਰ ਸਿਰ ਨੀਵਾਂ ਕਰ ਕੇ ਮਰਨ ਲਈ ਤਿਆਰ ਖੜੋਤੇ ਰਹੇ ਪਰ ਬਾਲਮੀਕ ਨੇ ਵਾਰ ਨਹੀਂ ਕੀਤਾ।

ਵਿਸ਼ਵਾਮਿਤ੍ਰ ਨੇ ਬਾਲਮੀਕ ਨੂੰ ਪੁੱਛਿਆ, "ਕਿਉਂ ਭਾਈ, ਤੂੰ ਹੁਣ ਸਾਨੂੰ ਮਾਰਦਾ ਕਿਉਂ ਨਹੀਂ ?"

ਬਾਲਮੀਕ ਹੈਰਾਨ ਜਿਹਾ ਹੋ ਕੇ ਸਾਰਿਆਂ ਨੂੰ ਵੇਖ ਰਿਹਾ ਸੀ। ਉਸ ਨੇ ਉੱਤਰ ਦਿੱਤਾ, "ਮੇਰਾ ਕੁਹਾੜਾ ਭਾਰੀ ਹੋ ਗਿਆ ਸੀ, ਮੈਂ ਚੁੱਕ ਹੀ ਨਹੀਂ ਸਕਿਆ। ਤੁਸੀਂ ਜ਼ਰੂਰ ਕੋਈ ਖਾਸ ਮਹਾਂਪੁਰਖ ਹੋ ?"

ਰਿਖੀ ਗੌਤਮ ਨੇ ਸਵਾਲ ਕੀਤਾ, "ਆਖਰ ਤੂੰ ਦੱਸ, ਬੰਦਿਆਂ ਨੂੰ ਕਿਉਂ ਮਾਰਦਾ ਹੈਂ, ਕਿਉਂ ਲੁੱਟਦਾ ਹੈਂ ? ਖਾਣ ਵਾਸਤੇ ਤੇ ਹੋਰ ਪਦਾਰਥ ਬਹੁਤ ਹਨ?"

ਬਾਲਮੀਕ ਨੇ ਦੱਸਿਆ, "ਇਸ ਧੰਦੇ ਵਿੱਚ ਮੇਰੀ ਮਾਤਾ ਨੇ ਲਗਾਇਆ ਹੈ।"

ਵਿਸ਼ਵਾਮਿਤ੍ਰ ਨੇ ਉਸ ਨੂੰ ਅੱਖਾਂ ਮੀਟਣ ਲਈ ਆਖਿਆ ਤੇ ਉਸ ਨੂੰ ਨਰਕਾਂ ਦੇ ਭਿਆਨਕ ਦ੍ਰਿਸ਼ ਦਿਖਾ ਦਿੱਤੇ। ਬਾਲਮੀਕ ਦਾ ਹਿਰਦਾ ਕੰਬ ਉਠਿਆ। ਰਿਖੀਆਂ ਨੇ ਬਾਲਮੀਕ ਨੂੰ ਗਿਆਨ ਕਰਵਾਇਆ ਕਿ ਜੀਵ ਆਪਣੇ ਕਰਮਾਂ ਦਾ

ਫਲ ਆਪ ਭੁਗਤਦਾ ਹੈ, ਉਸ ਦਾ ਕੋਈ ਭਾਈਵਾਲ ਨਹੀਂ ਬਣਦਾ। ਸੰਤਾਂ ਨੇ ਬਾਲਮੀਕ ਨੂੰ ਆਖਿਆ, "ਤੁਸੀਂ ਘਰ ਜਾਵੋ ਤੇ ਆਪਣੇ ਸਕੇ ਸੰਬੰਧੀਆਂ ਨੂੰ ਪੁੱਛੋ ਕਿ ਉਹ ਤੇਰੇ ਪਾਪਾਂ ਦੇ ਭਾਗੀ ਬਣਨਗੇ।"

ਬਾਲਮੀਕ ਸੰਤਾਂ ਦਾ ਇਹ ਬਚਨ ਪਰਖਣ ਲਈ ਘਰ ਟੁਰ ਪਿਆ। ਉਸ ਨੂੰ ਡਾਕਾ ਮਾਰਨਾ ਤੇ ਖ਼ੂਨ ਕਰਨਾ ਭੁੱਲ ਗਿਆ। ਘਰ ਜਾ ਕੇ ਉਸ ਨੇ ਆਪਣੀ ਮਾਤਾ ਤੇ ਇਸਤ੍ਰੀ ਕੋਲੋਂ .ਪੁੱਛਿਆ ਕਿ ਉਹ ਧਰਮਰਾਜ ਦੇ ਮੰਗੇ ਲੇਖੇ ਵਿੱਚ ਸ਼ਾਮਲ ਹੋਣਗੇ। ਉਸ ਦੇ ਕੀਤੇ ਹੋਏ ਪਾਪਾਂ ਦਾ ਜੋ ਦੰਡ ਉਸ ਨੂੰ ਮਿਲੇਗਾ, ਉਸ ਵਿੱਚ ਹਿੱਸਾ ਵੰਡਾਉਣਗੇ। ਪਰਿਵਾਰ ਦੇ ਲੋਕਾਂ ਨੇ ਸਾਫ ਇਨਕਾਰ ਕਰ ਦਿੱਤਾ ਕਿ ਉਹ ਜੋ ਕੁਝ ਪਰਿਵਾਰ ਲਈ ਕਰ ਰਿਹਾ ਹੈ, ਇਹ ਉਸ ਦਾ ਫਰਜ਼ ਹੈ। ਉਹ ਕੋਈ ਉਨ੍ਹਾਂ ਉਤੇ ਅਹਿਸਾਨ ਨਹੀਂ ਕਰ ਰਿਹਾ। ਬਾਲਮੀਕ ਨੂੰ ਸਮਝ ਆ ਗਈ ਕਿ ਪਰਿਵਾਰ ਦੇ ਲੋਕ ਸਭ ਸਵਾਰਥੀ ਹਨ, ਮਤਲਬੀ ਹਨ, ਮਨੁੱਖ ਜੋ ਕਰਮ ਕਰਦਾ ਹੈ, ਉਸ ਦਾ ਫਲ ਉਸ ਨੂੰ ਆਪ ਹੀ ਆਪਣੇ ਸਰੀਰ ਤੇ ਭੋਗਣਾ ਪੈਂਦਾ ਹੈ। ਉਹ ਨਿਰਾਸ਼ ਹੋ ਗਿਆ ਤੇ ਉਸ ਦੇ ਹੋਠਾਂ ਤੇ ਸੀ :

**ਨਾ ਕੋਈ ਮੇਰਾ ਹਉ ਕਿਸੁ ਕੇਰਾ॥**

ਉਹ ਰਿਖੀਆਂ ਦੇ ਚਰਨਾਂ ਤੇ ਜਾ ਡਿੱਗਾ। ਵਿਸ਼ਵਾਮਿਤ੍ਰ ਨੇ "ਮਰਾ ਮਰਾ" ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ, ਤੇ ਨਾਲ ਹੀ ਨੇਕ ਕਮਾਈ ਕਰਨ ਲਈ ਸਮਝਾਇਆ। ਬ੍ਰਹਮ ਸ਼ਕਤੀ ਨਾਲ ਮਰਾ ਤੋਂ ਅੱਖਰ ਉਲਟ ਕੇ ਰਾਮ ਸ਼ਬਦ ਬਣ ਗਿਆ। ਬਾਲਮੀਕ ਜੀ ਦਿਨ ਰਾਤ ਆਪਣੀ ਰਸਨਾ ਨਾਲ ਰਾਮ ਨਾਮ ਦਾ ਜਾਪ ਕਰਨ ਲੱਗ ਪਏ। ਮਨ ਨਿਰਮਲ ਸ਼ੁੱਧ ਹੋ ਗਿਆ। ਸਮਾਧੀ ਵਿੱਚ ਕਈ ਵਰ੍ਹੇ ਲੰਘ ਗਏ। ਕੁਝ ਸਮੇਂ ਪਿਛੋਂ ਉਹੀ ਸੱਤੇ ਰਿਖੀ ਉਸੇ ਰਾਹ ਤੋਂ ਲੰਘੇ ਤੇ ਉਨ੍ਹਾਂ ਨੂੰ ਬਾਲਮੀਕ ਯਾਦ ਆ ਗਿਆ। ਉਹ ਉਸ ਦੀ ਭਾਲ ਕਰਨ ਲਗੇ। ਉਨ੍ਹਾਂ ਨੇ ਆਪਣੀ ਨਜ਼ਰ ਚਾਰ ਚੁਫੇਰੇ ਦੁੜਾਈ ਤੇ ਉਨ੍ਹਾਂ ਨੂੰ ਇਕ ਦੀਮਕ ਦੀ ਮਿੱਟੀ ਦੇ ਢੇਰ ਵਿਚੋਂ ਰਾਮ ਰਾਮ ਦੀ ਆਵਾਜ਼ ਸੁਣਾਈ ਦਿੱਤੀ। ਆਵਾਜ਼ ਸੁਣਦਿਆਂ ਹੀ ਉਨ੍ਹਾਂ ਰਿਖੀਆਂ ਨੇ ਬਾਲਮੀਕ ਨੂੰ ਬਾਹਰ ਕੱਢਿਆ। ਜਦੋਂ ਬਾਲਮੀਕ ਨੂੰ ਹੋਸ਼ ਆਈ ਤਾਂ ਉਹ ਉਨ੍ਹਾਂ ਰਿਖੀਆਂ ਦੇ ਚਰਨਾਂ ਤੇ ਡਿੱਗ ਕੇ ਧੰਨ ਧੰਨ ਹੋ ਗਏ। ਉਨ੍ਹਾਂ ਦਾ ਸਰੀਰ ਪਾਵਨ ਪਵਿਤਰ ਹੋ ਗਿਆ।

**ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥**

ਇੱਕ ਰਸ ਨਿਰੰਤਰ ਭਜਨ ਕਰਦਿਆਂ ਬਾਲਮੀਕ ਜੀ ਉਨ੍ਹਾਂ ਉੱਚ ਅਧਿਆਤਮਕ ਸ਼ਿਖਰਾਂ ਤੇ ਪਹੁੰਚ ਗਏ ਕਿ ਉਨ੍ਹਾਂ ਨੂੰ ਅਗਮ ਨਿਗਮ ਦੀ ਸੋਝੀ ਹੋ ਗਈ। ਭੂਤ ਭਵਿੱਖ ਦੀ ਸੋਝੀ ਹੋ ਗਈ ਅਤੇ ਰਾਮ ਚੰਦਰ ਜੀ ਦੇ ਅਵਤਾਰ ਤੋਂ ਭੀ ਕਈ ਹਜ਼ਾਰ ਬਰਸ ਪਹਿਲਾਂ ਹੀ ਰਾਮਾਇਣ ਲਿਖ ਦਿੱਤੀ ਜੋ ਵਿਸ਼ਵ

ਵਿਖਿਆਤ ਹੈ। ਇਹ ਸਭ ਕੁਝ ਉਨ੍ਹਾਂ ਨੂੰ ਪੂਰਨ ਸਤਿਗੁਰੂ ਦੀ ਪ੍ਰਾਪਤੀ ਤੋਂ ਬਾਅਦ ਹੀ ਪ੍ਰਾਪਤ ਹੋ ਸਕਿਆ। ਮਾਤਾ ਸੀਤਾ ਜੀ ਨੇ ਬਾਲਮੀਕ ਜੀ ਦੇ ਆਸ਼ਰਮ ਵਿੱਚ ਲਵ ਤੇ ਕੁਸ਼ ਨੂੰ ਜਨਮ ਦਿੱਤਾ ਤੇ ਇਸ ਮਹਾਂਪੁਰਖ ਕੋਲੋਂ ਵਿੱਦਿਆ ਗ੍ਰਹਿਣ ਕਰ ਕੇ ਐਨੇ ਯੋਗ ਹੋ ਗਏ ਸਨ ਕਿ ਆਂਪਣੇ ਪਿਤਾ ਨਾਲ ਯੁੱਧ ਕਰ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਲਮੀਕ ਜੀ ਨੂੰ ਉਪ ਅਵਤਾਰਾਂ ਵਿੱਚ ਬ੍ਰਹਮਾ ਦਾ ਪਹਿਲਾ ਅਵਤਾਰ ਲਿਖਿਆ ਹੈ। ਭਾਈ ਗੁਰਦਾਸ ਜੀ ਨੇ ਵੀ ਬਾਲਮੀਕ ਜੀ ਦੀ ਜੀਵਨੀ ਨੂੰ ਬੜੇ ਸੰਖੇਪ ਅਤੇ ਸੁੰਦਰ ਢੰਗ ਨਾਲ ਵਰਣਨ ਕੀਤਾ ਹੈ।

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ॥*
*ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ॥*
*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ॥*
*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੇਹਾੜਾ॥*
*ਅਉਗੁਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ॥*
*ਘਰ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ॥*
*ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ॥*
*ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ॥*
*ਗੁਰਮੁਖ ਲੰਘੇ ਪਾਪ ਪਹਾੜਾ॥ ਵਾਰ ੧੦ ਪਉੜੀ ੧੯*

## ੪

**ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥**
**ਸਾਜਨ ਮਿਲੇ ਸਹਿਜ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥**
**ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥**
**ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥**
**ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥**
**ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥੪॥**

***ਸ਼ਬਦਾਰਥ :***

ਸਹਿਜ—ਸਹਜ ਅਵਸਥਾ ਵਿੱਚ ਟਿਕੇ ਹੋਏ, ਆਤਮਕ ਅਡੋਲਤਾ ਵਿੱਚ ਟਿਕੇ ਹੋਏ। ਸੁਭਾਇ—ਪ੍ਰੇਮ ਵਿੱਚ ਟਿਕੇ ਹੋਏ ਨੂੰ। ਸਿਉ—ਨਾਲ। ਜਾ—ਜਦੋਂ। ਪ੍ਰਭ-ਭਾਵੈ—ਪ੍ਰਭੂ ਨੂੰ ਚੰਗਾ ਲੱਗਦਾ ਹੈ। ਧਨ—ਜੀਵ ਰੂਪ ਇਸਤ੍ਰੀ। ਊਭੀ—ਉੱਚੀ ਹੋ ਹੋ ਕੇ, ਉਤਾਵਲੀ। ਸਾਰੀ—ਸੰਭਾਲਦੀ ਹੈ। ਘਰਿ ਘਰਿ—ਹਰੇਕ ਹਿਰਦੇ ਘਰ ਵਿੱਚ। ਕੰਤੁ—ਪ੍ਰਭੂ, ਪਤੀ। ਰਾਵੈ—ਰੰਗ ਮਾਣਦਾ ਹੈ। ਹਉ—ਮੈਨੂੰ। ਉਨਵਿ—ਨਿਵਕੇ, ਲਿਫਕੇ, ਹੇਠਾਂ ਆ ਕੇ। ਘਨ—ਬਾਦਲ। ਬਰਸੁ—ਵਰਖਾ ਕਰ। ਸੁਭਾਏ—ਪ੍ਰੇਮ ਨਾਲ। ਸੁਖਾਵੇ—ਸੁਖ ਦੇਂਦਾ ਹੈ।

***ਵਿਆਖਿਆ :***

ਬਿਰਹਣੀ ਸਾਰੀ ਦੀ ਸਾਰੀ ਆਪਣੇ ਪ੍ਰੀਤਮ ਦੀ ਹੋ ਗਈ, ਸਾਰਾ ਕੁਝ ਸਮਰਪਣ ਕਰ ਦਿੱਤਾ ਤੇ ਫਿਰ ਉਸ ਦੇ ਹਿਰਦੇ ਘਰ ਵਿੱਚ ਟਿਕ ਜਾਂਦੀ ਹੈ। ਇਸ ਅਡੋਲ ਅਵਸਥਾ ਵਿੱਚ ਟਿਕੀ ਹੋਈ ਪ੍ਰੇਮਿਕਾ ਨੂੰ ਉਸ ਪ੍ਰੇਮ ਦੇ ਆਨੰਦ ਵਿੱਚ ਵਿਭੋਰ ਹੋਈ ਸਜਨੀ ਨੂੰ, ਉਸ ਦਾ ਸਾਜਨ, ਉਸ ਦਾ ਪ੍ਰੇਮੀ, ਉਸ ਦਾ ਇਸ਼ਟ ਪ੍ਰਭੂ ਆ ਮਿਲਦਾ ਹੈ, ਉਸ ਦਾ ਚਿੱਤ ਕਰਦਾ ਹੈ ਕਿ ਉਹ ਹਮੇਸ਼ਾ-ਹਮੇਸ਼ਾ ਲਈ ਉਸ ਦਾ ਸੁੰਦਰ ਮੁਖੜਾ ਨਿਹਾਰਦੀ ਰਹੇ :

**ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ॥**

ਮ: ੫ ਪੰਨਾ ੧੧੦੦

ਉਸ ਦੀ ਆਪਣੇ ਪਿਆਰੇ ਹਰਿ ਜੀ ਨਾਲ ਪ੍ਰੀਤ ਬਣ ਜਾਂਦੀ ਹੈ। ਉਸ ਦੇ ਰੋਮ-ਰੋਮ ਵਿੱਚ ਉਸ ਦੇ ਪਿਆਰੇ ਦੀ ਪ੍ਰੀਤ ਸਮਾ ਗਈ ਹੈ। ਉਹ ਤਾਂ ਹਰ ਵੇਲੇ ਉਸ ਦੇ ਪਿਆਰ ਵਿੱਚ ਤੜਪਦੀ ਹੈ। ਉਸ ਨੂੰ ਮਿਲ ਕੇ ਉਸ ਦੇ ਦਰਸ਼ਨ ਪ੍ਰਾਪਤ ਕਰ ਕੇ ਹੀ ਸਾਂਤਵਨਾ ਗ੍ਰਹਿਣ ਕਰ ਸਕਦੀ ਹੈ।

ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ॥
ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥੧॥
ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ॥
ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ॥ਰਹਾਉ॥
ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ॥
ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ॥

ਸੋਰਠ ਮ: ੪ ਪੰਨਾ ੬੦੭

ਉਸ ਦਾ ਹਿਰਦਾ ਅਕਾਲ-ਪੁਰਖ ਪ੍ਰਭੂ ਦੇ ਟਿਕਣ ਲਈ ਮੰਦਰ ਬਣ ਜਾਂਦਾ ਹੈ। ਜਦੋਂ ਪ੍ਰਭੂ ਪ੍ਰੀਤਮ ਨੂੰ ਚੰਗਾ ਲੱਗਦਾ ਹੈ, ਉਹ ਉਸ ਜੀਵ ਰੂਪੀ ਇਸਤ੍ਰੀ ਦੇ ਹਿਰਦੇ ਮੰਦਰ ਵਿੱਚ ਆਣ ਕੇ ਨਿਵਾਸ ਕਰਦਾ ਹੈ। ਉਹ ਜੀਵ ਰੂਪੀ ਇਸਤ੍ਰੀ ਉਤਾਵਲੀ ਹੋ ਹੋ ਕੇ ਉਸ ਦੇ ਗੁਣਾਂ ਦਾ ਗਾਇਨ ਕਰਦੀ ਹੈ ਤੇ ਫਿਰ ਉਸ ਦੇ ਹਿਰਦੇ ਅੰਦਰ ਇਕ ਪ੍ਰਸ਼ਨ ਉੱਠਦਾ ਹੈ ਕਿ ਹਰੇਕ ਭਾਗਾਂ ਵਾਲੀ ਦੇ ਹਿਰਦੇ -ਘਰ ਵਿੱਚ ਉਸ ਦਾ ਅਕਾਲ-ਪੁਰਖ ਇਸ਼ਟ ਉਸ ਨਾਲ ਰੰਗ ਰਲੀਆਂ ਮਾਣਦਾ ਹੈ, ਪਤਾ ਨਹੀਂ ਉਸ ਕੋਲੋਂ ਕੀ ਭੁੱਲ ਹੋ ਗਈ ਹੈ ਕਿ ਉਸ ਨੇ ਬਿਰਹਣੀ ਨੂੰ ਭੁਲਾ ਦਿੱਤਾ ਹੈ ? ਉਹ ਤਾਂ ਆਪਣੇ ਪਿਆਰੇ ਨੂੰ ਇੱਕ ਛਿਨ ਮਾਤਰ ਲਈ ਵੀ ਨਹੀਂ ਭੁਲਉਣਾ ਚਹੁੰਦੀ ਹੈ ਤੇ ਉਸ ਦਾ ਪਿਆਰਾ ਵੀ ਉਸ ਨੂੰ ਕਿਉਂ ਵਿਸਾਰ ਦੇਵੇ ? ਇਸ ਲਈ ਉਹ ਆਪਣੇ ਪ੍ਰੀਤਮ ਦੇ ਚਰਨਾਂ ਵਿੱਚ ਬੇਨਤੀ ਕਰਦੀ ਹੈ :

ਵਿਸਰੁ ਨਾਹੀ ਪ੍ਰਭ ਦੀਨ ਦਇਆਲਾ॥
ਤੇਰੀ ਸਰਣਿ ਪੂਰਨ ਕਿਰਪਾਲਾ॥ਰਹਾਉ॥
ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ॥
ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ॥
ਤੇਰੇ ਜੀਅ ਤੂ ਸਦ ਹੀ ਸਾਥੀ॥
ਸੰਸਾਰ ਸਾਗਰ ਤੇ ਕਢੁ ਦੇ ਹਾਥੀ॥
ਆਵਣੁ ਜਾਣਾ ਤੁਮ ਹੀ ਕੀਆ॥
ਜਿਸੁ ਤੂ ਰਾਖਹਿ ਤਿਸੁ ਦੂਖੁ ਨ ਥੀਆ॥
ਤੂ ਏਕੋ ਸਾਹਿਬੁ ਅਵਰੁ ਨ ਹੋਰਿ॥
ਬਿਨਉ ਕਰੈ ਨਾਨਕੁ ਕਰ ਜੋਰਿ॥

ਵਡਹੰਸ ਮ: ੫ ਪੰਨਾ ੫੬੩

ਕਾਮਣੀ ਲੋਚਦੀ ਹੈ ਕਿ ਉਸ ਦਾ ਪਿਆਰਾ ਪ੍ਰੀਤਮ ਉਸ ਤੇ ਮਿਹਰਾਂ ਬਖਸ਼ਸ਼ਾਂ ਦੇ ਦੁਆਰ ਖੋਲ੍ਹ ਦੇਵੇ ਤੇ ਉਸ ਦੇ ਘਰ ਅੰਦਰ ਆ ਕੇ ਨਿਵਾਸ ਕਰੇ। ਇਸ ਲਈ ਉਹ ਆਪਣੇ ਪਿਆਰੇ ਮੋਹਨ ਅੱਗੇ ਘਰ ਆਉਣ ਲਈ ਜੋਦੜੀਆਂ ਕਰਦੀ ਹੈ : —

**ਮੋਹਨ ਘਰਿ ਆਵਹੁ ਕਰਉ ਜੋਦਰੀਆ॥**
**ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ॥ਰਹਾਉ॥**
**ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ॥**
**ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ॥**

ਸਾਰਗ ਮ: ੫ ਪੰਨਾ ੧੨੦੯

ਉਹ ਆਪਣੇ ਪਿਆਰੇ ਦੇ ਚਰਨਾਂ ਵਿੱਚ ਤਰਲੇ ਬੇਨਤੀਆਂ, ਅਰਜ਼ੋਈਆਂ ਕਰਦੀ ਹੈ ਕਿ ਉਹ ਕ੍ਰਿਪਾ ਕਰਨ ਤੇ ਬੱਦਲ ਜੋ ਕਿ ਲਿਫਕੇ ਘਟਾ ਬਣ ਕੇ ਆਏ ਹਨ, ਪ੍ਰੇਮ ਨਾਲ ਰਿਮ-ਝਿਮ, ਰਿਮ-ਝਿਮ ਕਰ ਕੇ ਵਰਖਾ ਕਰਨ, ਉਸ ਪਿਆਰੇ ਦੇ ਪਿਆਰ ਦੀ ਸਿਫਤ-ਸਲਾਹ ਦੀ ਵਰਖਾ ਬਿਰਹਣੀ ਦੇ ਮਨ ਵਿੱਚ, ਤਨ ਵਿੱਚ ਆਨੰਦ-ਹੁਲਾਸ ਅਤੇ ਖੇੜਾ ਪੈਦਾ ਕਰਦੀ ਹੈ।

**ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ॥**
**ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ॥**
**ਰੰਗੁ ਰਹਿਆ ਤਿਨ ਕਾਮਣੀ ਜਿਨ ਮਨਿ ਭਉ ਭਾਉ ਹੋਇ॥**
**ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ॥**

ਮ: ੩, ਪੰਨਾ ੧੨੮੦

ਜਿਸ ਸੁਭਾਗ ਹਿਰਦੇ ਮੰਦਰ ਵਿੱਚ ਸਿਫਤਿ ਸਲਾਹ ਦੀ ਬਾਣੀ ਦੀ ਵਰਖਾ ਹੁੰਦੀ ਹੈ, ਅਕਾਲ ਪੁਰਖ ਪ੍ਰੀਤਮ ਆਪਣੀ ਕਿਰਪਾ ਧਾਰ ਕੇ ਆਪ ਉਥੇ ਆਪਣਾ ਨਿਵਾਸ ਬਣਾ ਲੈਂਦੇ ਹਨ ਤੇ ਉਥੇ ਆਣ ਟਿਕਦੇ ਹਨ।

***ਭਾਵ :***

ਜਦੋਂ ਮਨੁੱਖ ਅਕਾਲ ਪੁਰਖ ਪ੍ਰਭੂ ਪ੍ਰਮਾਤਮਾ ਦਾ ਸਿਮਰਨ ਕਰਨ ਵਿੱਚ ਲੱਗ ਜਾਂਦਾ ਹੈ, ਉਸ ਦਾ ਮਨ ਦੁਨੀਆਵੀ ਵਿਕਾਰਾਂ ਵਲੋਂ ਅਡੋਲ ਹੋ ਜਾਂਦਾ ਹੈ, ਉਸ ਦੇ ਹਿਰਦੇ ਅੰਦਰ ਹਰ ਵੇਲੇ ਆਪਣੇ ਪ੍ਰਮਾਤਮਾ ਦੇ ਮਿਲਾਪ ਦੀ ਖਿੱਚ ਬਣੀ ਰਹਿੰਦੀ ਹੈ।

# ਹਰਿ ਸਿਉ ਪ੍ਰੀਤਿ ਬਣੀ

### *ਭਗਤ ਪ੍ਰਹਿਲਾਦ*

ਪ੍ਰਹਿਲਾਦ ਦਾ ਨਾਮ ਪ੍ਰਭੂ ਭਗਤਾਂ ਤੇ ਪਿਆਰਿਆਂ ਦੇ ਨਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੇ ਹਿਰਦੇ ਅੰਦਰ ਪ੍ਰਭੂ ਪ੍ਰਮਾਤਮਾ ਦੇ ਮਿਲਾਪ ਦੀ ਅਥਾਹ ਖਿੱਚ ਉਤਪੰਨ ਹੋ ਗਈ ਤੇ ਉਹ ਆਪਣੇ ਪਿਆਰੇ ਹਰਿ ਜੀ ਨੂੰ ਹਿਰਦੇ ਅੰਦਰ ਵਸਾ ਕੇ ਨਾਮ ਜਪ ਕੇ, ਹਮੇਸ਼ਾਂ-ਹਮੇਸਾਂ ਲਈ ਉਸ ਦੇ ਬਣ ਗਏ। ਉਨ੍ਹਾਂ ਦੀ

ਮਾਤਾ ਕਿਆਸੂ ਨੂੰ ਨਾਰਦ ਮੁਨੀ ਜੀ ਨੇ ਆਪਣੀ ਪੁੱਤਰੀ ਵਾਂਗ ਆਪਣੇ ਆਸ਼ਰਮ ਵਿੱਚ ਰਖਿਆ ਹੋਇਆ ਸੀ। ਸਮੇਂ-ਸਮੇਂ ਉਹ ਉਸ ਨੂੰ ਅਕਾਲ-ਪੁਰਖ ਪ੍ਰਭੂ ਦੀਆਂ ਸਾਖੀਆਂ ਤੇ ਕਥਾ ਪ੍ਰਸੰਗ ਸੁਣਾਇਆ ਕਰਦੇ ਸਨ। ਨਾਰਦ ਮੁਨੀ ਜੀ ਦੇ ਆਸ਼ਰਮ ਵਿੱਚ ਹੀ ਭਗਤ ਪ੍ਰਹਿਲਾਦ ਜੀ ਦਾ ਜਨਮ ਹੋਇਆ। ਪ੍ਰਹਿਲਾਦ ਜੀ ਦੇ ਪਿਤਾ ਹਰਨਾਖਸ਼ ਨੇ ਕਠਿਨ ਤਪਸਿਆ ਕਰ ਕੇ ਅਕਾਲ ਪੁਰਖ ਕੋਲੋਂ ਅਮਰ ਹੋਣ ਦਾ ਵਰ ਪ੍ਰਾਪਤ ਕਰ ਲਿਆ। ਉਹ ਹੁਣ ਆਪਣੇ ਆਪ ਨੂੰ ਹੀ ਰੱਬ ਸਮਝ ਬੈਠਾ ਸੀ ਤੇ ਇਸ ਕਰ ਕੇ ਸਾਰੇ ਲੋਕ ਉਸ ਨੂੰ ਰੱਬ ਸਮਝ ਕੇ ਉਸ ਦੀ ਪੂਜਾ ਕਰਦੇ, ਉਸ ਦਾ ਹੀ ਨਾਮ ਜਪਦੇ। ਰੱਬ ਦੇ ਨਾਮ ਲੈਣ ਦਾ ਰਾਜੇ ਵੱਲੋਂ ਕਿਸੇ ਨੂੰ ਹੁਕਮ ਨਹੀਂ ਸੀ। ਪ੍ਰਹਿਲਾਦ ਜਦੋਂ ਛੇ ਸਾਲ ਦਾ ਹੋਇਆ ਤਾਂ ਉਸ ਨੂੰ ਪੜ੍ਹਨ ਲਈ ਪਾਠਸ਼ਾਲਾ ਭੇਜਿਆ। ਉਥੇ ਜਦੋਂ ਸਾਰੇ ਬੱਚੇ ਪੜ੍ਹਨ ਵਿੱਚ ਰੁੱਝੇ ਹੁੰਦੇ, ਪ੍ਰਹਿਲਾਦ ਵੱਖਰਾ ਬੈਠ ਕੇ ਪ੍ਰਭੂ-ਭਗਤੀ ਵਿੱਚ ਲੀਨ ਹੋ ਜਾਂਦਾ। ਜਦੋਂ ਪਾਂਧੇ ਨੇ ਪ੍ਰਹਿਲਾਦ ਨੂੰ ਪੱਟੀ ਤੇ ਲਿਖਣ ਲਈ ਆਖਿਆ ਤਾਂ ਉਸ ਨੇ ਰਾਮ-ਰਾਮ ਨਾਲ ਪੱਟੀ ਭਰ ਦਿੱਤੀ। ਰਾਮ ਦਾ ਨਾਮ ਪੱਟੀ ਤੇ ਲਿਖਿਆ ਦੇਖ ਕੇ ਪਾਂਧਾ ਅਤਿ ਕ੍ਰੋਧਿਤ ਹੋ ਗਿਆ। ਪਰ ਪ੍ਰਹਿਲਾਦ ਤੇ ਕੋਈ ਅਸਰ ਨਾ ਹੋਇਆ। ਪਾਂਧੇ ਨੇ ਜਾ ਕੇ ਹਰਨਾਖਸ਼ ਅੱਗੇ ਸ਼ਿਕਾਇਤ ਕੀਤੀ ਕਿ ਪ੍ਰਹਿਲਾਦ ਬਿਲਕੁਲ ਨਹੀਂ ਪੜ੍ਹਦਾ ਸਗੋਂ ਰਾਮ ਦਾ ਨਾਮ ਹੀ ਪੜ੍ਹਦਾ ਹੈ।

**ਸੰਡਾ ਮਰਕਾ ਜਾਇ ਪੁਕਾਰੇ॥ ਪੜੈ ਨਹੀ ਹਮ ਹੀ ਪਚਿ ਹਾਰੇ॥**
**ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ॥**

(ਭੈਰਉ ਨਾਮਦੇਵ ਪੰਨਾ ੧੧੯੫)

ਉਹ ਆਪ ਤਾਂ ਵਿਗੜਿਆ ਹੀ ਹੈ, ਨਾਲ ਸਾਰੇ ਵਿਦਿਆਰਥੀਆਂ ਨੂੰ ਵੀ ਵਿਗਾੜ ਦਿੱਤਾ ਹੈ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਪਹਿਲਾਂ ਬੜੇ ਪਿਆਰ ਨਾਲ ਸਮਝਾਇਆ ਕਿ ਉਹ ਰਾਮ ਦਾ ਨਾਮ ਲੈਣਾ ਛੱਡ ਦੇਵੇ ਪਰ ਪ੍ਰਹਿਲਾਦ ਦੀ ਤਾਂ— ਹਰਿ ਸਿਉ ਪ੍ਰੀਤਿ ਬਣੀ॥

ਪ੍ਰੀਤ ਵੀ ਬੜੀ ਡੂੰਘੀ, ਬੜੀ ਗਹਿਰੀ ਸੀ, ਜਿਸ ਦਾ ਥਾਹ ਬੜਾ ਔਖਾ ਸੀ। ਉਸ ਪਿਆਰੇ ਦੀ ਪ੍ਰੀਤ ਦੇ ਸਾਹਮਣੇ ਪ੍ਰਹਿਲਾਦ ਨੂੰ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਜਦੋ' ਪ੍ਰਹਿਲਾਦ ਨੇ ਆਪਣੇ ਪਿਤਾ ਦਾ ਕਹਿਣਾ ਨਾ ਮੰਨਿਆ ਤਾਂ ਫਿਰ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ। ਪਿਤਾ ਨੇ ਪੁੱਤਰ ਨੂੰ ਪੁੱਛਿਆ, "ਦੱਸ ਤੇਰਾ ਰਾਮ ਕਿੱਥੇ ਹੈ ?"

ਪ੍ਰਹਿਲਾਦ ਨੇ ਉੱਤਰ ਦਿੱਤਾ, "ਮੇਰਾ ਰਾਮ ਸਰਬ ਵਿਆਪੀ ਹੈ। ਜਿਧਰ ਮੈਂ ਵੇਖਦਾ ਹਾਂ, ਉਧਰ ਮੈਨੂੰ ਮੇਰੇ ਰਾਮ ਦੇ ਹੀ ਦਰਸ਼ਨ ਹੁੰਦੇ ਹਨ।"

ਜਦੋਂ ਵੇਖਿਆ ਕਿ ਪ੍ਰਹਿਲਾਦ ਆਪਣੇ ਪਿਤਾ ਦੇ ਹੁਕਮ ਵਿੱਚ ਨਹੀਂ, ਰਾਜੇ ਨੇ ਰਾਜ ਦਰਬਾਰ ਵਿੱਚ ਫ਼ੈਸਲਾ ਕੀਤਾ ਕਿ ਪ੍ਰਹਿਲਾਦ ਨੂੰ ਜਾਨ ਤੋਂ ਮਾਰ

ਦੇਣਾ ਹੀ ਚੰਗਾ ਹੈ। ਉਸ ਵੇਲੇ ਜਲਾਦਾਂ ਨੂੰ ਹੁਕਮ ਹੋਇਆ ਕਿ ਪ੍ਰਹਿਲਾਦ ਨੂੰ ਪਹਾੜ ਤੋਂ ਸੁਟ ਕੇ ਚਕਨਾਚੂਰ ਕਰ ਦਿੱਤਾ ਜਾਵੇ। ਹੁਕਮ ਮੰਨਿਆ ਗਿਆ, ਪ੍ਰਹਿਲਾਦ ਨੂੰ ਪਹਾੜ ਤੋਂ ਸੁਟਿਆ ਗਿਆ ਪਰ ਉਸ ਦਾ ਕੁਝ ਨਾ ਵਿਗੜਿਆ। ਫਿਰ ਉਸ ਨੂੰ ਰੱਸਿਆਂ ਨਾਲ ਬੰਨ ਕੇ, ਇੱਕ ਬਹੁਤ ਉੱਚੇ ਰੁੱਖ ਤੋਂ ਸੁੱਟਿਆ ਗਿਆ, ਉਸ ਦਾ ਫਿਰ ਵੀ ਕੁਝ ਨਾ ਵਿਗੜਿਆ। ਪਾਣੀ ਵਿੱਚ ਡੋਬਣ ਦਾ ਯਤਨ ਕੀਤਾ ਗਿਆ ਪਰ ਉਹ ਨਾ ਡੁੱਬਿਆ। ਹਰਨਾਖਸ਼ ਦੀ ਭੈਣ ਹੋਲਕਾ ਸੀ। ਉਸ ਨੇ ਅਖਿਆ ਕਿ ਉਹ ਪ੍ਰਹਿਲਾਦ ਨੂੰ ਆਪਣੀ ਗੋਦ ਵਿੱਚ ਲੈਕੇ ਅੱਗ ਵਿੱਚ ਬੈਠ ਜਾਵੇਗੀ। ਉਹ ਉਸੇ ਤਰ੍ਹਾਂ ਹੀ ਪ੍ਰਹਿਲਾਦ ਨੂੰ ਆਪਣੀ ਗੋਦ ਵਿੱਚ ਲੈਕੇ ਅੱਗ ਵਿੱਚ ਬਹਿ ਗਈ। ਉਸ ਨੇ ਇਹ ਸੋਚਿਆ ਸੀ ਕਿ ਪ੍ਰਹਿਲਾਦ ਤਾਂ ਸੜ ਜਾਵੇਗਾ ਪਰ ਉਹ ਅੱਗ ਤੋਂ ਬੱਚ ਜਾਵੇਗੀ ਪਰ ਹੋਇਆ ਇਸ ਤੋਂ ਉਲਟ। ਉਸ ਦੀ ਭੂਆ ਹੋਲਕਾ ਤਾਂ ਸੜ ਕੇ ਸੁਆਹ ਹੋ ਗਈ ਪਰ ਪ੍ਰਹਿਲਾਦ ਦੇ ਲੂੰ ਤੱਕ ਨੂੰ ਵੀ ਸੇਕ ਨਾ ਲੱਗਾ ਕਿਉਂਕਿ ਉਸ ਦੇ ਹਿਰਦੇ ਵਿੱਚ ਰਾਮ ਦਾ ਵਾਸ ਸੀ, ਉਸ ਦੀ ਰਾਮ ਨਾਲ ਗੂੜ੍ਹੀ ਪ੍ਰੀਤ ਸੀ, ਰਾਮ ਜੀ ਉਸ ਦੇ ਅੰਗ-ਸੰਗ ਰੱਖਿਅਕ ਸਨ।

ਹਰਨਾਖਸ਼ ਜਦੋਂ ਪ੍ਰਹਿਲਾਦ ਦਾ ਕੁਝ ਨਾ ਵਿਗਾੜ ਸਕਿਆ ਤਾਂ ਉਸ ਨੇ ਪ੍ਰਹਿਲਾਦ ਨੂੰ ਤਪਦੇ ਲੋਹੇ ਦੇ ਥੰਮ ਨੂੰ ਜੱਫੀ ਮਾਰਨ ਲਈ ਕਿਹਾ। ਭਗਤ ਪ੍ਰਹਿਲਾਦ ਦਾ ਕੁਝ ਵੀ ਨਾ ਵਿਗੜਿਆ। ਹਰਨਾਖਸ਼ ਦੇ ਗੁੱਸੇ ਦਾ ਅੰਤ ਨਹੀ ਸੀ। ਜਿਉਂ ਹੀ ਉਸ ਨੇ ਆਪਣੀ ਤਲਵਾਰ ਪ੍ਰਹਿਲਾਦ ਨੂੰ ਮਾਰਨ ਲਈ ਚੁੱਕੀ, ਉਸੇ ਵੇਲੇ ਨਰਸਿੰਘ ਦਾ ਰੂਪ ਧਾਰਨ ਕਰਕੇ ਹਰਨਾਖਸ਼ ਨੂੰ ਆਪਣੇ ਹੱਥਾਂ ਨਾਲ ਫੜ ਕੇ ਉਸ ਦਾ ਪੇਟ ਚੀਰ ਸੁੱਟਿਆ, ਅੰਤੜੀਆਂ ਬਾਹਰ ਆ ਗਈਆਂ।

ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ॥
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ॥
(ਭਾ. ਗੁਰਦਾਸ ਵਾਰ ੧੦/੨)

ਇਸ ਤਰ੍ਹਾਂ ਹਰਨਾਖਸ਼ ਦਾ ਅੰਤ ਹੋਇਆ ਤੇ ਪ੍ਰਹਿਲਾਦ ਨੇ ਧਰਮ ਦਾ ਰਾਜ ਕਰਨਾ ਸ਼ੁਰੂ ਕੀਤਾ। ਸਾਰੇ ਬ੍ਰਹਿਮੰਡ ਵਿੱਚ ਪ੍ਰਹਿਲਾਦ ਦੀ ਜੈ-ਜੈ ਕਾਰ ਹੋਈ। ਉਹ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਦੇ ਨਾਲ ਅਸੀਮ ਪਿਆਰ ਕਰ ਕੇ ਨਾਮ ਸਿਮਰਨ ਕਰ ਕੇ ਅਜਰ-ਅਮਰ ਹੋ ਗਏ।

# ੫

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ**
**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥**
**ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥**
**ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥**
**ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥**
**ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥੫॥**

**ਸ਼ਬਦਾਰਥ :**

ਭਵਰ—ਭੌਰੇ ਜਗਯਾਸੂ ਜਨ। ਸੁਹਾਵੜੇ—ਸੋਭ ਰਹੇ ਹਨ। ਬਨ—ਬ੍ਰਿਛ, ਰੁੱਖ। ਮੰਝਿ—ਵਿੱਚ। ਬਾਰਿ—ਖੁਲ੍ਹੀ ਜ਼ਮੀਨ (ਸੰਸਾਰ ਰੂਪੀ ਉਜਾੜ ਵਿੱਚ)। ਮੈ ਪਿਰੁ—ਮੇਰਾ ਪਤੀ, ਪ੍ਰਭੂ। ਬਾਹੁੜੈ—ਆ ਜਾਵੈ। ਧਨ—ਇਸਤ੍ਰੀ। ਬਿਰਹਿ—ਵਿਛੋੜੇ ਵਿੱਚ। ਛੀਜੈ—ਟੁੱਟਦਾ, ਖੁਸਦਾ ਹੈ, ਦੁਖੀ ਹੁੰਦਾ ਹੈ। ਕੋਕਿਲ—ਕੋਇਲ। ਸੁਹਾਵੀ—ਸੁੰਦਰ। ਅੰਕਿ-ਹਿਰਦੇ ਵਿੱਚ। ਸਹੀਜੈ—ਸਹਾਰੀਏ। ਭਵੰਤਾ—ਭੌਂਦਾ ਹੈ ਗੂੰਜਾਰ ਰਿਹਾ ਹੈ। ਡਾਲੀ—ਟਾਹਣੀਆਂ ਉੱਤੇ। ਮਰੁ—ਮੇਰਾ ਮਰਨਾ ਹੋ ਰਿਹਾ ਹੈ। ਮਾਏ—ਹੇ ਮਾਂ। ਸਹਜਿ—ਸਦੀਵੀ। ਵਰੁ—ਪਤੀ। ਘਰਿ—ਹਿਰਦੇ ਘਰ ਵਿੱਚ। ਧਨ—ਜੀਵ ਰੂਪ ਇਸਤ੍ਰੀ। ਪਾਏ—ਲੱਭ ਲਏ।

***ਵਿਆਖਿਆ :***

ਚੇਤ ਦਾ ਮਹੀਨਾ ਬੜਾ ਸੁਹਣਾ, ਬੜਾ ਚੰਗਾ ਲੱਗਦਾ ਹੈ, ਕਿਉਂਕਿ ਇਸ ਮਹੀਨੇ ਵਿੱਚ ਬਸੰਤ ਰਿਤੂ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ। ਚਾਰੇ ਪਾਸੇ ਪ੍ਰਕਿਰਤੀ ਨੇ ਬਸੰਤੀ ਜਾਮਾ ਪਹਿਨਿਆ ਹੁੰਦਾ ਹੈ, ਹਰ ਪਾਸੇ ਖੇੜਾ, ਆਨੰਦ ਤੇ ਹੁਲਾਸ ਹੁੰਦਾ ਹੈ। ਨਵੇਂ ਪੱਤੇ ਨਿਕਲਦੇ ਹਨ, ਤੇ ਉਨ੍ਹਾਂ ਉੱਤੇ ਮੰਡਰਾ ਰਹੇ ਭੌਰੇ ਅਤਿ ਸ਼ੋਭਦੇ ਹਨ। ਜੰਗਲਾਂ ਵਿੱਚ ਬਨਸਪਤੀ ਨੂੰ ਫੁੱਲ ਲਗੇ ਹੋਏ ਹਨ, ਅਤੇ ਉਨ੍ਹਾਂ ਉਤੇ ਬੈਠੇ ਭੌਰੇ ਗੁੰਜਾਰ ਕਰਦੇ ਬਹੁਤ ਸੁਹਣੇ ਲੱਗਦੇ ਹਨ। ਐਸੀਆਂ ਪ੍ਰਸਥਿਤੀਆਂ ਵਿੱਚ ਕਾਮਣੀ ਅੰਦਰ ਉਮੰਗਾਂ ਦਾ ਸਮੁੰਦਰ ਠਾਠਾ ਮਾਰਦਾ ਹੈ ਤੇ ਉਸ ਦੀ ਤੀਵਰ ਕਾਮਨਾ ਪ੍ਰਗਟ ਹੁੰਦੀ ਹੈ ਕਿ ਬਸੰਤ ਰਿਤੂ ਵਿੱਚ ਹਰ ਜੀਵ, ਵਣ-ਤ੍ਰਿਣ ਸਭ ਪ੍ਰਫੁਲਿਤ ਹੋ ਰਹੇ ਹਨ। ਉਹ ਆਪਣੇ ਪਤੀ ਤੋਂ ਬਿਨਾਂ ਕੁਮਲਾ ਰਹੀ ਹੈ। ਕਿਹਾ ਹੀ ਚੰਗਾ ਹੋਵੇ ! ਉਸ ਦਾ ਪਿਆਰਾ ਪਤੀ ਉਸ ਦੇ ਹਿਰਦੇ ਘਰ ਵਿੱਚ ਆ ਵੱਸੇ। ਜਿਸ ਜੀਵ ਰੂਪੀ ਇਸਤ੍ਰੀ ਦਾ ਪ੍ਰਭੂ-ਪਤੀ ਹਿਰਦੇ ਮੰਦਰ

ਵਿੱਚ ਆ ਕੇ ਨਿਵਾਸ ਨਹੀਂ ਕਰਦਾ, ਉਸ ਨੂੰ ਆਪਣੇ ਦਰਸ਼ਨਾਂ ਦੀ ਦਾਤ ਨਹੀਂ ਬਖਸ਼ਦਾ, ਉਸ ਨੂੰ ਇਹੋ ਜਿਹੇ ਸੁਹਾਵਣੇ ਮੌਸਮ ਵਿੱਚ ਕਿਵੇਂ ਸੁੱਖ ਪ੍ਰਾਪਤ ਹੋ ਸਕਦਾ ਹੈ ? ਸੁਹਾਵਣਾ ਮੌਸਮ ਬਿਰਹਣ ਨੂੰ ਆ ਕੇ ਤੜਫਾਉਂਦਾ ਹੈ, ਉਸ ਦੇ ਨੈਣ ਆਪਣੇ ਪਿਆਰੇ ਦੇ ਦੀਦਾਰ ਲਈ ਤਰਸਦੇ ਹਨ, ਆਪਣੇ ਕੰਤ ਦੇ ਦਰਸ਼ਨਾਂ ਦੀ ਤਾਂਘ ਵਿੱਚ ਲੋਚਦੇ ਹਨ।

**ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ॥**
**ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ॥**
**ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ॥**
**ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ॥**
ਵਡਹੰਸ ਮ: ੫ ਪੰਨਾ ੫੬੪

ਉਸ ਦਾ ਸਰੀਰ ਆਪਣੇ ਪਿਆਰੇ ਪ੍ਰੀਤਮ ਦੇ ਬਿਰਹੋਂ ਵਿੱਚ, ਵਿਯੋਗ ਵਿੱਚ ਅਤਿ ਦੁਖੀ ਹੋ ਕੇ ਖੁਸ ਰਿਹਾ ਹੈ। ਕੋਇਲ ਅੰਬਾਂ ਉੱਤੇ ਆਪਣੇ ਮਿੱਠੇ-ਮਿੱਠੇ ਬੋਲਾਂ ਰਾਹੀਂ ਆਪਣੇ ਪ੍ਰੀਤਮ ਨੂੰ ਯਾਦ ਕਰਦੀ ਹੋਈ ਸੁਹਣੀ ਲਗਦੀ ਹੈ, ਪਰ ਇਹ ਸਾਰੇ ਬੋਲ ਬਿਰਹਣ ਨੂੰ ਚੰਗੇ ਨਹੀਂ ਲਗਦੇ, ਸਗੋਂ ਚੁੱਭਵੇਂ ਤੇ ਅਤਿ ਦੁਖਦਾਈ ਲਗਦੇ ਹਨ। ਇਸ ਲਈ ਜੀਵ ਰੂਪ ਇਸਤ੍ਰੀ ਆਪਣੇ ਪਿਆਰੇ ਦੇ ਚਰਨਾਂ ਵਿੱਚ ਦੀਨ ਭਾਵ ਨਾਲ ਬੇਨਤੀ ਕਰਦੀ ਹੈ ਕਿ ਉਹ ਉਸ ਨੂੰ ਘੜੀ ਭਰ ਵੀ ਨਾ ਭੁਲਾਵੇ, ਤੇ ਉਹ ਹਮੇਸ਼ਾ ਉਸ ਦੀ ਸ਼ਰਨ, ਉਸ ਦੇ ਚਰਨਾਂ ਵਿੱਚ ਰਹੇ।

**ਵਿਸਰੁ ਨਾਹੀ ਪ੍ਰਭ ਦੀਨ ਦਇਆਲਾ॥**
**ਤੇਰੀ ਸਰਣਿ ਪੂਰਨ ਕਿਰਪਾਲਾ॥** ਵਡਹੰਸ ਮ: ੫ ਪੰਨਾ ੫੬੩

ਬਸੰਤ ਰਿਤੂ ਹੋਣ ਕਰਕੇ ਟਹਿਣੀਆਂ ਵੀ ਖਿੜੀਆਂ ਪਈਆਂ ਹਨ, ਉਨ੍ਹਾਂ ਉੱਤੇ ਭੌਰੇ ਗੁੰਜਾਰ ਕਰਦੇ ਹੋਏ ਇੱਕ ਟਾਹਣੀ ਤੋਂ ਦੂਜੀ ਟਾਹਣੀ ਉੱਤੇ ਝੂਮਦੇ ਹਨ, ਪਰ ਬਿਰਹਣੀ ਕਿਸ ਤਰ੍ਹਾਂ ਜੀਵੇ, ਉਸ ਨੂੰ ਤਾਂ ਵਿਛੋੜਾ ਸਤਾ ਰਿਹਾ ਹੈ, ਉਸ ਲਈ ਤਾਂ ਇਹ ਆਤਮਕ ਮੌਤ ਹੈ। ਚੇਤ ਦੇ ਮਹੀਨੇ ਵਿੱਚ ਜੇਕਰ ਜੀਵ ਰੂਪੀ ਇਸਤ੍ਰੀ ਆਪਣੇ ਅਕਾਲ ਪੁਰਖ ਨੂੰ ਆਪਣੇ ਹਿਰਦੇ ਮੰਦਰ ਦੇ ਅੰਦਰ ਪ੍ਰਾਪਤ ਕਰ ਲਵੇ, ਤਾਂ ਉਹ ਬਸੰਤ ਦੇ ਹਰੇ ਭਰੇ ਮੌਸਮ ਵਿੱਚ ਅਡੋਲ ਅਵਸਥਾ ਵਿੱਚ ਟਿਕ ਕੇ ਆਤਮਕ ਆਨੰਦ ਦੀ ਪ੍ਰਾਪਤੀ ਕਰਦੀ ਹੈ, ਸੁੱਖ ਤੇ ਸ਼ਾਂਤੀ ਗ੍ਰਹਿਣ ਕਰ ਲੈਂਦੀ ਹੈ। ਉਸ ਦੇ ਵਿਛੋੜੇ ਦੀ ਅਗਨੀ ਪ੍ਰਭੂ ਪਤੀ ਦੀ ਪ੍ਰਾਪਤੀ ਕਰ ਕੇ ਸ਼ਾਂਤ ਹੋ ਜਾਂਦੀ ਹੈ, ਇਸ ਲਈ ਆਪਣੇ ਪਿਆਰੇ ਪ੍ਰਭੂ-ਪਤੀ ਦੇ ਚਰਨਾਂ ਵਿੱਚ ਮੇਲ-ਮਿਲਾਪ ਲਈ ਬੇਨਤੀਆਂ ਕਰਦੀ ਹੈ।

**ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥**
ਗਉੜੀ ਮ: ੩ ਪੰਨਾ ੨੪੪

— ਪਿਰੁ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ॥
ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ॥

ਗਉੜੀ ਮ: ੩ ਪੰਨਾ ੨੪੪

*ਭਾਵ :*

ਬਸੰਤ ਦੇ ਸੁਹਾਵਣੇ ਮੌਸਮ ਵਿਚ ਹਰ ਪਾਸੇ ਫੁੱਲ ਖਿੜੇ ਰਹਿੰਦੇ ਹਨ। ਕੋਇਲ ਅੰਬਾਂ ਉਤੇ ਬਹਿ ਕੇ ਆਪਣੇ ਮਿੱਠੇ ਸੁਰੀਲੇ ਬੋਲ ਬੋਲਦੀ ਹੈ। ਇਸ ਰਮਣੀਕ ਮੌਸਮ ਵਿੱਚ ਪਤੀ ਤੋਂ ਵਿਛੜੀ ਹੋਈ ਨਾਰ ਨੂੰ ਸਭ ਕੁਝ ਅਣਸੁਖਾਵਾਂ ਲੱਗਦਾ ਹੈ। ਜਿਸ ਮਨੁੱਖ ਦਾ ਹਿਰਦਾ ਅੰਦਰਲੇ ਹਿਰਦੇ ਕੌਲ ਫੁੱਲ ਨੂੰ ਛੱਡ ਕੇ ਦੁਨੀਆਂ ਦੇ ਰੰਗ-ਤਮਾਸ਼ਿਆਂ ਵਿੱਚ ਭਟਕਦਾ ਫਿਰਦਾ ਹੈ, ਉਸ ਦਾ ਜੀਊਂਣਾ ਅਸਲ ਵਿੱਚ ਆਤਮਕ ਮੌਤ ਹੈ। ਆਤਮਕ ਆਨੰਦ ਉਦੋਂ ਹੀ ਪ੍ਰਾਪਤ ਹੁੰਦਾ ਹੈ, ਜਦੋਂ ਪ੍ਰਭੂ ਪ੍ਰਮਾਤਮਾ ਹਿਰਦੇ ਵਿੱਚ ਆ ਵੱਸਦਾ ਹੈ।

# ਬਿਰਹਿ ਬਿਰੋਧ ਤਨਿ ਛੀਜੈ

### *ਮਾਤਾ ਸੀਤਾ ਜੀ*

ਮਾਤਾ ਸੀਤਾ ਜੀ ਇੱਕ ਮਹਾਨ ਅਧਿਆਤਮਕ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਆਪਣੇ ਪ੍ਰੀਤਮ ਦੇ ਬਿਰਹ ਵਿਯੋਗ ਵਿੱਚ ਬਤੀਤ ਕੀਤੀ। ਮਾਤਾ ਸੀਤਾ ਜੀ ਦੇ ਨਾਮ ਤੋਂ ਸਾਰਾ ਜਗਤ ਨਤਮਸਤਕ ਹੁੰਦਾ ਹੈ। ਉਹ ਇੱਕ ਆਦਰਸ਼ ਭਾਰਤੀਯ ਨਾਰੀ, ਬਲਿਦਾਨ ਤੇ ਤਿਆਗ ਦੀ ਪ੍ਰਤਿਮਾ, ਸ਼ਾਂਤੀ ਦਾ ਪੁੰਜ, ਕਰੁਣਾ ਦੀ ਮੂਰਤੀ, ਵਾਤਸਲਯ ਦਾ ਅਥਾਹ ਭੰਡਾਰ, ਔਜਸਵਿਨੀ, ਤੇਜਸਵਿਨੀ, ਸੁਸ਼ੀਲ, ਸੁੰਦਰ, ਸੁਕੁਮਾਰੀ, ਸੁਘੜ, ਸਿਆਣੀ, ਪਵਿਤ੍ਰ, ਨਿਰਦੋਸ਼ ਹੁੰਦਿਆਂ ਹੋਇਆਂ ਵੀ ਨਿਰੀਹ, ਮੂਕ, ਸ਼ਾਂਤ, ਅਚਲ, ਅਡੋਲ, ਅਸੀਮ, ਭਾਣਾ ਮੰਨਣ ਵਾਲੀ, ਨਿਰਇੱਛਤ ਦੇਵੀ, ਆਪਣੇ ਪਿਆਰੇ ਪਤੀ ਦੇ ਹੁਕਮਾਂ ਦਾ ਪਾਲਨ ਕਰਨ ਵਾਲੀ ਸੁਪਤਨੀ ਦੀ ਸਾਕਾਰ ਪ੍ਰਤਿਮਾ ਹੈ। ਆਪਣੇ ਆਪ ਹੀ ਉਸ ਪੂਜਨੀਯ ਮਾਤਾ ਦੇ ਪਵਿੱਤਰ ਚਰਨ ਕੰਵਲਾਂ ਵਿੱਚ ਸੀਸ ਝੁਕ ਜਾਂਦਾ ਹੈ, ਨੇਤਰ ਸੱਜਲ ਹੋ ਉਠਦੇ ਹਨ, ਸ਼ਰਧਾ ਭਾਵ ਜਾਗ੍ਰਤ ਹੋ ਉਠਦਾ ਹੈ।

ਜਦੋਂ ਰਾਵਣ ਆਪਣੇ ਛਲ ਨਾਲ ਉਨ੍ਹਾਂ ਨੂੰ ਚੁੱਕ ਕੇ ਲੈ ਜਾਂਦਾ ਹੈ, ਸੀਤਾ ਜੀ ਰਾਵਣ ਦੇ ਬਾਗ ਵਿੱਚ ਵੱਡੇ-ਵੱਡੇ ਸਾਲ ਦੇ ਰੁੱਖਾਂ ਹੇਠਾਂ ਬੈਠੇ ਸਨ, ਆਪਣੇ ਪਿਆਰੇ ਰਾਮ ਜੀ ਦੀ ਯਾਦ ਹਰ ਵੇਲੇ ਉਨ੍ਹਾਂ ਨੂੰ ਸਤਾਉਂਦੀ ਰਹਿੰਦੀ। ਉਨ੍ਹਾਂ ਦਾ ਹਰ ਖਿਨ, ਹਰ ਪਲ, ਹਰ ਸਵਾਸ, ਹਰ ਧੜਕਨ ਰਾਮ ਜੀ ਦੇ ਚਰਨਾਂ ਵਿੱਚ ਸਮਰਪਿਤ ਸੀ। ਹਨੂਮਾਨ ਜੀ, ਸੀਤਾ ਜੀ ਦੀ ਖੋਜ ਕਰਦੇ-ਕਰਦੇ ਉਸ ਥਾਂ ਤੇ ਪਹੁੰਚਦੇ ਹਨ, ਜਿੱਥੇ ਸੀਤਾ ਜੀ ਵਿਯੋਗ ਤੇ ਬਿਰਹਾ ਦੀ ਪੀੜ ਵਿੱਚ ਗ੍ਰਸਤ ਹੋ

ਕੇ ਆਪਣਾ ਸਮਾਂ ਬਤੀਤ ਕਰਦੇ ਸਨ। ਸੀਤਾ ਜੀ ਦੀ ਵਿਯੋਗਮਈ ਦਸ਼ਾ ਹਨੂਮਾਨ ਜੀ ਕੋਲੋਂ ਸਹਿਨ ਨਹੀਂ ਹੁੰਦੀ, ਪਰ ਹਾਲਾਤ ਅੱਗੇ ਉਹ ਵੀ ਬੇਬਸ ਸਨ। ਸੀਤਾ ਮਾਤਾ ਜੀ ਦੀ ਸਾਰੀ ਖੈਰ ਖਬਰ ਲੈ ਕੇ ਸ੍ਰੀ ਰਾਮਚੰਦਰ ਜੀ ਦੇ ਚਰਨਾਂ ਵਿੱਚ ਪਹੁੰਚਦੇ ਹਨ। ਰਾਮਚੰਦਰ ਜੀ ਹਨੂਮਾਨ ਨੂੰ ਕਹਿੰਦੇ ਹਨ ।

*"ਐ ਹੋ ਹਨੂੰ ਕਹਯੋ, ਸ੍ਰੀ ਰਘੁਬੀਰ ਕਛੁ ਸੁਧਿ ਹੈ ਸਿਯਾ ਕੀ ਛਿਤ ਮਾਹੀ।"*

ਹਨੂਮਾਨ ਜੀ ਉੱਤਰ ਦਿੰਦੇ ਹਨ, *"ਹੇ ਪ੍ਰਭੂ ਲੰਕ-ਕਲੰਕ ਬਿਨਾ।"*

ਫਿਰ ਰਾਮਚੰਦਰ ਜੀ ਪੁੱਛਦੇ ਹਨ, "ਕਲੰਕ ਨਹੀਂ ਕਿਉਂ ?"

ਹਨੂਮਾਨ ਜੀ ਉੱਤਰ ਦਿੰਦੇ ਹਨ ਕਿ ਸੀਤਾ ਰਾਮਚੰਦਰ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦੀ ਨਹੀਂ, ਬਿਨਾਂ ਆਪਣੇ ਰਾਮ ਤੋਂ ਉਹ ਕਿਸੇ ਵਲ ਵੇਖਦੀ ਤਕ ਨਹੀਂ।

ਰਾਮਚੰਦਰ ਜੀ ਪੁੱਛਦੇ ਹਨ, "ਫਿਰ ਉਹ ਹੈ ਕਿੱਥੇ ?"

ਹਨੂਮਾਨ ਜੀ ਉੱਤਰ ਦਿੰਦੇ ਹਨ, *"ਬਸੈ ਤਹਿ ਰਾਵਣ ਬਾਗ ਕੀ ਛਾਹੀ।"*

ਉਹ ਰਾਵਣ ਦੇ ਬਾਗ ਵਿੱਚ ਰਹਿੰਦੀ ਹੈ।

ਫਿਰ ਰਾਮ ਜੀ ਪੁੱਛਦੇ ਹਨ, *"ਜੀਵਤ ਹੈ ?"*

ਅੱਗੋਂ ਹਨੂਮਾਨ ਜੀ ਉੱਤਰ ਦਿੰਦੇ ਹਨ, *"ਕਹਿਬੋ ਈ ਕੋ ਨਾਥ"* ਉਹ ਤਾਂ ਸਿਰਫ ਕਹਿਣ ਮਾਤਰ ਹੀ ਜਿਉਂਦੀ ਹੈ।

ਰਾਮਚੰਦਰ ਜੀ ਫਿਰ ਪ੍ਰਸ਼ਨ ਕਰਦੇ ਹਨ, *"ਕਿਉਂ ਨਾ ਮੁਈ ਹਮ ਤੇ ਬਿਛੁਰਾਹੀ।"*

ਸੀਤਾ ਜੀ ਰਾਮਚੰਦਰ ਜੀ ਤੋਂ ਵਿਛੋੜ ਕੇ ਜੀਉਂਦੇ ਕਿਸ ਤਰ੍ਹਾਂ ਰਹਿ ਗਏ, ਪ੍ਰਾਣ ਕਿਉਂ ਨਹੀਂ ਤਿਆਗ ਦਿੱਤੇ ?

ਹਨੂਮਾਨ ਜੀ ਕਹਿੰਦੇ ਹਨ, *"ਪ੍ਰਾਨ ਬਸੈ ਪਦ ਪੰਕਜ ਮੈਂ, ਜਮ ਆਵਤ ਹੈ ਪਰ ਪਾਵਤ ਨਾਹੀਂ।'*

ਸੀਤਾ ਜੀ ਦਾ ਸਰੀਰ ਤਾਂ ਜ਼ਰੂਰ ਲੰਕਾ ਵਿੱਚ ਹੈ, ਪਰ ਉਨ੍ਹਾਂ ਦੇ ਪ੍ਰਾਣ ਰਾਮਚੰਦਰ ਜੀ ਦੇ ਚਰਨਾਂ ਵਿੱਚ ਹਨ, ਸਰੀਰ ਕੋਲ ਜਦੋਂ ਜਮ ਜਾਂਦਾ ਹੈ, ਪ੍ਰਾਣ ਸ੍ਰੀ ਰਾਮਚੰਦਰ ਜੀ ਦੇ ਚਰਨਾਂ ਵਿੱਚ ਹੋਣ ਕਰ ਕੇ, ਉਸ ਨੂੰ ਪ੍ਰਾਣ ਨਹੀਂ ਲੱਭਦੇ। ਇਸ ਕਰ ਕੇ ਸੀਤਾ ਜੀ ਜੀਉਂਦੇ ਹਨ।

ਸੀਤਾ ਜੀ ਦਿਨ ਰਾਤ ਆਪਣੇ ਪਿਆਰੇ ਰਾਮ ਜੀ ਦੇ ਵਿਯੋਗ ਵਿੱਚ ਤੜਪ ਰਹੇ ਹਨ। ਬਿਰਹ ਦੀਆਂ ਲਪਟਾਂ ਤਨ ਨੂੰ ਪੀੜਤ ਕਰਦੀਆਂ ਹਨ :—

**ਬਿਰਹਿ ਬਿਰੋਧ ਤਨੁ ਛੀਜੈ**

ਸੀਤਾ ਜੀ ਹਨੂਮਾਨ ਨੂੰ ਕਹਿੰਦੇ ਹਨ :—

*"ਨੈਨਨ ਕੇ ਨੀਰ ਹੂੰ ਮੈਂ ਬੂਡ ਨਾ ਮਰਤ ਹੋ।"*

*ਬਿਰਹੋ ਕੀ ਜਵਾਲ ਮੈਂ ਨਾ ਜਾਤ ਜਲ ਮੇਰੋ ਤਨ,*
*ਮੈਂ ਆਸ ਬਸ ਪਰੀ ਤਾਂ ਤੇ ਜੀਬੋ ਹੀ ਕਰਤ ਹਉ।*

ਵਿਛੋੜੇ ਦੀ ਅੱਗ ਸੀਤਾ ਜੀ ਦੇ ਸਰੀਰ ਨੂੰ ਜਲਾ ਨਹੀਂ ਸਕਦੀ।

ਬਿਰਹ ਵਿਯੋਗ ਵਿੱਚ ਲਗਾਤਾਰ ਸੀਤਾ ਜੀ ਦੇ ਨੈਣਾਂ ਵਿੱਚੋਂ ਨੀਰ ਵਹਿੰਦਾ ਰਹਿੰਦਾ ਹੈ, ਪਰ ਉਹ ਅੱਥਰੂਆਂ ਦੇ ਸਮੁੰਦਰ ਵਿੱਚ ਡੁਬਦੇ ਨਹੀਂ ਤੇ ਫਿਰ—

*ਰਾਵਣ ਕੇ ਤਰਾਸ਼ਨ ਉਸਾਸਨ ਨਾਂ ਪ੍ਰਾਣ ਜਾਤ।*

ਰਾਵਣ ਸੀਤਾ ਜੀ ਕੋਲ ਆ ਕੇ ਕਈ ਤਰ੍ਹਾਂ ਦੇ ਬੋਲ ਕਬੋਲ ਬੋਲ ਕੇ ਡਰਾਉਣ ਦਾ ਯਤਨ ਕਰਦਾ ਹੈ, ਪਰ ਉਹਦੇ ਡਰ ਨਾਲ ਵੀ ਸੀਤਾ ਜੀ ਦੇ ਪ੍ਰਾਣ ਨਹੀਂ ਨਿਕਲਦੇ। ਸੀਤਾ ਜੀ ਆਪਣੇ ਸਰੀਰ ਨੂੰ ਕਹਿੰਦੇ ਹਨ :

*ਦੇਹ ਛਾਡ ਛਾਡ ਨਿਤ ਜੀਅ ਸੋ ਲਰਤ ਹੂੰ।'*

ਆਪਣੇ ਜੀਅ ਨਾਲ ਲੜਾਈ ਕਰਦੇ ਰਹਿੰਦੇ ਹਨ ਪਰ ਉਹ ਪ੍ਰਾਣ ਨਹੀਂ ਛੱਡਦੀ ਕਿਉਂਕਿ

*ਛੱਤੀਆ ਕੀ ਬਤੀਆਂ ਕਹਾਂ ਲੌ ਕਹੂੰ ਪ੍ਰਾਣ ਨਾਥ*
*ਰਾਮ ਬਿਨ ਨੈਕ ਹੂੰ ਨਾ ਕਾਹੂੰ ਬਿਦਰਥ ਹੂੰ।*

ਸੀਤਾ ਜੀ ਦੀ ਅੱਖ ਬਿਨਾਂ ਰਾਮ ਜੀ ਤੋਂ ਹੋਰ ਕਿਸੇ ਵੱਲ ਨਹੀਂ ਵੇਖ ਸਕਦੀ। ਉਹ ਤਾਂ ਹਨੂੰਮਾਨ ਜੀ ਰਾਹੀਂ ਰਾਮ ਜੀ ਨੂੰ ਸੁਨੇਹਾ ਭੇਜਦੇ ਹਨ :—

ਆਸ ਬਸ ਪਰੀ

ਰਾਮ ਜੀ ਦੇ ਦਰਸ਼ਨਾਂ ਦੀ ਤਾਂਘ, ਦਰਸ਼ਨਾਂ ਦੀ ਪਿਆਸ, ਦਰਸ਼ਨਾਂ ਦੀ ਆਸ ਹੀ ਸੀਤਾ ਜੀ ਨੂੰ ਜਿਊਂਦੇ ਰਖਣ ਦਾ ਸਾਧਨ ਬਣ ਰਹੀ ਹੈ। ਰਾਮ ਜੀ ਤਾਂ ਉਨ੍ਹਾਂ ਦੇ ਹਿਰਦੇ ਅੰਦਰ ਵਾਸ ਕਰਦੇ ਹਨ, ਉਹ ਤਾਂ ਉਨ੍ਹਾਂ ਦੇ ਦਿਲ ਦੀ ਧੜਕਨ ਸਨ। ਉਨ੍ਹਾਂ ਦਾ ਤਨ ਤਿਲ ਤਿਲ ਕਰ ਕੇ, ਸ੍ਰੀ ਰਾਮਚੰਦਰ ਜੀ ਦੇ ਵਿਯੋਗ ਅਤੇ ਵਿਰਹ ਵਿੱਚ ਖੀਨ ਹੋ ਰਿਹਾ ਸੀ ਪਰ ਦਰਸ਼ਨਾਂ ਦੀ ਲਾਲਸਾ ਉਨ੍ਹਾਂ ਨੂੰ ਜੀਵਨ ਪ੍ਰਦਾਨ ਕਰ ਰਹੀ ਸੀ।

# ੬

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥
ਦੂਰਿ ਨਾ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥

***ਸ਼ਬਦਾਰਥ :***

ਸਾਖਾਂ—ਨਵੀਆਂ ਫੁੱਟੀਆਂ ਟਾਹਣੀਆਂ। ਵੇਸ ਕਰੇ—ਸੋਹਣੇ ਕਪੜੇ ਪਾਏ ਹੋਏ ਹਨ। ਧਨ—ਇਸਤ੍ਰੀ। ਦੇਖੈ—ਵੇਖਦੀ ਹੈ, ਉਡੀਕਦੀ ਹੈ। ਦੁਆਰਿ—ਬੂਹੇ ਵਿੱਚ ਖਲੋਤੀ। ਦੁਤਰ—ਔਖਾ, ਨਾ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ। ਤਾਰੇ—ਪਾਰ ਲੰਘਾ, ਤਾਰਿ। ਅਢੁ—ਅੱਧੀ ਕੋਢੀ। ਮੋਲੋ—ਮੁੱਲ। ਦੇਖਿ—ਦਰਸ਼ਨ ਕਰ ਕੇ। ਢੋਲੋ—ਪਿਆਰੇ ਪਤੀ ਦਾ। ਜਾਮਾ—ਜਾਣਦੀ ਹਾਂ। ਮਾਨਾ—ਮੰਨਦੀ ਹਾਂ। ਮਹਲੁ—ਟਿਕਾਣਾ। ਪਛਾਨਾ—ਪਛਾਣ ਲੈਂਦੀ ਹਾਂ। ਮਾਨਾ—ਪਸੀਜ ਗਿਆ।

***ਵਿਆਖਿਆ :***

ਵੈਸਾਖ ਦੇ ਮਹੀਨੇ ਵਿੱਚ ਰੁੱਖਾਂ ਦੀਆਂ, ਬ੍ਰਿਛਾਂ ਦੀਆਂ ਲਗਰਾਂ ਨਵੀਂ ਵਿਆਹੀ ਮੁਟਿਆਰ ਵਾਂਗ ਕੂਲੇ-ਕੂਲੇ ਪੱਤਰਾਂ ਦਾ ਹਾਰ ਸ਼ਿੰਗਾਰ ਕਰਦੀਆਂ ਹਨ ਤੇ ਅਤਿ ਸੁੰਦਰ ਲਗਦੀਆਂ ਹਨ। ਪ੍ਰਕਿਰਤਿਕ ਸੁੰਦਰਤਾ ਕਾਰਨ ਵੈਸਾਖ ਦਾ ਮਹੀਨਾ ਬਹੁਤ ਚੰਗਾ ਲੱਗਦਾ ਹੈ। ਪ੍ਰਕਿਰਤੀ ਦਾ ਹਾਰ ਸ਼ਿੰਗਾਰ ਵੇਖ ਕੇ ਆਪਣੇ ਪ੍ਰੀਤਮ ਤੋਂ ਵਿਛੱੜੀ ਹੋਈ ਪ੍ਰੇਮਿਕਾ ਦੇ ਹਿਰਦੇ ਅੰਦਰ ਆਪਣੇ ਪਤੀ ਨੂੰ ਮਿਲਣ ਦੀ ਲਾਲਸਾ ਉਤਪੰਨ ਹੋ ਜਾਂਦੀ ਹੈ, ਉਸਦੇ ਹਿਰਦੇ ਅੰਦਰ ਮਿਲਣ ਦੀ ਤਾਂਘ ਜਾਗ ਉਠਦੀ ਹੈ ਤੇ ਉਹ ਆਪਣੇ ਘਰ ਦੇ ਬੂਹੇ ਅੱਗੇ ਖੜੇ ਹੋਕੇ ਆਪਣੇ ਪਿਆਰੇ ਦਾ ਰਾਹ ਵੇਖਦੀ ਹੈ, ਅੱਡੀਆਂ ਚੁੱਕ-ਚੁੱਕ ਕੇ ਉਸ ਦੀ ਉਡੀਕ ਕਰਦੀ ਹੈ, ਉਸ ਦੇ ਦਰਸ਼ਨਾਂ ਲਈ ਲਾਲਾਯਿਤ ਹੋ ਉਠਦੀ ਹੈ, ਤੇ ਆਪਣੇ ਪ੍ਰੀਤਮ ਦੇ ਚਰਨਾਂ ਵਿੱਚ ਅਰਜ਼ੋਈਆਂ ਕਰਦੀ ਹੈ, ਬੇਨਤੀਆਂ ਕਰਦੀ ਹੈ ਕਿ ਉਸ ਦਾ ਪਿਆਰਾ ਪ੍ਰੀਤਮ ਉਸ ਦੇ ਹਿਰਦੇ ਮੰਦਰ ਵਿੱਚ ਆਕੇ ਦਰਸ਼ਨਾਂ ਦੀ ਦਾਤ ਬਖਸ਼ ਕੇ ਤ੍ਰਿਪਤ ਕਰੇ। ਉਸ ਦਾ ਮਨ ਚਾਅ, ਖ਼ੁਸ਼ੀ ਤੇ ਖੇੜੇ ਨਾਲ ਭਰਪੂਰ ਹੈ ਕਿਉਂਕਿ ਉਸਦਾ ਹਿਰਦਾ ਆਪਣੇ ਪਿਆਰੇ ਸੱਜਣ ਦੇ ਦਰਸ਼ਨ ਦੀ ਤਾਂਘ ਵਿੱਚ ਉਡੀਕਵਾਨ ਹੋ

ਰਿਹਾ ਹੈ। ਉਹ ਤੇ ਬਾਰ ਬਾਰ ਬੇਨਤੀ ਕਰਦੀ ਹੈ, "ਹੇ ਮੇਰੇ ਪਿਆਰੇ ਪਤੀ ਦੇਵ, ਆਪਣੀ ਕ੍ਰਿਪਾ ਦ੍ਰਿਸ਼ਟੀ ਮੇਰੇ ਉੱਤੇ ਕਰੋ ਅਤੇ ਦਰਸ਼ਨਾਂ ਦਾ ਸੁਭਾਗ ਬਖਸ਼ੋ।"

**ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥**
**ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥**

ਗਉੜੀ ਕਬੀਰ ਜੀ ਪੰਨਾ ੩੩੭

ਕਾਮਣੀ ਆਪਣੇ ਜਨਮ ਮਰਨ ਦਾ ਦੁੱਖ ਨਿਵਾਰਣ ਕਰਨ ਲਈ, ਆਪਣੇ ਪ੍ਰੀਤਮ ਦੇ ਦਰਸ਼ਨ ਕਰਨ ਲਈ ਲੋਚਦੀ ਹੈ :—

**ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥**
**ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥**
**ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥**
**ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥**
**ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥**
**ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥**

ਸੂਹੀ ਮ : ੧, ਪੰਨਾ ੭੬੪

ਉਹ ਦਇਆ, ਰਹਿਮ, ਤਰਸ ਦੀ ਭਿਖਿਆ ਮੰਗਦੀ ਹੈ ਤੇ ਆਪਣੇ ਪਿਆਰੇ ਨੂੰ ਆਪਣੇ ਹਿਰਦੇ ਘਰ ਵਿੱਚ ਆਉਣ ਲਈ ਸੱਦਾ ਦਿੰਦੀ ਹੈ। ਉਸ ਦੇ ਹਿਰਦੇ ਮੰਦਰ ਅੰਦਰ ਨਿਵਾਸ ਕਰ ਕੇ, ਉਸ ਦਾ ਪ੍ਰਭੂ-ਪ੍ਰੀਤਮ ਇਸ ਬਿਖਮ ਸੰਸਾਰ ਰੂਪੀ ਸਮੁੰਦਰ ਵਿਚੋਂ ਉਸ ਨੂੰ ਪਾਰ ਲੰਘਾਵੇ। ਪ੍ਰੇਮਿਕਾ ਦਾ ਆਪਣੇ ਪਿਆਰੇ ਇਸ਼ਟ ਤੋਂ ਬਿਨਾਂ ਅੱਧੀ ਕੌਡੀ ਜਿੰਨਾਂ ਵੀ ਮੁੱਲ ਨਹੀਂ। ਉਹ ਤਾਂ ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਇਕ ਖੇਹ ਦੀ ਮੁੱਠੀ ਹੈ, ਜਿਸ ਦਾ ਕੋਈ ਮੁੱਲ ਨਹੀਂ।

**ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ॥**
**ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ॥**
**ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ॥**

ਤੁਖਾਰੀ ਮ: ੧, ਪੰਨਾ ੧੧੧੧

ਜੇਕਰ ਉਸ ਨੂੰ ਆਪਣੇ ਪਿਆਰੇ ਸਾਜਨ ਦੇ, ਢੋਲਣ ਦੇ ਦਰਸ਼ਨ ਹੋ ਜਾਣ, ਉਹ ਉਸ ਨੂੰ ਮਨਜ਼ੂਰ ਕਰ ਲਵੇ, ਉਸ ਦਾ ਪਿਆਰਾ ਉਸ ਨੂੰ ਪ੍ਰਾਪਤ ਹੋ ਜਾਵੇ ਉਹ ਉਸਨੂੰ ਅਪਣਾ ਲਵੇ, ਤਾਂ ਫਿਰ ਉਸ ਦੀ ਕੀਮਤ ਕੌਣ ਪਾ ਸਕਦਾ ਹੈ, ਉਸ ਦਾ ਮੁੱਲ ਕੌਣ ਪਾ ਸਕਦਾ ਹੈ ? ਉਹ ਤਾਂ ਆਪਣੇ ਪਿਆਰੇ ਦੇ ਨਾਮ ਵਿੱਚ ਲੀਨ ਹੋ ਕੇ ਦਰਸ਼ਨ ਕਰਨ ਲਈ ਤੜਪ ਰਹੀ ਹੈ।

**ਦਰਸਨੁ ਹਰਿ ਦੇਖਣ ਕੈ ਤਾਈ॥**
**ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥**

ਸੂਹੀ ਮ: ੪, ਪੰਨਾ ੭੫੭

ਦਰਸ਼ਨਾਂ ਦੀ ਵੱਡਮੁੱਲੀ ਦਾਤ ਪ੍ਰਾਪਤ ਕਰ ਕੇ ਕਾਮਣੀ ਕ੍ਰਿਤ-ਕ੍ਰਿਤਯ ਨਿਹਾਲ ਹੋ ਜਾਵੇਗੀ। ਫਿਰ ਉਹ ਆਪਣੇ ਪਿਆਰੇ ਪ੍ਰੀਤਮ ਨੂੰ ਆਪਣੇ ਤੋਂ ਦੂਰ ਨਹੀਂ ਜਾਣੇਗੀ, ਉਹ ਤਾਂ ਹਮੇਸ਼ਾਂ ਉਸ ਦੇ ਨੇੜੇ ਹੈ, ਉਸ ਦੇ ਅੰਗ ਸੰਗ ਹੈ। ਇਸ ਲਈ ਜੀਵ ਰੂਪੀ ਇਸਤ੍ਰੀ ਸਵੇਰੇ ਸ਼ਾਮ, ਦਿਨ ਰਾਤ ਹਰ ਵੇਲੇ ਉਸ ਦਾ ਸਿਮਰਨ ਕਰਦੀ ਹੈ :

**ਸੋ ਪ੍ਰਭੁ ਨੇਰੈ ਹੂ ਤੇ ਨੇਰੈ॥**
**ਸਿਮਰਿ ਧਿਆਇ ਗਾਇ ਗੁਨ ਗੋਬਿੰਦ ਦਿਨੁ ਰੈਨਿ ਸਾਝ ਸਵੇਰੈ॥**

ਦੇਵਗੰਧਾਰੀ ਮ: ੫ ਪੰਨਾ ੫੩੦

ਉਸ ਨੂੰ ਇਸ ਗੱਲ ਦਾ ਪੂਰਨ ਭਰੋਸਾ, ਪੂਰਨ ਵਿਸ਼ਵਾਸ ਹੋ ਜਾਵੇਗਾ ਕਿ ਉਹ ਉਸ ਦੇ ਹਿਰਦੇ ਮੰਦਰ ਅੰਦਰ ਵਸ ਰਿਹਾ ਹੈ, ਉਹ ਉਸ ਤੋਂ ਕਿਧਰੇ ਦੂਰ ਨਹੀਂ। ਉਸ ਦੇ ਟਿਕਾਣੇ ਦੀ ਉਸ ਨੂੰ ਪਛਾਣ ਹੋ ਜਾਵੇਗੀ ਜਿੱਥੇ ਉਸ ਦੇ ਪਿਆਰੇ ਪ੍ਰਭੂ ਦਾ ਵਾਸਾ ਹੈ। ਵੈਸਾਖ ਦੇ ਮਹੀਨੇ ਵਿੱਚ ਉਹ ਜਗਿਆਸੂ ਇਸਤ੍ਰੀ, ਜਿਸ ਦੀ ਸੁਰਤ ਆਪਣੇ ਗੁਰੂ ਦੇ ਸ਼ਬਦ ਵਿੱਚ ਜੁੜੀ ਰਹਿੰਦੀ ਹੈ, ਜਿਸ ਨੂੰ ਹਰ ਵੇਲੇ ਆਪਣੇ ਪਿਆਰੇ ਦੀ ਸਿਫ਼ਤ ਸਲਾਹ ਤੋਂ ਬਿਨਾਂ ਕੁਝ ਹੋਰ ਸੁਝਦਾ ਹੀ ਨਹੀਂ, ਆਪਣੇ ਪਿਆਰੇ ਦੇ ਮਿਲਾਪ ਦਾ ਆਨੰਦ ਮਾਣ ਸਕਦੀ ਹੈ।

***ਭਾਵ :***

ਜਿਸ ਜੀਵ ਇਸਤ੍ਰੀ ਦਾ ਮਨ ਪ੍ਰਮਾਤਮਾ ਦੀ ਸਿਫਤ ਸਲਾਹ ਵਿੱਚ ਲੱਗ ਜਾਂਦਾ ਹੈ, ਉਸ ਨੂੰ ਕੁਦਰਤ ਦੀ ਅਨੂਠੀ ਸੁੰਦਰਤਾ ਅਕਾਲ ਪੁਰਖ ਪ੍ਰਭੂ ਦੇ ਚਰਨਾਂ ਵਿੱਚ ਜੋੜਨ ਲਈ ਸਹਾਇਤਾ ਕਰਦੀ ਹੈ। ਉਸਨੂੰ ਆਪਣੇ ਪ੍ਰਭੂ ਪ੍ਰੀਤਮ ਦਾ ਵਾਸਾ ਆਪਣੇ ਅੰਤਹਕਰਨ ਵਿੱਚ ਹੀ ਦਿੱਸ ਪੈਂਦਾ ਹੈ।

# ਸੁਰਤਿ ਸਬਦਿ ਮਨੁ ਮਾਨਾ

### *ਬਾਬਾ ਬੈਂਕਾ ਜੀ ਲਬਾ-ਲਬ*

ਬਾਬਾ ਬੈਂਕਾਜੀ ਦਾ ਪਿੰਡ ਮਲਾਹ ਹਜ਼ਰੋਂ ਸਾਹਿਬ ਤੋਂ ੬ ਕੁ ਮੀਲ ਦੀ ਦੂਰੀ ਤੇ ਹੈ। ਇਸੇ ਹੀ ਪਿੰਡ ਵਿੱਚ ਬਾਬਾ ਕਾਹਨ ਸਿੰਘ ਜੀ ਦੀ ਸਪੁੱਤ੍ਰੀ ਬੀਬੀ ਧੂਲੀ, ਲਾਲਾ ਹਰੀਚੰਦ ਦੇ ਘਰ ਵਿਆਹੀ ਹੋਈ ਸੀ। ਬਾਬਾ ਬੈਂਕਾ ਜੀ ਨੂੰ ਹਰੀਚੰਦ

ਬੇਰ ਗਿਆਰਵੀਂ ਹਮ ਚਲ ਆਵਹਿ
ਤਿਸਤੇ ਕੌਇਕੁ ਹਮ ਲਖਪਾਵਹਿ।



ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

ਨੂੰ ਮਿਲਣ ਦਾ ਅਵਸਰ ਪ੍ਰਾਪਤ ਹੋਇਆ। ਹਰੀਚੰਦ ਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਚਰਨਾਂ ਦੇ ਭੌਰੇ ਸਨ ਤੇ ਹਰ ਵੇਲੇ ਆਪਣੇ ਸਤਿਗੁਰੂ ਦੀ ਮਹਿਮਾ ਦੇ ਗੀਤ ਗਾਉਂਦੇ ਰਹਿੰਦੇ। ਉਨ੍ਹਾਂ ਦਾ ਜੱਸ, ਉਨ੍ਹਾਂ ਦੀ ਵਡਿਆਈ ਸੁਣ ਕੇ ਬਾਬਾ ਜੀ ਨੂੰ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਉਤਪੰਨ ਹੋਈ। ਉਹ ਬਾਰ-ਬਾਰ ਹਰੀਚੰਦ ਜੀ ਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਾਉਣ ਲਈ ਬੇਨਤੀਆਂ ਕਰਦੇ। ਆਖਿਰ ਉਹ ਸੁਭਾਗਾ ਦਿਨ ਆ ਪਹੁੰਚਿਆ। ਹਰੀਚੰਦ ਜੀ ਦੇ ਨਾਲ ਬਾਬਾ ਜੀ ਹਜ਼ਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਲਈ ਗਏ। ਦਰਸ਼ਨ ਕਰ ਕੇ ਤਨ ਮਨ ਖਿੜ ਗਿਆ ਤੇ ਸ਼ਾਂਤੀ ਪ੍ਰਾਪਤ ਹੋਈ। ਸਤਿਗੁਰੂ ਜੀ ਨੇ ਬਾਬਾ ਜੀ ਨੂੰ ਪੁੱਛਿਆ, "ਦੱਸ ਭਾਈ ਕੀ ਚਾਹੀਦਾ ਹੈ ?"

ਬਾਬਾ ਜੀ ਨੇ ਉੱਤਰ ਦਿੱਤਾ, "ਮੈਂ ਤਾਂ ਆਪ ਜੀ ਦੇ ਦਰ ਤੇ ਨਾਮ ਦੀ ਦਾਤ ਲੈਣ ਲਈ ਆਇਆ ਹਾਂ ਕ੍ਰਿਪਾ ਕਰੋ ਤੇ ਮੇਰੀ ਝੋਲੀ ਵਿੱਚ ਖ਼ੈਰ ਪਾ ਦਿਉ।"

ਸਤਿਗੁਰੂ ਜੀ ਨੇ ਵੇਖਿਆ ਕਿ ਬਾਬਾ ਜੀ ਦਾ ਹਿਰਦਾ ਸ਼ੁੱਧ ਹੋ ਚੁੱਕਾ ਹੈ, ਭਾਂਡਾ ਪਵਿੱਤ੍ਰ ਹੋ ਗਿਆ ਹੋਇਆ ਹੈ। ਆਪਣੀ ਮਿਹਰ ਤੇ ਬਖ਼ਸ਼ਸ਼ ਦੀ ਦ੍ਰਿਸ਼ਟੀ ਬਾਬਾ ਜੀ ਤੇ ਉਡੇਲ ਦਿੱਤੀ ਤੇ ਨਾਮ ਦਾ ਦਾਨ ਦੇ ਕੇ ਤ੍ਰਿਪਤ ਕਰ ਦਿੱਤਾ। ਉਸ ਅਕਾਲ ਪੁਰਖ ਪਿਆਰੇ ਦੇ ਨਾਮ ਦਾ ਰੰਗ ਚੜ੍ਹ ਗਿਆ, ਦਿਲ ਵਿੱਚ ਪਿਆਰ ਦਾ ਸਮੁੰਦਰ ਠਾਠਾਂ ਮਾਰ ਉਠਿਆ, ਚਿਹਰੇ ਦਾ ਰੰਗ ਬਦਲ ਗਿਆ। ਲੋਕਾਂ ਨੇ ਸੋਚਿਆ ਕਿ ਬਾਬਾ ਬਾਲਕ ਸਿੰਘ ਜੀ ਨੇ ਬਾਬਾ ਬੈਂਕਾ ਜੀ ਦੇ ਕੰਨ ਵਿੱਚ ਮੰਤਰ ਫੂਕ ਕੇ ਉਸ ਨੂੰ ਕਮਲਾ ਕਰ ਦਿੱਤਾ ਹੈ। ਬਾਬਾ ਬੈਂਕਾ ਜੀ ਨੂੰ ਸੂਤਰ ਪੈ ਗਿਆ ਕਿਉਂਕਿ ਉਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੋ ਗਈ ਸੀ, ਉਨ੍ਹਾਂ ਦਾ ਮਨ ਸ਼ਬਦ ਦੀ ਧੁਨੀ ਵਿੱਚ ਰਚ ਗਿਆ ਸੀ— **ਸੁਰਤਿ ਸਬਦਿ ਮਨ ਮਾਨਾ।**

ਮਨ ਦੇ ਕਪਾਟ ਖੁੱਲ੍ਹ ਗਏ, ਅਗਮ ਨਿਗਮ ਦੀ ਸੋਝੀ ਪ੍ਰਾਪਤ ਹੋ ਗਈ। ਅਲਮਸਤ ਤੇ ਮਦਮਸਤ ਹੋ ਕੇ ਹਰ ਵੇਲੇ ਲਬਾਲਬ, ਲਬਾਲਬ ਹੀ ਕਰਦੇ ਰਹਿੰਦੇ। ਇਕ ਦਿਨ ਨਾਮ ਦੇ ਰੰਗ ਵਿੱਚ ਰੰਗ ਕੇ ਭਵਿੱਖਤ ਬਚਨ ਕਰਨੇ ਸ਼ੁਰੂ ਕਰ ਦਿੱਤੇ। ਤਿੰਨ ਆਸਣ ਕੋਲ-ਕੋਲ ਵਿਛਾ ਕੇ ਕਹਿਣਾ ਸ਼ੁਰੂ ਕਰ ਦਿੱਤਾ, "ਆਉ ਬਾਬਾ ਬਾਲਕ ਸਿੰਘ ਜੀ ਬੈਠੋ, ਆਉ ਬਾਬਾ ਰਾਮ ਸਿੰਘ ਜੀ ਬੈਠੋ, ਆਉ ਬਾਬਾ ਬੁੱਧ ਸਿੰਘ ਜੀ ਬੈਠੋ।" ਇਹ ਇੱਕ ਵਾਰੀ ਨਹੀਂ ਕਈ ਵਾਰੀ ਇਸੇ ਤਰ੍ਹਾਂ ਹੀ ਤਿੰਨ ਆਸਣ ਵਿਛਾ ਕੇ ਆਪਣੇ ਸਾਹਿਬਾਂ ਨੂੰ ਤਰਤੀਬ ਵਾਰ ਆਸਣ ਤੇ ਬੈਠਣ ਲਈ ਅਰਜ਼ੋਈਆਂ ਕਰਦੇ। ਲੋਕਾਂ ਨੂੰ ਇਸ ਬਾਰੇ ਕੁਝ ਗਿਆਨ ਨਹੀਂ ਸੀ, ਉਨ੍ਹਾਂ ਲਈ ਤਾਂ ਕਮਲੇ ਦੀਆਂ ਗੱਲਾਂ ਹੀ ਸਨ। ਸੱਚੇ ਪਾਤਸ਼ਾਹ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਪਤਾ ਵੀ ਕਿਵੇਂ ਲੱਗ ਸਕਦਾ ਸੀ ਕਿ ਬਾਬਾ ਬੈਂਕਾ ਜੀ ਕੀ ਕਹਿ ਰਹੇ ਹਨ। ਇਹ ਬਚਨ ਉਸੇ ਵੇਲੇ ਦੇ ਹਨ ਜਦੋਂ ਸਤਿਗੁਰੂ ਰਾਮ ਸਿੰਘ ਜੀ ਹਲਾਂ ਹਜ਼ਰੋਂ ਗਏ ਵੀ ਨਹੀਂ ਸਨ ਅਤੇ ਸਾਧ ਸੰਗਤ ਨੂੰ ਉਨ੍ਹਾਂ ਦੇ ਬਾਰੇ

ਕੁਝ ਜਾਣਕਾਰੀ ਵੀ ਨਹੀਂ ਸੀ। ਇਸ ਗੱਲ ਦਾ ਭੇਦ ਉਸ ਵੇਲੇ ਖੁਲ੍ਹਿਆ ਜਦੋਂ ਸਤਿਗੁਰੂ ਰਾਮ ਸਿੰਘ ਜੀ ਹਜ਼ਰੋਂ ਗਏ ਅਤੇ ਸਤਿਗੁਰੂ ਬਾਲਕ ਸਿੰਘ ਜੀ ਨੇ ਉਨ੍ਹਾਂ ਨੂੰ ਗੁਰਗੱਦੀ ਅਰਪਣ ਕੀਤੀ। ਬਾਬਾ ਬੁਧ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਉਪਰੰਤ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ ਸਨ।

ਬਾਬਾ ਬੈਂਕਾ ਜੀ ਦੀ ਸਾਰੀ ਆਯੂ ਮਸਤੀ ਦੀ ਦਸ਼ਾ ਵਿਚ ਗੁਜ਼ਰੀ। ਆਪ ਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਚਰਨ ਕੰਵਲਾਂ ਦੇ ਭੌਰੇ ਬਣੇ ਰਹੇ। ਉਨ੍ਹਾਂ ਦੇ ਚਰਨਾਂ ਦੀ ਰਜ ਪ੍ਰਾਪਤ ਕਰ ਕੇ ਜੀਵਨ ਆਨੰਦ ਮਗਨ ਹੋ ਕੇ ਮੌਜ ਅਤੇ ਮਸਤੀ ਵਿਚ ਬਤੀਤ ਕੀਤਾ ਅਤੇ ਸੰਮਤ ੧੯੪੮ ਬਿ. ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਤੇ ਸ਼ਬਦ ਦੀ ਮਸਤੀ ਤੇ ਸਵਾਸ-ਸਵਾਸ ਨਾਮ ਸਿਮਰਨ ਕਰ ਕੇ ਦਿੱਬ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਜਿਹੜੀ ਬਾਬਾ ਬੈਂਕਾ ਜੀ ਲਬਾਲਬ ਨੂੰ ਪ੍ਰਾਪਤ ਹੋਈ।

# ੭

**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥**
**ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥**
**ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥**
**ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥**
**ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥**
**ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥੭॥**

***ਸ਼ਬਦਾਰਥ :***

ਮਾਹੁ—ਮਹੀਨਾ। ਭਾਲ—ਚੰਗਾ। ਕਿਉ ਬਿਸਰੈ—ਕਿਵੇਂ ਵਿਸਰੇ ? ਥਲ—ਪ੍ਰਿਥਵੀ ਦੇ ਸੁਕੇ ਥਾਂ। ਤਾਪਹਿ—ਤਪਦੇ ਹਨ। ਸਰ—ਵਾਂਗ। ਭਾਰ—ਭੱਠ। ਸਾਧਨ—ਜੀਵ ਰੂਪੀ ਇਸਤ੍ਰੀ। ਬਿਨਉ—ਬੇਨਤੀ। ਸਾਰੇਦੀ—ਯਾਦ ਕਰਦੀ ਹੈ। ਸਾਰੀ—ਯਾਦ ਕਰਦੀ ਹੈ। ਪ੍ਰਭ ਭਾਵਾ—ਪ੍ਰਭੂ ਨੂੰ ਚੰਗੀ ਲੱਗ ਪਵਾਂ। ਸਾਚੈ ਮਹਿਲ—ਆਪਣੇ ਸਰੂਪ ਵਿੱਚ। ਬੈਰਾਗੀ—ਵਿਰਕਤ, ਮਾਇਆ ਤੋਂ ਨਿਰਲੇਪ। ਮਹਲੀ—ਮਹਲਾਂ ਵਿੱਚ। ਕਰਮਿ—ਕਿਰਪਾ ਨਾਲ। ਮਿਲ—ਮਿਲਦੀ ਹੈ। ਗੁਣ ਗਹਿਲੀ—ਪ੍ਰਭ ਦੇ ਗੁਣ ਗ੍ਰਹਿਣ ਕਰਨ ਵਾਲੀ।

***ਵਿਆਖਿਆ :***

ਜੇਠ ਉਨ੍ਹਾਂ ਜੀਵ ਰੂਪੀ ਇਸਤ੍ਰੀਆਂ ਨੂੰ ਚੰਗਾ ਲੱਗਦਾ ਹੈ, ਜਿਨਾਂ ਨੂੰ ਆਪਣਾ ਪਿਆਰਾ ਇਕ ਪਲ ਲਈ ਵੀ ਨਹੀਂ ਵਿਸਰਦਾ। ਉਸ ਪਿਆਰੇ ਪ੍ਰੀਤਮ ਦੀ ਯਾਦ ਹਮੇਸ਼ਾਂ-ਹਮੇਸ਼ਾਂ ਲਈ, ਸਾਧਕ ਦੇ ਮਨ ਵਿੱਚ ਰਹਿੰਦੀ ਹੈ, ਜੀਵ ਰੂਪੀ ਇਸਤ੍ਰੀ ਤਾਂ ਇਕ ਪਲ ਲਈ ਵੀ ਆਪਣੇ ਪਿਆਰੇ ਪ੍ਰਭੂ-ਪਤੀ ਨੂੰ ਵਿਸਾਰਨਾ ਨਹੀਂ ਚਾਹੁੰਦੀ ਕਿਉਂਕਿ ਉਸ ਨੂੰ ਵਿਸਾਰਨ ਨਾਲ, ਸਾਰੇ ਦੁੱਖ, ਕਸ਼ਟ ਉਸ ਨੂੰ ਆ ਚੰਬੜਦੇ ਹਨ।

**ਕੀ ਵਿਸਰਹਿ ਦੁਖੁ ਬਹੁਤਾ ਲਾਗੈ॥**
**ਦੁਖੁ ਲਾਗੈ ਤੂੰ ਵਿਸਰੁ ਨਾਹੀ॥** ਆਸਾ ਮ: ੧ ਪੰਨਾ ੩੫੪

ਇਸ ਲਈ ਜੀਵ ਰੂਪੀ ਇਸਤ੍ਰੀ ਆਪਣੇ ਪਿਆਰੇ ਦੇ ਚਰਨਾਂ ਵਿੱਚ ਦੀਨ ਭਾਵ ਨਾਲ ਬੇਨਤੀ ਕਰਦੀ ਹੈ ਕਿ ਉਹ ਉਸ ਨੂੰ ਘੜੀ ਭਰ ਵੀ ਨਾ ਭੁੱਲੇ ਤੇ ਉਹ ਹਮੇਸ਼ਾ ਉਸ ਦੀ ਸਰਨ, ਉਸ ਦੇ ਚਰਨਾਂ ਵਿੱਚ ਰਹੇ।

**ਵਿਸਰੁ ਨਾਹੀ ਪ੍ਰਭ ਦੀਨ ਦਇਆਲਾ॥**
**ਤੇਰੀ ਸਰਣਿ ਪੂਰਨ ਕਿਰਪਾਲਾ॥** ਵਡਹੰਸ ਮ: ੫ ਪੰਨਾ ੫੬੩

ਜੇਠ ਦਾ ਮਹੀਨਾ ਲੋਅ ਗਰਮੀ ਦੀ ਤਪਸ਼ ਕਰ ਕੇ ਬਹੁਤ ਪ੍ਰਸਿੱਧ ਹੈ। ਕੜਾਕੇ ਦੀ ਗਰਮੀ ਪੈਂਦੀ ਹੈ। ਇਸ ਮਹੀਨੇ ਵਿੱਚ ਲੋਅ ਪੈਣ ਕਰ ਕੇ ਭੱਠ ਵਾਂਗ ਥਲ ਤਪਣ ਲੱਗ ਪੈਂਦਾ ਹੈ। ਸੰਸਾਰਿਕ ਜੀਵਾਂ ਦੇ ਅੰਤਹ-ਕਰਣ ਵਿਸ਼ਿਆਂ-ਵਿਕਾਰਾਂ ਦੀ ਅਗਨੀ ਨਾਲ ਸੜਦੇ ਹਨ, ਭੁੱਜਦੇ ਹਨ, ਤਪਸ਼ ਅਨੁਭਵ ਕਰਦੇ ਹਨ ਪਰ ਪ੍ਰਭੂ-ਚਰਨਾਂ ਦੇ ਨਾਲ ਜੁੜੀ ਪ੍ਰੇਮਿਕਾ ਆਪਣੇ ਪਿਆਰੇ ਪ੍ਰੀਤਮ ਦੇ ਚਰਨਾਂ ਵਿੱਚ ਉਸ ਦੇ ਮਿਲਾਪ ਲਈ ਬੇਨਤੀਆਂ ਕਰਦੀ ਹੈ, ਅਰਜ਼ੋਈਆਂ ਕਰਦੀ ਹੈ, ਆਪਣੇ ਇਸ਼ਟ ਦੇ ਗੁਣਾਂ ਨੂੰ ਯਾਦ ਕਰਦੀ ਹੈ। ਉਹ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਵਿੱਚ ਬੇਨਤੀ ਕਰਦੀ ਹੈ ਕਿ ਉਸ ਵਿੱਚ ਅਨੇਕਾਂ ਹੀ ਅਪਰਾਧ ਹਨ ਪਰ ਇਸ ਦੇ ਬਾਵਜੂਦ ਵੀ ਉਹ ਉਸ ਦੇ ਚਰਨਾਂ ਦੀ ਦਾਸੀ ਹੈ।

**ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥**
**ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥** ਬਿਹਾਗੜਾ ਮ: ੫, ਪੰਨਾ ੫੪੭

ਉਸ ਅਪਰੰਪਰ ਦੇ ਗੁਣਾਂ ਨੂੰ ਇਸ ਕਰ ਕੇ ਯਾਦ ਕਰਦੀ ਹੈ ਕਿ ਕਿਸੇ ਤਰ੍ਹਾਂ ਉਹ ਉਸ ਨੂੰ ਚੰਗੀ ਲੱਗਣ ਲੱਗ ਜਾਵੇ। ਉਹ ਅਕਾਲ ਪੁਰਖ ਪ੍ਰਭੂ, ਆਪਣੇ ਨਿਰਲੇਪ ਸਦਾ ਥਿਰ ਰਹਿਣ ਵਾਲੇ ਮਹਿਲ ਵਿੱਚ ਟਿਕਿਆ ਰਹਿੰਦਾ ਹੈ, ਜਿੱਥੇ ਇਹ ਤਪਸ਼ ਪਹੁੰਚ ਹੀ ਨਹੀਂ ਸਕਦੀ। ਤਪਸ਼ ਦੀ ਥਾਂ ਹਮੇਸ਼ਾਂ ਖੇੜਾ, ਹੁਲਾਸ, ਖ਼ੁਸ਼ੀ ਦਾ ਸਮੁੰਦਰ ਠਾਠਾਂ ਮਾਰਦਾ ਰਹਿੰਦਾ ਹੈ। ਇਹੋ ਜਿਹੇ ਪ੍ਰਭੂ ਪਿਆਰੇ ਅੱਗੇ ਜੀਵ ਰੂਪੀ ਇਸਤ੍ਰੀ ਬੇਨਤੀਆਂ ਕਰਦੀ ਹੈ ਕਿ ਉਹ ਸਦਾ ਥਿਰ ਰਹਿਣ ਵਾਲੇ ਮਹਿਲ ਅੰਦਰ ਆਪਣੇ ਪਿਆਰੇ ਦੀ ਆਗਿਆ ਤੋਂ ਬਿਨਾਂ ਪ੍ਰਵੇਸ਼ ਨਹੀਂ ਕਰ ਸਕਦੀ। ਇਸ ਲਈ ਧਨ ਉਸ ਦੇ ਅੰਦਰ ਪ੍ਰਵੇਸ਼ ਕਰਨ ਵਾਸਤੇ ਬਾਰ-ਬਾਰ ਅਰਜ਼ੋਈਆਂ ਕਰਦੀ ਹੈ, ਉਹ ਉਸ ਦੀ ਸਿਫਤਿ-ਸਲਾਹ ਵਿੱਚ ਹਮੇਸ਼ਾਂ ਲਗੀ ਰਹਿੰਦੀ ਹੈ ਤਾਂ ਕਿ ਉਹ ਆਪਣੇ ਪਿਆਰੇ ਪ੍ਰੀਤਮ ਨੂੰ ਚੰਗੀ ਲੱਗ ਸਕੇ, ਤੇ ਬਾਹਰਲੀ ਤਪਸ਼ ਆਦਿ ਤੋਂ ਬਚ ਕੇ, ਉਸ ਦੇ ਆਨੰਦ-ਭਰਪੂਰ ਮਹਿਲ ਅੰਦਰ ਵਾਸ ਕਰ ਸਕੇ। ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਧਨ ਮਾਣ ਰਹਿਤ ਹੈ, ਤਾਣ ਰਹਿਤ ਹੈ ਇਸ ਲਈ ਆਪਣੇ ਪਿਆਰੇ ਪ੍ਰਭੂ ਪਤੀ ਦੇ ਚਰਨਾਂ ਵਿੱਚ ਮੇਲ ਮਿਲਾਪ ਲਈ ਬੇਨਤੀਆਂ ਕਰਦੀ ਹੈ।

**ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥**
ਗਉੜੀ ਮ: ੩, ਪੰਨਾ ੨੪੪

ਆਪਣੇ ਪਿਆਰੇ ਦੀ ਆਗਿਆ ਤੋਂ ਬਿਨਾਂ ਉਸ ਦੇ ਮਹਿਲ ਦਾ ਸੁੱਖ ਕਿਵੇਂ ਪ੍ਰਾਪਤ ਕਰ ਸਕਦੀ ਹੈ। ਮਾਣ ਤੇ ਤਾਣ ਰਹਿਤ ਇਸਤ੍ਰੀ ਆਪਣੇ ਪਤੀ

ਦੇ ਸਰੂਪ ਦਾ ਸੁੱਖ ਪ੍ਰਾਪਤ ਨਹੀਂ ਕਰ ਸਕਦੀ।

ਜੇਠ ਦੇ ਮਹੀਨੇ ਵਿੱਚ ਸੜਦੀ, ਤਪਦੀ ਲੋਅ ਵਿੱਚ ਜਿਹੜੀ ਇਸਤ੍ਰੀ ਆਪਣੇ ਪ੍ਰਭੂ-ਪਤੀ ਦੀ ਸਿਫਤਿ ਸਲਾਹ, ਗੁਣ-ਗਾਣ ਕਰਨ ਵਿੱਚ ਲਗੀ ਰਹਿੰਦੀ ਹੈ, ਉਸ ਨਾਲ ਜਾਣ ਪਛਾਣ ਪਾ ਲੈਂਦੀ ਹੈ, ਉਹ ਉਸ ਸ਼ਾਂਤ ਚਿੱਤ ਪ੍ਰਭੂ ਪ੍ਰੀਤਮ ਵਾਂਗ ਹੀ ਅਡੋਲ ਸ਼ਾਂਤ ਚਿੱਤ ਹੋ ਜਾਂਦੀ ਹੈ। ਉਸ ਦੀ ਮਿਹਰ ਨਾਲ ਉਸ ਵਿੱਚ ਇਕਮਿਕ ਹੋ ਕੇ ਉਸ ਵਿੱਚ ਸਮਾ ਜਾਂਦੀ ਹੈ, ਵਿਸ਼ੇ ਵਿਕਾਰਾਂ ਦੀ ਤਪਸ਼ ਦਾ ਸੇਕ ਉਸ ਨੂੰ ਪੋਹ ਨਹੀਂ ਸਕਦਾ, ਉਹ ਆਪਣੇ ਪਿਆਰੇ ਦੇ ਸਰੂਪ ਵਿਚ ਇਕਮਿਕ ਹੋ ਕੇ ਆਨੰਦ ਮਗਨ ਰਹਿੰਦੀ ਹੈ।

**ਭਾਵ :**

ਕਾਮਾਦਿਕ ਵਿਕਾਰਾਂ ਦੀ ਤਪਸ਼ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਰਹਿੰਦੇ ਹਨ। ਜਿਹੜੀ ਜੀਵਾਤਮਾ ਅਕਾਲ ਪੁਰਖ ਪ੍ਰਭੂ ਦੀ ਸਿਫਤਿ ਸਲਾਹ ਨੂੰ ਹਿਰਦੇ ਵਿੱਚ ਵਸਾ ਕੇ ਪ੍ਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖਦੀ ਹੈ, ਉਸ ਦਾ ਹਿਰਦਾ ਹਮੇਸ਼ਾਂ ਸ਼ਾਂਤ ਰਹਿੰਦਾ ਹੈ। ਉਹ ਜੀਵਾਤਮਾ ਵਿਕਾਰਾਂ ਦੀ ਅੱਗ ਤੋਂ ਹਮੇਸ਼ਾਂ ਬਚੀ ਰਹਿੰਦੀ ਹੈ।

# ਕਿਉ ਪਾਵੈ ਸੁਖੁ ਮਹਲੀ

***ਰਾਜਾ ਅੰਬਰੀਕ***

ਰਾਜਾ ਅੰਬਰੀਕ ਬਹੁਤ ਵੱਡਪ੍ਰਤਾਪੀ ਰਾਜਾ ਅਤੇ ਮਹਾਭਗਤ ਸਨ। ਉਹ ਮਹਾਂਭਗਤ ਰਾਜਾ, ਸੱਤ ਦੀਪਾਂ ਦਾ ਰਾਜ, ਅਤੁਲ ਐਸ਼੍ਵਰਜ ਅਤੇ ਨਾ ਮੁੱਕਣ ਵਾਲੀ ਸੰਪਰਦਾ ਦੇ ਮਾਲਕ ਸਨ। ਉਹ ਇਨ੍ਹਾਂ ਦੁਨੀਆਵੀ ਪਦਾਰਥਾਂ ਨੂੰ ਮੋਹ ਮਾਇਆ ਦਾ ਝੂਠਾ ਪਸਾਰਾ ਸਮਝ ਕੇ ਇਨ੍ਹਾਂ ਵਿੱਚ ਗਲਤਾਨ ਨਹੀਂ ਸਨ ਹੁੰਦੇ, ਇਨ੍ਹਾਂ ਸਭ ਨੂੰ ਆਪਣੇ ਕੋਲੋਂ ਦੂਰ ਹੀ ਰੱਖਦੇ ਸਨ। ਉਹ ਹਮੇਸ਼ਾਂ ਇਹੀ ਕਹਿੰਦੇ ਸਨ ਕਿ ਇਹ ਧਨ ਪਦਾਰਥ ਸੰਪਦਾ ਆਦਿ ਚਾਰ ਦਿਨਾਂ ਦੀ ਚਾਂਦਨੀ ਹੈ, ਜੋ ਹਮੇਸ਼ਾਂ ਨਹੀਂ ਰਹਿੰਦੀ, ਤੇ ਫਿਰ ਇਸ ਦੇ ਨਾਸ ਹੋਣ ਤੇ ਮਨੁੱਖ ਨੂੰ ਬੜਾ ਦੁੱਖ ਲਗਦਾ ਹੈ। ਇਸ ਕਰ ਕੇ ਉਹ ਇਨ੍ਹਾਂ ਵਿੱਚ ਸੁੱਖ ਦੀ ਪ੍ਰਾਪਤੀ ਨਹੀਂ ਸਨ ਵੇਖਦੇ— **ਕਿਉਂ ਪਾਵੈ ਸੁਖ ਮਹਲੀ**

ਉਨ੍ਹਾਂ ਨੂੰ ਤਾਂ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਦੀ ਭਗਤੀ ਅਤਿ ਪਿਆਰੀ ਸੀ, ਅਤਿ ਉੱਤਮ ਲੱਗਦੀ ਸੀ। ਮਹਿਲ, ਮਾੜੀਆਂ ਸਭ ਅਡੰਬਰ ਸਭ ਝੂਠ ਦਾ ਪਸਾਰਾ ਲੱਗਦਾ। ਉਨ੍ਹਾਂ ਨੂੰ ਇਹ ਸਾਰਾ ਸੰਸਾਰ ਹੀ ਮਿੱਟੀ ਦਾ ਢੇਰ ਲੱਗਦਾ। ਇਸ ਲਈ ਉਨ੍ਹਾਂ ਨੇ ਆਪਣੇ ਮਨ ਨੂੰ ਆਪਣੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਚਰਨਾਂ ਨਾਲ ਜੋੜ ਲਿਆ, ਬਾਣੀ ਨੂੰ ਪ੍ਰਭੂ ਦੀ ਮਹਿਮਾ ਕਰਨ ਵਿੱਚ

ਲਗਾਇਆ, ਕੰਨ ਹਮੇਸ਼ਾਂ ਉਸ ਪਿਆਰੇ ਦੀ ਕਥਾ ਪ੍ਰਸੰਗ ਸੁਣ ਕੇ ਸਫਲ ਹੁੰਦੇ, ਹੱਥਾਂ ਨੂੰ ਸਾਧਾਂ, ਸੰਤਾਂ ਦੀ ਸੇਵਾ ਕਰਨ ਵਿੱਚ ਲਗਾਇਆ; ਅੱਖ ਨੂੰ ਆਪਣੇ ਪਿਆਰੇ ਦੀ ਮੂਰਤੀ ਅਤੇ ਸੰਤਾਂ ਮਹਾਤਮਾ ਦੇ ਦਰਸ਼ਨ ਕਰਨ ਵਿੱਚ ਲਗਾਇਆ; ਜੀਭ ਨੂੰ ਸਿਮਰਨ ਕਰਨ ਵਿੱਚ, ਪੈਰਾਂ ਨੂੰ ਪਵਿਤਰ ਧਰਮ-ਅਸਥਾਨਾਂ ਦੀ ਯਾਤਰਾ ਕਰਨ ਵਿੱਚ, ਅਤੇ ਸਿਰ ਨੂੰ ਸਾਧ-ਸੰਗਤ ਅਤੇ ਭਗਵਾਨ ਅੱਗੇ ਝੁਕਾ ਕੇ ਸਫਲ ਕਰਦੇ। ਰਾਜਾ ਅੰਬਰੀਕ ਜੋ ਕੁਝ ਵੀ ਭੋਗ ਕਰਦੇ, ਉਹ ਆਪਣੇ ਹਰਿ ਜੀ ਦਾ ਪ੍ਰਸ਼ਾਦ ਸਮਝ ਕੇ ਗ੍ਰਹਿਣ ਕਰਦੇ। ਉਨ੍ਹਾਂ ਆਪਣੇ ਮਹਿਲਾਂ-ਮਾੜੀਆਂ ਵਿੱਚ ਧਿਆਨ ਨਾ ਲਗਾ ਕੇ, ਅਨੇਕਾਂ ਹੀ ਅਸ਼ਵਮੇਧ ਯੱਗ ਕਰ ਕੇ ਆਪਣੀ ਮਾਇਆ ਧਰਮ-ਅਰਥ ਲਗਾਈ। ਰਾਜਾ ਜੀ ਨੂੰ ਆਪਣਾ ਘਰ ਇਸਤ੍ਰੀ, ਪੁੱਤਰ, ਬੰਧੂ, ਸਖਾ, ਹਾਥੀ, ਘੋੜੇ, ਅਮੋਲਕ ਗਹਿਣੇ, ਕੱਪੜੇ ਅਸਤ੍ਰ-ਸ਼ਸਤ੍ਰ ਸਭ ਤੁੱਛ ਲੱਗਦੇ। ਆਪਣੇ ਪਿਆਰੇ ਭਗਤ ਦੀ ਨਿਸ਼ਠਾ, ਅਪਾਰ ਸ਼ਰਧਾ, ਦ੍ਰਿੜ ਭਰੋਸਾ ਵੇਖ ਕੇ ਸ੍ਰੀ ਕ੍ਰਿਸ਼ਨ ਜੀ ਨੇ ਪ੍ਰੇਸ਼ਾਨ ਹੋ ਕੇ ਦੁਸ਼ਟਾਂ ਦਾ ਨਾਸ ਕਰਨ ਲਈ ਆਪਣਾ ਸੁਦਰਸ਼ਨ ਚੱਕਰ ਰਾਜੇ ਦੇ ਦਰਵਾਜ਼ੇ ਉੱਪਰ ਉਸ ਦੀ ਰੱਖਿਆ ਕਰਨ ਲਈ ਰੱਖ ਦਿੱਤਾ। ਸਿਰਫ ਰਾਜਾ ਹੀ ਨਹੀਂ, ਉਸ ਦੀ ਪਤਨੀ ਤੇ ਸਾਰੀ ਪਰਜਾ ਵੀ ਰਾਜੇ ਵਾਂਗ ਅਕਾਲ ਪੁਰਖ ਪ੍ਰਭੂ ਦੇ ਚਰਨਾਂ ਦੀ ਪੁਜਾਰਿਨ ਸੀ।

ਰਾਜੇ ਤੇ ਰਾਣੀ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਕਾਲ ਪੁਰਖ ਦੇ ਚਰਨਾਂ ਵਿਚ ਸਮਰਪਤ ਕਰ ਦਿੱਤਾ ਤੇ ਵੱਧ ਤੋਂ ਵੱਧ ਸਮਾਂ ਸਿਮਰਨ-ਭਜਨ ਵਿਚ ਹੀ ਬਿਤਾਉਂਦੇ। ਭਜਨ ਦਾ ਸਮਾਂ ਹੌਲੀ-ਹੌਲੀ ਵਧਦਾ ਗਿਆ। ਜਦੋਂ ਇੱਕ ਘੜੀ ਰਾਤ ਬਾਕੀ ਰਹਿ ਗਈ ਤਾਂ ਰਾਜੇ ਨੇ ਰਾਣੀ ਨੂੰ ਕਿਹਾ, "ਭਲੀਏ ਲੋਕੇ ! ਅਰਾਮ ਕਰ ਕੇ ਕੀ ਲੈਣਾ ਹੈ, ਜੇਕਰ ਨੀਂਦ ਆ ਰਹੀ ਹੈ ਤਾਂ ਚੱਕੀ ਪੀਸ ਕੇ ਆਪਣੇ ਆਪ ਨੂੰ ਸੁਚੇਤ ਕਰ ਲੈਂਦੇ ਹਾਂ।" ਇਸ ਤਰ੍ਹਾਂ ਜਦੋਂ ਉਨ੍ਹਾਂ ਨੇ ਚੱਕੀ ਪੀਹਣੀ ਸ਼ੁਰੂ ਕੀਤੀ ਤਾਂ ਅਕਾਲ-ਪੁਰਖ ਪ੍ਰਭੂ ਨੇ ਆਕੇ ਬਾਂਹ ਫੜ ਲਈ ਅਤੇ ਉਨ੍ਹਾਂ ਦੀ ਭਗਤੀ ਪ੍ਰਵਾਨ ਹੋ ਗਈ।

ਇੱਕ ਵਾਰੀ ਰਾਜਾ ਅੰਬਰੀਕ ਜੀ ਨੇ ਯੱਗ ਕੀਤਾ ਅਤੇ ਵਰਤ ਰੱਖਿਆ। ਦੁਰਬਾਸ਼ਾ ਰਿਖੀ ਜੀ ਨੂੰ ਭੋਜਨ ਛਕਾਏ ਬਿਨਾਂ ਰਾਜਾ ਜੀ ਨੂੰ ਵਰਤ ਉਪਾਰਨ ਕਰਨਾ ਪਿਆ ਕਿਉਂਕਿ ਦ੍ਵਾਦਸ਼ੀ ਵਿੱਚ ਜੇਕਰ ਵਰਤ ਨਾ ਉਪਾਰਨ ਕੀਤਾ ਜਾਵੇ ਤਾਂ ਇਕਾਦਸ਼ੀ ਵਰਤ ਨਿਸ਼ਫਲ ਹੋ ਜਾਂਦਾ ਹੈ। ਦੁਰਬਾਸ਼ਾ ਨੂੰ ਬਹੁਤ ਕ੍ਰੋਧ ਆਇਆ, ਉਨ੍ਹਾਂ ਨੇ ਅਪਾਣੇ ਵਾਲਾਂ ਦੀ ਜਟ ਪੁੱਟ ਕੇ ਆਪਣੇ ਪ੍ਰਭਾਵ ਨਾਲ ਇੱਕ ਤੇਜਵਾਨ ਚੁੜੇਲ ਬਣਾ ਲਈ। ਉਹ ਰਾਜਾ ਤੇ ਝਪਟੀ, ਸ੍ਰੀ ਕ੍ਰਿਸ਼ਨ ਜੀ ਦੇ ਦਿੱਤੇ ਹੋਏ ਸੁਦਰਸ਼ਨ ਚੱਕਰ ਨੇ ਉਸ ਨੂੰ ਸਾੜ ਕੇ ਸੁਆਹ ਕਰ ਦਿੱਤਾ। ਫਿਰ ਉਹ ਚੱਕਰ ਦੁਰਬਾਸ਼ਾ ਰਿਸ਼ੀ ਦੇ ਪਿਛੇ ਦੌੜਿਆ। ਅੰਤ ਦੁਰਬਾਸ਼ਾ ਜੀ ਨੂੰ ਅੰਬਰੀਕ ਜੀ ਕੋਲੋਂ ਮੁਆਫੀ ਮੰਗਣੀ ਪਈ ਤੇ ਆਪਣੀ ਜਾਨ ਮਸਾਂ ਬਚਾਈ। ਭਾਈ

ਗੁਰਦਾਸ ਜੀ ਨੇ ਇਸ ਦਾ ਵਰਣਨ ਬੜੇ ਸੁੰਦਰ ਸ਼ਬਦਾਂ ਵਿੱਚ ਕੀਤਾ ਹੈ :—

*ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ॥*
*ਭੀੜਾ ਓਸੁ ਉਪਾਰਣਾ ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ॥*
*ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਣ ਨੋ ਧਾਇਆ॥*
*ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ॥*
*ਬਾਮ੍ਹਣੁ ਭੰਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ॥*
*ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ॥*
*ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾਂ ਸਮਝਾਇਆ॥*
*ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ॥*
*ਭਗਤ ਵਛਲੁ ਜਗਿ ਬਿਰਦੁ ਸਦਾਇਆ॥*

ਵਾਰ ੧੦ ਪਉੜੀ ੪

# ੮

**ਆਸਾੜੁ ਭਲਾ ਸੂਰਜੁ ਗਗਨਿ ਤਪੈ॥**
**ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥**
**ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥**
**ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥**
**ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥**
**ਨਾਨਕ ਜਿਸ ਨੋ ਇਹ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥੮॥**

***ਸ਼ਬਦਾਰਥ :***
ਆਸਾੜ—ਹਾੜ ਦਾ ਮਹੀਨਾ। ਭਲਾ—ਚੰਗਾ। ਗਗਨਿ—ਅਕਾਸ਼ ਵਿੱਚ। ਸਹੈ—ਸਹਾਰਦੀ ਹੈ। ਭਖੈ—ਤਪਦੀ ਹੈ। ਸੋਖੈ—ਜਲ ਮੁੱਕਦਾ ਜਾਂਦਾ ਹੈ। ਰਸ—ਜਲ। ਮਰੀਐ—ਦੁਖੀ ਹੋਈਦਾ ਹੈ। ਸੋ—ਉਹ ਸੂਰਜ। ਕਿਰਤ ਨ ਹਾਰੈ—ਆਪਣੇ ਕੰਮ ਨੂੰ ਨਹੀਂ ਛੱਡਦਾ। ਫਿਰੈ—ਚੱਕਰ ਲਗਾਉਂਦਾ ਹੈ। ਛਾਇਆ ਧਨ ਤਾਕੈ—ਜੀਵਨ ਰੂਪ ਇਸਤ੍ਰੀਆਂ ਛਾਂ—ਭਾਵ ਸ਼ਾਂਤੀ ਲਭਦੀਆਂ ਹਨ। ਤਾਕੈ—ਤਕਦੀ ਹੈ, ਭਾਲਦੀ ਹੈ। ਟੀਡੁ—ਬੀਂਡਾ। ਲਵੈ—ਲੈਂਦਾ ਹੈ, ਟੀਂ ਟੀਂ ਕਰਦਾ ਹੈ। ਮੰਝਿ ਬਾਰੇ—ਜੰਗਲਾਂ ਵਿੱਚ। ਬਾਧਿ—ਬੰਨ੍ਹ ਕੇ। ਚਲੀ—ਤੁਰਦੀ ਹੈ। ਆਗੈ—ਅੱਗੇ ਪ੍ਰਲੋਕ ਵਿੱਚ। ਸਮਾਲੈ—ਹਿਰਦੇ ਵਿੱਚ ਸੰਭਾਲਦੀ ਹੈ।

***ਵਿਆਖਿਆ :***
ਹਾੜ ਦੇ ਮਹੀਨੇ ਵਿੱਚ ਤਪਸ਼ ਗਰਮੀ ਸ਼ਿਖਰਾਂ ਉਤੇ ਹੁੰਦੀ ਹੈ। ਅਕਾਸ਼ ਵਿੱਚ ਸੂਰਜ ਦੀਆਂ ਕਿਰਨਾਂ ਧਰਤੀ ਉੱਤੇ ਬਿਖਰ ਕੇ ਉਸ ਨੂੰ ਤਪਸ਼ ਪ੍ਰਦਾਨ ਕਰਦੀਆਂ ਹਨ। ਸੂਰਜ ਦੀ ਗਰਮੀ ਧਰਤੀ ਦੀ ਨਮੀ ਨੂੰ ਸੁਕਾ ਦਿੰਦੀ ਹੈ। ਧਰਤੀ ਦੁੱਖ ਦਾ ਅਨੁਭਵ ਕਰਦੀ ਹੈ। ਇਸ ਨਾਲ ਧਰਤੀ ਦੀ ਹਿੱਕ ਤੇ ਵਿਚਰ ਰਹੇ ਜੀਵ-ਜੰਤ ਪ੍ਰਾਣੀ ਸਭ ਦੁਖੀ ਹੁੰਦੇ ਹਨ, ਤੇ ਉਹ ਅੱਗ ਵਾਂਗੂੰ ਭਖਦੀ ਹੈ।

**ਸੂਰਜੁ ਤਪੈ ਅਗਨਿ ਬਿਖੁ ਝਾਲਾ॥**
**ਅਪਤੁ ਪਸੂ ਮਨਮੁਖੁ ਬੇਤਾਲਾ॥** ਮਾਰੂ ਮ: ੧ ਪੰਨਾ ੧੦੨੯

ਸੂਰਜ ਦੀ ਅੱਗ ਧਰਤੀ ਦੀ ਤਰਾਵਟ ਨੂੰ ਸੁਕਾ ਦਿੰਦੀ ਹੈ, ਹਰ ਪਾਸੇ ਹਰ ਜੀਵ, ਜੰਤੂ, ਪਸ਼ੂ, ਪੰਖੀ ਤ੍ਰਾਹ ਉਠਦਾ ਹੈ ਪਰ ਇਸ ਸਭ ਦਾ ਸੂਰਜ ਉੱਤੇ ਕੋਈ ਅਸਰ ਨਹੀਂ, ਉਹ ਆਪਣੇ ਕੰਮ ਵਿੱਚ ਰੁਰਿਆ ਰਹਿੰਦਾ ਹੈ, ਉਹ ਆਪਣੇ

ਕਰਤੱਬ ਕਰਦਾ ਰਹਿੰਦਾ ਹੈ, ਉਹ ਆਪਣੇ ਕਰਤੱਬ ਕਰਨ ਤੋਂ ਹਟਦਾ ਨਹੀ, ਉਹ ਲਗਾਤਾਰ ਆਪਣੀਆਂ ਗਰਮ ਕਿਰਨਾਂ ਦੀ ਤਪੱਸ਼ ਰਾਹੀਂ ਧਰਤੀ ਦੀ ਹਿੱਕ ਨੂੰ ਸਾੜਦਾ ਰਹਿੰਦਾ ਹੈ, ਉਸ ਦਾ ਰੱਥ ਚੱਕਰ ਲਾਉਂਦਾ ਹੈ ਤੇ ਜੀਵ ਰੂਪੀ ਇਸਤ੍ਰੀ ਆਪਣੇ ਆਪ ਨੂੰ ਸੇਕ ਤੋਂ ਬਚਾਉਣ ਲਈ ਛਾਂ ਦੀ ਭਾਲ ਕਰਦੀ ਹੈ। ਬਾਹਰ ਜੰਗਲ ਦੇ ਵਿੱਚ ਕੀੜੇ ਵੀ ਟੀਂ ਟੀਂ ਕਰ ਕੇ ਤਪਸ਼ ਦਾ ਅਨੁਭਵ ਕਰਦੇ ਹੋਏ ਦੁੱਖ ਦਾ ਪ੍ਰਗਟਾਵਾ ਕਰਦੇ ਹਨ। ਜਿਹੜੀ ਜੀਵ ਰੂਪੀ ਇਸਤ੍ਰੀ ਆਪਣੇ ਸਿਰ ਉਤੇ ਗੁਣਾਂ ਦੀ ਪੋਟਲੀ ਬੰਨ੍ਹ ਕੇ ਟੁਰਦੀ ਹੈ, ਉਹ ਆਪਣੇ ਜੀਵਨ ਸਫਰ ਵਿੱਚ ਹਮੇਸ਼ਾਂ ਮਾਨਸਕ ਤਪਸ਼, ਪੀੜਾ ਦਾ ਦੁੱਖ ਸਹਾਰਦੀ ਹੈ ਤੇ ਜਿਹੜੀ ਜੀਵ ਰੂਪੀ ਇਸਤ੍ਰੀ ਸਦਾ-ਥਿਰ ਰਹਿਣ ਵਾਲੇ ਅਕਾਲ ਪੁਰਖ ਪ੍ਰਭੂ ਦੇ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾਉਂਦੀ ਹੈ, ਉਹ ਹਮੇਸ਼ਾਂ ਆਤਮਿਕ ਆਨੰਦ ਪ੍ਰਾਪਤ ਕਰਦੀ ਹੈ, ਦੁੱਖ ਤੇ ਤਪਸ਼ ਉਸ ਦੇ ਨੇੜੇ ਨਹੀਂ ਆ ਸਕਦੇ।

**ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ॥**

ਗੋਂਡ ਮ: ੪ ਪੰਨਾ ੮੬੦

ਜਿਸ ਤਰ੍ਹਾਂ ਸੂਰਜ ਕਰ ਕੇ ਰੇਤਾ ਬਹੁਤ ਹੀ ਜਲਦਾ ਹੈ ਉਸੇ ਤਰ੍ਹਾਂ ਚੰਦ੍ਰਮਾ ਦੇ ਦੇਖਣ ਕਰ ਕੇ ਸਾਰੀ ਤਪਸ਼ ਦੂਰ ਹੋ ਜਾਂਦੀ ਹੈ।

**ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ ਤਿਸ ਨੋ ਕਿਉ ਅੰਦੇਸਾ**
**ਕਿਸੈ ਗਲੈ ਦਾ ਲੋੜੀਐ॥**
**ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸ ਨੋ ਧਿਆਇਦਿਆ**
**ਕਿਵ ਨਿਮਖ ਘੜੀ ਮੁਹੁ ਮੋੜੀਐ॥**
**ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ ਨਿਤ**
**ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ॥**
**ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ॥**
**ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ**
**ਡਿਠੈ ਜਗਤੁ ਤਰਿਆ ਸਭੁ ਲੋੜੀਐ॥** ਮ: ੩ ਪੰਨਾ ੫੫੦

ਤੇ ਇਸ ਤਰ੍ਹਾਂ ਕਰਨ ਨਾਲ ਉਸ ਨੂੰ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ, ਉਸ ਨੂੰ ਇੱਜ਼ਤ ਮਿਲਦੀ ਹੈ ਤੇ ਉਸ ਨੂੰ ਕਿਸੇ ਤਰ੍ਹਾਂ ਦਾ ਦੁੱਖ ਨਹੀਂ ਹੁੰਦਾ।

**ਸਰਬ ਸੁਖਾ ਸੁਖ ਹਰਿ ਕੈ ਨਾਇ॥** ਬਸੰਤ ਮ: ੫ ਪੰਨਾ ੧੧੮੦

ਉਹ ਆਪਣੇ ਮਨ ਨੂੰ ਪ੍ਰਭੂ ਪ੍ਰੀਤਮ ਦੇ ਚਰਨਾਂ ਵਿੱਚ ਟਿਕਾ ਕੇ ਆਨੰਦ-ਭਰਪੂਰ ਰਹਿੰਦੀ ਹੈ, ਪ੍ਰੇਮ ਮਗਨ ਰਹਿੰਦੀ ਹੈ। ਇਹੋ ਜਿਹੀ ਜੀਵ ਰੂਪੀ ਇਸਤ੍ਰੀ ਨੂੰ ਅਕਾਲ ਪੁਰਖ ਪ੍ਰੀਤਮ ਨੇ ਹਰੀ-ਨਾਮ ਸਿਮਰਨ ਕਰਨ ਵਾਲਾ ਮਨ ਦਿੱਤਾ ਹੈ,

**ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥**
**ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥**
ਗਉੜੀ ਮ: ੫ ਪੰਨਾ ੨੪੭

ਅਕਾਲ ਪੁਰਖ ਨਾਲ ਉਸ ਦਾ ਸਾਥ ਹਮੇਸ਼ਾਂ-ਹਮੇਸ਼ਾਂ ਲਈ ਬਣ ਜਾਂਦਾ ਹੈ, ਤੇ ਇਹੋ ਜਿਹਾ ਸੰਗ-ਸਾਥ ਪ੍ਰਾਪਤ ਕਰ ਕੇ ਹਾੜ ਮਹੀਨੇ ਦੀ ਤਪਸ਼ ਸੂਰਜ ਦੀਆਂ ਕਿਰਣਾਂ ਦੀ ਲੋਅ ਉਸ ਨੂੰ ਪੋਹ ਨਹੀਂ ਸਕਦੀਆਂ, ਉਸਨੂੰ ਸੇਕ ਨਹੀਂ ਪਹੁੰਚਾ ਸਕਦੀਆਂ। ਵਿਸ਼ੇ-ਵਿਕਾਰਾਂ ਦੀ ਅੱਗ ਦਾ ਸੇਕ ਉਸ ਦੇ ਨੇੜੇ-ਤੇੜੇ ਨਹੀਂ ਪਹੁੰਚ ਸਕਦਾ। ਉਹ ਹਮੇਸ਼ਾਂ ਪ੍ਰਫੁੱਲਿਤ, ਹੁਲਸਿਤ, ਖਿੜੀ ਤੇ ਆਨੰਦ ਮਗਨ ਰਹਿੰਦੀ ਹੈ। ਉਸ ਅਕਾਲ ਪੁਰਖ ਪ੍ਰਭੂ ਦੇ ਨਾਲ ਹੀ ਉਸ ਦਾ ਜੀਊਂਣਾ ਤੇ ਮਰਨਾ ਹੈ :—

— **ਆਖਾ ਜੀਵਾ ਵਿਸਰੈ ਮਰਿ ਜਾਉ॥**
**ਆਖਣਿ ਅਉਖਾ ਸਾਚਾ ਨਾਉ॥** ਆਸਾ ਮ: ੧, ਪੰਨਾ ੩੪੯

— **ਮਰਣੰ ਬਿਸਰਣੰ ਗੋਬਿੰਦਹ॥**
**ਜੀਵਣੰ ਹਰਿ ਨਾਮ ਧ੍ਯਾਵਣਹ॥** ਗਾਥਾ ਮ: ੫, ਪੰਨਾ ੧੩੬੧

***ਭਾਵ :***

ਹਾੜ ਦੇ ਮਹੀਨੇ ਵਿੱਚ ਕਹਿਰਾਂ ਦੀ ਗਰਮੀ ਹੁੰਦੀ ਹੈ, ਪਰ ਜਿਹੜਾ ਮਨੁੱਖ ਅਕਾਲ ਪੁਰਖ ਪ੍ਰਭੂ ਦਾ ਨਾਮ ਹਿਰਦੇ ਵਿੱਚ ਵਸਾਉਂਦਾ ਹੈ, ਉਸ ਨੂੰ ਇਸ ਜੀਵਨ ਸਫਰ ਵਿੱਚ ਹਾੜ ਦੀ ਕਹਿਰਾਂ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ।

# ਨਾਨਕ ਜਿਸਨੋ ਇਹੁ ਮਨੁ ਦੀਆ

***ਰਾਜਾ ਜਨਕ***

ਇੱਕ ਉੱਚ ਅਧਿਆਤਮਕ ਸ਼ਖ਼ਸੀਅਤ ਜਿੰਨ੍ਹਾਂ ਨੇ ਪੂਰਨ ਰੂਪ ਵਿੱਚ ਆਪਣਾ ਮਨ ਆਪਣੇ ਪਿਆਰੇ ਗੁਰੂ ਦੇ ਚਰਨਾਂ ਵਿੱਚ ਸਮਰਪਿਤ ਕਰ ਦਿੱਤਾ ਹੋਵੇ, ਸਨ—ਰਾਜਾ ਜਨਕ। ਰਾਜਾ ਜਨਕ ਮਿਥਲਾ ਸ਼ਹਿਰ ਦੇ ਰਾਜਾ ਸੀਤਾ ਜੀ ਦੇ ਪਿਤਾ ਅਤੇ ਸ੍ਰੀ ਰਾਮਚੰਦਰ ਜੀ ਦੇ ਸਹੁਰਾ ਸਨ। ਉਹ ਆਪਣੀ ਪ੍ਰਤਿਗਿਆ ਵਿੱਚ ਪਰਿਪੂਰਨ ਅਤੇ ਮਹਾਨ ਸੰਤ ਵੀ ਸਨ। ਇੱਕ ਦਿਨ ਰਾਜੇ ਜਨਕ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਨੇ ਗੁਰੂ ਧਾਰਨ ਨਹੀਂ ਕੀਤਾ ਹੋਇਆ ਤੇ ਨਿਗੁਰੇ ਦਾ ਨਾਮ ਬਹੁਤ ਬੁਰਾ ਹੁੰਦਾ ਹੈ :—

**ਗੁਰੂ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥**
(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੬)

ਜਿਨ੍ਹਾਂ ਨੇ ਗੁਰੂ ਕੋਲੋਂ ਕੰਨ ਵਿੱਚ ਮੰਤਰ ਨਹੀਂ ਲਿਆ, ਉਹ ਕੁੱਤੇ, ਸੂਰ, ਸੱਪ, ਖੋਤੇ ਇਤਿਆਦਿ ਜਾਨਵਰਾਂ ਨਾਲੋਂ ਵੀ ਭੈੜੇ ਹਨ। ਮਨ ਨੇ ਫੈਸਲਾ ਕੀਤਾ ਕਿ ਜਲਦੀ ਤੋਂ ਜਲਦੀ ਗੁਰੂ ਧਾਰਨ ਕੀਤਾ ਜਾਵੇ ਇਸ ਲਈ ਰਾਜਾ ਜੀ ਨੇ ਆਪਣਾ ਗੁਰੂ ਧਾਰਨ ਕਰਨ ਵਾਸਤੇ ਰਿਸ਼ੀਆਂ, ਮੁਨੀਆਂ, ਮਹਾਤਮਾਂ, ਸੰਤਾਂ ਅਤੇ ਮਹਾਂਪੁਰਖਾਂ ਦਾ ਇੱਕ ਬੜਾ ਵੱਡਾ ਇਕੱਠ ਆਯੋਜਿਤ ਕੀਤਾ। ਉਸ ਇਕੱਠ ਵਿੱਚ ਇੱਕ ਬੜਾ ਉੱਚਾ ਸਥਾਨ ਸਥਾਪਿਤ ਕੀਤਾ ਤੇ ਬਹੁਤ ਉੱਚੀਆਂ ਸੁਰਾਂ ਵਿੱਚ ਇਹ ਘੋਸ਼ਣਾ ਕਰ ਦਿੱਤੀ ਕਿ ਉਸ ਉੱਚ ਸਥਾਨ ਤੇ ਉਹੀ ਮਹਾਤਮਾ ਬਿਰਾਜ ਸਕਦਾ ਹੈ, ਜਿਹੜਾ ਆਪਣੇ ਆਪ ਨੂੰ ਰਾਜਾ ਜਨਕ ਦਾ ਗੁਰੂ ਹੋਣ ਦੇ ਯੋਗ ਸਮਝਦਾ ਹੋਵੇ। ਰਾਜੇ ਨੇ ਸ਼ਰਤ ਰੱਖੀ ਸੀ ਕਿ ਉਹੀ ਮਹਾਤਮਾ ਰਾਜਾ ਜਨਕ ਜੀ ਦਾ ਗੁਰੂ ਬਣ ਸਕਦਾ ਹੈ, ਜਿਹੜਾ ਰਾਜਾ ਜਨਕ ਜੀ ਨੂੰ ਘੋੜੇ ਉੱਪਰ ਪਲਾਕੀ ਮਾਰਦਿਆਂ-ਮਾਰਦਿਆਂ ਗਿਆਨ ਕਰਾ ਸਕੇਗਾ। ਇਹ ਐਲਾਨ ਸੁਣ ਕੇ ਕਿਸੇ ਦਾ ਵੀ ਉਸ ਸਿੰਘਾਸਣ ਤੇ ਬੈਠਣ ਦਾ ਹੌਂਸਲਾ ਨਾ ਹੋ ਸਕਿਆ।

ਕੁਝ ਚਿਰ ਬਾਅਦ ਰਾਜੇ ਦੇ ਪ੍ਰੋਹਤ ਸਤਾਨੰਦ ਨੇ ਚਿਤਾਵਨੀ ਦਿੱਤੀ ਕਿ ਕਿੰਨੇ ਸ਼ਰਮ ਦੀ ਗੱਲ ਹੈ ਕਿ ਐਨੀ ਭੀੜ ਵਿੱਚ ਕੋਈ ਵੀ ਪੁਰਖ ਐਸਾ ਨਹੀਂ, ਜਿਹੜਾ ਰਾਜਾ ਜਨਕ ਦੇ ਗੁਰੂ ਬਣਨ ਦੇ ਯੋਗ ਹੋਵੇ। ਰਾਜਾ ਦੇ ਪ੍ਰੋਹਤ ਦੀ ਲਲਕਾਰ ਸੁਣ ਕੇ ਉੱਥੇ ਬੈਠਾ ਇਕ ਮਹਾਂਪੁਰਖ ਜਿਸ ਦੇ ਸਰੀਰ ਵਿੱਚ ਕਈ ਵਿੰਗ ਸਨ, ਜਿਸ ਕਰਕੇ ਉਸ ਦਾ ਨਾਮ ਅਸ਼ਟਾਵਕ੍ਰ ਕਰ ਕੇ ਪ੍ਰਸਿੱਧ ਹੋ ਚੁੱਕਾ ਸੀ, ਉੱਥੇ ਸਜੇ-ਉਚੇ ਸਿੰਘਾਸਨ ਤੇ ਆ ਕੇ ਬਿਰਾਜਮਾਨ ਹੋ ਗਏ। ਉਥੇ ਬੈਠੇ ਸਾਰੇ ਪੰਡਿਤਾਂ, ਸਾਰੇ ਵਿਦਵਾਨਾਂ, ਰਿਖੀਆਂ ਨੇ ਅਸ਼ਟਾਵਕ੍ਰ ਦਾ ਮਜ਼ਾਕ ਉਡਾਇਆ ਪਰ ਰਾਜੇ ਦੇ ਮਨ ਵਿਚ ਕੋਈ ਐਸਾ ਹੀਨ ਭਾਵ ਨਾ ਆਇਆ।

ਰਾਜੇ ਨੇ ਜਾ ਕੇ ਅਸ਼ਟਾਵਕ੍ਰ ਅੱਗੇ ਬੇਨਤੀ ਕੀਤੀ, "ਹੇ ਮਹਾਰਾਜ, ਮੇਰੇ ਧੰਨ ਭਾਗ ਤੁਸੀਂ ਇਹ ਸਥਾਨ ਗ੍ਰਹਿਣ ਕੀਤਾ ਹੈ ਪਰ ਆਪ ਜੀ ਸਿੰਘਾਸਣ ਤੇ ਤਦ ਹੀ ਸੋਭਾ ਪਾ ਸਕਦੇ ਹੋ, ਜਦੋਂ ਪਹਿਲਾਂ ਮੈਨੂੰ ਗਿਆਨ ਦੀ ਦਾਤ ਬਖਸ਼ੋ।"

ਇਹ ਸਭ ਸੁਣ ਕੇ ਅਸ਼ਟਾਵਕ੍ਰ ਨੇ ਕਿਹਾ ਕਿ ਉਨ੍ਹਾਂ ਨੂੰ ਹੈਰਾਨੀ ਹੋ ਰਹੀ ਸੀ ਕਿ ਮੰਡਪ ਵਿੱਚ ਇਕੱਠੇ ਹੋਏ ਸਾਰੇ ਪੰਡਿਤ ਮਹਾਤਮਾ, ਜਿਹੜੇ ਉਨ੍ਹਾਂ ਦੇ ਰੂਪ ਨੂੰ ਦੇਖ ਕੇ ਉਨ੍ਹਾਂ ਦੀ ਖਿੱਲੀ ਉਡਾ ਰਹੇ ਸਨ, ਉਹ ਬ੍ਰਾਹਮਣ ਨਹੀਂ ਸਗੋਂ ਚਮਾਰ ਸਨ ਕਿਉਂਕਿ ਬ੍ਰਹਮ ਨੂੰ ਜਾਣਨ ਵਾਲਾ ਹੀ ਬ੍ਰਾਹਮਣ ਹੋ ਸਕਦਾ ਹੈ। ਉਨ੍ਹਾਂ ਨੇ ਸਭ ਨੂੰ ਦੱਸਿਆ ਕਿ ਉਨ੍ਹਾਂ ਦੇ ਸਰੀਰ ਦੇ ਅੰਤਰਗਤ ਬ੍ਰਹਮ ਵਿੱਚ ਕੋਈ ਵਿੰਗ ਨਹੀਂ, ਕੋਈ ਮੈਲ-ਕੁਚੈਲ ਨਹੀਂ। ਅਸ਼ਟਾਵਕ੍ਰ ਨੇ ਰਾਜੇ ਜਨਕ ਨੂੰ ਕਿਹਾ ਕਿ ਉਹ

ਉਨ੍ਹਾਂ ਦੀਆਂ ਗੱਲ ਵੱਲ ਧਿਆਨ ਨਾ ਦੇਣ, ਸਗੋਂ ਜਲਦੀ ਉੱਥੇ ਘੋੜਾ ਮੰਗਵਾਉਣ ਦੀ ਖੇਚਲ ਕਰਨ।

ਹੁਕਮ ਅਨੁਸਾਰ ਉੱਥੇ ਘੋੜਾ ਆ ਗਿਆ। ਰਾਜਾ ਜਨਕ ਜੀ ਉਸ ਉਪਰ ਸਵਾਰ ਹੋਣ ਲੱਗੇ। ਰਕਾਬਾਂ ਵਿੱਚ ਪੈਰ ਟਿਕਾ ਲਏ। ਵਾਗਾਂ ਹੱਥ ਵਿੱਚ ਫੜ ਲਈਆਂ ਤਾਂ ਉਸੇ ਵੇਲੇ ਝੱਟ ਅਸ਼ਟਾਵਕ੍ਰ ਨੇ ਰਾਜੇ ਨੂੰ ਕਿਹਾ, "ਰਾਜਨ ਪਲਾਕੀ ਮਾਰਦਿਆਂ ਤੈਨੂੰ ਗਿਆਨ ਹੋ ਜਾਣਾ ਹੈ, ਗਿਆਨੀ ਹੁੰਦੇ ਹੀ ਤੂੰ ਮੇਰਾ ਚੇਲਾ ਹੋ ਜਾਣਾ ਹੈ ਅਤੇ ਘੋੜੇ ਤੇ ਸਵਾਰ ਹੁੰਦੇ ਹੀ ਘੋੜੇ ਨੇ ਦੌੜ ਜਾਣਾ ਹੈ। ਇਸ ਲਈ ਤੂੰ ਮੈਨੂੰ ਗੁਰ ਦੱਖਣਾ ਕਿਸ ਵੇਲੇ ਦੇਵੇਂਗਾ ? ਪਹਿਲਾਂ ਮੈਨੂੰ ਗੁਰ ਦੱਖਣਾ ਦਿਉ ਤਾਂ ਰਕਾਬ ਉਤੇ ਪੈਰ ਟਿਕਾਉ।"

ਇਹ ਸੁਣਕੇ ਰਾਜੇ ਨੇ ਬੇਨਤੀ ਕੀਤੀ, "ਮਹਾਰਾਜ, ਮੈਂ ਗੁਰ ਦੱਖਣਾ ਕੀ ਦੇਵਾਂ ?"

ਅਸ਼ਟਾਵਕ੍ਰ ਨੇ ਉੱਤਰ ਦਿੱਤਾ, 'ਗੁਰੂ ਨੂੰ ਭੇਂਟ ਕਰਨ ਵਾਸਤੇ ਸੰਸਾਰ ਵਿੱਚ ਤਨ, ਮਨੁ, ਧਨੁ ਇਹ ਤਿੰਨ ਚੀਜ਼ਾਂ ਹਨ, ਤੁਸੀਂ ਇਨ੍ਹਾਂ ਤਿੰਨਾ ਵਿਚੋਂ ਇੱਕ ਚੀਜ਼ ਹੀ ਭੇਟ ਕਰ ਦਿਉ।"

ਰਾਜੇ ਨੇ ਉੱਤਰ ਦਿੱਤਾ ਕਿ ਉਹ ਆਪਣੀ ਪਤਨੀ ਨਾਲ ਸਲਾਹ ਕਰ ਕੇ ਇੱਕ ਚੀਜ਼ ਉਨ੍ਹਾਂ ਦੇ ਚਰਨਾਂ ਵਿੱਚ ਭੇਟ ਕਰਨਗੇ। ਘਰ ਜਾ ਕੇ ਆਪਣੀ ਅਰਧਾਂਗਨੀ ਨਾਲ ਸਲਾਹ ਮਸ਼ਵਰਾ ਕਰ ਕੇ ਇਸ ਸਿੱਟੇ ਤੇ ਪਹੁੰਚੇ ਕਿ ਮਨ ਅਸ਼ਟਾਵਕ੍ਰ ਜੀ ਦੇ ਚਰਨਾਂ ਵਿੱਚ ਅਰਪਿਤ ਕੀਤਾ ਜਾਵੇ ਕਿਉਂਕਿ ਜੇਕਰ ਧਨ ਦੇ ਦਿੱਤਾ ਜਾਵੇਗਾ ਤਾਂ ਉਹ ਕੰਗਾਲ ਹੋ ਜਾਣਗੇ ਤੇ ਜੇਕਰ ਤਨ ਦਿੱਤਾ ਜਾਵੇ, ਫਿਰ ਰਾਜੇ ਜਨਕ ਦੀ ਪਤਨੀ ਕਿਧਰ ਜਾਵੇਗੀ ਕਿਉਂਕਿ ਤਨ ਤਾਂ ਅਸ਼ਟਾਵਕ੍ਰ ਜੀ ਦਾ ਹੋ ਜਾਵੇਗਾ। ਮਨ ਦੇਣ ਨਾਲ ਦੋ ਲਾਭ ਹੁੰਦੇ ਹਨ ਕਿ ਇਕ ਤਾਂ ਰਾਜ ਪਾਟ ਨਹੀਂ ਖੁੱਸਦਾ ਤੇ ਦੂਸਰਾ ਰਾਜਾ ਜਨਕ ਜੀ ਨੂੰ ਆਪਣੀ ਪਤਨੀ ਦਾ ਸਾਥ ਭੀ ਬਣਿਆ ਰਹੇਗਾ।"

**ਨਾਨਕ ਜਿਸ ਨੋ ਇਹ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥**

ਆਪਣੇ ਗੁਰੂ ਦੇ ਚਰਨਾਂ 'ਚ ਮਨ ਅਰਪਿਤ ਕਰਨ ਦਾ ਦ੍ਰਿੜ ਸੰਕਲਪ ਰਾਜਾ ਜਨਕ ਜੀ ਨੇ ਕਰ ਲਿਆ। ਆਪਣੇ ਗੁਰੂ ਕੋਲ ਪਹੁੰਚ ਕੇ ਰਾਜਾ ਜਨਕ ਜੀ ਨੇ ਕਿਹਾ, "ਮਹਾਰਾਜ ਮੈਂ ਆਪ ਜੀ ਦੇ ਚਰਨਾਂ ਵਿੱਚ ਮਨ ਅਰਪਿਤ ਕਰਦਾ ਹਾਂ।'

ਇਹ ਕਹਿ ਕੇ ਰਾਜਾ ਜੀ ਘੋੜੇ ਤੇ ਚੜ੍ਹਣ ਲੱਗੇ, ਰਿਖੀ ਜੀ ਨੇ ਕਿਹਾ, "ਮੇਰਾ ਮਨ ਨਹੀਂ ਚਾਹੁੰਦਾ ਕਿ ਮੈਂ ਘੋੜੇ ਉੱਪਰ ਸਵਾਰੀ ਕਰਾਂ।" ਫਿਰ ਰਾਜੇ ਦੇ ਗੱਲੋਂ ਸਾਰੇ ਕਪੜੇ ਲੁਹਾ ਲਏ ਤੇ ਰਿਖੀ ਦਾ ਮਨ ਉਹ ਕਪੜੇ ਪਹਿਨਣ ਨੂੰ ਨਹੀਂ ਸੀ ਕਰਦਾ।

ਇਹ ਸਾਰਾ ਕੁਝ ਵੇਖ ਕੇ ਰਾਜੇ ਨੂੰ ਗਿਆਨ ਹੋ ਗਿਆ ਕਿ ਮਨ ਦਾ ਵਸ ਕਰਨਾ ਹੀ ਗਿਆਨ ਹੈ, ਮਨ ਦਾ ਸਮਝਣਾ ਹੀ ਰੱਬ ਦਾ ਮੇਲ ਹੈ। ਜਿਸ ਤੇ ਅਕਾਲ-ਪੁਰਖ ਦੀ ਕ੍ਰਿਪਾ ਹੋ ਜਾਂਦੀ ਹੈ, ਉਸ ਦਾ ਮਨ ਤੇ ਕਾਬੂ ਹੋ ਜਾਂਦਾ ਹੈ।

ਇਸ ਦਾ ਗਿਆਨ ਪ੍ਰਾਪਤ ਕਰ ਕੇ ਰਾਜਾ ਜਨਕ ਜੀ ਅਸ਼ਟਾਵਕ੍ਰ ਜੀ ਦੇ ਚਰਨਾਂ ਤੇ ਡਿੱਗ ਪਏ, ਤੇ ਉਨ੍ਹਾਂ ਨੇ ਰਾਜਾ ਜਨਕ ਜੀ ਨੂੰ ਆਪਣਾ ਸ਼ਿਸ਼ ਬਣਾ ਕੇ ਆਪਣੇ ਗਲੇ ਨਾਲ ਲਾ ਲਿਆ। ਰਾਜੇ ਦਾ ਮਨ ਤਾਂ ਪਹਿਲਾਂ ਹੀ ਪਿੰਗਲਾ ਹੋ ਚੁੱਕਾ ਸੀ, ਉਸ ਉੱਪਰ ਨਾਮ ਦਾ ਛੱਟਾ ਪੈ ਕੇ ਸੋਨੇ ਤੇ ਸੁਹਾਗੇ ਦਾ ਕੰਮ ਬਣ ਗਿਆ। ਉਨ੍ਹਾਂ ਨੂੰ ਪੂਰਨ ਰੂਪ ਵਿੱਚ ਗਿਆਨ ਹੋ ਗਿਆ ਸੀ। ਇਸ ਲਈ ਉਹ ਆਪਣੇ ਪਿਆਰੇ ਅਕਾਲ ਪੁਰਖ ਪ੍ਰਭੂ ਦੇ ਚਰਨਾਂ ਵਿੱਚ ਲਿਵ ਲਾ ਕੇ ਨਾਮ ਸਿਮਰਨ ਵਿੱਚ ਲਿਵਲੀਨ ਹੋ ਗਏ।

# ੯

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥**
**ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥**
**ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥**
**ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥**
**ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥**
**ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥੯॥**

***ਸ਼ਬਦਾਰਥ :***

ਸਾਵਣਿ—ਸਾਵਣ ਵਿੱਚ। ਸਰਸ—ਰਸ ਵਾਲਾ। ਘਣ—ਬੱਦਲ। ਮੈ ਭਾਵੈ—ਮੈਨੂੰ ਚੰਗਾ ਲੱਗਦਾ ਹੈ। ਪਿਰ—ਪ੍ਰੀਤਮ, ਪਤੀ। ਸਿਧਾਏ—ਚਲੇ ਗਏ ਹਨ। ਹਾਵੈ—ਝੋਰਿਆਂ ਵਿੱਚ ਹੌਂਹਕੇ ਲੈਕੇ। ਦਾਮਨਿ-ਬਿਜਲੀ। ਚਮਕਿ-ਚਮਕ ਕੇ। ਖਰੀ—ਬਹੁਤ। ਦੁਹੇਲੀ—ਦੁਖੀ ਹੈ। ਤਨਿ—ਸਰੀਰ ਉਤੇ। ਸੁਖਾਵਏ—ਸੁਖਾਵੈ, ਸੁਖਾਂਦਾ ਹੈ। ਕੰਤੀ—ਕੰਤ (ਪਤੀ) ਵਾਲੀ, ਜਿਸਨੂੰ ਕੰਤ ਪਿਆਰ ਕਰਦਾ ਹੈ। ਅੰਕਿ—ਗਲਵੱਕੜੀ ਵਿੱਚ। ਸਮਾਵਏ—ਲੀਨ ਹੋ ਜਾਂਦੀ ਹੈ।

***ਵਿਆਖਿਆ :***

ਜੇਠ ਤੇ ਹਾੜ ਦੇ ਮਹੀਨਿਆਂ ਦੀ ਗਰਮੀ ਨਾਲ ਹਰ ਜੀਵ-ਜੰਤੂ ਪ੍ਰਾਣੀ ਤਪਸ਼ ਨਾਲ ਕਰਾਹੁੰਦਾ ਹੈ, ਵਣਸਪਤੀ ਆਦਿ ਮੁਰਝਾ ਜਾਂਦੀ ਹੈ ਤੇ ਪਾਣੀ ਦੀ ਅਣਹੋਂਦ ਨਾਲ ਸਭ ਸੁੱਕ ਜਾਂਦਾ ਹੈ। ਵਾਤਾਵਰਣ ਵਿੱਚ ਹਰ ਪਾਸੇ ਸੋਕਾ ਹੀ ਸੋਕਾ ਦਿੱਸਦਾ ਹੈ। ਸਾਵਣ ਦੇ ਮਹੀਨੇ ਵਿੱਚ ਅਕਾਸ਼ ਵਿੱਚ ਪਾਣੀ ਦੀ ਘਾਟ ਕਰ ਕੇ ਧਰਤੀ ਉੱਤੇ ਤਰੇੜਾਂ ਪੈ ਜਾਂਦੀਆਂ ਹਨ। ਕਾਲੀਆਂ ਘਟਾਵਾਂ ਪਾਣੀ ਬਰਸਾ ਕੇ ਹਰ ਜੀਵ-ਜੰਤੂ ਨੂੰ ਹਰਿਆ-ਭਰਿਆ ਕਰਦੀਆਂ ਹਨ, ਵਣਸਪਤੀ ਵਿੱਚ ਖੇੜਾ ਆ ਜਾਂਦਾ ਹੈ, ਸੁੱਕੇ ਹੋਏ ਘਾਹ ਪੱਤੀਆਂ ਖਿੜ ਉਠਦੇ ਹਨ। ਬਿਰਹਣ ਲਈ ਵਿਸ਼ੈ ਵਿਕਾਰਾਂ ਦੀ ਤਪਸ਼, ਅੱਗ ਹੁਣ ਬੁੱਝ ਗਈ ਹੈ ਕਿਉਂਕਿ ਹੁਣ ਸਾਵਣ ਬਰਖਾ-ਬਹਾਰਾਂ ਦੀ ਰਿਮ-ਝਿਮ ਰਿਮ-ਝਿਮ ਦਾ ਮੌਸਮ ਹੈ।

**ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥** ਮਲਾਰ ਮ: ੧, ਪੰਨਾ ੧੨੭੯

— **ਬਰਸੁ ਸਰਸੁ ਆਗਿਆ। ਹੋਹਿ ਆਨੰਦ ਸਗਲ ਭਾਗ॥**

ਮਲਾਰ ਮ: ੫, ਪੰਨਾ ੧੨੭੨

ਜਿਸ ਤਰ੍ਹਾਂ ਸਾਵਣ ਦੇ ਮਹੀਨੇ ਵਿੱਚ ਬੱਦਲ ਜਲ ਦੀ ਵਰਖਾ ਕਰਦੇ ਹਨ ਅਤੇ ਸਾਰਿਆਂ ਦੇ ਮਨ ਵਿੱਚ ਅਨੰਦ ਹੁੰਦਾ ਹੈ, ਇਸੇ ਤਰ੍ਹਾਂ ਮਨੁੱਖ ਦਾ ਸਰੀਰ ਵੀ ਇੱਕ ਸਾਵਣ ਦਾ ਮਹੀਨਾ ਹੈ ਜੋ ਪ੍ਰੇਮ ਹੈ, ਪ੍ਰੇਮ ਸਹਿਤ ਹੈ,ਇਸ ਤਰ੍ਹਾਂ ਦੀ ਰੁੱਤ ਆਉਣ ਤੇ ਆਪਣੇ ਪਿਆਰੇ ਸਤਿਗੁਰੂ ਦੇ ਬੱਦਲ ਰੂਪੀ ਉਪਦੇਸ਼ ਦੀ ਵਰਖਾ ਕਰਦੇ ਹਨ, ਇਸ ਨਾਲ ਮਨ ਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਅਕਾਸ਼ ਉਤੇ ਕਾਲੀਆਂ ਘਟਾਵਾਂ ਦੇ ਬੱਦਲ ਮੰਡਰਾਂਦੇ ਹਨ, ਇਸ ਲਈ ਬਿਰਹਣ ਆਪਣੇ ਮਨ ਨੂੰ ਸਮਝਾਉਂਦੀ ਹੈ ਕਿ ਉਹ ਵੀ ਹਰਾ-ਭਰਾ ਅਰਥਾਤ ਪ੍ਰਸੰਨ ਚਿਤ ਹੋਣ ਦੀ ਕੋਸ਼ਿਸ਼ ਕਰੇ, ਆਨੰਦ ਮਗਨ ਹੋਣ ਦਾ ਉਪਰਾਲਾ ਕਰੇ, ਪਰ ਇਹ ਸਾਰਾ ਕੁਝ ਹਾਲਾਂ ਉਸ ਦੇ ਭਾਗਾਂ ਵਿੱਚ ਨਹੀਂ ਕਿਉਂਕਿ ਉਸਦਾ ਪਿਆਰਾ ਪਤੀ ਉਹਦੇ ਕੋਲ ਨਹੀਂ, ਸਗੋਂ ਦੂਰ ਪ੍ਰਦੇਸ ਵਿੱਚ ਹੈ। ਵਿਛੋੜੇ ਵਿੱਚ ਉਸ ਨੂੰ ਕਾਲੀਆਂ ਘਟਾਵਾਂ ਹੋਰ ਤੜਪਾਂਦੀਆਂ ਹਨ, ਦੁੱਖਦਾਈ ਲਗਦੀਆਂ ਹਨ ਭਾਵੇਂ ਉਸ ਦੇ ਹਿਰਦੇ ਵਿੱਚ, ਰੋਮ-ਰੋਮ ਵਿੱਚ ਆਪਣੇ ਪਿਆਰੇ ਪਤੀ ਲਈ ਪਿਆਰ ਜਾਗ ਪਿਆ ਹੈ। ਉਸ ਦੇ ਤਨ-ਮਨ ਵਿੱਚ ਆਪਣੇ ਪਿਆਰੇ ਦਾ ਪਿਆਰ ਸਮਾਇਆ ਹੋਇਆ ਹੈ, ਉਹ ਬੇਬਸ ਹੈ, ਉਹ ਲਾਚਾਰ ਹੈ ਕਿਉਂਕਿ ਉਸ ਦਾ ਕੰਤ ਸੁਆਮੀ ਉਸ ਦੇ ਕੋਲ ਨਹੀਂ। ਜਿੰਨਾਂ ਚਿਰ ਉਸ ਦਾ ਪਤੀ ਉਸ ਕੋਲੋਂ ਦੂਰ ਹੈ, ਉਸ ਦੇ ਘਰ ਨਹੀਂ ਆਉਂਦਾ, ਉਹ ਹਉਕਿਆਂ ਨਾਲ ਮਰ ਰਹੀ ਹੈ, ਉਹ ਬਿਰਹੋਂ ਦੀ ਅੱਗ ਵਿੱਚ ਤੜਪ ਰਹੀ ਹੈ। ਸਾਵਣ ਦੇ ਮਹੀਨੇ ਵਿੱਚ ਕਾਲੀਆਂ ਘਟਾਵਾਂ ਵਿਚੋਂ, ਕਾੜ-ਕਾੜ ਕਰਦੀ ਬਿਜਲੀ ਗਰਜਦੀ ਹੈ, ਬਿਜਲੀ ਦੀ ਕਾੜ-ਕਾੜ ਕਰਦੀ ਆਵਾਜ਼ ਉਸ ਨੂੰ ਡਰਾਉਂਦੀ ਹੈ, ਕਿਉਂਕਿ ਉਹ ਇਕੱਲੀ ਹੈ ਤੇ ਉਸ ਦਾ ਪਿਆਰਾ ਉਸ ਤੋਂ ਦੂਰ ਉਸ ਤੋਂ ਵਿੱਛੜ ਕੇ ਪਰਦੇਸਾਂ ਵਿੱਚ ਹੈ।

**ਨਾਨਕ ਬਿਜੁਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ॥**
**ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ॥**

ਮ: ੫ ਪੰਨਾ ੧੧੦੨

ਉਹ ਸੇਜ ਤੇ ਇਕੱਲੀ ਹੈ, ਉਸ ਦਾ ਸੰਗੀ ਸਾਥੀ ਉਸ ਦੀ ਸੇਜਾ ਦੀ ਸ਼ੋਭਾ ਨਾ ਵਧਾ ਕੇ ਸਗੋਂ ਉਸ ਨੂੰ ਬਿਰਹਾ ਦੀਆਂ ਲਪਟਾਂ ਵਿੱਚ ਸਾੜ ਰਿਹਾ ਹੈ। ਉਸ ਦੀ ਸੱਖਣੀ ਸੇਜ ਉਸ ਨੂੰ ਬਹੁਤ ਦੁਖਦਾਈ ਲੱਗ ਰਹੀ ਹੈ, ਤੇ ਆਪਣੇ ਪ੍ਰੀਤਮ ਦੇ ਵਿਛੋੜੇ ਦਾ ਦੁੱਖ ਪ੍ਰੇਮਿਕਾ ਨੂੰ ਮੌਤ ਦੇ ਸਮਾਨ ਲਗ ਰਿਹਾ ਹੈ, ਉਸ ਦੇ ਹਿਰਦੇ ਅੰਦਰ ਆਪਣੇ ਪਿਆਰੇ ਦੀ ਤੜਪ ਲਗਾਤਾਰ ਬਣੀ ਹੋਈ ਹੈ।

**ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ॥**
**ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ॥**

ਗਉੜੀ ਮ: ੩ ਪੰਨਾ ੨੪੪

ਹਰ ਘੜੀ ਹਰ ਪਲ ਉਸ ਦਾ ਮਰਨ ਹੋ ਰਿਹਾ ਹੈ। ਆਪਣੇ ਪਿਆਰੇ ਹਰਿ ਤੋਂ ਬਿਨਾਂ ਨਾਂ ਤਾਂ ਉਸ ਨੂੰ ਨੀਂਦ ਤੇ ਨਾਂ ਹੀ ਉਸ ਨੂੰ ਭੁੱਖ ਲਗਦੀ ਹੈ। ਉਸ ਬਿਰਹਣੀ ਦੀ ਨੀਂਦ ਖੰਭ ਲਾਕੇ ਉੱਡ ਗਈ ਹੈ, ਤੇ ਉਸ ਦਾ ਕੁਝ ਖਾਣ-ਪੀਣ ਨੂੰ ਬਿਲਕੁਲ ਜੀਅ ਨਹੀਂ ਕਰਦਾ। ਉਸ ਨੂੰ ਤਾਂ ਆਪਣੇ ਸਰੀਰ ਤੇ ਪਾਏ ਹੋਏ ਕਪੜੇ ਤਕ ਵੀ ਸੁਹਣੇ ਨਹੀਂ ਲਗਦੇ। ਉਸ ਨੂੰ ਸਰੀਰਕ ਸਾਧਨਾਂ ਤੋਂ ਕੋਈ ਵੀ ਸੁੱਖ ਪ੍ਰਾਪਤ ਨਹੀਂ ਹੁੰਦਾ। ਉਹੀ ਜੀਵ ਰੂਪੀ ਇਸਤ੍ਰੀ, ਕੰਤ ਵਾਲੀ ਸੋਹਾਗਣ ਤੇ ਵਡਭਾਗਣ ਹੋ ਜਾਂਦੀ ਹੈ, ਜਿਹੜੀ ਆਪਣੇ ਪਿਆਰੇ ਪ੍ਰੀਤਮ ਦੇ ਪਿਆਰ ਵਿੱਚ ਇਕਮਿਕ ਹੋ ਕੇ, ਉਸ ਦੀ ਯਾਦ ਵਿੱਚ ਲਿਵ ਲਾ ਕੇ ਲੀਨ ਹੋ ਜਾਂਦੀ ਹੈ। ਉਹ ਆਪਣੇ ਆਪ ਨੂੰ ਦੋਸ਼ ਦਿੰਦੀ ਹੈ ਕਿ ਉਸ ਵਿਚ ਬਹੁਤ ਸਾਰੇ ਅਉਗਣ ਹਨ ਤੇ ਉਨ੍ਹਾਂ ਅਉਗਣਾਂ ਕਰ ਕੇ ਹੀ, ਉਸ ਦਾ ਪਿਆਰਾ ਉਸ ਤੋਂ ਦੂਰ ਬਹੁਤ ਦੂਰ ਹੋ ਗਿਆ ਹੈ।

**ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ॥**
**ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ॥**

ਗਉੜੀ ਮ: ੩ ਪੰਨਾ ੨੪੪

***ਭਾਵ :***

ਜੀਵ ਇਸਤ੍ਰੀ ਕੁਦਰਤ ਦਾ ਹਾਰ ਸ਼ਿੰਗਾਰ ਵੇਖ ਕੇ ਆਪਣੇ ਪਿਆਰੇ ਦੇ ਡੂੰਘੇ ਧਿਆਨ ਵਿਚ ਵਿਆਕੁਲ ਹੋ ਜਾਂਦੀ ਹੈ। ਉਸ ਨੂੰ ਸੰਸਾਰਿਕ ਸੁਖ ਚੰਗੇ ਨਹੀਂ ਲਗਦੇ। ਉਹ ਆਪਣੇ ਆਪ ਨੂੰ ਆਪਣੇ ਪਿਆਰੇ ਦੀ ਸਿਫਤਿ ਸਲਾਹ ਵਿਚ ਜੋੜ ਕੇ ਸੁਹਾਗਣ ਬਣਨ ਦਾ ਪ੍ਰਯਤਨ ਕਰਦੀ ਹੈ।

# ਪਿਰ ਕੈ ਅੰਕਿ ਸਮਾਵਏ

## *ਸੰਤ ਜੀਊਂਣ ਸਿੰਘ ਜੀ*

ਕੁਝ ਅਧਿਆਤਮਕ ਸ਼ਖ਼ਸੀਅਤਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ, ਜਿਹੜੀਆਂ ਆਪਣਾ ਤਨ, ਮਨ, ਧਨ ਸਭ ਆਪਣੇ ਪਿਆਰੇ ਦੇ ਚਰਨਾਂ ਵਿੱਚ ਸਮਰਪਿਤ ਕਰ ਦਿੰਦੀਆਂ ਹਨ, ਤੇ ਉਹ ਹਮੇਸ਼ਾਂ-ਹਮੇਸ਼ਾਂ ਲਈ ਆਪਣੇ ਪਿਆਰੇ ਦੀਆਂ ਹੋ ਜਾਂਦੀਆਂ ਹਨ। ਉਨ੍ਹਾਂ ਵਿਚ ਅਤੇ ਉਨ੍ਹਾਂ ਦੇ ਪਿਆਰੇ ਵਿੱਚ ਰੱਤੀ ਭਰ ਵੀ ਫਰਕ ਨਹੀਂ ਰਹਿ ਜਾਂਦਾ।

*ਰਾਂਝਾ ਰਾਂਝਾ ਕੂਕਦੀ ਨੀ ਮੈਂ ਆਪੇ ਰਾਂਝਣ ਹੋਈ।*
*ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ॥*

ਦੁਆਦਸ ਪੁਰਖ ਹੈ ਆਦਸੇ ਸਭਿਅਨ ਕੈ ਸਿਰਿ ਮੌਰ
ਸਕਤ ਅਨੰਤੀ ਆਹਿੰਗੈ ਆਦਿ ਇਹੈ ਨਹੀਂ ਔਰ ॥



ਉਸ ਵਿੱਚ ਅਤੇ ਉਸ ਦੇ ਪਿਆਰੇ ਵਿੱਚ ਸਭ ਫ਼ਾਸਲੇ ਮੁੱਕ ਜਾਂਦੇ ਹਨ. ਉਹ ਇਕਮਿਕ ਹੋ ਜਾਂਦੇ ਹਨ। ਸੰਤ ਜੀਊਂਣ ਸਿੰਘ ਜੀ ਐਸੀ ਇੱਕ ਮਹਾਨ ਸ਼ਖ਼ਸੀਅਤ ਸਨ, ਜਿਹੜੇ ਹਮੇਸ਼ਾਂ ਹੀ ਆਪਣੇ ਪਿਆਰੇ ਦੇ ਰੰਗ ਵਿੱਚ ਰੰਗੇ ਰਹਿੰਦੇ ਹਨ। ਉਨ੍ਹਾਂ ਨੇ ਐਸੀ ਕਮਾਈ ਕੀਤੀ ਹੋਈ ਸੀ, ਕਿ ਉਹ ਆਪਣੇ ਪਿਆਰੇ ਪ੍ਰੀਤਮ ਕੰਤ ਦੀ ਯਾਦ ਵਿੱਚ ਹਮੇਸ਼ਾਂ ਲੀਨ ਰਹਿੰਦੇ।

**ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥**

ਆਪਣੇ ਪਿਆਰੇ ਦੇ ਪ੍ਰੇਮੀ ਹੋਣ ਤੋਂ ਪਹਿਲਾਂ ਸੰਤ ਜੀਊਂਣ ਸਿੰਘ ਜੀ ਇੱਕ ਆਮ ਸਾਧਾਰਨ ਮਨੁੱਖ ਵਾਂਗ ਆਪਣੇ ਪਿਤਾ ਬਾਬਾ ਸ਼ਾਮ ਸਿੰਘ ਅਤੇ ਮਾਤਾ ਦਇਆ ਕੌਰ ਦੀ ਛੱਤਰ ਛਾਂ ਹੇਠ ਖ਼ੂਬ ਐਸ਼ੋ ਇਸ਼ਰਤ ਵਾਲਾ ਜੀਵਨ ਬਤੀਤ ਕਰਦੇ ਸਨ। ਆਪ ਜੀ ਦੇ ਪਿਤਾ ਸ: ਸ਼ਾਮ ਸਿੰਘ ਜੀ ਤਾਂ ਉੱਚ ਕੋਟੀ ਦੇ ਸਾਧੂ ਸਨ ਪਰ ਆਪ ਦੀ ਸੰਗਤ ਕੁਛ ਅਧਰਮੀ ਲੋਕਾਂ ਨਾਲ ਸੀ। ਬਾਬਾ ਸ਼ਾਮ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਗਰੀਬ ਨਿਵਾਜ਼, ਜਿਊਣ ਸਿੰਘ ਤੇ ਕ੍ਰਿਪਾ ਕਰੋ, ਇਸ ਦੀ ਲੁਚਿਆਂ ਲਫੰਗਿਆਂ ਦੀ ਸੰਗਤ ਤੋਂ ਛੁਟਕਾਰਾ ਬਖਸ਼ੋ ਜੀ।"

ਸਤਿਗੁਰੂ ਜੀ ਨੇ ਪਿਤਾ ਨੂੰ ਆਪਣਾ ਪੁੱਤਰ ਲਿਆਉਣ ਲਈ ਆਖਿਆ। ਜਦੋਂ ਜੀਊਂਣ ਸਿੰਘ ਜੀ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਪਿਤਾ ਉਨ੍ਹਾਂ ਨੂੰ ਭਜਨ ਦਿਵਾਉਣ ਲੱਗੇ ਹਨ ਤਾਂ ਪਿੰਡ ਛੱਡ ਕੇ ਦੂਰ ਭੱਜ ਗਏ। ਪਰ ਪਿਤਾ ਜੀ ਨੇ ਆਪਣੇ ਪੁੱਤਰ ਦੀ ਖ਼ੂਬ ਖੋਜ ਭਾਲ ਕੀਤੀ ਅਤੇ ਲੱਭ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਉਸ ਨੂੰ ਹਾਜ਼ਰ ਕੀਤਾ। ਸਤਿਗੁਰੂ ਰਾਮ ਸਿੰਘ ਜੀ ਦੇ ਭਜਨ ਦੇਣ ਦੀ ਦੇਰ ਸੀ ਕਿ ਇਕ ਦਮ ਕਾਇਆ ਪਲਟ ਹੋ ਗਈ, ਮਸਤ ਹੋ ਕੇ ਝੂਮਣ ਲੱਗ ਪਏ ਅਤੇ ਉੱਚੀ ਉੱਚੀ ਆਪਣੇ ਆਪ ਨੂੰ ਸੰਬੋਧਨ ਕਰ ਕੇ ਕਹਿਣ ਲੱਗ ਪਏ, "ਜੀਊਂਣਿਆ ! ਅੱਜ ਤੈਨੂੰ ਖ਼ੁਦ ਖ਼ੁਦਾਈ ਦਿੱਤੀ।" ਅਠੇ ਪਹਿਰ ਇਹੋ ਬਚਨ ਕਰਦੇ ਰਹਿਣ। ਸਾਰਾ ਸਮਾਂ ਭਜਨ ਬੰਦਗੀ ਵਿੱਚ ਲਿਵਲੀਨ ਰਹਿਣ ਤੇ ਨੀਂਦਰ ਆਪ ਜੀ ਕੋਲੋਂ ਖੰਭ ਲਾਕੇ ਦੂਰ ਉੱਡ ਗਈ।

ਇਕ ਵਾਰੀ ਹਮੇਸ਼ਾਂ ਵਾਂਗ ਆਪ ਜੀ ਪੱਟੀ ਜ਼ਿਲਾ ਲਾਹੌਰ ਵਿੱਚ ਮੇਲੇ ਤੇ ਗਏ। ਇਸ ਵਾਰੀ ਉਹ ਅਧਿਆਤਮਕ ਰੰਗ ਵਿੱਚ ਰੰਗੇ ਹੋਏ ਸਨ, ਉਹ ਸਾਰੇ ਦੇ ਸਾਰੇ ਹੀ ਆਪਣੇ ਪਿਆਰੇ ਪ੍ਰੀਤਮ ਦੇ ਬਣੇ ਹੋਏ ਸਨ। ਜਦੋਂ ਉਹ ਆਪਣੇ ਪਿਆਰੇ ਦੇ ਅੰਕ ਵਿੱਚ ਸਮਾਏ ਹੋਏ ਸਨ ਤੇ ਉੱਚੀ ਮਸਤਾਨੀ ਬ੍ਰਿਤੀ ਵਿੱਚ ਹੋ ਕੇ ਕਹਿਣ ਲੱਗੇ, "ਮੈਂ ਖ਼ੁਦ ਖ਼ੁਦਾ, ਮੈਂ ਖ਼ੁਦ ਖ਼ੁਦਾ, ਇਹ ਹੱਥ ਖ਼ੁਦਾ ਦੇ, ਇਹ ਪੈਰ ਖ਼ੁਦਾ ਦੇ।" ਛਾਤੀ ਤੇ ਹੱਥ ਮਾਰ ਕੇ ਕਹਿਣ ਲੱਗੇ, "ਓਹ ਲੋਕੋ ! ਖ਼ੁਦਾ ਦੇ ਦਰਸ਼ਨ ਕਰ ਲਉ। ਫੇਰ ਨਾ ਕਹਿਣਾ, ਸਾਨੂੰ ਖ਼ਬਰ ਨਹੀਂ ਹੋਈ।"

ਉੱਥੇ ਮੇਲੇ ਵਿੱਚ ਇਕ ਮੁਸਲਮਾਨ ਫ਼ਕੀਰ ਕਹਿਣ ਲੱਗਾ, "ਇਹ ਖ਼ੁਦਾ ਹੈ

ਅਤੇ ਮੈਂ ਖੁਦਾ ਦਾ ਪਿਓ।"

ਸੰਤਾਂ ਨੇ ਉਸ ਫਕੀਰ ਨੂੰ ਇਸ ਤਰ੍ਹਾਂ ਤਿੰਨ ਵਾਰੀ ਕਹਿਣ ਦਾ ਮੌਕਾ ਦਿੱਤਾ। ਉਸੇ ਵੇਲੇ ਇਕ ਆਦਮੀ ਨੂੰ ਬਜ਼ਾਰ ਭੇਜ ਕੇ ਝਟਕਾ, ਹਲਾਲ ਦੋਵੇਂ ਮੰਗਵਾ ਲਏ ਅਤੇ ਫਕੀਰ ਨੂੰ ਕਿਹਾ, "ਆਓ ਬਾਪੂ ਜੀ, ਅਸੀਂ ਦੋਵੇਂ ਇਸ ਨੂੰ ਰਲਕੇ ਛਕੀਏ।"

ਇਹ ਫਕੀਰ ਬਹੁਤ ਸ਼ਰਮਿੰਦਾ ਹੋ ਗਿਆ ਅਤੇ ਆਪਣੇ ਆਪ ਨੂੰ ਪਿਛਾਂਹ-ਪਿਛਾਂਹ ਕਰੇ। ਬਾਰ-ਬਾਰ ਪਿੱਛੇ ਹੱਟਣ ਤੇ ਸੰਤ ਜੀਊਂਣ ਸਿੰਘ ਹੋਰਾਂ ਕਿਹਾ, "ਫਿੱਟੇ ਮੂੰਹ ਐਹੋ ਜਿਹੇ ਖੁਦਾ ਦੇ ਝੂਠੇ ਪਿਓ ਦੇ।"

ਐਨੀ ਗੱਲ ਸੁਣਦਿਆਂ ਪੀਰ ਦੇ ਚੇਲੇ ਡਾਂਗਾ ਅਤੇ ਸੋਟੇ ਲੈ ਕੇ ਬਾਹਰ ਨਿਕਲ ਪਏ, ਅਤੇ ਰੌਲਾ ਪਾਣ ਲੱਗੇ। ਉਸ ਵੇਲੇ ਸਪਾਹੀਏ ਸ਼ਾਹ ਨੇ ਜਿਹੜਾ ਇਸ ਮੇਲੇ ਨੂੰ ਕਰਵਾ ਰਿਹਾ ਸੀ ਕਿਹਾ, "ਚਲੇ ਜਾਉ ਇੱਥੋਂ, ਭੱਜ ਜਾਉ, ਇੱਥੋਂ ਤੁਸੀਂ ਮੈਨੂੰ ਸਾਰੇ ਦੇ ਸਾਰੇ ਝੂਠੇ ਨਜ਼ਰ ਆਉਂਦੇ ਹੋ। ਮੈਨੂੰ ਇਸ ਵੇਲੇ ਸੰਤਾਂ ਵਿੱਚੋਂ ਖੁਦਾ ਦਾ ਜਲਵਾ ਦਿੱਸ ਰਿਹਾ ਹੈ, ਇਹੀ ਖੁਦਾ ਹੈ, ਪਰ ਖੁਦਾ ਦਾ ਮਾਈ ਬਾਪ ਕੋਈ ਨਹੀਂ।"

ਉਹ ਪੀਰ ਨੇ ਬੜੇ ਅਦਬ ਅਤੇ ਸਤਿਕਾਰ ਸਹਿਤ ਆਪ ਜੀ ਦੇ ਚਰਨਾਂ ਵਿੱਚ ਝੁੱਕ ਕੇ ਸਲਾਮ ਕੀਤੀ ਅਤੇ ਆਪਣੇ ਧੰਨ ਭਾਗ ਸਮਝੇ।

ਸੰਤ ਜੀਊਂਣ ਸਿੰਘ ਜੀ ਐਨੀ ਉੱਚ ਅਧਿਆਤਮਕ ਪੱਧਰ ਤੇ ਪਹੁੰਚੇ ਕਿ ਉਹ ਜਦੋਂ ਭੀ ਚਾਹੁੰਦੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਲੈਂਦੇ। ਇੱਕ ਵਾਰ ਤਰਨ ਤਾਰਨ ਤੋਂ ਸਰਹਾਲੀ ਜਾਂਦਿਆਂ ਨਹਿਰ ਦੇ ਕੰਢੇ ਸਤਿਗੁਰਾਂ ਦੀ ਯਾਦ ਆਈ ਤੇ ਹਉਕਾ ਲਿਆ। ਸਤਿਗੁਰੂ ਰਾਮ ਸਿੰਘ ਜੀ ਉਸ ਵਕਤ ਰੰਗੂਨ ਵਿੱਚ ਇਸ਼ਨਾਨ ਕਰ ਕੇ ਕਛਹਿਰਾ ਬਦਲ ਰਹੇ ਸਨ। ਹਾਲੀ ਇੱਕੋ ਪਹੁੰਚਾ ਹੀ ਪਾਇਆ ਸੀ ਅਤੇ.ਦੂਸਰਾ ਹੱਥ ਵਿੱਚ ਹੀ ਸੀ ਤੇ ਸੰਤਾਂ ਨੂੰ ਆ ਦਰਸ਼ਨ ਦਿੱਤਾ। ਸਾਰੀ ਸਾਰੀ ਰਾਤ ਸਤਿਗੁਰਾਂ ਨਾਲ ਬਚਨ ਬਿਲਾਸ ਹੁੰਦੇ ਰਹਿੰਦੇ। ਸਚਮੁੱਚ ਹੀ ਉਨ੍ਹਾਂ ਦਾ ਪਿਰ ਉਨ੍ਹਾਂ ਦੇ ਅੰਕਿ ਸਮਾਇਆ ਹੋਇਆ ਸੀ।

## ੧੦

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥**
**ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥**
**ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥**
**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ ਭੁਇਅੰਗਮ ਫਿਰਹਿ ਡਸੰਤੇ॥**
**ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥**
**ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥੧੦॥**

***ਸ਼ਬਦਾਰਥ :***

ਭਾਦਉ—ਭਾਦਰੋਂ ਦਾ ਮਹੀਨਾ। ਭਰਮਿ—ਭਰਮਾਂ ਵਿੱਚ। ਭੁਲੀ—ਕੁਰਾਹੇ ਪੈ ਗਈ। ਭਰਿ ਜੋਬਨ—ਪੂਰੇ ਜੋਬਨ ਵਿੱਚ। ਥਲ—ਧਰਤੀ। ਨੀਰਿ—ਪਾਣੀ ਨਾਲ। ਬਰਸ ਰੁੱਤੇ—ਬਾਰਸ਼ ਦੀ ਰੁੱਤ ਵਿੱਚ। ਰੰਗੁ ਮਾਣੀ—ਰੰਗ ਮਾਣਦੀ ਹੈ। ਨਿਸਿ—ਰਾਤ ਵੇਲੇ। ਲਵੰਤੇ—ਬੋਲਦੇ ਹਨ। ਚਵੈ—ਬੋਲਦਾ ਹੈ। ਭੁਇਅੰਗਮ—ਸੱਪ। ਡਸੰਤੇ—ਡੰਗ ਮਾਰਦੇ। ਸਾਇਰ—ਸਮੁੰਦਰ ਸੰਸਾਰ ਰੂਪੀ। ਭਰ ਸੁਭਰ—ਨਕਾਨਕ ਭਰੇ ਹੋਏ ਹਨ। ਚਲਉ—ਮੈਂ ਚੱਲਾ। ਜਹ—ਜਿੱਥੇ। ਤਹ—ਤਿੱਥੇ।

***ਵਿਆਖਿਆ :***

ਬਿਰਹਣੀ ਲਈ ਭਾਦਉ ਦਾ ਮਹੀਨਾ ਹੋਰ ਵੀ ਦੁਖਦਾਈ ਹੈ। ਇਸ ਮਹੀਨੇ ਵਿੱਚ ਬੜੀ ਜ਼ੋਰ-ਜ਼ੋਰ ਦੀ ਵਰਖਾ ਹੁੰਦੀ ਹੈ, ਵਰਖਾ ਕਰ ਕੇ ਟੋਏ, ਨੀਵੀਆਂ ਜਗ੍ਹਾ ਇਤਿਆਦਿ ਪਾਣੀ ਨਾਲ ਭਰ ਜਾਂਦੀਆਂ ਹਨ। ਇਹੋ ਜਿਹੇ ਦ੍ਰਿਸ਼ਾਂ ਦਾ ਆਪਣਾ ਹੀ ਇੱਕ ਅਦੁਤੀ ਨਜ਼ਾਰਾ ਹੁੰਦਾ ਹੈ। ਜਿਹੜੀ ਜੀਵ ਰੂਪੀ ਇਸਤ੍ਰੀ ਆਪਣੇ ਭਰ ਜੋਬਨ ਵਿੱਚ ਆਪਣੀ ਜਵਾਨੀ ਤੇ ਸੁੰਦਰਤਾ ਦੇ ਅਹੰਕਾਰ ਦੇ ਭੁਲੇਖਿਆਂ ਵਿੱਚ ਪੈ ਗਈ, ਉਸ ਨੂੰ ਪਛਤਾਵਾ ਕਰਨਾ ਪਿਆ।

**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥**
**ਬਾਵਲਿ ਹੋਈ ਸੋ ਸਹੁ ਲੋਰਉ॥**
**ਤੈ ਸਹਿ ਮਨ ਮਹਿ ਕੀਆ ਰੋਸੁ॥**
**ਮੁਝੁ ਅਵਗਨ ਸਹ ਨਾਹੀ ਦੋਸੁ॥** ਸੂਹੀ ਫਰੀਦ ਜੀ, ਪੰਨਾ ੭੯੪

ਉਸ ਦਾ ਪਤੀ ਉਸ ਦੇ ਕੋਲ ਨਹੀਂ, ਉਸ ਦੀ ਜਵਾਨੀ ਬਿਰਥਾ ਜਾ ਰਹੀ ਹੈ, ਆਪਣੇ ਪਤੀ ਤੋਂ ਬਿਨਾਂ, ਉਹ ਨੀਰ ਨਾਲ ਭਰੇ ਹੋਏ ਸੁੰਦਰ ਰਮਣੀਕ ਨਜ਼ਾਰਿਆਂ ਦਾ ਆਨੰਦ ਨਹੀਂ ਮਾਣ ਸਕਦੀ। ਰਾਤ ਕਾਲੀ ਹੈ ਤੇ ਇਸ ਭਿਆਨਕ

ਕਾਲੀ ਬੋਲੀ ਰਾਤ ਵਿੱਚ ਬੜੇ ਜ਼ੋਰ ਦੀ ਵਰਖਾ ਹੋ ਰਹੀ ਹੈ, ਡੱਡੂ ਗੜੈਂ-ਗੜੈਂ ਕਰਦੇ ਹਨ, ਮੋਰ ਕੂਹਕਦੇ ਹਨ, ਇਹ ਸਾਰਾ ਕੁਝ ਪਤੀ ਤੋਂ ਵਿਛੁੜੀ ਹੋਈ ਨਾਰ ਨੂੰ ਕਿਵੇਂ ਚੰਗਾ ਲੱਗ ਸਕਦਾ ਹੈ ? ਪਪੀਹਾ ਪ੍ਰਿਉ-ਪ੍ਰਿਉ ਕਰ ਕੇ ਆਪਣੇ ਪਿਆਰੇ ਨੂੰ ਪੁਕਾਰਦਾ ਹੈ, ਬਿਰਹਣੀ ਨੂੰ ਇਹ ਹੋਰ ਵੀ ਦੁਖਦਾਈ ਲੱਗਦਾ ਹੈ।

**ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ॥**
**ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰ॥**

ਮ: ੩ ਪੰਨਾ ੧੪੧੯

ਲਗਾਤਾਰ ਮੀਂਹ ਵੱਸਣ ਕਰਕੇ ਸਾਰੀਆਂ ਖੁੱਡਾਂ ਵਿੱਚ ਪਾਣੀ ਭਰ ਜਾਂਦਾ ਹੈ, ਸੱਪ ਖੁੱਡਾਂ ਤੋਂ ਬਾਹਰ ਆ ਜਾਂਦੇ ਹਨ ਤੇ ਡੰਗਦੇ ਫਿਰਦੇ ਹਨ, ਮੱਛਰਾਂ ਦੀ ਭਰਮਾਰ ਹੁੰਦੀ ਹੈ ਤੇ ਉਹ ਵੀ ਡੰਗ ਮਾਰਦੇ ਹਨ। ਚਾਰ ਚੁਫੇਰੇ ਛੱਪੜ ਤਾਲਾਬ ਮੀਂਹ ਦੇ ਪਾਣੀ ਨਾਲ ਨਕਾ-ਨਕ ਭਰੇ ਹੋਏ ਹਨ। ਇਹ ਸਭ ਕੁਛ ਬਿਰਹਣੀ ਨੂੰ ਬਿਲਕੁਲ ਚੰਗਾ ਨਹੀਂ ਲੱਗਦਾ, ਇਸ ਵਿੱਚ ਉਸ ਨੂੰ ਕੋਈ ਸੁਹਜ-ਸੁਆਦ ਨਹੀਂ ਦਿੱਸਦਾ। ਆਪਣੇ ਪਿਆਰੇ ਪ੍ਰਭੂ ਪ੍ਰੀਤਮ ਤੋਂ ਬਿਨਾਂ, ਉਸ ਨੂੰ ਸੁੱਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਉਸ ਦੇ ਮਨ ਨੂੰ ਤ੍ਰਿਪਤੀ ਤੇ ਸ਼ਾਂਤੀ ਤਾਂ ਆਪਣੇ ਪਿਆਰੇ ਦੇ ਦਰਸ਼ਨ ਕਰ ਕੇ ਹੀ ਮਿਲ ਸਕਦੀ ਹੈ।

**ਬਿਨੁ ਹਰਿ ਨਾਮ ਅਵਰੁ ਸਭੁ ਥੋਰਾ॥**
**ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ॥**

ਆਸਾ ਮ: ੫, ਪੰਨਾ ੩੭੬

ਇਹ ਸਾਰਾ ਕੁਝ ਦੁਖਦਾਈ ਦਿੱਸਦਾ ਹੈ। ਉਸ ਨੂੰ ਆਪਣੇ ਪਿਆਰੇ ਪਤੀ ਦਾ ਵਿਛੋੜਾ ਸਤਾਉਂਦਾ ਹੈ, ਉਸ ਦੀ ਯਾਦ ਹਰ ਵੇਲੇ ਉਸ ਦੀ ਅੰਤਰ ਆਤਮਾ ਅੰਦਰ ਸਮਾਈ ਰਹਿੰਦੀ ਹੈ ਤੇ ਉਸ ਨੂੰ ਆਲੇ ਦੁਆਲੇ ਦਾ ਵਾਤਾਵਰਣ ਰਤੀ ਭਰ ਵੀ ਚੰਗਾ ਨਹੀਂ ਲਗਦਾ। ਬਿਰਹਣ ਸਾਵਣ ਦੇ ਮਹੀਨੇ ਵਿਚ ਵਾਅਦਾ ਕਰਦੀ ਹੈ, ਕਿ ਉਸ ਨੂੰ ਆਪਣੇ ਪਿਆਰੇ ਪ੍ਰਭੂ-ਪਤੀ ਦਾ ਪਿਆਰ ਮਿਲਾਪ ਪ੍ਰਾਪਤ ਹੋ ਸਕੇ ਤੇ ਸਾਵਣ ਦਾ ਮਹੀਨਾ ਸੁਖਦਾਈ ਬਣ ਸਕੇ।

**ਪੂਛਉ ਪੂਛਉ ਦੀਨ ਭਾਂਤਿ ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ॥**
**ਹੀਓ ਦੇਂਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ॥**

ਸਾਰੰਗ ਮ: ੫, ੧੨੦੪

***ਭਾਵ***

ਕਾਮਣੀ ਨੂੰ ਆਪਣੇ ਪਿਆਰੇ ਇਸ਼ਟ ਤੋਂ ਬਿਨਾਂ ਕੁਦਰਤ ਦੇ ਅਨਮੋਲ, ਸੁੰਦਰ ਦ੍ਰਿਸ਼ ਵੀ ਚੰਗੇ ਨਹੀਂ ਲਗਦੇ, ਉਸ ਨੂੰ ਤਾਂ ਆਪਣੇ ਸਤਿਗੁਰੂ ਦੇ ਦੱਸੇ

ਹੋਏ ਰਾਹਾਂ ਉੱਤੇ ਚਲ ਕੇ, ਉਸ ਦੀ ਸਿਫਤਿ ਸਲਾਹ ਕਰ ਕੇ, ਆਤਮਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

# ਨਾਨਕ ਪੂਛਿ ਚਲਉ ਗੁਰ ਅਪੁਨੇ

***ਬਾਬਾ ਜਮੀਤ ਸਿੰਘ ਕਾਹਨਾ ਕਾਛਾ***

ਸਹੁ ਦੀ ਸਾਰ ਲੈਣਿ ਵਾਲੀ ਸੁਹਾਗਣ ਜਿਸਨੇ ਆਪਣੇ ਪਿਆਰੇ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਜੀਵਨ ਬਤੀਤ ਕੀਤਾ, ਉਹ ਸਨ ਸੰਤ ਬਾਬਾ ਜਮੀਤ ਸਿੰਘ ਜੀ ਕਾਹਨਾ-ਕਾਛਾ। ਬਾਬਾ ਜੀ ਜਪ, ਤਪ, ਪ੍ਰੇਮ ਅਤੇ ਪ੍ਰਭੂ ਪਿਆਰ ਦੀ ਸਾਖਿਆਤ ਮੂਰਤ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਸਿੱਖੀ ਵਿਚੋਂ ਸਿਰਫ ਢਾਈ ਸਿੱਖ ਹੀ ਮਿਲੇ ਸਨ, ਇੱਕ ਸਰਦਾਰ ਹਰੀ ਸਿੰਘ ਨਲੂਆ ਦੇ ਜਵਾਈ ਬਾਬਾ ਲਹਿਣਾ ਸਿੰਘ ਜੀ ਘਰਜਾਖ ਪੂਰਨ ਸਿੱਖ, ਦੂਸਰਾ ਬਾਬਾ ਜਮੀਤ ਸਿੰਘ ਜੀ ਗਿੱਲਾਂ ਵਾਲੇ ਅੱਧੇ ਸਿੱਖ ਤੇ ਤੀਸਰੇ ਬਾਬਾ ਜਮੀਤ ਸਿੰਘ ਜੀ ਕਾਹਨੇ-ਕਾਛੇ ਵਾਲੇ ਸਨ। ਉਹ ਸਤਿਗੁਰੂ ਰਾਮ ਸਿਘ ਜੀ ਦੇ ਚਰਨਾਂ ਦੇ ਅਨਿੰਨ ਸੇਵਕ ਸਨ। ਉਹ ਪਿੰਡ ਕਾਛਾ ਜ਼ਿਲ੍ਹਾ ਲਾਹੌਰ ਦੇ ਇੱਕ ਥੇਹ ਉਤੇ ਬਹਿ ਕੇ ਭਜਨ-ਬੰਦਗੀ ਕਰਨ ਵਿੱਚ ਹਮੇਸ਼ਾ ਲਿਵਲੀਨ ਰਹਿੰਦੇ। ਉਨ੍ਹਾਂ ਨੂੰ ਸਿੱਖੀ ਦੀ ਨਿਘਰਦੀ ਦਸ਼ਾ ਦੀ ਹਮੇਸ਼ਾ ਹੀ ਚਿੰਤਾ ਲਗੀ ਰਹਿੰਦੀ ਸੀ। ਇੱਕ ਵਾਰੀ ਸਤਿਗੁਰੂ ਜੀ ਆਪਣੇ ਦੌਰਿਆਂ ਦੇ ਦੌਰਾਨ ਬਾਬਾ ਜੀ ਨੂੰ ਦਰਸ਼ਨ ਦਿੱਤੇ। ਬਾਬਾ ਜੀ ਨੇ ਬੜੇ ਅਦਬ ਤੇ ਸਤਿਕਾਰ ਸਹਿਤ ਸਤਿਗੁਰੂ ਜੀ ਨੂੰ ਉਸ ਥੜੇ ਤੇ ਬਿਠਾਇਆ ਜਿੱਥੇ ਬੈਠ ਕੇ ਉਹ ਆਪ ਨਾਮ ਸਿਮਰਨ ਕਰਦੇ ਹੁੰਦੇ ਸਨ।

ਬਾਬਾ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਮੈਨੂੰ ਬੰਦਗੀ ਦੀ ਖ਼ੈਰ ਦੀ ਸਖਤ ਲੋੜ ਹੈ, ਆਪ ਕ੍ਰਿਪਾ ਕਰ ਕੇ ਇਹ ਖ਼ੈਰ ਮੇਰੀ ਝੋਲੀ ਵਿੱਚ ਪਾ ਕੇ ਨਿਵਾਜੋ ਜੀ।"

ਸਤਿਗੁਰੂ ਜੀ ਨੇ ਉੱਤਰ ਦਿੱਤਾ, "ਬਾਬਾ ਜੀ ਆਪ ਜੀ ਤਾਂ ਅੱਗੇ ਹੀ ਪੂਰੇ ਹੋ, ਜਪੀ ਹੋ, ਤਪੀ ਹੋ, ਆਪ ਜੀ ਨੇ ਆਪਣੀਆਂ ਇੰਦਰੀਆਂ ਨੂੰ ਵੱਸ ਵਿੱਚ ਕੀਤਾ ਹੋਇਆ ਹੈ ਤੇ ਆਪ ਪੂਰਨ ਸੰਜਮੀ ਹੋ।"

ਬਾਬਾ ਜੀ ਨੇ ਆਪਣੀ ਝੋਲੀ ਅੱਡ ਕੇ ਨਿਮਰਤਾ-ਪੂਰਵਕ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ, "ਗਰੀਬ ਨਿਵਾਜ਼ ਜੀ, ਨਾਮ ਦੀ ਖ਼ੈਰ ਮੇਰੀ ਝੋਲੀ ਵਿੱਚ ਪਾਵੋ ਜੀ, ਭਾਵੇਂ ਆਪ ਜੀ ਨੇ ਪਹਿਲੇ ਹੀ ਮੇਰੇ ਉਤੇ ਕ੍ਰਿਪਾ ਕੀਤੀ ਹੋਈ ਹੈ ਪਰ ਉਸ ਉਤੇ ਮੋਹਰ ਜ਼ਰੂਰ ਲਾਉਣ ਦੀ ਕ੍ਰਿਪਾਲਤਾ ਕਰੋ ਜੀ।"

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੇਵਕ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਬਾਬਾ ਜੀ ਨੂੰ ਆਪਣੇ ਗਲ ਨਾਲ ਲਾ ਕੇ, ਕੰਨ ਵਿੱਚ ਭਜਨ ਦੇ ਕੇ ਕ੍ਰਿਤਾਰਥ

ਕਰ ਦਿੱਤਾ। ਬਾਬਾ ਜੀ ਨਿਹਾਲ ਹੋ ਗਏ ਤੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਗਰੀਬ ਨਿਵਾਜ਼ ਕੋਈ ਹੁਕਮ।"

ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, "ਭਾਈ ਇੱਥੋਂ ਡੇਰਾ ਚੁੱਕ ਕੇ ਕਾਹਨੇ ਲੈ ਜਾਉ ਅਤੇ ਬਿਲਿਆਂ ਦੇ ਬੂਹੇ ਅੱਗੇ ਡੇਰਾ ਲਾ ਲਉ।"

ਸਤਿਗੁਰੂ ਜੀ ਦਾ ਹੁਕਮ ਮੰਨ ਕੇ ਬਾਬਾ ਜੀ ਉਸ ਥੇਹ ਨੂੰ ਛੱਡਕੇ ਕਾਹਨੇ ਜਾ ਡੇਰਾ ਲਾਇਆ। ਉਥੇ ਜਾ ਕੇ ਬਾਬਾ ਜੀ ਨੇ ਆਪਣੇ ਆਪ ਨੂੰ ਆਪਣੇ ਪਿਆਰੇ ਦੇ ਚਰਨਾਂ ਵਿੱਚ ਹਰ ਵੇਲੇ ਜੋੜੀ ਰੱਖਿਆ। ਨਾ ਦਿਨ ਦਾ ਪਤਾ ਤੇ ਨਾ ਰਾਤ ਦਾ ਕੋਈ ਖਿਆਲ। ਬਾਬਾ ਜੀ ਨਿਸਬਾਸੁਰ ਆਪਣੇ ਪਿਆਰੇ ਪ੍ਰੀਤਮ ਦੇ ਰੰਗ ਵਿੱਚ ਰੰਗੇ ਰਹਿੰਦੇ। ਸੰਗਤਾਂ ਦੀ ਭੀੜ ਬਾਬਾ ਜੀ ਦੇ ਦਰਸ਼ਨ ਕਰ ਕੇ ਆਪਣੇ ਧੰਨ ਭਾਗ ਸਮਝਦੀ। ਉਨ੍ਹਾਂ ਦਾ ਬਹੁਤ ਚਿੱਤ ਕਰਦਾ ਕਿ ਬਾਬਾ ਜੀ ਸਾਧ-ਸੰਗਤ ਨਾਲ ਕੋਈ ਬਚਨ ਬਿਲਾਸ ਕਰਨ ਪਰ ਬਾਬਾ ਜੀ ਤਾਂ ਇਕ ਪਲ ਲਈ ਵੀ ਗੱਲਾਂ ਕਰ ਕੇ ਆਪਣਾ ਸਮਾਂ ਵਿਅਰਥ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਦਾ ਹਰ ਪਲ, ਹਰ ਘੜੀ ਆਪਣੇ ਪਿਆਰੇ ਦੇ ਚਰਨਾਂ ਵਿੱਚ ਸਮਰਪਿਤ ਸੀ। ਬਾਬਾ ਜੀ ਨੇ ਲਗਾਤਾਰ ਬਾਰਾਂ ਸਾਲ ਤਕ ਚੌਕੜਾ ਮਾਰ ਕੇ ਪ੍ਰਭੂ-ਭਗਤੀ ਤੇ ਨਾਮ ਸਿਮਰਨ ਵਿੱਚ ਆਪਣਾ ਸਮਾਂ ਬਤੀਤ ਕੀਤਾ, ਆਪਣਾ ਆਸਨ ਛੱਡ ਕੇ ਇੱਕ ਇੰਚ ਭਰ ਵੀ ਹਿਲੇ ਨਹੀਂ। ਉਨ੍ਹਾਂ ਨੇ ਆਪਣੇ ਪਿਆਰੇ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕੀਤੀ ਤੇ ਉੱਥੇ ਹੀ ਆਪਣਾ ਜੀਵਨ ਸਫਲ ਕੀਤਾ।

## ੧੧

**ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥**
**ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥**
**ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥**
**ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥**
**ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥**
**ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥੧੧॥**

***ਸ਼ਬਦਾਰਥ :***

ਅੱਸੂ—ਅਸੁਨਿ—ਅੱਸੂ ਦੇ ਮਹੀਨੇ ਵਿੱਚ। ਪਿਰਾ—ਪਤੀ। ਸਾਧਨ—ਇਸਤ੍ਰੀ। ਝੂਰਿ—ਹਉਕੇ ਲੈ ਲੈ ਕੇ। ਤਾ—ਤਦੋਂ ਹੀ। ਮੇਲੇ—ਜੇ ਤੂੰ ਆਪ ਮਿਲਾਏ। ਦੂਜੇ ਭਾਇ—ਅਕਾਲ ਪੁਰਖ ਦੇ ਪਿਆਰੇ ਤੋਂ ਬਿਨਾਂ ਕਿਸੇ ਹੋਰ ਦੇ ਪਿਆਰ ਵਿੱਚ। ਖੁਈ—ਭੁਲੀ ਹੋਈ, ਜੀਵਨ ਦੇ ਸਹੀ ਰਸਤੇ ਤੋਂ ਕੁਰਾਹੇ ਪੈ ਗਈ। ਵਿਗੁਤੀ—ਖਰਾਬ ਹੋਈ, ਖ਼ੁਆਰ ਹੋਈ। ਮੁਤੀ—ਤਿਆਗ ਦਿੱਤੀ ਹੈ। ਛੁੱਟੜ—ਛੱਡ ਦਿੱਤੀ ਹੈ, ਛੱਡੀ ਹੋਈ। ਕੁਕਹ ਕਾਹ—ਪਿਲਛੀ ਅਤੇ ਕਾਹੀ। ਆਗੈ—ਅੱਗੇ ਲੰਘ ਗਈ ਹੈ। ਘਾਮ-ਗਰਮੀ, ਤਪਸ਼। ਜਾਡਾ—ਸਿਆਲ। ਚਲਤ—ਇਹ ਕੌਤਕ। ਡੋਲੇ—ਚਿੰਤਾਵਨ ਹੋ ਰਿਹਾ ਹੈ। ਦਹ ਦਿਸਿ—ਦਸ਼ਾ ਦਿਸ਼ਾਵਾਂ ਵਿੱਚ, ਚਾਰ ਤਰਫ। ਸਾਖ—ਸ਼ਾਖਾਂ ਟਾਹਣੀਆਂ, ਖੇਤੀ। ਸਹਜਿ—ਹੌਲੀ ਹੌਲੀ ਸ਼ਾਂਤੀ ਨਾਲ। ਮੀਠਾ—ਫਲ ਮਿੱਠਾ ਹੁੰਦਾ ਹੈ। ਬਸੀਠਾ—ਵਿਚੋਲ, ਵਕੀਲ।

***ਵਿਆਖਿਆ :***

ਭਾਦਰੋਂ ਦੇ ਮਹੀਨੇ ਦੀ ਅਜੀਬ ਜਿਹੀ ਗਰਮੀ ਤੇ ਘੁੰਮ ਸਹਾਰਦੀ ਹੋਈ ਬਿਰਹਣ ਨੂੰ ਹੁਣ ਅੱਸੂ ਦੇ ਮਹੀਨੇ ਦੀ ਮਿੱਠੀ-ਮਿੱਠੀ ਰੁੱਤ ਦਿਲ ਵਿੱਚ ਪ੍ਰੀਤਮ ਦੇ ਦਰਸ਼ਨਾਂ ਤੇ ਮਿਲਾਪ ਦੀਆਂ ਉਮੰਗਾਂ ਪੈਦਾ ਕਰਦੀ ਹੈ। ਆਪਣੇ ਪ੍ਰਭੂ-ਪ੍ਰੀਤਮ ਦੇ ਵਿਛੋੜੇ ਵਿੱਚ ਕਾਮਣੀ ਨੇ ਅਨੇਕ ਤਰ੍ਹਾਂ ਦੇ ਤਸੀਹੇ, ਕਸ਼ਟ, ਪੀੜਾ ਸਹਾਰੀਆਂ ਹਨ, ਤੇ ਹੁਣ ਉਹ ਅਕਾਲ ਪੁਰਖ ਦੇ ਚਰਨਾਂ ਵਿੱਚ ਬੇਨਤੀਆਂ, ਅਰਜ਼ੋਈਆਂ ਕਰਦੀ ਹੈ ਕਿ ਉਸ ਦਾ ਪਿਆਰਾ ਪ੍ਰੀਤਮ ਅੱਸੂ ਦੀ ਮਿੱਠੀ-ਮਿੱਠੀ ਰੁੱਤ ਵਿੱਚ ਉਸ ਦੇ ਹਿਰਦੇ ਮੰਦਰ ਅੰਦਰ ਪ੍ਰਵੇਸ਼ ਕਰੇ, ਸਾਧਨ ਆਪਣੇ ਪਿਆਰੇ ਦੇ ਵਿਯੋਗ ਵਿੱਚ ਹਾਉਕੇ ਲੈ ਲੈ ਕੇ ਝੁਰ ਕੇ ਮਰ ਰਹੀ ਹੈ। ਮੋਹ ਮਾਇਆ ਦੇ ਝੂਠੇ ਪਸਾਰੇ ਅੰਦਰ ਗਲਤਾਨ ਹੋ ਕੇ, ਕਾਮਣੀ ਆਪਣੇ ਪ੍ਰੀਤਮ ਨੂੰ

ਮਿਲ ਨਹੀਂ ਪਾ ਰਹੀ, ਦਵੈਤ ਭਾਵ ਉਸ ਨੂੰ ਮਿਲਣ ਨਹੀਂ ਦਿੰਦਾ।

**ਏਹੁ ਸਰੀਰੁ ਸਭ ਮੂਲੁ ਹੈ ਮਾਇਆ॥**
**ਦੂਜੈ ਭਾਇ ਭਰਮਿ ਭੁਲਾਇਆ॥**
**ਹਰਿ ਨ ਚੇਤੈ ਸਦਾ ਦੁਖੁ ਪਾਏ ਬਿਨੁ ਹਰਿ ਚੇਤੇ ਦੁਖੁ ਪਾਇਦਾ॥**
ਮਾਰੂ ਮ: ੩, ਪੰਨਾ ੧੦੬੫

ਜੇ ਅਕਾਲ ਪੁਰਖ ਪ੍ਰਭੂ ਦੀ ਆਪਣੀ ਰਜ਼ਾ ਹੋਵੇਗੀ ਤਾਂ ਹੀ ਕਾਮਣੀ ਉਸ ਨੂੰ ਮਿਲ ਸਕਦੀ ਹੈ, ਉਸ ਦੀ ਰਜ਼ਾ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ। ਉਸ ਦੀ ਆਗਿਆ ਅੰਦਰ ਹੀ ਸਭ ਕੁਝ ਹੈ। ਝੂਠੀ ਦੁਨੀਆਂ ਦੇ ਮੋਹ ਮਾਇਆ ਵਿੱਚ ਫੱਸਕੇ ਕਾਮਣੀ ਖੱਜਲ ਖੁਆਰ ਹੋ ਰਹੀ ਹੈ, ਝੂਠ ਨੇ ਇਸ ਨੂੰ ਖਰਾਬ ਕੀਤਾ ਹੈ, ਇਸੇ ਕਰ ਕੇ ਪਤੀ-ਪ੍ਰਮਾਤਮਾ ਨੇ ਇਸ ਨੂੰ ਛੱਡ ਦਿੱਤਾ ਹੈ ਤੇ ਉਸ ਦੇ ਵਿਛੋੜੇ ਦਾ ਮੁਖ ਕਾਰਨ ਹੀ ਇਹ ਹੈ।

**ਸਤਿ ਸਤਿ ਸਤਿ ਸਤਿ ਸਤਿ ਗੁਰਦੇਵ॥**
**ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ॥** ਭੈਰਉ ਨਾਮਦੇਵ ਪੰਨਾ ੧੧੬੬

ਪਿਲਛੀ ਤੇ ਕਾਹੀ ਦੇ ਸਫੈਦ ਬੂਰ ਵਾਂਗ ਉਸ ਦੇ ਵਾਲ ਚਿੱਟੇ ਹੋ ਗਏ ਹਨ, ਭਾਵ ਬੁਢੇਪਾ ਆ ਗਿਆ ਹੈ ਤੇ ਇਸ ਗੱਲ ਨਾਲ ਮਨ ਚਿੰਤਾਤੁਰ ਹੋ ਉੱਠਦਾ ਹੈ, ਉਦਾਸ ਹੋ ਜਾਂਦਾ ਹੈ, ਗਮਗੀਨ ਹੋ ਜਾਂਦਾ ਹੈ ਕਿ ਉਸ ਨੇ ਆਪਣੇ ਪ੍ਰਭੂ ਦਾ ਸਿਮਰਨ ਨਹੀਂ ਕੀਤਾ

**ਜਬ ਲਗੁ ਜਰਾ ਰੋਗੁ ਨਹੀ ਆਇਆ॥**
**ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥**
**ਜਬ ਲਗੁ ਬਿਕਲ ਭਈ ਨਹੀ ਬਾਨੀ॥**
**ਭਜਿ ਲੇਹਿ ਰੇ ਮਨ ਸਾਰਿਗਪਾਨੀ॥੨॥**
**ਅਬ ਨ ਭਜਸਿ ਭਜਸਿ ਕਬ ਭਾਈ॥**
**ਆਵੈ ਅੰਤੁ ਨ ਭਜਿਆ ਜਾਈ॥** ਭੈਰਉ ਕਬੀਰ ਜੀ, ਪੰਨਾ ੧੧੫੯

ਪਹਿਲਾਂ ਗਰਮੀ ਦੀ ਰੁੱਤ ਸੀ। ਜੇਠ, ਹਾੜ ਵਿੱਚ ਪੈਂਦੀ ਕੜਾਕੇ ਦੀ ਗਰਮੀ ਕਰ ਕੇ ਕਾਮਣੀ ਕੁਝ ਨਾ ਕਰ ਸਕੀ ਭਾਵ ਜੋਬਨ ਅਵੱਸਥਾ ਤਾਂ ਬਤੀਤ ਹੋ ਗਈ। ਇਹ ਸਭ ਵੇਖ ਕੇ ਕਾਮਣੀ ਦਾ ਚਿਤ ਡਾਵਾਂ ਡੋਲ ਹੋ ਰਿਹਾ ਹੈ। ਪਹਿਲਾਂ ਜੁਆਨੀ ਦੀ ਗਰਮੀ ਕਰ ਕੇ ਕਾਮਣੀ ਕੁਝ ਨਾ ਕਰ ਸਕੀ ਤੇ ਆਉਣ ਵਾਲੇ ਸਮੇਂ ਵਿੱਚ ਬੁਢੇਪਾ ਰੂਪੀ ਸਰਦੀ ਕਰ ਕੇ ਕੁਛ ਵੀ ਹੋਣ ਦੀ ਆਸ ਨਹੀਂ। ਨਾ ਤੇ ਭਰ ਜੁਆਨੀ ਵਿੱਚ ਕੁਝ ਹੋ ਸਕਿਆ ਤੇ ਨਾ ਹੀ ਬੁਢੇਪੇ ਵਿੱਚ ਕੁਝ ਕਰਨ ਦੀ ਆਸ ਦਿੱਸਦੀ ਹੈ।

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ॥**
**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥** ਫਰੀਦ ਜੀ ਪੰਨਾ ੧੩੭੮

ਇਹ ਸਾਰਾ ਕੁਝ ਵੇਖ ਕੇ ਸਾਧਕ ਦੇ ਮਨ ਨੂੰ ਘਬਰਾਹਟ ਹੁੰਦੀ ਹੈ, ਕਿਉਂਕਿ ਹਲਾਂ ਤਕ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਿਆ। ਦੂਸਰੇ ਪਾਸੇ ਚਾਰ ਚੁਫੇਰੇ ਹਰ ਪਾਸੇ ਦਸਾਂ ਦਿਸ਼ਾਵਾਂ ਵਿੱਚ ਬਨਸਪਤੀ ਦੀਆਂ ਸ਼ਾਖਾਂ ਹਰੀਆਂ ਹੋ ਰਹੀਆਂ ਹਨ, ਤੇ ਉਹ ਹਰੀਆਂ ਸ਼ਾਖਾਵਾ ਸਾਧਕ ਦੇ ਮਨ ਨੂੰ ਧੀਰਜ ਪ੍ਰਦਾਨ ਕਰਦੀਆਂ ਹਨ, ਆਸ ਦੀ ਰੌਸ਼ਨਮਈ ਕਿਰਨਾਂ ਦਾ ਉਜਾਲਾ ਸਾਹਮਣੇ ਦਿੱਸਦਾ ਹੈ ਕਿਉਂਕਿ ਉਹ ਹਰੀਆਂ ਭਰੀਆਂ ਖੇਤੀਆਂ ਧੀਰਜ ਨਾਲ ਹੌਲੀ ਹੌਲੀ ਪੱਕਦੀਆਂ ਹਨ, ਉਨ੍ਹਾਂ ਦਾ ਫਲ ਮਿੱਠਾ ਹੁੰਦਾ ਹੈ। ਖੇਤੀਆਂ ਆਪਣੇ ਸਮੇਂ ਅਨੁਸਾਰ ਪੱਕ ਕੇ, ਮਿਠਾਸ ਭਰਪੂਰ ਹੁੰਦੀਆਂ ਹਨ, ਉਨ੍ਹਾਂ ਵਿੱਚ ਰਸ ਆ ਕੇ ਸੁਆਦ ਮਈ ਬਣਾ ਦਿੰਦਾ ਹੈ, ਇਸੇ ਤਰ੍ਹਾਂ ਹੀ ਜੀਵ ਰੂਪੀ ਇਸਤ੍ਰੀ ਆਪਣੇ ਪਿਆਰੇ ਅਕਾਲ ਪੁਰਖ ਪ੍ਰਭੂ ਦੇ ਮਿਲਾਪ ਨੂੰ ਸ਼ਾਂਤ ਚਿਤ ਹੋ ਕੇ ਚਿੰਤਨ ਕਰਦੀ ਹੈ, ਉਸਂ ਆਤਮਿਕ ਆਨੰਦ ਦਾ ਅਨੁਭਵ ਹੁੰਦਾ ਹੈ।

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥**
**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥**

ਰਾਮਕਲੀ ਮ: ੩ ਪੰਨਾ ੯੧੭

ਆਤਮਕ ਅਡੋਲਤਾ ਤੇ ਦ੍ਰਿੜਤਾ ਉਸ ਨੂੰ ਅਕਾਲ ਪੁਰਖ ਪ੍ਰਭੂ ਦੀ ਪ੍ਰਾਪਤੀ ਦੀ ਮਿਠਾਸ ਭਾਵ ਆਨੰਦ ਪ੍ਰਦਾਨ ਕਰਦੀ ਹੈ। ਵਿਰਹ ਵਿੱਚ ਤੜਪਦੀ ਹੋਈ ਜੀਵ ਰੂਪੀ ਇਸਤ੍ਰੀ ਆਪਣੇ ਪਿਆਰੇ ਸਤਿਗੁਰੂ ਦੇ ਚਰਨਾਂ ਵਿੱਚ ਅਰਜ਼ੋਈਆਂ ਕਰਦੀ ਹੈ ਬੇਨਤੀਆਂ ਕਰਦੀ ਹੈ ਕਿ ਇਸ ਆਸਾਂ ਭਰੇ ਮਹੀਨੇ ਵਿੱਚ ਆਪਣੇ ਪਿਆਰੇ ਪ੍ਰਭੂ ਪ੍ਰੀਤਮ ਦਾ ਮਿਲਾਪ ਕਰਾਉਣ ਲਈ ਉਸ ਦਾ ਪਿਆਰਾ ਸਤਿਗੁਰੂ ਆਪ ਵਿਚੋਲਾ ਬਣ ਗਿਆ ਹੈ।

**ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥**
**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥**

ਮ: ੫ ਪੰਨਾ ੯੫੭

**ਭਾਵ :**

ਦੁਨੀਆਵੀ ਝੂਠੇ ਮੋਹ ਧੰਦਿਆਂ ਕਰ ਕੇ ਮਨੁੱਖ ਅਕਾਲ ਪੁਰਖ ਪ੍ਰਭੂ ਦੇ ਚਰਨਾਂ ਤੋਂ ਵਿਛੱੜ ਜਾਂਦਾ ਪਰ ਜਿਹੜਾ ਮਨੁੱਖ ਅਕਾਲ ਪੁਰਖ ਦੀ ਮਿਹਰ ਸਦਕਾ ਆਪਣੇ ਸਤਿਗੁਰੂ ਦੀ ਸ਼ਰਨ ਜਾ ਪੈਂਦਾ ਹੈ, ਉਹ ਮੋਹ ਮਾਇਆ ਦੇ ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਉਸ ਨੂੰ ਆਪਣੇ ਪਿਆਰੇ ਨਾਲ ਮੇਲ-ਮਿਲਾਪ ਦਾ ਆਨੰਦ ਪ੍ਰਾਪਤ ਹੁੰਦਾ ਹੈ।

# ਸਤਿਗੁਰੂ ਭਏ ਬਸੀਠਾ

### *ਸ: ਆਰੂੜ ਸਿੰਘ*

ਸ: ਆਰੂੜ ਸਿੰਘ ਸਿਆਲਕੋਟ ਦੇ ਇਕ ਪਿੰਡ—ਭਾਣੋਂ ਪਿੰਡੀਆਂ ਦਾ ਨੰਬਰਦਾਰ ਸੀ। ਉਹ ਆਪਣੀਆਂ ਭੈੜੀਆਂ ਕਰਤੂਤਾਂ ਕਰ ਕੇ ਬਹੁਤ ਪ੍ਰਸਿੱਧ ਸੀ। ਉਸ ਵਿੱਚ ਸਾਰੇ ਹੀ ਐਬ ਮੌਜੂਦ ਸਨ। ਉਸ ਨੇ ਆਪਣੇ ਪਿੰਡ ਦੇ ਸਾਰੇ ਬੰਦਿਆਂ ਉਤੇ ਰੋਅਬ ਰੱਖਿਆ ਹੋਇਆ ਸੀ। ਉਸ ਦੇ ਸਾਹਮਣੇ ਕੋਈ ਕੁਸਕ ਨਹੀਂ ਸੀ ਸਕਦਾ। ਜੇਕਰ ਕੋਈ ਜ਼ਰਾ ਵੀ ਸ਼ਰਾਰਤ ਕਰਨ ਦਾ ਹੀਆ ਕਰਦਾ ਉਹ ਉਸੇ ਵੇਲੇ ਪੁਲਿਸ ਬੁਲਾ ਲੈਂਦਾ ਤੇ ਉਸਦਾ ਕੁਟਾਪਾ ਚਾੜ੍ਹਦਾ।

ਇੱਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰੇ ਤੇ ਪਿੰਡ ਤਾਜੇ ਕੀ ਦਰਸ਼ਨ ਦੇ ਰਹੇ ਸਨ। ਸ: ਆਰੂੜ ਸਿੰਘ ਦੇ ਮਨ ਵਿੱਚ ਦਰਸ਼ਨਾਂ ਦੀ ਤਾਂਘ ਉਤਪੰਨ ਹੋਈ ਤੇ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਲਈ ਪਿੰਡ ਤਾਜੇਕੀ ਪਹੁੰਚ ਗਏ। ਆਰੂੜ ਸਿੰਘ ਨੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ ਤੇ ਨਾਲ ਹੀ ਆਪਣੇ ਗ੍ਰਹਿ ਵਿਖੇ ਚਰਨ ਪਾਉਣ ਲਈ ਬੇਨਤੀ ਕੀਤੀ।

ਸੱਚੇ ਪਾਤਸ਼ਾਹ ਜੀ ਨੇ ਉੱਤਰ ਦਿੱਤਾ, "ਭਾਈ, ਤੇਰੀ ਸ਼ੁਹਰਤ ਬਹੁਤ ਖਰਾਬ ਹੈ। ਲੋਕੀ ਕਹਿਣਗੇ ਮੈਂ ਚੋਰਾਂ ਦੇ ਘਰੀ ਜਾਂਦਾ ਹਾਂ।" ਸੱਚੇ ਪਾਤਸ਼ਾਹ ਜੀ ਨੇ ਆਰੂੜ ਸਿੰਘ ਨੂੰ ਚੋਰੀ ਛੱਡਣ ਲਈ ਹੁਕਮ ਕੀਤਾ ਤੇ ਨਾਲ ਹੀ ਤਾੜਨਾ ਕੀਤੀ ਕਿ ਅੱਗੋਂ ਤੋਂ ਕੋਈ ਚੋਰੀ ਜਾਂ ਮੰਦੇ ਕਰਮ ਨਹੀਂ ਕਰਨੇ। ਸ: ਆਰੂੜ ਸਿੰਘ ਨੇ ਵਾਅਦਾ ਕੀਤਾ ਕਿ ਅੱਗੋਂ ਤੋਂ ਉਹ ਸ਼ਰੀਫਾਂ ਵਾਂਗ ਆਪਣੀ ਜ਼ਿੰਦਗੀ ਗੁਜ਼ਾਰੇਗਾ। ਸਚੇ ਪਾਤਸ਼ਾਹ ਜੀ ਨੇ ਫੁਰਮਾਇਆ, 'ਜੇਕਰ ਤੂੰ ਨਹੀਂ ਸੁਧਰਿਆ ਤਾਂ ਅਸੀਂ ਤੇਰੇ ਨਾਲ ਦੂਜੀ ਤਰ੍ਹਾਂ ਨਿਬੜਾਂਗੇ।"

ਸੱਚੇ ਪਾਤਸ਼ਾਹ ਜੀ ਨੇ ਸ: ਆਰੂੜ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਏ। ਆਰੂੜ ਸਿੰਘ ਦੀ ਖੁਸ਼ੀਆਂ ਦਾ ਅੰਤ ਨਹੀਂ ਸੀ। ਉਹ ਕ੍ਰਿਤ ਕ੍ਰਿਤਯ ਹੋ ਰਿਹਾ ਸੀ। ਕੋਲ ਖਲੋਤੇ ਇਕ ਸਾਧੂ ਨੇ ਆਰੂੜ ਸਿੰਘ ਦੇ ਕੰਨ ਵਿੱਚ ਭਜਨ ਦੇ ਦਿੱਤਾ। ਸਤਿਗੁਰੂ ਜੀ ਨੇ ਇੱਕ ਵਾਰੀ ਫਿਰ ਆਰੂੜ ਸਿੰਘ ਨੂੰ ਪੱਕਿਆ ਕਰਦਿਆਂ ਹੋਇਆ ਕਿਹਾ, "ਨੰਬਰਦਾਰਾ, ਆਪਣਾ ਵਾਅਦਾ ਯਾਦ ਰਖੀਂ, ਵੇਖੀਂ ਕਿਧਰੇ ਭੁੱਲ ਨਾ ਜਾਵੀਂ।" ਆਰੂੜ ਸਿੰਘ ਸਤਿਗੁਰੂ ਜੀ ਦੇ ਹੁਕਮਾਨੁਸਾਰ ਭਜਨ ਬੰਦਗੀ ਕਰ ਕੇ ਆਪਣਾ ਜੀਵਨ ਸੁਧਾਰਨ ਲੱਗਾ।

ਕਲਿਜੁਗ ਨੂੰ ਭਜਨ ਬੰਦਗੀ ਕਿਵੇਂ ਚੰਗੀ ਲੱਗ ਸਕਦੀ ਹੈ। ਇੱਕ ਦਿਨ ਆਰੂੜ ਸਿੰਘ ਸੌਣ ਲੱਗਾ ਸੀ ਕਿ ਉਹਦੀ ਪੁਰਾਣੀ ਚੰਡਾਲ ਚੌਕੜੀ ਉਸ ਕੋਲ ਆ ਗਈ ਤੇ ਉਸ ਨੂੰ ਆਪਣੇ ਨਾਲ ਜਾਣ ਲਈ ਮਜ਼ਬੂਰ ਕਰਨ ਲੱਗ ਪਈ।

ਸ: ਆਰੂੜ ਸਿੰਘ ਨੇ ਬਾਰ-ਬਾਰ ਉੱਤਰ ਦਿੱਤਾ ਕਿ ਉਹ ਕਿਸੇ ਵੀ ਸ਼ਰਤ ਤੇ ਉਨ੍ਹਾਂ ਨਾਲ ਜਾਣ ਨੂੰ ਤਿਆਰ ਨਹੀਂ। ਉਨ੍ਹਾਂ ਨੇ ਕਈ ਤਰ੍ਹਾਂ ਦੇ ਤਾਹਨੇ ਮਾਰੇ ਪਰ ਆਰੂੜ ਸਿੰਘ ਚੋਰੀ ਕਰਨ ਲਈ ਬਿਲਕੁਲ ਰਾਜ਼ੀ ਨਾ ਹੋਇਆ। ਉਨ੍ਹਾਂ ਨੇ ਬਾਰ-ਬਾਰ ਉਸ ਨੂੰ ਚੋਰੀ ਕਰਨ ਲਈ ਤੰਗ ਕੀਤਾ ਤੇ ਆਖਰ ਆਰੂੜ ਸਿੰਘ ਆਪਣੇ ਪੁਰਾਣੇ ਦੋਸਤਾਂ ਨਾਲ ਟੁਰ ਪਿਆ। ਉਸ ਦੇ ਸਾਰੇ ਦੋਸਤ ਅੰਦਰ ਚਲੇ ਗਏ ਪਰ ਆਰੂੜ ਸਿੰਘ ਬਾਹਰ ਹੀ ਖਲੋਤਾ ਰਿਹਾ। ਐਨੇ ਚਿਰ ਵਿੱਚ ਕੋਈ ਉੱਚਾ ਲੰਮਾ ਗੱਭਰੂ ਆਇਆ ਤੇ ਆਰੂੜ ਸਿੰਘ ਨੂੰ ਬਾਂਹ ਤੋਂ ਫੜ ਕੇ ਘਸੀਟਦਾ-ਘਸੀਟਦਾ ਪਿੰਡ ਤੋਂ ਬਾਹਰ ਛੱਡ ਆਇਆ। ਆਰੂੜ ਸਿੰਘ ਕੁਝ ਚਿਰ ਉਥੇ ਖੜਾ ਰਿਹਾ ਪਰ ਫਿਰ ਉਸੇ ਚੋਰ ਮੰਡਲੀ ਵਿਚ ਸ਼ਾਮਲ ਹੋਣ ਲਈ ਟੁਰ ਪਿਆ। ਜਦੋਂ ਅੰਦਰ ਜਾਣ ਲੱਗਾ, ਤਾਂ ਫਿਰ ਨੌਜਵਾਨ ਗੱਭਰੂ ਨੇ ਉਸ ਨੂੰ ਫੜਕੇ ਬਾਹਰ ਧੱਕ ਦਿੱਤਾ। ਪਰ ਉਸ ਨੇ ਫਿਰ ਤੀਸਰੀ ਵਾਰ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਫਿਰ ਉਸੇ ਨੌਜੁਆਨ ਗੱਭਰੂ ਨੇ ਆ ਕੇ ਬਾਂਹ ਫੜ ਲਈ ਤੇ ਮੂੰਹ ਤੇ ਚਪੇੜਾਂ ਮਾਰਦਿਆਂ ਹੋਇਆ ਆਖਿਆ, "ਕੁਝ ਸ਼ਰਮ ਕਰ, ਸਾਰੀ ਰਾਤ ਤੇਰੇ ਮਗਰ ਫਿਰਦਿਆਂ ਲੰਘ ਚਲੀ ਏ, ਤੂੰ ਆਪਣਾ ਇਕਰਾਰ ਭੁੱਲ ਗਿਆ ਹੈਂ ? ਲੋਕੀ ਕੀ ਕਹਿਣਗੇ, ਗੁਰੂ ਦਾ ਸਿੱਖ ! ਤੇ ਇਹ ਕਰਤੂਤਾਂ, ਡੁੱਬ ਕੇ ਮਰ ਜਾਣਾ ਚਾਹੀਦਾ ਹੈ।"

ਆਰੂੜ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਵਾਜ਼ ਪਛਾਣ ਲਈ। ਉਸ ਦੇ ਪੈਰਾ ਹੇਠੋਂ ਜ਼ਮੀਨ ਨਿਕਲ ਗਈ। ਉਹ ਵਾਪਸ ਆਪਣੇ ਪਿੰਡ ਆਪਣਿਆਂ ਸਾਥੀਆਂ ਨੂੰ ਛੱਡਕੇ ਆ ਗਿਆ ਤੇ ਉਸ ਦੇ ਹੋਠਾਂ ਤੇ ਸੀ, "ਸਤਿਗੁਰੂ ਭਟੇ ਬਸੀਠਾ" ਆਪਣੇ ਸਾਥੀਆਂਨੂੰ ਆਖਿਆ ਕਿ ਉਹ ਹਮੇਸ਼ਾਂ-ਹਮੇਸ਼ਾਂ ਲਈ ਉਨ੍ਹਾਂ ਦਾ ਸਾਥ ਛੱਡ ਰਿਹਾ ਹੈ ਤੇ ਭਲਾਈ ਇਸੇ ਵਿੱਚ ਹੈ, ਕਿ ਉਹ ਵੀ ਕੁਕਰਮ ਛੱਡ ਕੇ ਸਤਿਗੁਰੂ ਜੀ ਦੇ ਸੇਵਕ ਬਣ ਕੇ ਆਪਣਾ ਜੀਵਨ ਸੁਧਾਰਨ।

# ੧੨

**ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥**
**ਦੀਪਕੁ ਸਹਜਿ ਬਲੈ ਤਤਿ ਜਲਾਇਆ॥**
**ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥**
**ਅਵਗਣ ਮਾਰੀ ਮਰੈ ਨਾ ਸੀਝੈ ਗੁਣ ਮਾਰੀ ਤਾ ਮਰਸੀ॥**
**ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥**
**ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥੧੨॥**

***ਸ਼ਬਦਾਰਥ :***
ਕਤਕਿ—ਕੱਤਕ ਕੇ ਮਹੀਨੇ ਵਿੱਚ ਕਿਸਾਨ ਮੂੰਜੀ, ਮਕਈ ਆਦਿ ਸ਼ਾਵਣੀ ਫਸਲ ਕੱਟ ਕੇ ਘਰ ਲੈ ਕੇ ਆਉਂਦਾ ਹੈ। ਕਿਰਤੁ—ਕਰਮ। ਮਇਆ—ਮਿਲ ਜਾਂਦਾ ਹੈ। ਜੋ—ਜਿਹੜਾ ਜੀਵ ਪ੍ਰਭੂ ਨੂੰ ਭਾਇਆ, ਪ੍ਰਭੂ ਨੂੰ ਚੰਗਾ ਲਗਦਾ ਹੈ। ਦੀਪਕ—ਦੀਵਾ। ਸਹਜਿ—ਗਿਆਨ ਰੂਪ। ਤਤਿ—ਚੇਤਨ ਅਗਨੀ ਨਾਲ। ਜਲਾਇਆ—ਬਾਲਿਆ ਹੋਇਆ। ਧਨ—ਇਸਤ੍ਰੀ। ਉਮਾਹੈ—ਉਤਸ਼ਾਹ ਨਾਲ। ਸਰਸੀ—ਆਨੰਦ ਮਾਣਦੀ ਹੋਈ। ਮਾਰੀ—ਵਿਕਾਰਾਂ ਵਲੋਂ ਮਾਰ ਦਿੱਤੀ। ਮਰੈ—ਮੌਤੇ ਮਰ ਜਾਂਦੀ ਹੈ। ਸੀਝੈ—ਕਾਮਯਾਬ ਹੁੰਦੀ ਹੈ, ਮੁਕਤ ਹੁੰਦੀ ਹੈ। ਨਿਜ ਘਰਿ—ਆਪਣੇ ਘਰ ਵਿੱਚ। ਤਿਨਾੜੀ—ਉਨ੍ਹਾਂ ਦੀ। ਕਪਟ ਦਰ—ਦਰਵਾਜ਼ੇ ਦੇ ਕਿਵਾੜ। ਖਟੁ ਮਾਸਾ—ਛੇ ਮਹੀਨੇ ਦੇ ਸਮਾਨ ਲੱਗਦੀ ਹੈ।

***ਵਿਆਖਿਆ :***
ਜਿਸ ਤਰ੍ਹਾਂ ਕੱਤਕ ਦੇ ਮਹੀਨੇ ਵਿੱਚ ਕਿਸਾਨ ਨੂੰ ਆਪਣੀ ਮਿਹਨਤ ਦੀ ਕੀਤੀ ਹੋਈ ਕਮਾਈ ਦੇ ਫਲ ਸਵਰੂਪ ਚੰਗੀ ਮੱਕਈ, ਮੂੰਜੀ ਆਦਿ ਦੀ ਫਸਲ ਮਿਲ ਜਾਂਦੀ ਹੈ, ਉਸੇ ਤਰ੍ਹਾਂ ਹਰੇਕ ਜੀਵਾਤਮਾ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਅਕਾਲ-ਪੁਰਖ ਪ੍ਰਭੂ ਦੀ ਰਜ਼ਾ ਅਨੁਸਾਰ, ਆਗਿਆ ਅਨੁਸਾਰ ਮਿਲਦਾ ਹੈ।

**ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ॥**
**ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ॥**

ਗਉੜੀ ਕਬੀਰ ਜੀ ਪੰਨਾ ੩੩੪

ਜਿਹੜੇ ਮਨੁੱਖ ਨੇ ਚੰਗੇ ਕਰਮ ਕੀਤੇ ਹੁੰਦੇ ਹਨ, ਉਹ ਆਪਣੇ ਪਿਆਰੇ ਪ੍ਰਭੂ

ਪ੍ਰੀਤਮ ਨੂੰ ਪਿਆਰੇ ਲੱਗਦੇ ਹਨ, ਉਹ ਉਸ ਨੂੰ ਚੰਗੇ ਲੱਗਦੇ ਹਨ, ਉਨ੍ਹਾਂ ਉਤੇ ਉਹ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰਦਾ ਹੈ, ਤੇ ਉਸ ਦੇ ਹਿਰਦੇ ਅੰਦਰ, ਆਤਮਕ ਅਡੋਲਤਾ ਤੇ ਸਹਿਜ ਅਵਸਥਾ ਦੇ ਕਾਰਨ, ਆਤਮਕ ਜੀਵਨ ਦੀ ਸੋਝੀ ਵਾਲੇ ਚਾਨਣ ਦਾ ਦੀਵਾ ਲਟ ਲਟ ਕਰ ਕੇ ਬਲ ਪੈਂਦਾ ਹੈ। ਉਸ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਚੇਤਨ ਰੂਪੀ ਅਗਨੀ ਬਲ ਪੈਂਦੀ ਹੈ ਤੇ ਫਿਰ ਗਿਆਨ ਰੂਪੀ ਦੀਵਾ ਪ੍ਰਕਾਸ਼ ਕਰਦਾ ਹੈ। ਉਸ ਚੇਤਨ ਮੁਕਤੀ ਕਰ ਕੇ ਹੀ ਮਨ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਪ੍ਰਕਾਸ਼ ਹੋਣ ਨਾਲ ਉਸ ਦਾ ਹਿਰਦਾ ਆਪਣੇ ਪਿਆਰੇ ਇਸ਼ਟ ਨਾਲ ਡੂੰਘੀ ਜਾਣ-ਪਛਾਣ ਕਰ ਕੇ ਇਕਮਿਕ ਹੋ ਜਾਂਦਾ ਹੈ।

**ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ॥**
**ਸੂਖ ਸਹਜ ਮੇਰਾ ਧਨੁ ਸੋਹਾਗਾ॥**
**ਕਹੁ ਨਾਨਕ ਮੇਰੀ ਪੂਰਨ ਆਸਾ॥**
**ਸਤਿਗੁਰ ਮੇਲੀ ਪ੍ਰਭ ਗੁਣਤਾਸਾ॥** ਆਸਾ ਮ: ੫ ਪੰਨਾ ੩੯੪

ਇਹ ਗਿਆਨ ਰੂਪੀ ਦੀਪਕ ਪ੍ਰੇਮ ਰੂਪੀ ਤੇਲ ਨਾਲ ਜਲਦਾ ਹੈ ਤੇ ਉਸ ਦੇ ਪ੍ਰਕਾਸ਼ ਹੋਣ ਨਾਲ ਕਾਮਣੀ ਨੂੰ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨ ਹੋ ਜਾਂਦੇ ਹਨ ਤੇ ਉਸ ਦਾ ਆਪਣੇ ਪਿਆਰੇ ਪਤੀ ਨਾਲ ਮੇਲ-ਮਿਲਾਪ ਹੋ ਜਾਂਦਾ ਹੈ। ਜਦੋਂ ਧਨ ਤੇ ਪਿਰ, ਜੀਵ ਰੂਪੀ ਇਸਤ੍ਰੀ ਦਾ ਆਪਣੇ ਪਿਰ, ਪ੍ਰਭੂ, ਪ੍ਰੀਤਮ ਨਾਲ ਮੇਲ ਹੋ ਜਾਂਦਾ ਹੈ, ਉਸ ਦੇ ਅੰਦਰ ਇੱਕ ਅਨੋਖੀ ਉਤਸ਼ਾਹ ਭਰਪੂਰ ਲਹਿਰ ਦੌੜ ਜਾਂਦੀ ਹੈ, ਉਸ ਨੂੰ ਹਰ ਪਾਸੇ ਆਨੰਦ ਹੁਲਾਸ ਤੇ ਖੇੜਾ ਹੀ ਨਜ਼ਰ ਆਉਂਦਾ ਹੈ। ਪ੍ਰਭੂ-ਪ੍ਰੀਤਮ ਦੇ ਮਿਲਾਪ ਕਰ ਕੇ ਆਤਮਕ ਸੋਝੀ ਪ੍ਰਾਪਤ ਹੋ ਜਾਂਦੀ ਹੈ ਤੇ ਉਹ ਜੀਵ ਰੂਪੀ ਇਸਤ੍ਰੀ ਸੋਝੀ ਦੇਣ ਵਾਲੇ ਆਨੰਦ ਦੇ ਦੀਵੇ ਵਿੱਚ ਤੇਲ ਬਾਲ ਬਾਲ ਕੇ ਉਤਸਾਹਿਤ ਪ੍ਰੋਤਸਾਹਿਤ ਹੁੰਦੀ ਰਹਿੰਦੀ ਹੈ। ਜਿਸ ਜੀਵ ਰੂਪੀ ਇਸਤ੍ਰੀ ਨੂੰ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਇਤਿਆਦਿ ਵਿਕਾਰਾਂ ਨੇ ਮਾਰ ਮੁਕਾਇਆ ਹੈ, ਉਹ ਤਾਂ ਆਤਮਕ ਮੌਤੇ ਮਰ ਜਾਂਦੀ ਹੈ, ਉਸ ਦੀ ਆਤਮਾ ਤਾਂ ਹਮੇਸ਼ਾਂ-ਹਮੇਸ਼ਾਂ ਲਈ ਮੌਤ ਦੇ ਗਲਬੇ ਵਿੱਚ ਆ ਗਈ, ਉਹ ਤਾਂ ਕਦੇ ਵੀ ਕਾਮਯਾਬ ਨਹੀਂ ਹੁੰਦੀ। ਵਿਸ਼ੇ ਵਿਕਾਰਾ ਦੇ ਪਰਦੇ ਅੰਦਰ ਉਹ ਆਪਣੇ ਪ੍ਰੀਤਮ ਦੇ ਦਰਸ਼ਨ ਨਹੀਂ ਕਰ ਸਕਦੀ ਪਰ ਇਸ ਦੇ ਉਲਟ ਜਿਹੜੀ ਜੀਵ ਰੂਪੀ ਇਸਤ੍ਰੀ ਨੇ ਆਪਣਾ ਸਮਾਂ ਉਸ ਅਕਾਲ ਪੁਰਖ ਪ੍ਰਭੂ ਦੀ ਮਹਿਮਾ ਦਾ ਗੁਣ ਗਾਣ ਕਰਨ ਵਿਚ ਲਗਾਇਆ, ਆਪਣੇ ਮਨ ਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਰਖਿਆ, ਅਕਾਲ ਪੁਰਖ ਦੀ ਕ੍ਰਿਪਾ ਸਦਕਾ ਵਿਕਾਰ ਉਸ ਦਾ ਕੁਝ ਵੀ ਨਹੀਂ ਵਿਗਾੜ ਸਕਦੇ। ਉਸ ਨੂੰ ਆਪਣੇ ਸਰੂਪ ਦਾ ਗਿਆਨ ਹੋ ਜਾਂਦਾ ਹੈ। ਜਿਹੜੀਆਂ ਜੀਵ ਆਤਮਾਵਾਂ ਨੂੰ ਅਕਾਲ ਪੁਰਖ ਆਪਣੇ ਨਾਮ ਦੀ ਦਾਤ ਬਖਸ਼ਦਾ ਹੈ, ਆਪਣੀ ਭਗਤੀ ਦਿੰਦਾ ਹੈ, ਉਹ ਕਦੇ ਵੀ ਵਿਸ਼ੇ-ਵਿਕਾਰਾਂ ਦੀ ਭਟਕਣਾਂ ਵਿੱਚ ਆਪਣਾ ਸਮਾਂ ਵਿਅਰਥ

ਨਹੀਂ ਗਵਾਉਂਦੀਆਂ ਉਹ ਤਾਂ ਆਪਣੇ ਹਿਰਦੇ ਮੰਦਰ ਅੰਦਰ ਆਪਣੇ ਆਪ ਨੂੰ ਉਸ ਪ੍ਰਭੂ ਨਾਲ ਜੋੜ ਕੇ ਅਡੋਲ ਬੈਠੀਆਂ ਰਹਿੰਦੀਆ ਹਨ। ਉਨ੍ਹਾਂ ਦੇ ਹਿਰਦਿਆਂ ਅੰਦਰ ਪ੍ਰਭੂ ਮਿਲਾਪ ਦੀ ਤਾਂਘ ਹਮੇਸ਼ਾਂ-ਹਮੇਸ਼ਾਂ ਲਈ ਬਣੀ ਰਹਿੰਦੀ ਹੈ, ਉਹ ਆਪਣੇ ਪਿਆਰੇ ਦੇ ਚਰਨਾਂ ਵਿੱਚ ਹਮੇਸ਼ਾਂ ਅਰਦਾਸਾਂ, ਅਰਜੋਈਆਂ ਬੇਨਤੀਆਂ ਕਰਦੀਆਂ ਹਨ ਕਿ ਉਨ੍ਹਾਂ ਨੂੰ ਦਰਸ਼ਨਾਂ ਦੀ ਦਾਤ ਮਿਲੇ, ਉਨ੍ਹਾਂ ਦਾ ਵਿਛੋੜਾ ਹਮੇਸ਼ਾਂ-ਹਮੇਸ਼ਾਂ ਲਈ ਮੁੱਕ ਜਾਵੇ, ਉਨ੍ਹਾਂ ਦਾ ਪਿਆਰ ਹਮੇਸ਼ਾਂ ਉਨ੍ਹਾਂ ਦੇ ਕੋਲ ਰਹੇ ਤੇ ਉਨ੍ਹਾਂ ਦਾ ਪਿਆਰਾ ਵਿਛੋੜੇ ਪਾਉਣ ਵਾਲੇ ਕਿਵਾੜ ਖੋਹਲ ਦੇਵੇ, ਕਿਉਂਕਿ ਬਿਰਹਾ ਵਿੱਚ ਤੜਪ ਰਹੀ ਜੀਵ ਰੂਪੀ ਇਸਤ੍ਰੀ ਨੂੰ ਇੱਕ-ਇੱਕ ਘੜੀ ਛੇ ਮਹੀਨਿਆਂ ਦੇ ਸਮਾਨ ਲੱਗ ਰਹੀ ਹੈ, ਸਮਾਂ ਲੰਘਣਾ ਅਤਿ ਕਠਿਨ ਹੋ ਰਿਹਾ ਹੈ, ਵਿਛੋੜਾ ਤੇ ਬਿਰਹਾ ਦੇ ਪਲ ਮੁੱਕਣ ਵਿੱਚ ਹੀ ਨਹੀਂ ਆਉਂਦੇ।

**ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥**
**ਮਨੁ ਨ ਰਹੈ ਕੈਸੇ ਮਿਲਉ ਪਿਆਰੇ॥**
**ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥**

**ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ॥ਰਹਾਉ।**
**ਚਾਰਿ ਪਹਰ ਚਹੁ ਜੁਗਹ ਸਮਾਨੇ॥**
**ਰੈਣਿ ਭਈ ਤਬ ਅੰਤੁ ਨ ਜਾਨੇ॥** ਆਸਾ ਮ: ੫ ਪੰਨਾ ੩੭੪

— **ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥** ਮ: ੫ ਪੰਨਾ ੯੬

ਬਿਰਹਣੀ ਆਪਣੇ ਪਿਆਰੇ ਦੇ ਦਰਸ਼ਨਾਂ ਲਈ ਦਿਨ ਰਾਤ ਤੜਪਦੀ ਰਹਿੰਦੀ ਹੈ ਕਿ ਜਲਦੀ ਹੀ ਉਹ ਘੜੀ ਆ ਜਾਵੇ ਜਦੋਂ ਉਸ ਦਾ ਪਿਆਰਾ ਪ੍ਰੀਤਮ ਉਸ ਨੂੰ ਦਰਸ਼ਨਾਂ ਦੀ ਦਾਤ ਬਖਸ਼ ਕੇ ਨਿਹਾਲ ਕਰੇ।

**ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥**
**ਖੋਲਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥**
ਜੈਤਸਰੀ ਮ: ੫ ਪੰਨਾ ੭੦੩

**ਭਾਵ**

ਅਕਾਲ ਪੁਰਖੁ ਪ੍ਰਭੂ ਜਿਸ ਜੀਵਾਤਮਾ ਨੂੰ ਸਿਫਤਿ ਸਲਾਹ ਦੀ ਦਾਤ ਬਖਸ਼ਦਾ ਹੈ, ਉਸ ਦੇ ਅੰਦਰ ਆਤਮਕ ਜੀਵਨ ਦੀ ਸੋਝੀ ਦੇਣ ਵਾਲੇ ਪ੍ਰਕਾਸ਼ ਦਾ ਦੀਪਕ ਜਗਮਗਾਉਂਦਾ ਹੈ। ਉਹ ਪ੍ਰੇਮਿਕਾ ਆਪਣੇ ਪਿਆਰੇ ਇਸ਼ਟ ਨੂੰ ਇੱਕ ਘੜੀ ਭਰ ਵੀ ਨਹੀਂ ਭੁੱਲਾ ਸਕਦੀ ਤੇ ਨਾਂ ਹੀ ਉਸ ਦਾ ਵਿਛੋੜਾ ਸਹਾਰ ਸਕਦੀ ਹੈ।

# ਅਜਹੁ ਤਿਨਾੜੀ ਆਸਾ

## ਫਰੀਦ ਜੀ

ਸ਼ੇਖ ਫਰੀਦ ਜੀ ਦਾ ਜਨਮ ਸੰਮਤ ੧੨੩੦ ਬਿਕ੍ਰਮੀ ਮੁਤਾਬਕ ਸੰਨ ੧੧੧੩ ਈ. ਵਿਚ ਪਿੰਡ ਕੋਠੀਵਾਲ ਵਿਚ ਹੋਇਆ। ਆਪ ਜੀ ਆਪਣੇ ਪਿਆਰੇ ਦੇ ਦਰਸ਼ਨਾਂ ਲਈ ਆਸ ਪਿਆਸੀ ਫਿਰਨ ਵਾਲੀ ਉੱਚ ਕੋਟੀ ਦੀ ਅਧਿਆਤਮਕ ਸ਼ਖ਼ਸੀਅਤ ਸਨ। ਬਚਪਨ ਤੋਂ ਹੀ ਅਕਾਲ ਪੁਰਖ ਨੂੰ ਯਾਦ ਕਰਨ ਦੀ ਆਦਤ ਇਨ੍ਹਾਂ ਦੀ ਮਾਤਾ ਮਰੀਅਮ ਦੇ ਪੁਰਸ਼ਾਰਥ ਸਦਕਾ ਹੀ ਸੀ। ਧਾਰਮਿਕ ਮਾਤਾ ਨੇ ਛੋਟੀ ਉਮਰ ਵਿੱਚ ਆਪਣੇ ਸਪੁੱਤ੍ਰ ਨੂੰ ਕੁਰਾਨ ਸ਼ਰੀਫ ਮੂੰਹ ਜ਼ਬਾਨੀ ਯਾਦ ਕਰਵਾ ਦਿੱਤਾ ਤੇ ਪੰਜ ਵਕਤ ਦੀ ਨਮਾਜ਼ ਵਿੱਚ ਲਗਵਾ ਕ੍ਰੇ ਆਪਣੇ ਪੁੱਤਰ ਨੂੰ ਪੱਕਾ ਸ਼ਰਈ ਬਣਾ ਦਿੱਤਾ। ਕਿਸ਼ੋਰਾਵਸਥਾ ਵਿੱਚ ਆਪ ਜੀ ਨੇ ਫੈਸਲਾ ਕਰ ਲਿਆ ਸੀ ਕਿ ਉਹ ਘੋਰ ਤਪੱਸਿਆ ਕਰਨਗੇ ਤੇ ਇਸੇ ਖਿਆਲ ਨਾਲ ਪ੍ਰੇਰਿਤ ਹੋ ਕੇ ਉਹ ਬਾਰ ਦੇ ਘਣੇ ਜੰਗਲਾਂ ਵਿੱਚ ਤਪੱਸਿਆ ਕਰਨ ਨਿਕਲ ਟੁਰੇ। ਬਾਰ੍ਹਾ ਵਰ੍ਹੇ ਆਪ ਜੀ ਨੇ ਪ੍ਰਭੂ ਦੇ ਸਿਮਰਨ ਵਿੱਚ ਲਗਾਏ ਤੇ ਉਥੇ ਫਲ ਪੱਤੇ ਖਾ ਕੇ ਨਿਰਬਾਹ ਕੀਤਾ। ਇਸ ਤਰ੍ਹਾਂ ਬਾਰ੍ਹਾਂ ਵਰ੍ਹੇ ਤਪੱਸਿਆ ਕਰ ਕੇ ਫਰੀਦ ਜੀ ਘਰ ਪਰਤ ਆਏ।

ਮਾਂ ਨੇ ਫਰੀਦ ਜੀ ਦੇ ਕੇਸਾਂ ਵਿੱਚ ਕੰਘਾ ਕਰਨ ਲਗਿਆ ਇਕ ਲਿਟ ਨੂੰ ਖਿਚਿਆ ਤਾਂ ਫਰੀਦ ਨੇ ਸੀ ਕੀਤੀ। ਮਾਂ ਨੇ ਗੁੱਸੇ ਹੋ ਕੇ ਕਿਹਾ, "ਬੇਟਾ ! ਜਿਸ ਤਰ੍ਹਾਂ ਤੂੰ ਸੀ ਕੀਤੀ ਹੈ, ਉਸ ਤਰ੍ਹਾਂ ਉਹ ਦਰਖਤ ਵੀ ਸੀ-ਸੀ ਕਰ ਰਹੇ ਹਨ ਜਿਨ੍ਹਾ ਦੇ ਪੱਤਰ ਤੂੰ ਤੋੜ ਤੋੜ ਕੇ ਖਾਂਦਾ ਰਿਹਾ ਹੈਂ।" ਮਾਂ ਦੀ ਪ੍ਰੇਰਨਾ ਨਾਲ ਫਰੀਦ ਜੀ ਦੁਬਾਰਾ ਜੰਗਲਾਂ ਵਿਚ ਭਜਨ ਬੰਦਗੀ ਕਰਨ ਟੁਰ ਪਏ। ਹੁਣ ਉਨ੍ਹਾਂ ਨੇ ਇਕ ਕਾਠ ਦੀ ਰੋਟੀ ਬਣਾ ਕੇ ਗਲ ਵਿਚ ਪਾ ਲਈ ਤੇ ਧਰਤੀ ਤੇ ਡਿੱਗੇ ਹੋਏ ਫਲ ਪੱਤੇ ਖਾ ਕੇ ਹੀ ਗੁਜ਼ਾਰਾ ਕੀਤਾ ਅਤੇ ਪ੍ਰਭੂ ਭਗਤੀ ਵਿਚ ਲਿਵਲੀਨ ਰਹੇ।

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥**
**ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥** ਪੰਨਾ ੧੩੭੯

ਇਸ ਤਰ੍ਹਾਂ ਬਾਰਾਂ ਸਾਲ ਤਪੱਸਿਆ ਕਰਨ ਉਪਰੰਤ ਜਦੋਂ ਉਹ ਘਰ ਨੂੰ ਪਰਤ ਰਹੇ ਸਨ ਤਾਂ ਇਕ ਦਰੱਖਤ ਹੇਠ ਅਰਾਮ ਕਰਨ ਲਈ ਬੈਠੇ। ਦਰਖਤ ਤੇ ਬੈਠੀਆਂ ਚਿੜੀਆਂ ਦਾ ਸ਼ੋਰ ਸੁਣ ਕੇ ਫਰੀਦ ਜੀ ਕਹਿੰਦੇ, "ਚਿੜੀਓ ਮਰ ਜਾਓ।" ਏਨਾਂ ਕਹਿਨਾ ਹੀ ਸੀ ਕਿ ਸਾਰੀਆਂ ਚਿੜੀਆਂ ਮਰ ਕੇ ਧਰਤੀ ਤੇ ਡਿੱਗ ਪਈਆਂ। ਫਰੀਦ ਜੀ ਨੂੰ ਇਹ ਚੰਗਾ ਨਹੀਂ ਲਗਿਆ ਤੇ ਉਹਨਾਂ ਕਿਹਾ,

"ਚਿੜੀਓ, ਜੀਓ ਪਵੋ।" ਏਨਾ ਕਹਿਣ ਤੇ ਉਹ ਸਾਰੀਆਂ ਹੀ ਉੱਡ ਗਈਆਂ। ਇਸ ਘਟਨਾ ਨਾਲ ਫਰੀਦ ਜੀ ਨੂੰ ਕੁਝ ਹੰਕਾਰ ਹੋ ਗਿਆ ਕਿ ਉਹਨਾਂ ਦੀ ਭਗਤੀ ਪ੍ਰਵਾਨ ਹੋ ਗਈ ਹੈ।

ਰਸਤੇ ਵਿਚ ਟੁਰੇ ਜਾਂਦਿਆਂ ਨੂੰ ਤ੍ਰੇਹ ਲਗੀ ਤੇ ਇੱਕ ਖੂਹ ਤੇ ਪਾਣੀ ਪੀਣ ਲਈ ਗਏ। ਓਥੇ ਬੀਬੀ ਬੀਰਾਂਬਾਈ ਖੂਹ ਵਿਚੋਂ ਡੋਲ ਭਰ ਭਰ ਕੇ ਡੋਲਣ ਵਿੱਚ ਮਸਤ ਸੀ। ਉਸ ਨੇ ਰਤੀ ਭਰ ਭੀ ਪਰਵਾਹ ਨਾ ਕੀਤੀ ਕਿ ਫਰੀਦ ਜੀ ਉਸ ਕੋਲੋਂ ਪਾਣੀ ਮੰਗ ਰਹੇ ਹਨ। ਫਰੀਦ ਜੀ ਨੇ ਫਿਰ ਪਾਣੀ ਪਿਲਾਉਣ ਲਈ ਕਿਹਾ ਪਰ ਬੀਬੀ ਨੇ ਫਿਰ ਵੀ ਕੋਈ ਧਿਆਨ ਨਾ ਦਿੱਤਾ ਅਤੇ ਉਸੇ ਤਰ੍ਹਾਂ ਪਾਣੀ ਕੱਢ ਕੱਢ ਕੇ ਡੋਲਦੀ ਰਹੀ। ਹੁਣ ਫਰੀਦ ਜੀ ਕੋਲੋਂ ਰਿਹਾ ਨਾ ਗਿਆ ਤੇ ਜ਼ਰਾ ਔਖੇ ਹੋ ਕੇ ਬੋਲੇ ਅਤੇ ਪਾਣੀ ਮੰਗਿਆ। ਬੀਬੀ ਨੇ ਜਵਾਬ ਦਿੱਤਾ, "ਜ਼ਰਾ ਧੀਰਜ ਕਰੋ, ਏਥੇ ਚਿੜੀਆਂ ਨਹੀਂ ਜਿਹੜੀਆਂ ਮਰ ਜਾਣਗੀਆਂ।"

ਇਹ ਸੁਣ ਕੇ ਫਰੀਦ ਜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਇਸ ਨੂੰ ਚਿੜੀਆਂ ਵਾਲੀ ਗੱਲ ਦੀ ਖ਼ਬਰ ਕਿਥੋਂ ਲੱਗ ਗਈ। ਉਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਇਹ ਕੋਈ ਪਹੁੰਚੀ ਹੋਈ ਹਸਤੀ ਹੈ। ਉਨ੍ਹਾਂ ਨਿਮਰਤਾ ਸਹਿਤ ਬੇਨਤੀ ਕੀਤੀ ਅਤੇ ਪੁੱਛਿਆ ਕਿ ਇਹ ਸਭ ਕੁਝ ਉਸ ਨੂੰ ਕਿਸ ਤਰ੍ਹਾਂ ਪਤਾ ਲੱਗਾ, ਉਹ ਪਾਣੀ ਕਿਉਂ ਡੋਲਦੀ ਰਹੀ ਹੈ ਅਤੇ ਉਸ ਨੂੰ ਇਹ ਪ੍ਰਾਪਤੀ ਕਿਥੋਂ ਹੋਈ।

ਬੀਬੀ ਨੇ ਕਿਹਾ, "ਮੇਰੀ ਭੈਣ ਦਾ ਘਰ ਸੜ ਰਿਹਾ ਹੈ, ਪਾਣੀ ਡੋਲ ਡੋਲ ਕੇ ਉਸ ਦੀ ਅੱਗ ਬੁਝਾ ਰਹੀ ਹਾਂ।" ਬੀਬੀ ਨੇਂ ਦੱਸਿਆ ਕਿ ਉਹਨਾਂ ਨੂੰ ਇਹ ਪ੍ਰਾਪਤੀ ਆਪਣੇ ਪਤੀ ਦੀ ਸੇਵਾ ਅਤੇ ਪ੍ਰੇਮ ਕਰ ਕੇ ਹੋਈ ਹੈ। ਬੀਬੀ ਨੇਂ ਫਰੀਦ ਜੀ ਨੂੰ ਆਖਿਆ, "ਹਉਮੈ ਨਹੀਂ ਕਰਨੀ ਚਾਹੀਦੀ, ਆਪਣੇ ਪ੍ਰਭੂ ਤੇ ਭਰੋਸਾ ਕਰਨਾ ਚਾਹੀਦਾ ਹੈ ਪਰਖ ਨਹੀਂ ਕਰਨੀ ਚਾਹੀਦੀ ਅਤੇ ਇਹ ਸਭ ਕੁਝ ਗੁਰੂ ਤੋਂ ਪ੍ਰਾਪਤ ਹੁੰਦਾ ਹੈ।"

ਫਰੀਦ ਜੀ ਨੂੰ ਇਹ ਗਿਆਨ ਹੋ ਗਿਆ ਕਿ ਉਨ੍ਹਾਂ ਦੀ ਭਗਤੀ ਅਜੇ ਪੂਰਨ ਨਹੀਂ ਹੋਈ। ਆਪ ਜੀ ਨੇ ਫੈਸਲਾ ਕੀਤੀ ਕਿ ਗੁਰੂ ਧਾਰਨ ਕੀਤਾ ਜਾਏ। ਆਪ ਜੀ ਨੇ ਅਜਮੇਰ ਪਹੁੰਚ ਕੇ ਹਜ਼ਰਤ ਚਿਸ਼ਤੀ ਨੂੰ ਆਪਣਾ ਮੁਰਸ਼ਦ ਧਾਰਨ ਕੀਤਾ, ਤੇ ਉਨ੍ਹਾਂ ਦੀ ਸੇਵਾ ਵਿੱਚ ਲੱਗ ਗਏ। ਇਕ ਦਿਨ ਬੜੇ ਜ਼ੋਰ ਦਾ ਮੀਂਹ ਪੈ ਰਿਹਾ ਸੀ, ਅੱਗ ਕਿਧਰੇ ਮਿਲ ਨਹੀਂ ਸੀ ਰਹੀ। ਉਥੇ ਇਕ ਵੇਸਵਾ ਦਾ ਘਰ ਨਜ਼ਰ ਆਇਆ ਜਿਥੇ ਦੀਵਾ ਬਲ ਰਿਹਾ ਸੀ। ਉਥੇ ਪਹੁੰਚ ਕੇ ਅੱਗ ਲੈਣ ਦੀ ਮੰਗ ਕੀਤੀ। ਵੇਸਵਾ ਨੇ ਬਾਬਾ ਜੀ ਦੀ ਸੁਹਣੀ ਅੱਖ ਦੇ ਡੇਲੇ ਬਦਲੇ ਵਿੱਚ ਅੱਗ ਦਿੱਤੀ। ਘਰ ਆ ਕੇ ਫਰੀਦ ਜੀ ਨੇ ਗਰਮ ਪਾਣੀ ਨਾਲ ਆਪਣੇ ਮੁਰਸ਼ਦ ਦਾ ਇਸ਼ਨਾਨ ਕਰਾਇਆ ਤੇ ਉਨ੍ਹਾਂ ਦੀ ਕ੍ਰਿਪਾ ਨਾਲ ਅੱਖ ਦਾ ਡੇਲਾ ਜਿਉਂ ਦਾ ਤਿਉਂ ਅੱਖ ਵਿਚ ਸੀ।

ਫਰੀਦ ਜੀ ਨੇ ਫਿਰ ਜੰਗਲ ਵਿੱਚ ਜਾ ਕੇ ਘੋਰ ਤਪਸਿਆ ਕੀਤੀ ਕਿ ਉਸ ਅਕਾਲ ਪੁਰਖ ਦੇ ਦਰਸ਼ਨ ਹੋ ਜਾਣ। ਅਨੇਕਾ ਹੀ ਤਸੀਹੇ ਝਲੇ, ਖੂਹ ਵਿੱਚ ਪੁਠੇ ਲਟਕੇ ਕਿਉਂਕਿ ਦਰਸ਼ਨ ਕਰਨ ਦੀ ਸਿੱਕ ਡਾਢੀ ਸੀ। ਮਨ ਵਿੱਚ ਤੜਪ ਬਹੁਤ ਸੀ ਪਰ ਹਾਲੀ ਦਰਸ਼ਨ ਨਹੀਂ ਸਨ ਹੋ ਰਹੇ।

**ਨਾਮੁ ਭਗਤ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥**

ਫਰੀਦ ਜੀ ਦੇ ਮਨ ਵਿਚ ਹਮੇਸ਼ਾਂ ਦਰਸ਼ਨਾਂ ਦੀ ਤੜਪ ਬਣੀ ਰਹਿੰਦੀ, ਆਪਣੇ ਪਿਆਰੇ ਦਾ ਮੁਖ ਨਿਹਾਰਣ ਲਈ ਮਨ ਹਮੇਸ਼ਾਂ ਆਸਾਵਾਨ ਰਹਿੰਦਾ ਪਰ ਸਰੀਰ ਤਾਂ ਨਿਰਾ ਕੁਰੰਗ ਬਣ ਗਿਆ ਸੀ। ਉਸ ਮਾਨਸਿਕ ਅਵਸਥਾ ਦਾ ਵਰਣਨ ਜਦੋਂ ਕਾਵਾਂ ਨੇ ਸਰੀਰ ਤੇ ਠੂੰਗਾ ਮਾਰ ਮਾਰ ਕੇ ਮਾਸ ਖਾਣਾ ਸ਼ੁਰੂ ਕਰ ਦਿੱਤਾ, ਆਪ ਨੇ ਇਸ ਤਰ੍ਹਾਂ ਕੀਤਾ ਹੈ।

**ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥**
**ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥** _ਪੰਨਾ ੧੩੮੨

ਇਸ ਤਰ੍ਹਾਂ ਆਪ ਜੀ ਅਨੇਕਾਂ ਸਾਲ ਜੰਗਲਾਂ ਵਿਚ ਘੋਰ ਤਪਸਿਆ ਕੀਤੀ ਅਤੇ ਹਮੇਸ਼ਾਂ ਹੀ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਨੂੰ ਤਾਜ਼ਾ ਰਖਿਆ।

# ੧੩

**ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥**
**ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥**
**ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥**
**ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ॥**
**ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥**
**ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥੧੩॥**

ਪੰਨਾ ੧੧੦੯

***ਸ਼ਬਦਾਰਥ :***

ਮਾਹੁ—ਮਹੀਨਾ। ਗੁਣਿ—ਸਿਫਤਿ ਸਾਲਾਹ ਕਰਨ ਨਾਲ। ਅੰਕਿ—ਹਿਰਦੇ ਵਿੱਚ। ਸਮਾਵਏ—ਸਮਾਉਂਦੇ ਹਨ, ਵੱਸਦੇ ਹਨ। ਰਵੈ—ਉਚਾਰਨ ਕਰਦੀ ਹੈ। ਨਿਹਚਲੁ—ਸਦਾ ਕਾਇਮ ਰਹਿਣ ਵਾਲੇ। ਭਾਵਏ—ਪਿਆਰਾ ਲੱਗਦਾ ਹੈ। ਬਿਧਾਤਾ—ਕਰਮਾਂ ਦਾ ਫਲ ਦੇਣ ਵਾਲਾ ਪ੍ਰਮਾਤਮਾ। ਚੰਚਲ—ਨਾਸਵੰਤ। ਖਿਨ—ਭੰਗਰ। ਸਬਾਇਆ—ਸਾਰਾ। ਗਿਆਨ—ਪ੍ਰਭੂ ਨਾਲ ਜਾਣ-ਪਛਾਣ। ਧਿਆਨੁ—ਸੁਰਤਿ ਦਾ ਟਿਕਾਉ। ਪ੍ਰਭੂ ਭਾਣੇ ਤਾ ਭਾਇਆ—ਜਦੋਂ ਇਹ ਅਕਾਲ ਪੁਰਖ ਪ੍ਰਭੂ ਨੂੰ ਚੰਗਾ ਲਗੇ ਤਾਂ ਹੀ ਪ੍ਰਵਾਨ ਹੋ ਸਕੀਦਾ ਹੈ। ਤਾਂ—ਤਦੋਂ। ਨਾਦ—ਸ਼ਬਦ। ਗੀਤ—ਰਾਗ। ਕਵਿਤ—ਕਵਿਤਾਵਾਂ। ਕਵੇ—ਕਵੀਆਂ ਦੀਆਂ। ਸੁਣਿ—ਸੁਣ ਕੇ। ਦੂਖ ਭਾਗੈ—ਜਨਮ ਮਰਨ ਦਾ ਰੋਗ ਦੂਰ ਹੋ ਜਾਂਦਾ ਹੈ। ਸਾਧਨ—ਇਸਤ੍ਰੀ। ਨਾਹ—ਪਤੀ। ਅਭ—ਹਿਰਦਾ।

***ਵਿਆਖਿਆ :***

ਮੰਘਰ ਦਾ ਮਹੀਨਾ ਉਨ੍ਹਾਂ ਜੀਵ ਰੂਪੀ ਇਸਤ੍ਰੀਆਂ ਨੂੰ ਬਹੁਤ ਸੁਹਾਵਣਾ ਲਗਦਾ ਹੈ, ਬਹੁਤ ਸੁੰਦਰ ਤੇ ਰਮਣੀਕ ਲੱਗਦਾ ਹੈ, ਜਿਨ੍ਹਾਂ ਨੇ ਆਪਣੇ ਪਿਆਰੇ ਪ੍ਰੀਤਮ ਦੇ ਨਾਮ ਨੂੰ ਉਸ ਦੀ ਸਿਫਤਿ ਸਾਲਾਹ ਤੇ ਸਿਮਰਨ ਰਾਹੀਂ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ। ਗੁਣਵਾਨ ਜੀਵ ਰੂਪੀ ਇਸਤ੍ਰੀਆਂ ਉਸ ਪ੍ਰਭੂ ਪ੍ਰੀਤਮ ਦੇ ਗੁਣ-ਗਾਣ ਕਰਦੀਆਂ ਹਨ, ਆਪਣਾ ਸਾਰਾ ਸਮਾਂ ਉਸ ਦੀ ਸਿਫਤਿ-ਸਾਲਾਹ ਤੇ ਮਹਿਮਾ ਦਾ ਵਰਣਨ ਕਰਨ ਵਿੱਚ ਬਤੀਤ ਕਰਦੀਆਂ ਹਨ।

**ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥**
**ਜੇ ਗੁਣਵੰਤੀ ਥੀ ਰਹੈ ਤਾ ਹੀ ਭੀ ਸਹੁ ਰਾਵਣ ਜਾਇ॥**

ਵਡਹੰਸ ਮ: ੧ ਪੰਨਾ ੫੫੭

ਉਨ੍ਹਾਂ ਨੂੰ ਸਦਾ ਥਿਰ ਰਹਿਣ ਵਾਲਾ ਪ੍ਰੀਤਮ ਦਿਲ ਨੂੰ ਬਹੁਤ ਹੀ ਭਾਉਂਦਾ ਹੈ, ਬਹੁਤ ਹੀ ਪਿਆਰਾ ਲੱਗਦਾ ਹੈ। ਉਨ੍ਹਾਂ ਪ੍ਰਭੂ-ਪਿਆਰਿਆਂ ਦਾ ਪ੍ਰੀਤਮ ਅਚਲ ਹੈ; ਚਤੁਰ ਹੈ, ਹਿਰਦੇ ਦੀ ਜਾਨਣ ਵਾਲਾ ਹੈ, ਅੰਤਰਜਾਮੀ ਹੈ। ਉਹ ਕਦੇ ਨਾਸਵਾਨ ਨਹੀਂ ਹੁੰਦਾ; ਉਹ ਹਮੇਸ਼ਾਂ ਸਥਿਰ ਰਹਿਣ ਵਾਲਾ ਹੈ; ਜਦੋਂ ਕਿ ਇਹ ਸਾਰਾ ਸੰਸਾਰ ਨਾਸਵਾਨ ਹੈ, ਇਸ ਜਗਤ ਵਿਚ ਕੁਝ ਵੀ ਸਥਿਰ ਨਹੀਂ, ਸਾਰਾ ਕੁਝ ਘੜੀ ਭਰ ਲਈ ਹੈ। ਸਿਰਫ ਉਹ ਅਕਾਲ ਪੁਰਖ ਪ੍ਰਭੂ ਆਪ ਨਾਸਵੰਤ ਨਹੀਂ, ਸਦਾ ਸਥਿਰ ਹੈ, ਖਿਨ-ਭੰਗਰ ਨਹੀਂ, ਹਮੇਸ਼ਾਂ ਸਦੀਵੀ ਹੈ, ਹਮੇਸ਼ਾਂ-ਹਮੇਸ਼ਾਂ ਲਈ ਕਾਇਮ ਹੈ, ਇਸ ਕਰ ਕੇ ਜੀਵ ਰੂਪੀ ਇਸਤ੍ਰੀ ਨੂੰ ਉਸ ਦਾ ਇਸ਼ਟ ਬਹੁਤ ਹੀ ਪਿਆਰਾ ਲਗਦਾ ਹੈ। ਉਸ ਪਿਆਰੇ ਦੀ ਮਹਿਮਾ ਤੇ ਗੁਣਾਂ ਦਾ ਗਾਣ ਕਰਨਾ ਬਹੁਤ ਕਠਿਨ ਹੈ, ਉਸ ਦਾ ਵਰਣਨ ਤਾਂ ਹੋ ਹੀ ਨਹੀਂ ਸਕਦਾ।

**ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥**
**ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥**

ਸੂਹੀ ਮ: ੪ ਪੰਨਾ ੭੩੫

ਉਹ ਹਮੇਸ਼ਾਂ ਹੀ ਉਸ ਦੇ ਗੁਣਾਂ ਨੂੰ ਚੇਤੇ ਕਰਦੀ ਰਹਿੰਦੀ ਹੈ। ਉਸ ਅਕਾਲ ਪੁਰਖ ਪ੍ਰਭੂ ਨਾਲ ਡੂੰਘੀ ਜਾਣ-ਪਛਾਣ ਹੋ ਜਾਂਦੀ ਹੈ, ਉਸ ਬਾਰੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ; ਉਸ ਦੀ ਸੁਰਤੀ ਹਮੇਸ਼ਾਂ ਉਸ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ; ਅਕਾਲ ਪੁਰਖ ਪ੍ਰਭੂ ਦੇ ਗੁਣ ਉਸ ਦੇ ਹਿਰਦੇ ਮੰਦਰ ਵਿੱਚ ਆ ਵੱਸਦੇ ਹਨ। ਉਹ ਗੁਣ ਉਸ ਪ੍ਰਭੂ ਨੂੰ ਪ੍ਰਵਾਨ ਹੋਏ ਤਾਂ ਉਹ ਆਪਣੇ ਪ੍ਰਭੂ ਪ੍ਰੀਤਮ ਦੀ ਪਿਆਰੀ ਬਣ ਗਈ।

**ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ॥**
**ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ॥** ਪੰਨਾ ੩੫੬

ਜਦੋਂ ਉਹ ਪ੍ਰੀਤਮ ਦੀ ਪਿਆਰੀ ਬਣ ਗਈ ਤਾਂ ਉਸ ਦਾ ਪਿਆਰਾ ਹਮੇਸ਼ਾਂ-ਹਮੇਸ਼ਾਂ ਲਈ ਉਸ ਦੇ ਹਿਰਦੇ ਮੰਦਰ ਅੰਦਰ ਵੱਸ ਜਾਂਦਾ ਹੈ। ਉਹ ਉਸ ਦੇ ਹੁਕਮ ਮੰਨ ਕੇ ਸੁੱਖ ਪ੍ਰਾਪਤ ਕਰਦੀ ਹੈ, ਤੇ ਉਹ ਉਹੀ ਕਾਰਜ ਕਰਦੀ ਹੈ, ਜਿਹੜੇ ਉਸ ਦੇ ਮਨ-ਭਾਵਣ ਨੂੰ ਚੰਗੇ ਲੱਗਦੇ ਹਨ।

**ਮਨ ਰੇ ਹੁਕਮੁ ਮੰਨਿ ਸੁਖੁ ਹੋਇ॥**
**ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ॥**

ਮਲਾਰ ਮ: ੩ ਪੰਨਾ ੧੨੫੮

ਉਸ ਦੇ ਧਾਰਨ ਕੀਤੇ ਹੋਏ ਗੁਣ ਉਸ ਦੇ ਇਸ਼ਟ ਨੂੰ ਪ੍ਰਵਾਨ ਹੋ ਗਏ। ਅਕਾਲ ਪੁਰਖ ਪ੍ਰਭੂ ਦੀ ਸਿਫਤਿ-ਸਲਾਹ ਮਹਿਮਾ, ਵਡਿਆਈ ਦੇ ਗੀਤ, ਸ਼ਬਦ ਅਤੇ ਕਵੀਆਂ ਤੋਂ ਕਵਿਤਾਵਾਂ ਸੁਣ ਕੇ, ਰਾਮ ਨਾਮ ਦਾ ਸਿਮਰਨ ਕਰ ਕੇ, ਜਾਪੁ ਕਰ ਕੇ ਸਾਰੇ ਦੁੱਖ ਖੰਭ ਲਾ ਕੇ ਉੱਡ ਜਾਂਦੇ ਹਨ, ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਕਲੇਸ਼ਾਂ ਦਾ ਅੰਤ ਹੋ ਜਾਂਦਾ ਹੈ ਤੇ ਉਹ ਇਸ ਸੰਸਾਰ ਰੂਪੀ ਸਮੁੰਦਰ ਤੋਂ ਸਹਿਜੇ ਹੀ ਪਾਰ ਹੋ ਜਾਂਦੇ ਹਨ।

**ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ॥**
**ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ॥**

ਧਨਾਸਰੀ ਮ: ੫ ਪੰਨਾ ੬੭੯

**ਦੇਵਾ ਪਾਹਨ ਤਾਰਈਲੇ॥ ਰਾਮ ਕਹਤ ਜਨ ਕਸ ਨ ਤਰੇ॥੧॥ਰਹਾਉ॥**
**ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥**
**ਚਰਨ ਬਧਿਕ ਜਨ ਤੇਊ ਮੁਕਤਿ ਭਏ॥ ਹਉ ਬਲਿ ਬਲਿ ਜਿਨ ਰਾਮ ਕਹੇ॥**

ਗਉੜੀ ਨਾਮਦੇਵ ਜੀ, ਪੰਨਾ ੩੪੫

ਉਹ ਇਸਤ੍ਰੀ ਆਪਣੇ ਪਿਆਰੇ ਪਤੀ ਮਾਲਕ ਨੂੰ ਅਤਿ ਪਿਆਰੀ ਲਗਦੀ ਹੈ, ਜਿਹੜੀ ਆਪਣੇ ਪਿਆਰੇ ਦੇ ਚਰਨਾਂ ਵਿੱਚ ਆਪਣੇ ਹਿਰਦੇ ਨਾਲ, ਸਚੀ ਭਗਤੀ ਕਰਦੀ ਹੈ। ਉਸ ਦਾ ਮਨ ਹਮੇਸ਼ਾਂ ਉਸ ਦੀ ਸਿਫਤਿ ਸਲਾਹ ਵਿੱਚ ਟਿਕਿਆ ਰਹਿੰਦਾ ਹੈ, ਉਸ ਨਾਲ ਪਿਆਰ ਦੀ ਪੀਡੀ ਗੰਢ ਪਾ ਲੈਂਦੀ ਹੈ। ਉਹ ਆਪਣੇ ਪ੍ਰੀਤਮ ਦੀ ਪਿਆਰੀ ਬਣ ਜਾਂਦੀ ਹੈ, ਉਸ ਨੂੰ ਵੀ ਆਪਣੇ ਪਿਆਰੇ ਦੀ ਪ੍ਰੀਤ ਪਿਆਰੀ ਲੱਗਣ ਲੱਗ ਜਾਂਦੀ ਹੈ।

**ਪ੍ਰਿਅ ਕੀ ਪ੍ਰੀਤਿ ਪਿਆਰੀ॥**
**ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ॥**

ਕੇਦਾਰਾ ਮ: ੫ ਪੰਨਾ ੧੧੨੦

*ਭਾਵ :*

ਜਿਹੜੀ ਜੀਵਾਤਮਾ ਆਪਣੇ ਪਿਆਰੇ ਅਕਾਲ ਪੁਰਖ ਦੀ ਸਰਾਹੁਨਾ ਨਾਲ ਪਿਆਰ ਦੀ ਪੱਕੀ ਗੰਢ ਬੰਨ੍ਹ ਲੈਂਦੀ ਹੈ, ਕੋਈ ਵੀ ਸੰਸਾਰਿਕ ਦੁੱਖ ਉਸ ਜੀਵਾਤਮਾ ਤੇ ਆਪਣਾ ਜ਼ੋਰ ਨਹੀਂ ਪਾ ਸਕਦਾ।

# ਸਾ ਧਨ ਨਾਹ ਪਿਆਰੀ

## *ਬਾਬਾ ਜਮੀਤ ਸਿੰਘ ਜੀ ਗਿੱਲ*

ਆਪਣੇ ਪ੍ਰੀਤਮ ਦੇ ਪਿਆਰੇ ਸਨ—ਬਾਬਾ ਜਮੀਤ ਸਿੰਘ ਜੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਨਿੰਨ ਸੇਵਕਾਂ ਅਤੇ ਪਿਆਰਿਆਂ ਵਿੱਚੋਂ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ ਕਿ ਉਨ੍ਹਾਂ ਨੇ ਸਾਰੇ ਦੇਸਾਂ ਦਾ ਭ੍ਰਮਨ ਕੀਤਾ ਹੈ ਪਰ ਉਨ੍ਹਾਂ ਨੂੰ ਸਿਰਫ ਢਾਈ ਸਿੱਖ ਹੀ ਮਿਲੇ ਸਨ। ਦੋ ਪੂਰਨ ਸਿੱਖ ਸਨ, ਬਾਬਾ ਜਮੀਤ ਸਿੰਘ ਕਾਹਨਾ ਕਾਛਾ ਅਤੇ ਬਾਬਾ ਲਹਿਣਾ ਸਿੰਘ ਘਰਜਾਖ, ਬਾਬਾ ਜਮੀਤ ਸਿੰਘ ਗਿੱਲ ਅੱਧੇ ਸਿੱਖ ਸਨ ਕਿਉਂਕਿ ਉਹ ਵਿਆਜ ਲੈਂਦੇ ਸਨ ਤੇ ਵਿਆਜ ਲੈਣਾ ਸਤਿਗੁਰੂ ਜੀ ਦਾ ਹੁਕਮ ਨਹੀਂ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਤਾੜਨਾ ਕੀਤੀ ਕਿ ਸੂਦ ਨਹੀਂ ਲੈਣਾ। ਅਗਰ ਲਵੋਗੇ ਤਾਂ ਇਸ ਦਾ ਫਲ ਭੈੜਾ ਹੋਵੇਗਾ। ਬਿਆਜ ਦਾ ਪੈਸਾ ਸਾਰੀ ਉਮਰ ਆਂਦਰਾਂ ਪੁਠੀਆਂ ਕਰ ਕੇ ਨਿਕਲਦਾ ਰਹਿੰਦਾ ਹੈ। ਜਦੋਂ ਆਪ ਜੀ ਨੇ ਫ਼ੌਜ ਦੀ ਨੌਕਰੀ ਛੱਡ ਦਿੱਤੀ ਤਾ ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਕੋਲੋਂ ਅੰਮ੍ਰਿਤ ਛਕਿਆ ਤੇ ਫਿਰ ਹੋਸ਼ ਆਈ ਕਿ ਹੁਣ ਤਕ ਆਪ ਜੀ ਵਿਆਜ ਕਿਉਂ ਲੈਂਦੇ ਰਹੇ। ਬਹੁਤ ਪਛਤਾਵਾ ਹੋਇਆ। ਸਾਰੀ ਉਮਰ ਭਰ ਬਾਬਾ ਜੀ ਜਦੋਂ ਵੀ ਪਰਸ਼ਾਦਾ ਯਾ ਕੋਈ ਹੋਰ ਵਸਤੂ ਛਕਦੇ, ਆਪ ਜੀ ਨੂੰ ਥੋੜੀ ਦੇਰ ਪਿਛੋਂ ਕੈ ਆ ਜਾਂਦੀ। ਆਪ ਜੀ ਸੱਚੇ ਪਾਤਸ਼ਾਹ ਜੀ ਦੇ ਹਰਮਨ ਪਿਆਰਿਆਂ ਵਿਚੋਂ ਸਨ, ਇਸ ਲਈ ਆਪਸ ਵਿੱਚ ਬਚਨ ਬਿਲਾਸ ਕਰਦੇ ਰਹਿੰਦੇ ਸਨ। ਇੱਕ ਦਿਨ ਪਿੰਡ ਗਿੱਲਾਂ ਵਿਖੇ ਬਾਬਾ ਜੀ ਨੇ ਕਿਹਾ, "ਨਾਮ ਵੱਡੀ ਚੀਜ਼ ਹੈ।"

ਸਤਿਗੁਰੂ ਜੀ ਕਿਹਾ, "ਨਾਮ ਅਤਿ ਉੱਤਮ ਪਦਾਰਥ ਹੈ ਪਰ ਫਿਰ ਵੀ ਬਖਸ਼ਸ਼ ਵੱਡੀ ਹੈ।"

ਬਾਬਾ ਜੀ ਨੇ ਫਿਰ ਉਹੀ ਦੁਹਰਾਇਆ, "ਨਾਮ ਵੱਡਾ ਹੈ।"

ਸਤਿਗੁਰੂ ਜੀ ਚੁੱਪ ਕਰ ਰਹੇ ਅਤੇ ਸਾਧ-ਸੰਗਤ ਨੂੰ ਤਾਰਨ ਲਈ ਗਿੱਲਾਂ ਤੋਂ ਚਲੇ ਗਏ। ਸੱਚੇ ਪਾਤਸ਼ਾਹ ਜੀ ਦੇ ਜਾਣ ਦੀ ਦੇਰ ਸੀ ਕਿ ਬਾਬਾ ਜੀ ਦੀ ਬ੍ਰਿਤੀ ਉੱਖੜ ਗਈ। ਬਹੁਤ ਯਤਨ ਕਰਨ ਦੇ ਬਾਵਜੂਦ ਵੀ ਧਿਆਨ ਸਿਮਰਨ ਵਿੱਚ ਨਹੀਂ ਜੁੜਿਆ ਅਤੇ ਕੋਈ ਰਸ ਨਾ ਆਇਆ। ਹੁਣ ਬਾਬਾ ਜੀ ਨੂੰ ਸਮਝ ਆ ਰਹੀ ਸੀ ਕਿ ਸੱਚੇ ਪਾਤਸ਼ਾਹ ਸਤਿਗੁਰੂ ਜੀ ਠੀਕ ਫ਼ਰਮਾ ਰਹੇ ਸਨ ਕਿ ਬਖਸ਼ਸ਼ ਵੱਡੀ ਹੈ।

ਬਾਬਾ ਜੀ ਦੇ ਮਨ ਵਿੱਚ ਆਪਣੇ ਪਿਆਰੇ ਪ੍ਰੀਤਮ ਲਈ ਵੈਰਾਗ ਉਤਪੰਨ ਹੋ ਗਿਆ ਤੇ ਦਰਸ਼ਨਾਂ ਦੀ ਉਡੀਕ ਸ਼ੁਰੂ ਹੋ ਗਈ। ਜਦੋਂ ਸਤਿਗੁਰੂ ਰਾਮ ਸਿੰਘ ਜੀ ਦਾ ਦੂਰੋਂ ਹੀ ਚੀਨੀ ਘੋੜੀ ਤੇ ਚੜ੍ਹਿਆ ਔਦਿਆਂ ਦਰਸ਼ਨ ਕੀਤਾ ਤਾਂ ਆਪਣੇ

ਆਪ ਹੀ ਨਾਮ ਵਿੱਚ ਚਿੱਤ ਜੁੜਨ ਲੱਗ ਪਿਆ। ਬਾਬਾ ਜੀ ਦੇ ਨੇਤਰ ਸਜੱਲ ਹੋ ਗਏ, ਬਾਬਾ ਜੀ ਵੈਰਾਗੀ ਹੋ ਕੇ ਲੋਟ-ਪੋਟ ਹੋ ਰਹੇ ਸਨ। ਸੱਚੇ ਪਾਤਸ਼ਾਹ ਜੀ ਨੇ ਚੀਨੀ ਘੋੜੀ ਬਾਬਾ ਜੀ ਦੇ ਕੋਲ ਲਿਆ ਕੇ ਖੜੀ ਕਰ ਦਿੱਤੀ। ਬਾਬਾ ਜੀ ਮਸਤੀ ਦੀ ਹਾਲਤ ਵਿਚ ਚੀਨੀ ਘੋੜੀ ਦੇ ਆਲੇ-ਦੁਆਲੇ ਚੱਕਰ ਕੱਟੀ ਜਾ ਰਹੇ ਸਨ। ਬਾਬਾ ਜੀ ਦੇ ਚਰਨ ਉਸ ਵੇਲੇ ਨੰਗੇ ਸਨ। ਨੰਗੇਂ ਪੈਰੀਂ ਗੋਲ-ਗੋਲ ਚੱਕਰ ਕੱਟ-ਕੱਟ ਕੇ ਲਹੂ-ਲੁਹਾਨ ਹੋ ਰਹੇ ਸਨ। ਮਸਤੀ ਦੀ ਹਾਲਤ ਵਿਚ ਬਾਬਾ ਜੀ ਨੇ ਸਤਿਗੁਰੂ ਜੀ ਦੇ ਚਰਨ ਘੁੱਟ ਕੇ ਫੜ ਲਏ। ਸੱਚੇ ਪਾਤਸ਼ਾਹ ਜੀ ਨੇ ਘੋੜੀ ਤੋਂ ਉਤਰ ਕੇ ਬਾਬਾ ਜੀ ਨੂੰ ਫੜ ਕੇ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ।

**ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥**

ਦੋਨੋ ਪਾਸੇ ਪਿਆਰ ਦਾ ਅਥਾਹ ਸਮੁੰਦਰ ਠਾਠਾਂ ਮਾਰ ਉਠਿਆ। ਬਿਰਹਣੀ ਆਪਣੇ ਪ੍ਰੀਤਮ ਇਸ਼ਟ ਦੀ ਪਿਆਰੀ ਬਣ ਗਈ। ਸਤਿਗੁਰੂ ਜੀ ਨੇ ਬਾਬਾ ਜੀ ਨੂੰ ਹੁਕਮ ਕੀਤਾ, "ਭੁੱਲ ਕੇ ਵੀ ਬਖਸ਼ਸ਼ ਤੋਂ ਵੱਡਾ ਕਿਸੇ ਗੁਣ ਨੂੰ ਨਹੀਂ ਮੰਨਣਾ।"

ਬਾਬਾ ਜੀ ਸਾਰੀ-ਸਾਰੀ ਰਾਤ ਭਜਨ ਬੰਦਗੀ ਵਿੱਚ ਲਿਵਲੀਨ ਰਹਿੰਦੇ। ਆਪਣੇ ਪਿਆਰੇ ਪ੍ਰੀਤਮ ਨੂੰ ਕਦੇ ਨਾ ਵਿਸਾਰਦੇ। ਬਾਬਾ ਜੀ ਸੱਚ ਤੇ ਸੁੱਚ ਦੀ ਸਾਖਿਆਤ ਪ੍ਰਤਿਮਾ ਸਨ। ਬਾਬਾ ਜੀ ਦਾ ਡੇਰਾ ਸੰਤਾਂ, ਸਾਧਾਂ ਦਾ ਕੇਂਦਰ ਬਣਿਆ ਰਹਿੰਦਾ। ਬੀਤ ਰਾਗ ਸੰਤ ਕੇਸਰ ਸਿੰਘ ਜੀ ਚਵਿੰਡਾ, ਸੰਤ ਕੇਸਰ ਸਿੰਘ ਜੀ ਚੁੱਪ ਅਤੇ ਹੋਰ ਕਈ ਪ੍ਰਮੁੱਖ ਸਾਧ ਸੰਤ ਕਈ-ਕਈ ਦਿਨ ਆਪ ਜੀ ਦੇ ਡੇਰੇ ਤੇ ਸਤਿਸੰਗ ਕਰਦੇ ਰਹਿੰਦੇ। ਇਹ ਸਿਲ-ਸਿਲਾ ਸਾਰੀ ਆਯੂ ਭਰ ਚਲਦਾ ਰਿਹਾ। ਮਸਤਾਨਿਆਂ ਨਾਲ ਬਾਬਾ ਜੀ ਦਾ ਅਥਾਹ ਪਿਆਰ ਸੀ। ਉਨ੍ਹਾਂ ਨੂੰ ਆਪਣੀ ਗੋਦ ਵਿੱਚ ਲੈ ਕੇ ਪੁੱਛਦੇ ਰਹਿਣਾ, 'ਸੁਣਾ ਬੱਚੂ, ਪੰਜਾਂ ਦਾ ਕੀ ਹਾਲ ਹੈ ? ਜੇ ਇਕ ਵੀ ਜਿਊਂਦਾ ਹੈ ਤਾਂ ਵਲਟੋਹੇ ਦੀ ਦਾਲ ਵਾਂਗ ਸਾਰੀ ਕੱਚੀ ਸਮਝਣੀ ਚਾਹੀਦੀ ਹੈ, ਵੇਖੀਂ ਕਿਤੇ ਦਮ ਨਾਂ ਮਾਰ ਬਹੀਂ।" ਆਪ ਜੀ ਦੇ ਭਜਨ-ਬੰਦਗੀ ਦੇ ਪ੍ਰਤਾਪ ਕਰ ਕੇ 'ਗਿੱਲਾਂ' ਪਿੰਡ ਦੂਰ-ਦੂਰ ਤਕ ਪ੍ਰਸਿੱਧ ਹੋ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਵਨ ਕੀਤਾ, ਉਥੇ ਜਾ ਕੇ ਬਾਬਾ ਜੀ ਯਾਦ ਆਉਂਦੇ ਰਹੇ। ਸਤਿਗੁਰੂ ਜੀ ਨੇ ਪ੍ਰਦੇਸ ਤੋਂ ਲਿਖ ਕੇ ਭੇਜਿਆ, "ਜਮੀਤ ਸਿੰਘ ਜੇ ਤੇਰੇ ਵਰਗਾ ਇੱਕ ਇੱਕ ਸਿੱਖ ਵੀ ਹਰ ਇੱਕ ਪਰਗਣੇ ਵਿੱਚ ਹੋ ਜਾਵੇ ਤਾਂ ਸੰਸਾਰ ਦਾ ਉਧਾਰ ਹੋ ਸਕਦਾ ਹੈ।"

## ੧੪

**ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥**
**ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥**
**ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥**
**ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥**
**ਦਰਸਨ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥**
**ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥੧੪॥**

ਪੰਨਾ ੧੧੦੯

***ਸ਼ਬਦਾਰਥ :***

ਪੋਖਿ—ਪੋਹ ਦੇ ਮਹੀਨੇ ਵਿੱਚ। ਤੁਖਾਰੁ—ਕੱਕਰ, ਕੋਰਾ॥ ਵਣੁ ਤ੍ਰਿਣੁ—ਜੰਗਲ ਅਤੇ ਤੀਲੇ ਆਦਿਕ। ਰਸੁ—ਪਾਣੀ, ਨਮੀ। ਸੋਖੈ—ਸੁਕਾ ਦਿੰਦਾ ਹੈ। ਆਵਤ—ਆਉਂਦਾ ਹੈ। ਕੀ—ਕਿਉਂ। ਵਸਹਿ—ਵੱਸਦਾ ਹੈ। ਮੁਖੇ—ਮੁੱਖ ਵਿੱਚ ਵੀ ਤੂੰ ਵਸਦਾ ਹੈ। ਜਗਜੀਵਨ—ਜਗਤ ਦਾ ਜੀਵਨ, ਜਗਤ ਦਾ ਆਸਰਾ। ਮਾਣੀ—ਮਾਣਦਾ ਹੈ। ਅੰਡਜ—ਅੰਡੇ ਤੋਂ ਪੈਦਾ ਹੋਣ ਵਾਲੇ ਜੀਵ। ਜੇਰਜ—ਜਿਓਰ ਤੋਂ ਪੈਦਾ ਹੋਈ ਸ੍ਰਿਸ਼ਟੀ। ਸੇਤਜ—ਮੁੜ੍ਹਕੇ ਤੋਂ ਪੈਦਾ ਹੋਣ ਵਾਲੇ। ਉਤਭੁਜ—ਧਰਤੀ ਵਿੱਚੋਂ ਉੱਗਣ ਵਾਲੇ। ਘਟਿ-ਘਟਿ—ਹਰੇਕ ਘਟ ਵਿੱਚ। ਪਾਵਉ—ਪ੍ਰਾਪਤ ਕਰ ਲਵਾਂ। ਮਤਿ—ਅਕਲ। ਰੰਗਿ—ਪਿਆਰ ਵਿੱਚ। ਰਸਿ—ਰਸ ਨਾਲ ਆਨੰਦ ਨਾਲ। ਰਸੀਆ—ਪ੍ਰੇਮੀ। ਸਨੇਹੋ—ਪਿਆਰ, ਪ੍ਰੇਮ।

***ਵਿਆਖਿਆ :***

ਪੋਹ ਦਾ ਮਹੀਨਾ ਕੜਾਕੇ ਦੀ ਸਰਦੀ ਕਰ ਕੇ ਪ੍ਰਸਿੱਧ ਹੈ। ਇਸ ਮਹੀਨੇ ਵਿੱਚ ਪਾਲਾ ਕੱਕਰ, ਕੋਰਾ ਖ਼ੂਬ ਪੈਂਦਾ ਹੈ। ਇਸ ਕਰ ਕੇ ਬ੍ਰਿਛ ਬੂਟੇ ਅਤੇ ਤ੍ਰਿਣ ਆਦਿ ਦੇ ਰਸ ਨੂੰ ਮੁਕਾ ਦਿੰਦਾ ਹੈ। ਨਮੀ ਦੀ ਘਾਟ ਹੋਣ ਕਰ ਕੇ ਸਾਰੀ ਵਣਸਪਤੀ ਤੇ ਪੀਲਾਪਨ ਛਾ ਜਾਂਦਾ ਹੈ। ਠੀਕ ਇਸੇ ਤਰ੍ਹਾਂ ਹੀ ਜਿਹੜੇ ਮਨੁੱਖਾਂ ਦੇ ਹਿਰਦਿਆਂ ਅੰਦਰ ਕੋਰਾਪਨ ਆ ਜਾਦਾ ਹੈ, ਉਨ੍ਹਾਂ ਦੇ ਜੀਵਨ ਵਿੱਚ ਪ੍ਰੇਮ ਰਸ ਮੁੱਕ ਜਾਂਦਾ ਹੈ, ਉਹ ਨੀਰੱਸ ਹੋ ਜਾਂਦੇ ਹਨ। ਪੋਹ ਦਾ ਮਹੀਨ਼ਾ ਬ੍ਰਿਧ ਅਵਸਥਾ ਨੂੰ ਦਰਸਾਉਂਦਾ ਹੈ। ਇਸ ਵਿੱਚ ਸਰੀਰ ਦੇ ਸਾਰੇ ਅੰਗ ਕਮਜ਼ੋਰ ਹੋ ਜਾਂਦੇ ਹਨ। ਬਿਰਹਣ ਆਪਣੇ ਪਿਆਰੇ ਨੂੰ ਯਾਦ ਕਰਦੀ ਹੈ, ਤੇ ਪੁੱਛਦੀ ਹੈ ਕਿ ਉਹ ਆਪਣੇ ਪ੍ਰਿਯਤਮਾ ਕੋਲ ਆਉਂਦਾ ਕਿਉਂ ਨਹੀਂ ? ਉਹ ਆ ਕੇ ਉਸ ਦੇ ਤਨ, ਉਸ ਦੇ ਮਨ ਵਿੱਚ ਉਸ ਦੇ ਮੂੰਹ ਵਿੱਚ ਕਿਉਂ ਨਹੀਂ ਵੱਸਦਾ। ਅਗਰ ਉਹ

ਉਸ ਦੇ ਸਰੀਰ ਅੰਦਰ ਵਾਸਾ ਨਹੀਂ ਕਰੇਗਾ, ਉਸ ਨੂੰ ਆਪਣੇ ਦਰਸ਼ਨਾਂ ਦੀ ਦਾਤ ਨਹੀਂ ਬਖਸ਼ੇਗਾ ਤਾਂ ਉਸ ਦਾ ਜੀਵਨ ਰੁੱਖਾ ਹੋ ਜਾਵੇਗਾ, ਨੀਰਸ ਬਣ ਜਾਵੇਗਾ। ਆਪਣੇ ਜੀਵਨ ਨੂੰ ਨੀਰਸ ਤੋਂ ਸਰੱਸ ਬਣਾਉਣ ਲਈ ਜੀਵ ਰੂਪ ਇਸਤ੍ਰੀ ਆਪਣੇ ਪਿਆਰੇ ਦੇ ਗੁਣਾਂ ਦਾ ਗਾਣ ਕਰ ਕੇ ਆਪਣੀ ਰਸਨਾ ਪਵਿਤ੍ਰ ਕਰਦੀ ਹੈ ਤੇ ਉਸ ਨੂੰ ਹਮੇਸ਼ਾਂ-ਹਮੇਸ਼ਾਂ ਲਈ ਆਪਣੇ ਮਨ ਅੰਦਰ ਚਿਤਵਦੀ ਰਹਿੰਦੀ ਹੈ।

**ਰਸਨਾ ਗੁਨ ਗਾਵੈ ਬੇਅੰਤ॥**
**ਮਨ ਮਹਿ ਚਿਤਵੈ ਪੂਰਨ ਭਗਵੰਤ॥**
**ਹਸਤ ਚਰਨ ਸੰਤ ਟਹਿਲ ਕਮਾਈਐ॥**
**ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ॥** ਮ: ੫ ਪੰਨਾ ੨੯੮

ਜਿਸ ਜੀਵ ਆਤਮਾ ਦੇ ਮਨ, ਤਨ ਵਿੱਚ ਸਾਰੇ ਜਗਤ ਦਾ ਆਸਰਾ ਅਕਾਲ ਪੁਰਖ ਪ੍ਰਭੂ ਆ ਕੇ ਵਸਦਾ ਹੈ, ਉਹ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਆਪਣੇ ਪਿਆਰੇ ਦੇ ਮੇਲ-ਮਿਲਾਪ ਦਾ ਆਨੰਦ ਮਾਣਦੀ ਹੈ। ਜੀਵ ਰੂਪੀ ਇਸਤ੍ਰੀ ਦਾ ਪਿਆਰਾ ਪ੍ਰੀਤਮ ਉਸ ਦੇ ਮਨ, ਤਨ ਅਤੇ ਹਿਰਦੇ ਅੰਦਰ ਵਸ ਜਾਂਦਾ ਹੈ, ਤੇ ਉਸ ਦੇ ਜਨਮ-ਜਨਮਾਤਰਾਂ ਦੇ ਦੁੱਖ, ਕਸ਼ਟ, ਪੀੜਾ ਦਾ ਨਿਵਾਰਣ ਹੋ ਜਾਂਦਾ ਹੈ।

**ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ॥**
**ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ॥** ਮ: ੧ ਪੰਨਾ ੭੮੯

ਉਸ ਨੂੰ ਚੌਹਾਂ ਖਾਣੀਆਂ— ਔਡਿਆਂ, ਜੀਉਰ, ਮੁੜ੍ਹਕੇ ਅਤੇ ਪ੍ਰਿਥਵੀ ਤੋਂ ਪੈਦਾ ਹੋਣ ਵਾਲੇ ਹਰੇਕ ਜੀਵ ਦੇ ਹਿਰਦੇ ਅੰਦਰ ਉਸ ਅਕਾਲ ਪੁਰਖ ਪ੍ਰਭੂ ਦੀ ਹੀ ਜੋਤਿ ਸਮਾਈ ਦਿੱਸਦੀ ਹੈ।

**ਅੰਡਜ ਜੇਰਜ ਸੇਤਜ ਕੀਨੀ॥**
**ਉਤਭੁਜ ਖਾਨਿ ਬਹੁਰਿ ਰਚਿ ਦੀਨੀ॥**
**ਕਹੂੰ ਫੂਲ ਰਾਜਾ ਹ੍ਵੈ ਬੈਠਾ॥**
**ਕਹੂੰ ਸਿਮਟਿ ਭਯੋ ਸੰਕਰ ਇਕੈਠਾ॥** ਦਸਮ ਗ੍ਰੰਥ, ਪੰਨਾ ੧੩੮੭

ਬਿਰਹਣੀ ਆਪਣੇ ਪਿਆਰੇ, ਦਇਆ ਦੇ ਸਰੂਪ ਪ੍ਰੀਤਮ ਦੇ ਚਰਨਾਂ ਵਿੱਚ ਬੇਨਤੀਆਂ ਕਰਦੀ ਹੈ ਕਿ ਉਸ ਨੂੰ ਦਰਸ਼ਨ ਦੇ ਕੇ, ਐਸੀ ਸ੍ਰੇਸ਼ਟ ਬੁੱਧੀ ਤੇ ਅਕਲ ਦਾ ਮਾਲਿਕ ਬਣਾ ਦੇਵੇ ਜਿਸ ਨਾਲ ਉਹ ਐਨੀ ਉਚ ਅਧਿਆਤਮਕ ਰੂਹਾਨੀ ਸ਼ਿਖਰਾਂ ਨੂੰ ਛੋਹ ਸਕੇ, ਜਿਸ ਨਾਲ ਉਹ ਹਰ ਪਲ, ਹਰ ਸ੍ਵਰੂਪ ਵਿੱਚ ਆਪਣੇ ਪਿਆਰੇ ਦੇ ਦਰਸ਼ਨ ਕਰ ਸਕੇ। ਜਿਸ ਜੀਵ ਰੂਪੀ ਇਸਤ੍ਰੀ ਦੀ ਪ੍ਰੀਤ, ਪਿਆਰ

ਆਪਣੇ ਹਰੀ ਪਤੀ ਨਾਲ ਬਣ ਜਾਂਦੀ ਹੈ, ਉਹ ਉਸ ਦੇ ਪ੍ਰੇਮ ਵਿੱਚ ਆਨੰਦ-ਮਗਨ ਹੋ ਕੇ, ਉਸ ਦੇ ਪ੍ਰੇਮ ਵਿੱਚ ਮਦਮਸਤ ਹੋ ਕੇ, ਆਨੰਦ ਮਾਣਦੀ ਹੈ।

**ਭਾਵ**

ਜੀਵਾਤਮਾ ਸੰਸਾਰਿਕ ਉਲਝਣਾਂ ਵਿੱਚ ਫਸ ਕੇ ਅਕਾਲ ਪੁਰਖ ਪ੍ਰਭੂ ਨੂੰ ਭੁਲਾ ਦਿੰਦੀ ਹੈ, ਉਸ ਦੇ ਅੰਦਰੋਂ ਆਪਣੇ ਪ੍ਰਭੂ ਵਲੋਂ ਕੋਰਾ-ਪਨ ਅਤੇ ਅਵੇਸਲਾਪਨ ਆ ਜਾਂਦਾ ਹੈ। ਉਸ ਦੇ ਅੰਤਹ-ਕਰਣ ਵਿੱਚ ਪ੍ਰੇਮ ਰਸ ਮੁੱਕ ਜਾਂਦਾ ਹੈ। ਜੀਵ ਦੀ ਉੱਚੀ ਆਤਮਕ ਅਵਸਥਾ, ਅਕਾਲ ਪੁਰਖ ਦੀ ਸਿਫਤਿ ਸਲਾਹ ਅਤੇ ਸਿਮਰਨ ਸਦਕਾ ਹੀ ਸਥਿਰ ਰਹਿ ਸਕਦੀ ਹੈ।

# ਦਰਸਨ ਦੇਹੁ ਦਇਆਪਤਿ ਦਾਤੇ

***ਸੰਤ ਰਾਮ ਸਹਾਇ॥***

ਸੰਤ ਰਾਮ ਸਹਾਇ ਜੀ ਇਹੋ ਜਿਹੀ ਮਹਾਨ ਸ਼ਖ਼ਸੀਅਤ ਸਨ, ਜਿਨ੍ਹਾਂ ਦੇ ਹਿਰਦੇ ਅੰਦਰ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾਂ-ਹਮੇਸ਼ਾਂ ਲਈ ਬਣੀ ਰਹਿੰਦੀ ਸੀ। ਉਹ ਤਾਂ ਦਰਸ਼ਨ ਦੀ ਦਾਤ ਤੋਂ ਬਿਨਾਂ ਰਹਿ ਹੀ ਨਹੀਂ ਸਨ ਸਕਦੇ। ਆਪ ਜੀ ਦਾ ਜਨਮ ਹਜ਼ਰੋਂ ਦੇ ਇੱਕ ਪਿੰਡ 'ਓਡਾ' ਵਿੱਚ ਹੋਇਆ। ਉਸ ਵੇਲੇ ਦੇ ਮਾਲਕ ਸਤਿਗੁਰੂ ਬਾਲਕ ਸਿੰਘ ਜੀ ਸਨ, ਉਨ੍ਹਾਂ ਦੀ ਉਪਮਾ ਸੁਣ ਕੇ ਆਪ ਜੀ ਦੇ ਮਨ ਵਿੱਚ ਉਨ੍ਹਾਂ ਦੇ ਦਰਸ਼ਨ ਕਰਨ ਦੀ ਤਾਂਘ ਉਤਪੰਨ ਹੋਈ ਤੇ ਆਪ ਜੀ ਆਪਣੇ ਪਿਆਰੇ ਦੇ ਦਰਸ਼ਨ ਕਰਨ ਲਈ ਹਜ਼ਰੋਂ ਸਾਹਿਬ ਵਲ ਟੁਰ ਪਏ। ਰਸਤੇ ਵਿੱਚ ਦਰਿਆ ਵਿੱਚ ਪਾਣੀ ਦੀ ਭਰਮਾਰ ਸੀ ਤੇ ਪਾਣੀ ਖੂਬ ਜ਼ੋਰਾਂ ਸ਼ੋਰਾਂ ਨਾਲ ਉਛਾਲੇ ਮਾਰ ਰਿਹਾ ਸੀ। ਬੇੜੀ ਦਾ ਵੀ ਕੋਈ ਸਾਧਨ ਉਪਲੱਬਧ ਨਹੀਂ ਸੀ। ਪਰ ਆਪ ਜੀ ਨੇ ਤਾਂ ਆਪਣੇ ਪਿਆਰੇ ਦੇ ਦਰਸ਼ਨ ਕਰਨ ਲਈ ਕਮਰ ਕੱਸਾ ਕੱਸ ਲਿਆ ਹੋਇਆ ਸੀ, ਹੁਣ ਤਾਂ ਕਦਮ ਅਗਾਂਹ ਹੀ ਅਗਾਂਹ ਪੁੱਟਣੇ ਹਨ, ਵਾਪਸ ਜਾਣ ਦਾ ਤਾਂ ਪ੍ਰਸ਼ਨ ਹੀ ਨਹੀਂ ਸੀ ਉਠਦਾ। ਆਪਣੇ ਮਨ ਅੰਦਰ ਇਹ ਧਾਰਨ ਕਰ ਲਿਆ, ਕਿ ਦਰਿਆ ਤਾਂ ਜ਼ਰੂਰ ਪਾਰ ਕਰਨਾ ਹੈ, ਜੇਕਰ ਆਪਣੇ ਗੁਰੂ ਨਾਲ ਪਿਆਰ ਸੱਚਾ ਹੋਇਆ, ਤਾਂ ਉਹ ਆਪਣੇ ਆਪ ਹੀ ਰੱਖਿਆ ਕਰਨਗੇ। ਜਿਉਂ ਹੀ ਆਪਣੇ ਦਰਿਆ ਨੂੰ ਪਾਰ ਕਰਨ ਲਈ ਆਪਣੇ ਪੈਰ ਪਾਣੀ ਵਿੱਚ ਪਾਏ ਤਾਂ ਦਰਿਆ ਦਾ ਪਾਣੀ ਇਕ ਦਮ ਲਹਿ ਗਿਆ ਤੇ ਆਪ ਜੀ ਬੜੀ ਆਸਾਨੀ ਨਾਲ ਦਰਿਆ ਨੂੰ ਪਾਰ ਕਰ ਗਏ। ਹਜ਼ਰੋਂ ਸਾਹਿਬ ਜਾ ਕੇ ਆਪਣੇ ਪਿਆਰੇ ਸਤਿਗੁਰੂ ਜੀ ਦੇ ਚਰਨ-ਕੰਵਲਾਂ ਤੇ ਦੋਵੇਂ ਹੱਥ ਜੋੜ ਕੇ ਨਤਮਸਤਕ ਹੋ ਕੇ ਨਮਸਕਾਰ ਕੀਤੀ ਤੇ ਭਜਨ ਦੀ ਦਾਤ ਲੈਣ ਲਈ ਕਾਮਨਾ ਕੀਤੀ। ਸੱਚੇ ਪਾਤਸ਼ਾਹ ਜੀ ਨੇ ਅਗਲੇ ਦਿਨ ਲਈ ਹੁਕਮ ਕੀਤਾ ਪਰ

ਆਪ ਜੀ ਨੇ ਬੜੀ ਬੇਸਬਰੀ ਨਾਲ ਭਜਨ ਲੈਣ ਲਈ ਸਤਿਗੁਰੂ ਜੀ ਅੱਗੇ ਬੇਨਤੀਆਂ ਕੀਤੀਆਂ, ਤਰਲੇ ਮਿੰਨਤਾਂ ਕੀਤੀਆਂ, ਪਰ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ, "ਭਾਈ ਦਰਿਆ ਵਾਲੀ ਗੱਲ ਚੇਤੇ ਕਰੋ, ਜੇਕਰ ਪਾਣੀ ਤੁਹਾਨੂੰ ਰੋੜ੍ਹ ਕੇ ਲੈ ਜਾਂਦਾ ਤੇ ਫਿਰ ਕੀ ਬਣਦਾ ?" ਸਤਿਗੁਰੂ ਜੀ ਦੇ ਬਚਨ ਸੁਣ ਕੇ ਆਪ ਜੀ ਵੈਰਾਗੀ ਹੋ ਗਏ। ਸਤਿਗੁਰੂ ਜੀ ਨੇ ਭਜਨ ਦੀ ਦਾਤ ਬਖਸ਼ੀ ਤੇ ਨਾਲ ਹੀ ਵਰ ਦਿੱਤਾ, "ਬੇਟਾ, ਤੇਰੀ ਅਕਾਲ ਪੁਰਖ ਨਾਲ ਸਦਾ ਹੀ ਬਣੀ ਰਹੇਗੀ।" ਕੰਨ ਵਿੱਚ ਭਜਨ ਮਿਲਣ ਦੀ ਦੇਰ ਸੀ, ਆਪ ਜੀ ਅੰਦਰ ਮਸਤੀ ਦਾ ਸਮੁੰਦਰ ਠਾਠਾਂ ਮਾਰ ਉਠਿਆ, ਆਪ ਜੀ ਦਿਨ-ਰਾਤ ਨਾਮ ਦੇ ਰੰਗ ਵਿੱਚ ਰੰਗੇ ਗਏ। ਦੁਨੀਆਵੀ ਰਸ ਸਭ ਭੁੱਲ ਗਏ।

**ਰਾਮ ਰਸੁ ਪੀਆ ਰੇ**
**ਜਿਹ ਰਸ ਬਿਸਰਿ ਗਏ ਰਸ ਅਉਰ॥** ਗਉੜੀ ਕਬੀਰ ਜੀ ਪੰਨਾ ੩੩੭

ਆਪ ਜੀ ਹਮੇਸ਼ਾਂ ਨਾਮ ਸਿਮਰਨ ਵਿੱਚ ਲਿਵ-ਲੀਨ ਰਹਿੰਦੇ। ਇੱਕ ਦਿਨ ਆਪ ਜੀ ਨੂੰ ਆਪਣੇ ਪਿਆਰੇ ਹਰਿ ਪ੍ਰਭੂ ਜੀ ਦੇ ਸਾਖਿਆਤ ਦਰਸ਼ਨ ਹੋਏ। ਆਪ ਜੀ ਦੇ ਚਾਰ ਚੁਫੇਰੇ ਪ੍ਰਕਾਸ਼ ਹੀ ਪ੍ਰਕਾਸ਼ ਦਾ ਪਸਾਰ ਹੋਇਆ ਤੇ ਅਕਾਲ ਪੁਰਖ ਨੇ ਆਪਣੇ ਭਗਤ ਨੂੰ ਆਖਿਆ, "ਅਸੀਂ ਤੇਰੀ ਭਗਤੀ ਦੇ ਬਹੁਤ ਖੁਸ਼ ਹੋਏ ਹਾਂ, ਕੁਛ ਮੰਗੋ।"

ਸੇਵਕ ਨੇ ਦੋਵੇਂ ਹੱਥ ਜੋੜ ਕੇ ਉੱਤਰ ਦਿੱਤਾ, "ਗਰੀਬ ਨਿਵਾਜ, ਆਪ ਜੀ ਦੇ ਚਰਨ ਕੰਵਲ ਦਾ ਵਾਸ ਹਮੇਸ਼ਾਂ-ਹਮੇਸ਼ਾਂ ਲਈ ਮੇਰੇ ਹਿਰਦੇ ਅੰਦਰ ਹੋਵੇ।"

ਉਸ ਪ੍ਰਕਾਸ਼ ਪੁੰਜ ਵਿਚੋਂ ਫਿਰ ਸ਼ਬਦ ਹੋਇਆ, "ਕੁਛ ਹੋਰ ਮੰਗ ਲੈ।"

ਉਨ੍ਹਾਂ ਨੇ ਫੇਰ ਚਰਨ-ਕੰਵਲਾਂ ਦੀ ਪ੍ਰੀਤ ਮੰਗੀ ਤੇ ਇੱਕ ਵਾਰੀ ਫਿਰ ਮੰਗ ਮੰਗਣ ਲਈ ਕਿਹਾ ਗਿਆ। ਆਪ ਜੀ ਨੇ ਬੇਨਤੀ ਕੀਤੀ, "ਕ੍ਰਿਪਾ ਸਿੰਧੂ, ਆਪ ਜੀ ਮੇਰੇ ਹਮੇਸ਼ਾਂ ਅੰਗ ਸੰਗ ਰਹੋ ਅਤੇ ਆਪਣੇ ਦਰਸ਼ਨਾਂ ਦੀ ਦਾਤ ਬਖਸ਼ੋ।"

**ਦਰਸਨ ਦੇਹੁ ਦਇਆਪਤਿ ਦਾਤੇ ਗਤਿ ਪਾਵਓ ਮਤਿ ਦੇਹੋ॥**

ਉੱਤਰ ਮਿਲਿਆ, "ਹੱਛਾ ਭਾਈ, ਜਦੋਂ ਤੁਸੀਂ ਭਜਨ ਕਰਨ ਬੈਠੋਗੇ, ਉਸ ਵੇਲੇ ਤੁਹਾਨੂੰ ਦਰਸ਼ਨ ਹੋ ਜਾਇਆ ਕਰਨਗੇ। ਉਸ ਤੋਂ ਉਪਰੰਤ ਹਰ ਰੋਜ਼ ਸੰਤ ਜੀ ਜਦੋਂ ਭਜਨ ਵਿਚ ਲਿਵਲੀਨ ਹੋ ਕੇ ਸਮਾਧੀ ਲਗਾਉਂਦੇ ਤਾਂ ਆਪ ਜੀ ਨੂੰ ਦਰਸ਼ਨਾਂ ਦੀ ਦਾਤ ਮਿਲਦੀ। ਇੱਕ ਦਿਨ ਆਪ ਜੀ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਵਿਚ ਅੱਖਾਂ ਬੰਦ ਕਰ ਕੇ ਧਿਆਨ ਮਗਨ ਹੋਣ ਹੀ ਲੱਗੇ ਸਨ, ਕਿ ਇਕ, ਬੱਕਰੀ ਦੇ ਬੱਚੇ ਨੇ ਆਪ ਦੇ ਸਰੀਰ ਨਾਲ ਖਹਿਣਾ ਸ਼ੁਰੂ ਕਰ ਦਿੱਤਾ। ਬੱਕਰੀ ਦੇ ਨਾਲ ਖਹਿਣ ਨਾਲ ਆਪ ਜੀ ਦਾ ਧਿਆਨ ਨਾਮ ਸਿਮਰਨ ਵਿਚ ਨਾ ਲੱਗ ਸਕਿਆ। ਦੂਸਰੀ ਵਾਰੀ ਫਿਰ ਧਿਆਨ ਮਗਨ ਹੋ ਕੇ ਭਜਨ

ਕਰਨ ਦੀ ਕੋਸ਼ਿਸ਼ ਕੀਤੀ, ਤੇ ਫਿਰ ਉਸ ਬਕਰੀ ਨੇ ਉਸੇ ਤਰ੍ਹਾਂ ਹੀ ਪਹਿਲਾਂ ਵਾਂਗ ਖਹਿਣਾ ਸ਼ੁਰੂ ਕੀਤਾ ਪਰ ਆਪ ਜੀ ਨੇ ਉਸੇ ਤਰ੍ਹਾਂ ਹੀ ਪਹਿਲਾਂ ਵਾਂਗ ਪਿਛਾਂਹ ਕਰ ਦਿੱਤਾ। ਤੀਸਰੀ ਵਾਰੀ ਜਦੋਂ ਬੱਕਰੀ ਨੇ ਫਿਰ ਉਸੇ ਤਰ੍ਹਾਂ ਹੀ ਕੀਤਾ, ਤਾਂ ਸੰਤਾਂ ਨੇ ਕੋਲੋਂ ਦੀ ਵੱਟਾ ਚੁੱਕ ਕੇ ਉਸ ਮੇਮਨੀ ਨੂੰ ਮਾਰਿਆ ਤੇ ਉਹ ਮੇਂ ਮੇਂ ਕਰਦੀ ਦੌੜ ਗਈ। ਉਦੋਂ ਤੋਂ ਬਹੁਤ ਕੋਸ਼ਿਸ਼ਾਂ ਕਰਨ ਤੇ ਵੀ ਸੰਤਾਂ ਦੀ ਬਿਰਤੀ ਅਕਾਲ ਪੁਰਖ ਦੇ ਚਰਨਾਂ ਵਿਚ ਨਹੀਂ ਜੁੜੀ। ਸਾਰੀ ਰਾਤ ਆਪਣੇ ਪਿਆਰੇ ਦੇ ਦਰਸ਼ਨਾਂ ਤੋਂ ਬਿਨਾਂ ਸੰਤ ਜੀ ਨੇ ਮੱਛਲੀ ਵਾਂਗ ਗੁਜ਼ਾਰੀ। ਸਵੇਰ ਹੁੰਦਿਆਂ ਹੀ ਸੰਤ ਜੀ ਆਪਣੇ ਮਨ ਨੂੰ ਸ਼ਾਂਤ ਕਰਨ ਲਈ, ਸਾਂਤਵਨਾ ਲੈਣ ਲਈ ਸਤਿਗੁਰੂ ਬਾਲਕ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਿਰ ਹੋ ਗਏ। ਸਤਿਗੁਰੂ ਜੀ ਨੇ ਸੰਤਾਂ ਨੂੰ ਪੁੱਛਿਆ, "ਭਾਈ ਰਾਮ ਸਹਾਇ ਜੀ, ਕੀ ਗੱਲ ਹੈ ? ਕਿਸ ਤਰ੍ਹਾਂ ਆਏ ਹੋ ?"

ਭਾਈ ਜੀ ਨੇ ਰਾਤ ਦਾ ਬੀਤੀ ਸਾਰੀ ਵਾਰਤਾ ਸਤਿਗੁਰੂ ਜੀ ਨੂੰ ਕਹਿ ਸੁਣਾਈ।

ਸਤਿਗੁਰੂ ਜੀ ਨੇ ਰਾਮ ਸਹਾਇ ਜੀ ਨੂੰ ਕਿਹਾ, "ਰਾਮ ਸਹਾਇ ਜੀ, ਅਕਾਲ ਪੁਰਖ ਨੇ ਰਾਤੀ ਤੁਹਾਨੂੰ ਤਿੰਨ ਵਾਰੀ ਦਰਸ਼ਨ ਦਿੱਤਾ ਹੈ, ਉਸਨੇ ਤੁਹਾਡੇ ਨਾਲ ਪਿਆਰ ਵੀ ਕੀਤਾ ਪਰ ਤੁਸੀਂ ਪਿਆਰ ਦਾ ਬਦਲਾ ਪੱਥਰ ਮਾਰ ਕੇ ਚੁਕਾਇਆ। ਬੇਟਾ, ਇਹ ਕੋਈ ਜ਼ਰੂਰੀ ਗੱਲ ਨਹੀਂ, ਕਿ ਉਹ ਸਦਾ ਇਕ ਹੀ ਰੂਪ ਵਿਚ ਤੁਹਾਨੂੰ ਦਰਸ਼ਨ ਦੇਣ। ਉਸ ਅਕਾਲ ਪੁਰਖ ਦੇ ਅਨੰਤ ਰੂਪ ਹਨ ਅਤੇ ਉਹ ਸਭਨਾਂ ਵਿਚ ਵੱਸਦਾ ਹੈ। ਰਾਤੀਂ ਮੇਮਨੇ ਦੇ ਰੂਪ ਵਿਚ ਆ ਕੇ ਤੁਹਾਨੂੰ ਦਰਸ਼ਨ ਦੇਣੇ ਚਾਹੇ, ਪਰ ਤੁਸੀਂ ਉਸ ਨੂੰ ਪਛਾਣ ਨਹੀਂ ਸਕੇ।"

ਸੰਤ ਜੀ ਹੋਰ ਵੀ ਵੈਰਾਗੀ ਤੇ ਉਦਾਸੀਨ ਹੋ ਗਏ ਤੇ ਸਤਿਗੁਰੂ ਜੀ ਕੋਲੋਂ ਹੱਥ ਜੋੜ ਕੇ ਬੇਨਤੀ ਕੀਤੀ, "ਗਰੀਬ ਨਿਵਾਜ, ਹੁਣ ਮੈਨੂੰ ਆਪਣੀ ਭੁੱਲ ਦਾ ਪਸ਼ਚਾਤਾਪ ਕਿਵੇਂ ਕਰਨਾ ਚਾਹੀਦਾ ਹੈ ?"

ਸਤਿਗੁਰੂ ਜੀ ਨੇ ਬਚਨ ਕੀਤਾ, "ਉਸ ਮੇਮਨੇ ਨੂੰ ਲੱਭ ਕੇ ਖ਼ੁਸ਼ ਕਰੋ। ਰੁੱਸੇ ਹੋਏ ਨੂੰ ਮਨਾ ਲਵੋ ਅਤੇ ਆਪਣੀ ਭੁੱਲ ਬਖਸ਼ਾ ਲਵੋ, ਫੇਰ ਆਪੇ ਹੀ ਸਾਰੇ ਕਾਰਜ ਰਾਸ ਹੋ ਜਾਣਗੇ।"

ਸੰਤ ਜੀ ਨੇ ਬੜੀ ਕੋਸ਼ਿਸ਼ ਕਰ ਕੇ ਉਸ ਮੇਮਨੇ ਨੂੰ ਲੱਭ ਹੀ ਲਿਆ। ਉਸਦੇ ਪੈਰਾਂ ਉਤੇ ਮੱਥਾ ਟੇਕਿਆ। ਉਸ ਅੱਗੇ ਚੂਰੀ ਪਾਈ, ਜੌਂ ਅਤੇ ਛੋਲੇ ਰਲਾ ਕੇ ਛਕਾਏ। ਉਪਰੰਤ ਜਲ ਦਾ ਗੜਵਾ ਛਕਾਇਆ ਫਿਰ ਗਲ ਵਿੱਚ ਪੱਲਾ ਪਾ ਕੇ ਅਤੇ ਹੱਥ ਜੋੜ ਕੇ ਮੁਆਫੀ ਮੰਗਣੀ ਸ਼ੁਰੂ ਕੀਤੀ। ਉਨ੍ਹਾਂ ਨੂੰ ਮੇਮਨੇ ਅੱਗੇ ਇਸ ਤਰ੍ਹਾਂ ਤਰਲੇ, ਮਿੰਨਤਾਂ ਕਰਦਿਆਂ ਵੇਖ ਕੇ ਲੋਕਾਂ ਨੇ ਮਖੌਲ ਠੱਠੇ ਕੀਤੇ, ਪਰ ਸੰਤਾਂ ਨੇ ਇਸ ਪਾਸੇ ਵੱਲ ਰਤਾ ਵੀ ਧਿਆਨ ਨਾ ਦਿੱਤਾ। ਮੇਮਨੇ ਕੋਲੋਂ ਮੁਆਫੀ

ਮੰਗ ਕੇ ਸੰਤ ਜੀ ਰੋਜ਼ਾਨਾ ਦੇ ਅਨੁਸਾਰ ਭਜਨ ਬੰਦਗੀ ਕਰਨੀ ਸ਼ੁਰੂ ਕੀਤੀ ਤਾਂ ਪਹਿਲਾਂ ਵਾਂਗ ਬਿਰਤੀ ਟਿਕ ਗਈ ਤੇ ਆਪਣੇ ਉਸ ਪਿਆਰੇ ਦੇ ਦਰਸ਼ਨਾਂ ਦਾ ਸੁਭਾਗ ਵੀ ਪ੍ਰਾਪਤ ਹੋ ਗਿਆ। ਆਪ ਜੀ ਨੇ ਹੱਥ ਜੋੜ ਕੇ ਅਕਾਲ ਪੁਰਖ ਪ੍ਰਭੂ ਪਿਆਰੇ ਪ੍ਰੀਤਮ ਦੇ ਚਰਨਾਂ ਵਿਚ ਬੇਨਤੀ ਕੀਤੀ।

**ਦਰਸਨ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥**
**ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥**

ਪੰਨਾ ੧੧੦੯

ਤੇ ਉਸ ਦਇਆ ਪਤਿ ਦਾਤੇ ਨੇ ਆਪਣੇ ਪਿਆਰੇ ਭਗਤ ਨੂੰ ਹਰ ਰੋਜ਼ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ।

## ੧੫

**ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥**
**ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥**
**ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥**
**ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥**
**ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥**
**ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥੧੫**

ਰਾਗ ਤੁਖਾਰੀ ਮ: ੧ ਪੰਨਾ ੧੧੦੯

***ਸ਼ਬਦਾਰਥ :***

ਮਾਘਿ—ਮਾਘ ਦੇ ਮਹੀਨੇ ਵਿਚ। ਪੁਨੀਤ—ਪਵਿਤਰ। ਤੀਰਥੁ—ਪਵਿਤਰ ਅਸਥਾਨ ਜੋ ਖਾਸ ਕਰ ਕੇ ਕਿਸੇ ਨਦੀ ਆਦਿਕ ਦੇ ਨੇੜੇ ਹੋਵੇ। ਅੰਤਰਿ—ਹਿਰਦੇ ਵਿਚ। ਜਾਨਿਆ—ਲੱਭ ਲਿਆ। ਸਹਜਿ—ਸੁਭਾਵਕ ਹੀ, ਅਡੋਲ ਅਵਸਥਾ ਵਿੱਚ। ਗਹਿ—ਗ੍ਰਹਿਣ ਕਰ ਕੇ, ਫੜ ਕੇ। ਅੰਕਿ—ਹਿਰਦੇ ਵਿਚ। ਸਮਾਨਿਆ—ਧਾਰਨ ਕਰ ਲਿਆ। ਅੰਕੇ ਹਿਰਦੇ ਵਿਚ। ਬੰਕੇ—ਸੁਹਣੇ, ਸੁੰਦਰ। ਸਰਿ—ਸਰੋਵਰ ਵਿਚ। ਨਾਵਾ—ਇਸ਼ਨਾਨ ਕਰ ਲੈਣਾ। ਤਹ—ਉਸ। ਬੇਣੀ ਸੰਗਮ—ਤ੍ਰਿਬੇਣੀ ਗੰਗਾ, ਜਮਨਾ, ਸਰਸਵਤੀ ਤਿੰਨਾਂ ਪਵਿਤਰ ਨਦੀਆਂ ਦਾ ਮਿਲਾਪ ਅਸਥਾਨ। ਸਾਤ ਸੁਮੰਦ—ਸਤ ਸਮੁੰਦਰਾਂ ਦੇ ਇਸ਼ਨਾਨ ਦਾ ਮਹਾਤਮ। ਸਮਾਵਾ—ਸਮਾ ਰਹੇ ਹਨ। ਏਕੋ—ਏਕ ਪ੍ਰਮੇਸਰ ਨੂੰ ਹੀ ਜਾਣਿਆ ਹੈ। ਮਹਾ-ਰਸ—ਪਰਮ ਆਨੰਦ, ਆਤਮਕ ਸੁਖ। ਜਪਿ—ਜਪ ਕੇ। ਅਠਸਠਿ—ਅਠਾਹਠ।

***ਵਿਆਖਿਆ :***

ਮਾਘ ਦੇ ਮਹੀਨੇ ਵਿਚ ਲੋਕ ਆਪਣੇ ਆਪ ਨੂੰ ਪਵਿਤਰ ਕਰਨ ਲਈ ਤੀਰਥਾਂ ਤੇ ਇਸ਼ਨਾਨ ਕਰਨ ਜਾਂਦੇ ਹਨ। ਇਸ ਨਾਲ ਉਹ ਆਪਣੇ ਸਰੀਰ ਨੂੰ ਜਲ ਦੇ ਨਾਲ ਧੋ ਕੇ ਬਾਹਰੋਂ ਤਾਂ ਪਵਿਤਰ ਕਰ ਲੈਂਦੇ ਹਨ ਪਰ ਅੰਦਰੋਂ ਮਨ ਤਾਂ ਨਹਾਉਣ ਨਾਲ ਪਵਿਤਰ ਨਹੀਂ ਹੁੰਦਾ— *ਮਿਲੈ ਜਿ ਤੀਰਥਿ ਨਾਤਿਆਂ, ਡਡਾਂ ਜਲ ਵਾਸੀ॥*

ਪਰ ਜਿਸ ਜੀਵ ਰੂਪੀ ਇਸਤ੍ਰੀ ਨੇ ਮਾਘ ਦੇ ਮਹੀਨੇ ਵਿੱਚ ਆਪਣੇ ਅੰਦਰਲੇ ਤੀਰਥ ਨੂੰ ਪਹਿਚਾਣ ਲਿਆ, ਉਹ ਪਵਿਤਰ ਹੋ ਜਾਂਦੀ ਹੈ, ਉਹ ਸ਼ੁੱਧ ਹੋ ਜਾਂਦੀ ਹੈ। ਅਸਲੀ ਤੀਰਥ ਤਾਂ ਮਨੁੱਖ ਦੇ ਆਪਣੇ ਅੰਦਰ ਹੀ ਹੈ, ਜਿਸ ਬਾਰੇ

ਉਸ ਨੂੰ ਗਿਆਨ ਨਹੀਂ ਹੁੰਦਾ।

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥**
**ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥**

ਧਨਾਸਰੀ ਮ: ੧ ਪੰਨਾ ੬੮੭

ਅਸਲ ਤੀਰਥ ਤੇ ਉਹ ਹੈ ਜਿੱਥੇ ਆਤਮਾ ਅਤੇ ਪ੍ਰਮਾਤਮਾ ਦਾ ਮੇਲ ਹੁੰਦਾ ਹੈ। ਜਦੋਂ ਅੰਦਰਲੇ ਤੀਰਥ ਦਾ ਇਸ਼ਨਾਨ ਹੁੰਦਾ ਹੈ, ਅੰਤਹਕਰਨ ਸ਼ੁੱਧ ਅਤੇ ਪਵਿਤਰ ਹੋ ਜਾਂਦਾ ਹੈ ਤੇ ਫਿਰ ਉਸ ਪਵਿਤਰ ਆਤਮਾ ਨੂੰ ਪ੍ਰਮਾਤਮਾ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ। ਜੇ ਕਰ ਬਾਹਰੋਂ ਸਰੀਰ ਧੋਣ ਨਾਲ ਸਭ ਕੁਛ ਪ੍ਰਾਪਤ ਹੋ ਜਾਵੇ ਤਾਂ

**ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ॥**
**ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ॥**
**ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ॥**

ਮਾਰੂ ਮ: ੧, ਪੰਨਾ ੧੦੧੦

ਜਦੋਂ ਜੀਵ ਰੂਪੀ ਇਸਤ੍ਰੀ ਆਪਣੇ ਪਿਆਰੇ ਪ੍ਰੀਤਮ ਦੇ ਗੁਣਾਂ ਨੂੰ ਗ੍ਰਹਿਣ ਕਰ ਕੇ ਆਪਣੇ ਹਿਰਦੇ ਵਿਚ ਧਾਰਨ ਕਰ ਲੈਂਦੀ ਹੈ, ਉਸ ਦਾ ਪਿਆਰਾ ਸੱਜਣ ਸੁਭਾਵਕ ਹੀ ਉਸ ਨੂੰ ਮਿਲ ਜਾਂਦਾ ਹੈ। ਜਦੋਂ ਜੀਵ ਰੂਪੀ ਇਸਤ੍ਰੀ ਅੰਦਰਲੇ ਤੀਰਥ ਵਿਚ ਇਸ਼ਨਾਨ ਕਰ ਕੇ ਉਸ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦੀ ਹੈ, ਉਸ ਦੇ ਚਰਨਾਂ ਵਿਚ ਆਪਣੀ ਲਿਵ ਜੋੜ ਲੈਂਦੀ ਹੈ, ਉਹ ਅਡੋਲ ਅਵਸਥਾ ਵਿਚ ਪਹੁੰਚ ਜਾਂਦੀ ਹੈ ਤੇ ਉਸ ਦੇ ਪਿਆਰੇ ਇਸ਼ਟ ਦੇ ਦਰਸ਼ਨਾਂ ਦਾ ਸਾਖਿਆਤਕਾਰ ਹੋ ਜਾਂਦਾ ਹੈ।

**ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ॥**
**ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ॥**
**ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ॥**

ਸੂਹੀ ਮ: ੩, ਪੰਨਾ ੭੭੨

ਬਿਰਹਣ ਆਪਣੇ ਸੁਹਣੇ ਪ੍ਰੀਤਮ ਪ੍ਰਭੂ ਦੀ ਅਰਾਧਨਾ ਕਰਦਿਆਂ ਹੋਇਆਂ ਲੋਚਦੀ ਹੈ ਕਿ ਉਹ ਆਪਣੇ ਸੁੰਦਰ ਪ੍ਰੀਤਮ ਦੇ ਗੁਣ ਆਪਣੇ ਹਿਰਦੇ ਵਿਚ ਧਾਰਨ ਕਰ ਕੇ ਉਸ ਅਕਾਲ ਪੁਰਖ ਨੂੰ ਪ੍ਰਵਾਨ ਹੋ ਜਾਵੇ ਤੇ ਆਤਮਕ ਸਰੋਵਰ ਵਿਚ ਇਸ਼ਨਾਨ ਕਰ ਕੇ ਉਸ ਪਿਆਰੇ ਨੂੰ ਚੰਗੀ ਲੱਗਣ ਲੱਗ ਜਾਏ। ਇਹੀ ਉਸ ਲਈ ਸਭ ਤੋਂ ਵਧੀਆ ਤੀਰਥ ਇਸ਼ਨਾਨ ਹੈ, ਉਥੇ ਚਰਨਾਂ ਵਿਚ ਲਿਵ ਜੋੜ

ਕੇ ਗੰਗਾ, ਜਮਨਾ, ਸਰਸਵਤੀ ਤਿੰਨਾ ਨਦੀਆਂ ਦਾ ਮਿਲਾਪ ਸਥਾਨ ਹੈ, ਤ੍ਰਿਬੇਣੀ ਹੈ ਤੇ ਉਥੇ ਸੱਤ ਸੁਮੰਦਰ, ਸਤ, ਸੰਤੋਖ, ਦਯਾ, ਧਰਮ, ਧੀਰਜ, ਗਿਆਨ, ਵੈਰਾਗ ਸਮਾਏ ਹੋਏ ਹਨ। ਜਿਹੜੀ ਜੀਵ ਰੂਪੀ ਇਸਤ੍ਰੀ ਨੇ ਉਸ ਅਕਾਲ ਪੁਰਖ ਪ੍ਰਭੂ ਨੂੰ ਹਰੇਕ ਜੁਗ ਵਿਚ ਵਿਆਪਕ ਸਮਝ ਕੇ ਸਾਂਝ ਪਾ ਲਈ, ਉਸ ਨੇ ਤੀਰਥ ਇਸ਼ਨਾਨ ਪੁੰਨ, ਦਾਨ, ਪੂਜਾ ਆਦਿ ਸਾਰੇ ਕਰਮ ਕਰ ਲਏ।

**ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ॥**
**ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ॥**
**ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ॥**
**ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ॥**

ਟੋਡੀ ਮ: ੫ ਪੰਨਾ ੭੧੮

ਉਨ੍ਹਾਂ ਨੂੰ ਸਾਰੇ ਕਰਮਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਮਾਘ ਦੇ ਮਹੀਨੇ ਵਿਚ ਜਿਸ ਨੇ ਅਕਾਲ ਪੁਰਖ ਪ੍ਰੀਤਮ ਦੇ ਨਾਮ ਦਾ ਸਿਮਰਨ ਕਰ ਲਿਆ, ਉਸਦੇ ਨਾਮ ਦਾ ਸਿਮਰਨ ਕਰ ਕੇ ਮਹਾ ਆਨੰਦ ਪ੍ਰਾਪਤ ਕਰ ਲਿਆ, ਉਸਨੇ ਅਕਾਲ ਪੁਰਖ ਹਰੀ ਪ੍ਰਭੂ ਦੇ ਨਾਮ ਦਾ ਜਪੁ, ਉਸ ਦੇ ਨਾਮ ਦੀ ਸਿਫਤਿ-ਸਲਾਹ ਹਿਰਦੇ ਵਿਚ ਵਸਾਉਣੀ ਹੀ ਅਠਾਹਠ ਤੀਰਥਾਂ ਦੇ ਇਸ਼ਨਾਨ ਦੇ ਤੁੱਲ ਹੈ।

**ਅਠਸਠਿ ਤੀਰਥੁ ਮਜਨੁ ਕੀਆ ਸਤਸੰਗਤਿ ਪਗ ਨਾਏ ਧੂਰਿ॥**

ਸਾਰੰਗ ਮ: ੪, ਪੰਨਾ ੧੧੯੮

***ਭਾਵ :***

ਸੰਸਾਰਿਕ ਲੋਕ ਮਾਘ ਦੇ ਮਹੀਨੇ ਵਿਚ ਤੀਰਥਾਂ ਦੇ ਇਸ਼ਨਾਨ ਕਰ ਕੇ ਆਪਣੇ ਆਪ ਨੂੰ ਪਵਿਤਰ ਬਣਾਉਣਾ ਚਾਹੁੰਦੇ ਹਨ। ਪਰ ਮਨੁੱਖ ਜੇ ਕਰ ਆਪਣੇ ਹਿਰਦੇ ਅੰਦਰ ਅਕਾਲ ਪੁਰਖ ਦਾ ਨਾਮ ਵਸਾ ਲਵੇ, ਤਾਂ ਉਸ ਨੂੰ ਘਰ ਬੈਠਿਆਂ ਹੀ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

# ਮਹਾ ਰਸੁ ਹਰਿ ਜਪਿ

***ਬਾਬਾ ਬੁੱਢਾ ਸਿੰਘ ਜੀ***

ਆਪਣੇ ਪਿਆਰੇ ਹਰੀ ਦੇ ਨਾਮ ਰੂਪੀ ਸਮੁੰਦਰ ਵਿਚ ਤਾਰੀਆਂ ਲਾਉਣ ਵਾਲੇ ਸਨ—ਬਾਬਾ ਬੁੱਢਾ ਸਿੰਘ ਜੀ। ਬਾਬਾ ਜੀ ਨੂੰ ਗੁਰੂ ਧਾਰਨ ਕਰਨ ਦਾ ਬੜਾ ਚਾਅ ਸੀ। ਮਨ ਬੇਚੈਨ ਸੀ, ਕਿ ਉਹ ਸੁਭਾਗੀ ਘੜੀ ਕਦੋਂ ਆਵੇਗੀ ਜਦੋਂ ਉਨ੍ਹਾਂ ਨੂੰ ਆਪਣੇ ਪਿਆਰੇ ਸਤਿਗੁਰੂ ਦੇ ਦਰਸ਼ਨ ਹੋਣਗੇ। ਮਨ ਦੀ ਇਸੇ ਉਧੇੜ-ਬੁਣ

ਵਿਚ ਉਲਝੇ ਹੋਏ ਸਨ ਕਿ ਸਾਹਮਣੇ ਇਕ ਵਾ-ਵਰੋਲਾ ਭੁਆਟਣੀਆਂ ਖਾਣ ਲੱਗਾ। ਉਸ ਵਿਚ ਅੱਗ ਦੇ ਸ਼ੋਲੇ ਨਿਕਲ ਰਹੇ ਸਨ। ਉਸ ਵਿਚ ਇੱਕ ਆਵਾਜ਼ ਨਿਕਲੀ, ਉਸ ਆਵਾਜ਼ ਨੇ ਬਾਬਾ ਜੀ ਨੂੰ ਆਪਣੇ ਵੱਲ ਖਿੱਚ ਪਾਈ ਤੇ ਪ੍ਰੇਰਿਆ, "ਉਠ ਬੁੱਢਾ ਸਿੰਘ, ਜੇ ਤੂੰ ਗੁਰੂ ਨੂੰ ਮਿਲਣਾ ਹੈ ਤੇ ਲੁਧਿਆਣੇ ਤੋਂ ਦੱਸ ਕੋਹਾਂ ਤੇ ਭੈਣੀ ਹੈ ਉਥੇ ਆ ਜਾ। ਮੇਰਾ ਨਾਮ ਰਾਮ ਸਿੰਘ ਹੈ।"

ਬਾਬਾ ਜੀ ਵਾ-ਵਰੋਲੇ ਦੇ ਪਿੱਛੇ-ਪਿੱਛੇ ਟੁਰਦੇ ਗਏ। ਜਦੋਂ ਬਾਬਾ ਜੀ ਪਿੰਡ ਦੇ ਕੋਲ ਪਹੁੰਚੇ, ਤਾਂ ਵਾ-ਵਰੋਲਾ ਅਲੋਪ ਹੋ ਗਿਆ। ਥੋੜ੍ਹੀ ਦੇਰ ਅੱਗੇ ਜਾ ਕੇ ਪਿੰਡ ਦੇ ਨੇੜੇ ਸਤਿਗੁਰੂ ਜੀ ਆਪ ਅੱਗੋਂ ਦੀ ਹੋ ਕੇ ਆਪਣੇ ਸਿੱਖ ਨੂੰ ਲੈਣ ਲਈ ਆਏ। ਬਾਬਾ ਜੀ ਨੇ ਪੁੱਛਿਆ, "ਜੀ, ਐਥੇ ਕੋਈ ਰਾਮ ਸਿੰਘ ਰਹਿੰਦਾ ਹੈ ?"

ਸਤਿਗੁਰੂ ਜੀ ਪਿੰਡ ਦੇ ਬਾਹਰ ਇੱਕ ਛੱਪੜ ਦੇ ਨੇੜੇ ਰੁੱਖਾਂ ਹੇਠਾਂ ਬਿਰਾਜਮਾਨ ਸਨ। ਬਾਬਾ ਜੀ ਨੇ ਉਥੇ ਪਹੁੰਚ ਕੇ ਦਰਸ਼ਨ ਕੀਤੇ ਤੇ ਸਤਿਗੁਰੂ ਜੀ ਨੇ ਫ਼ਰਮਾਇਆ, "ਆਉ ਭਾਈ, ਬਹਿ ਜਾਉ, ਤੈਨੂੰ ਕੁਝ ਵਿਖਾਈਏ।" ਬਾਬਾ ਜੀ ਦੇ ਵੇਖਦਿਆਂ-ਵੇਖਦਿਆਂ ਵੱਖਰੇ-ਵੱਖਰੇ ਆਸਨ ਵਿਛਣੇ ਸ਼ੁਰੂ ਹੋ ਗਏ, ਜਿਨ੍ਹਾਂ ਉਤੇ ਬਾਰ੍ਹਾਂ ਪਾਤਸ਼ਾਹੀਆਂ ਪ੍ਰਤੱਖ ਹੋ ਕੇ ਬੈਠ ਗਈਆਂ। ਬਾਬਾ ਜੀ ਸਾਰੀਆਂ ਪਾਤਸ਼ਾਹੀਆਂ ਦੇ ਦਰਸ਼ਨ ਕਰ ਕੇ ਗਦ-ਗਦ ਹੋ ਗਏ, ਨਿਹਾਲ ਨਿਹਾਲ ਹੋ ਗਏ। ਦੋਵੇਂ ਹੱਥ ਜੋੜ ਕੇ ਬਾਬਾ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਨਾਮ ਦੀ ਦਾਤ ਲੈਣ ਲਈ ਬੇਨਤੀ ਕੀਤੀ। ਅਨੰਤ ਕਲਾ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੇ ਅਰਜ਼ ਬੇਨਤੀ ਪ੍ਰਵਾਨ ਕਰ ਲਈ ਤੇ ਬਾਬਾ ਜੀ ਨੂੰ ਕੰਨ ਵਿਚ ਭਜਨ ਦੇ ਕੇ ਕਾਇਆ ਕਲਪ ਕਰ ਦਿੱਤੀ।

### ਮਹਾ ਰਸੁ ਹਰਿ ਜਪਿ

ਨਾਮ ਪ੍ਰਾਪਤ ਕਰ ਕੇ ਸਾਰਾ ਸਰੀਰ ਤ੍ਰਿਪਤ ਹੋ ਗਿਆ। ਬਾਬਾ ਜੀ ਦੇ ਰੋਮ-ਰੋਮ ਵਿਚ ਭਜਨ ਰਚ ਗਿਆ। ਬਾਬਾ ਜੀ ਹਰ ਵੇਲੇ ਨਾਮ ਸਿਮਰਨ ਵਿਚ ਲਿਵਲੀਨ ਰਹਿ ਕੇ ਨਾਮ ਰੂਪ ਹੀ ਹੋ ਗਏ। ਬਾਬਾ ਜੀ ਦਾ ਨਾਮ ਅਭਿਆਸ ਐਨਾ ਜ਼ਿਆਦਾ ਹੋ ਗਿਆ, ਕਿ ਨਿੰਦਰਾ ਸਮੇਂ ਵੀ ਬਾਬਾ ਜੀ ਦੀ ਰਸਨਾ ਆਪਣੇ ਪਿਆਰੇ ਪ੍ਰਭੂ ਦੇ ਨਾਮ ਦਾ ਰਸ ਲੈਣ ਲਈ ਇੱਕ-ਟਕ ਚਲਦੀ ਰਹਿੰਦੀ। ਨਾਮ ਦੀ ਮਸਤੀ ਵਿਚ ਬਾਬਾ ਜੀ ਹਮੇਸ਼ਾਂ ਰੰਗੇ ਰਹਿੰਦੇ। ਦੁਨਿਆਵੀ ਸੁਆਦ ਸਭ ਫਿੱਕੇ ਤੇ ਹੋਛੇ ਲੱਗਣ ਲੱਗ ਪਏ। ਨਾਮ ਦੀ ਖੁਮਾਰੀ ਤੇ ਮਸਤੀ ਹਮੇਸ਼ਾਂ-ਹਮੇਸ਼ਾਂ ਲਈ ਚੜ੍ਹੀ ਰਹਿੰਦੀ। ਨਾਮ ਦੀ ਮਸਤੀ ਅੰਦਰ ਬਾਬਾ ਜੀ ਕਹਿੰਦੇ, "ਸਭ ਖੰਡ ਬ੍ਰਹਿਮੰਡ ਮੇਰੇ ਹੁਕਮ ਵਿਚ ਹਨ।"

ਬਾਬਾ ਜੀ ਦੀ ਸੁਪੱਤਨੀ ਦੇ ਹਿਰਦੇ ਅੰਦਰ ਸ਼ੰਕਾ ਉਤਪੰਨ ਹੋਈ ਕਿ ਬਾਬਾ ਜੀ ਐਵੇਂ ਹੀ ਬੋਲਦੇ ਰਹਿੰਦੇ ਹਨ। ਬਾਬਾ ਜੀ ਨੇ ਪਤਨੀ ਦੇ ਹਿਰਦੇ ਦੀ ਜਾਣ

ਲਈ ਅਤੇ ਉਸ ਨੂੰ ਛੇਤੀ ਨਾਲ ਕੜਾਹੀ ਵਿਚ ਤੇਲ ਪਾ ਕੇ ਗਰਮ ਕਰਨ ਲਈ ਕਿਹਾ। ਹੁਕਮ ਮੰਨ ਕੇ ਤੇਲ ਖ਼ੂਬ ਗਰਮ ਕੀਤਾ ਗਿਆ। ਕੋਲ ਹੀ ਬਾਬਾ ਜੀ ਦਾ ਤਿੰਨ ਸਾਲ ਦਾ ਬੱਚਾ ਹਰਨਾਮ ਸਿੰਘ ਖੇਡ ਰਿਹਾ ਸੀ। ਬਾਬਾ ਜੀ ਨੇ ਉਸ ਬੱਚੇ ਨੂੰ ਚੁੱਕ ਕੇ ਤਪਦੇ ਤੇਲ ਵਿਚ ਸੁੱਟ ਦਿੱਤਾ ਪਰ ਬੱਚੇ ਦੇ ਰੋਮ ਤਕ ਨੂੰ ਵੀ ਸੇਕ ਨਾ ਲੱਗਿਆ। ਇਸ ਤੋਂ ਉਪਰੰਤ ਬਾਬਾ ਜੀ ਨੇ ਆਪਣੀ ਸੁਪੱਤਨੀ ਨੂੰ ਪੁੱਛਿਆ, "ਹੁਣ ਯਕੀਨ ਆਇਆ ਹੈ ਕਿ ਨਹੀਂ ?"

ਇੱਕ ਦਿਨ ਬਾਬਾ ਜੀ ਆਪਣੇ ਪਿੰਡ ਵਿਚ ਭਜਨ ਬੰਦਗੀ ਕਰਨ ਵਿਚ ਲਿਵਲੀਨ ਸਨ ਕਿ ਆਕਾਸ਼-ਬਾਣੀ ਹੋਈ, "ਬੁੱਢਾ ਸਿੰਘ, ਤੈਨੂੰ ਬਖਸ਼ਿਆ।" ਬਾਬਾ ਜੀ ਨੂੰ ਪ੍ਰਤੀਤ ਨਹੀਂ ਹੋਈ ਅਤੇ ਕਿਹਾ, "ਮੈਂ ਨਹੀਂ ਮੰਨਦਾ।" ਦੁਬਾਰਾ ਫੇਰ ਉਹੀ ਆਵਾਜ਼ ਹੋਈ, ਬਾਬਾ ਜੀ ਫਿਰ ਉਹੀ ਉੱਤਰ ਦਿੱਤਾ। ਤੀਜੀ ਵਾਰੀ ਫਿਰ ਆਵਾਜ਼ ਆਈ ਕਿ ਜੇ ਇਹ ਬਚਨ ਸਤਿਗੁਰੂ ਰਾਮ ਸਿੰਘ ਜੀ ਦੇ ਮੁਖਾਰਬਿੰਦ ਤੋਂ ਨਿਕਲਣ ਫੇਰ ? ਬਾਬਾ ਜੀ ਨੇ ਕਿਹਾ, "ਫੇਰ ਮੈਂ ਮੰਨ ਲਵਾਂਗਾ।" ਬਾਬਾ ਜੀ ਨੇ ਕਿਹਾ ਕਿ ਜੇ ਕਰ ਇਹ ਬੋਲ ਸਤਿਗੁਰੂ ਰਾਮ ਸਿੰਘ ਜੀ ਦੇ ਮੁਖਾਰਬਿੰਦ ਤੋਂ ਸੁਣਿਆ ਜਾਵੇ ਤਾਂ ਫਿਰ ਹੀ ਭਰੋਸਾ ਹੋ ਸਕਦਾ ਹੈ ?"

ਬਾਬਾ ਜੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਭੈਣੀ ਸਾਹਿਬ ਪਹੁੰਚੇ, ਸਤਿਗੁਰੂ ਰਾਮ ਸਿੰਘ ਵੱਡੇ ਬੂਹੇ ਵਿਚ ਉਤਲੀ ਅੜੱਦਲ ਨਾਲ ਹੱਥ ਪਾ ਕੇ ਖਲੋਤੇ ਹੋਏ ਸਨ। ਬੁੱਢਾ ਸਿੰਘ ਨੂੰ ਵੇਖ ਦੇ ਸਾਰ ਹੀ ਸਤਿਗੁਰੂ ਰਾਮ ਸਿੰਘ ਜੀ ਕਹਿਣ ਲਗੇ, "ਬੁੱਢਾ ਸਿੰਘਾ ! ਤੈਨੂੰ ਬਖਸ਼ਿਆ", ਬਾਬਾ ਜੀ ਨੂੰ ਸੰਤੁਸ਼ਟੀ ਹੋ ਗਈ ਤੇ ਚਰਨਾਂ ਤੇ ਡਿੱਗ ਪਏ।

ਨਾਮ ਬਾਣੀ ਦੇ ਰਸੀਏ ਬਾਬਾ ਜੀ ਨੇ ਮੇਲਾ ਕੀਤਾ। ਮੇਲਾ ਓਨਾਂ ਚਿਰ ਚਲਦਾ ਰਿਹਾ, ਜਿਨ੍ਹਾਂ ਚਿਰ ਘਰ ਦੀਆਂ ਸਾਰੀਆਂ ਵਸਤੂਆਂ ਵਿਕ ਨਾ ਗਈਆਂ। ਇਸ ਪ੍ਰਯੋਗ ਵਿਚ ਸਤਿਗੁਰੂ ਹਰੀ ਸਿੰਘ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਬਾਬਾ ਜੀ ਨੂੰ ਐਨੀ ਮਸਤੀ ਆਈ ਕਿ ਲੰਗਰ ਵਾਲੀ ਤਪਦੀ ਲੋਹ ਉਤੇ ਜੋੜੇ ਸਮੇਤ ਜਾ ਬੈਠੇ। ਉਥੋਂ ਉਠ ਕੇ ਆਪਣੇ ਪੁੱਤਰ ਲਾਲ ਸਿੰਘ ਨੂੰ ਫੜ ਕੇ ਕੜਾਹ ਪ੍ਰਸ਼ਾਦ ਵਾਲੀ ਬਲਦੀ ਚੁਰ੍ਹ ਵਿਚ ਸੁੱਟ ਦਿੱਤਾ। ਕੋਲ ਹੀ ਬਾਬਾ ਜੀ ਦੀ ਸੁਪਤਨੀ ਇੰਦੀ ਖਲੋਤੀ ਹੋਈ ਸੀ। ਉਨ੍ਹਾਂ ਨੂੰ ਕਹਿੰਦੇ, "ਇੰਦੀਏ ਆਖ ਅੱਗ ਨੂੰ ਕਿ ਮੁੰਡੇ ਨੂੰ ਸੇਕ ਲਾਵੇ।" ਮਮਤਾ ਭਰੀ ਮਾਂ ਨੇ ਆਪਣੇ ਬੱਚੇ ਨੂੰ ਅੱਗ ਵਿੱਚੋ ਬਾਹਰ ਖਿੱਚ ਕੇ ਕੱਢ ਲਿਆ। ਬੱਚੇ ਦੇ ਲੂੰ ਤਕ ਨੂੰ ਵੀ ਸੇਕ ਨਾ ਲੱਗਿਆ।

ਕੜਾਹ ਪ੍ਰਸ਼ਾਦ ਦੇ ਸੜਦੇ ਬਲਦੇ ਕੜਾਹੇ ਵਿਚ ਬਾਂਹ ਪਾ ਕੇ ਲਗੇ ਫੇਰਨ। ਲੋਕਾਂ ਨੇ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਬਾਬਾ ਜੀ ਨੇ ਜੁੱਤੀਆਂ ਸਣੇ ਲੋਹ ਤੇ ਬਹਿ ਕੇ ਲੰਗਰ ਖੁਲ੍ਹਾ ਕਰ ਦਿੱਤਾ ਹੈ। ਸਤਿਗੁਰੂ ਜੀ ਨੇ ਉੱਤਰ ਦਿੱਤਾ, "ਸੋਧ ਦਾ ਲੰਗਰ ਤਾਂ ਅੱਜ ਹੀ ਬਣਿਆ ਹੈ ? ਛੇਤੀ ਵਰਤਾ

ਦਿਓ, ਵੇਖੋ ਕਿਤੇ ਇਸ ਇਲਾਹੀ ਰੰਗ ਵਿਚ ਘਿਰਨਾ ਨਾ ਕਰਿ ਬੈਠਿਓ।"

ਅੰਤ ਸਮੇਂ ਆਪਣੇ ਭਰਾ ਨੂੰ ਨਾਮ ਸਿਮਰਨ ਦੀ ਪ੍ਰੇਰਨਾ ਦਿੱਤੀ ਤੇ ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਉਪਰੰਤ ਬਾਬਾ ਜੀ ਹਮੇਸ਼ਾਂ ਵੈਰਾਗੀ ਰਹਿੰਦੇ ਅਤੇ ਸਤਿਗੁਰੂ ਜੀ ਦੀ ਪਵਿਤਰ ਯਾਦ ਵਿਚ ਨੇਤਰ ਹਮੇਸ਼ਾਂ ਸੱਜਲ ਰਹਿੰਦੇ।

# ੧੬

**ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥**
**ਅਨਦਿਨੁ ਰਹਸੁ ਭਇਆ ਆਪੁ ਗਵਾਇਆ॥**
**ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥**
**ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥**
**ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥**
**ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ॥੧੬॥**

ਪੰਨਾ ੧੧੦੯

***ਸ਼ਬਦਾਰਥ :***

ਮਨਿ—ਮਨ ਵਿਚ। ਰਹਸੁ—ਖਿੜਾਉ, ਆਨੰਦ, ਖ਼ੁਸ਼ ਹੋਈ, ਆਨੰਦ ਹੋਇਆ। ਸੁਭਾਇਆ—ਚੰਗਾ ਲੱਗਾ। ਅਨਦਿਨੁ—ਰਾਤ ਦਿਨ। ਘਰਿ—ਹਿਰਦੇ ਘਰ ਵਿਚ। ਮਨ ਮੋਹੁ—ਮਨ ਦਾ ਮੋਹ। ਚੁਕਾਇਆ—ਦੂਰ ਕੀਤਾ। ਤਿਸੁ—ਉਸ ਪ੍ਰਭੂ ਨੂੰ। ਆਓ—ਨਿਵਾਸ ਕਰੋ। ਕਰੀਂ—ਕਰਦੀ ਹਾਂ। ਮਹਲੀ—ਅਕਾਲ ਪੁਰਖ ਦੇ ਚਰਨਾਂ ਵਿਚ। ਲਹਾ ਨ—ਮੈਂ ਨਹੀਂ ਲੱਭ ਸਕਦੀ। ਥਾਓ—ਥਾਂ। ਪਾਟ-ਪਟੰਬਰ—ਰੇਸ਼ਮੀ ਪਟ ਦੇ ਕਪੜੇ। ਪਿਰਿ—ਪਿਰ ਨੇ। ਲੋੜੀ—ਪਸੰਦ ਕਰ ਲਈ। ਗੁਰਿ—ਆਪਣੇ ਆਪਣੇ ਗੁਰੂ ਦੀ ਰਾਹੀਂ। ਵਰੁ—ਖਸਮ, ਪ੍ਰਭੂ, ਪਤੀ।

***ਵਿਆਖਿਆ :***

ਸਿਆਲ ਦੀਆਂ ਲੰਬੀਆਂ-ਲੰਬੀਆਂ ਰਾਤਾਂ ਬਿਰਹਣ ਨੂੰ ਵਿਜੋਗ ਦੀ ਅੱਗ ਵਿਚ ਸਾੜਦੀਆਂ ਹਨ, ਤੜਫਾਉਂਦੀਆਂ ਹਨ। ਕੱਕਰ, ਬਰਫ, ਪਾਲੇ ਦੀ ਰੁੱਤ ਮੁੱਕ ਗਈ ਤੇ ਫੱਗਣ ਦਾ ਮਹੀਨਾ ਆ ਗਿਆ। ਫੱਗਣ ਦੇ ਵਿਚ ਲੋਕ ਫਾਗ ਖੇਲ ਕੇ, ਇਕ ਦੂਸਰੇ ਤੇ ਰੰਗ ਸੁੱਟ ਕੇ ਖ਼ੁਸ਼ੀਆਂ ਮਨਾਉਂਦੇ ਹਨ। ਪਰ ਜਿਹੜੀ ਜੀਵ ਰੂਪੀ ਇਸਤ੍ਰੀ ਨੇ ਆਪਣੇ ਪਿਆਰੇ ਪ੍ਰੀਤਮ ਦੇ ਪਿਆਰ ਨੂੰ ਮਨ ਵਿਚ ਵਸਾ ਲਿਆ, ਉਸ ਦੇ ਪ੍ਰੇਮ ਨੂੰ ਅਪਣਾਅ ਲਿਆ, ਉਸ ਦੇ ਮਨ ਵਿਚ ਖੇੜਾ, ਖ਼ੁਸ਼ੀ ਤੇ ਆਨੰਦ ਉਤਪੰਨ ਹੋ ਗਿਆ। ਉਸ ਦਾ ਪਿਆਰਾ ਪ੍ਰੀਤਮ ਉਸ ਨੂੰ ਬਹੁਤ ਉੱਤਮ ਲੱਗਦਾ ਹੈ, ਬਹੁਤ ਸ੍ਰੇਸ਼ਟ ਲੱਗਦਾ ਹੈ, ਉਸ ਨੂੰ ਉਸ ਦੇ ਪ੍ਰੇਮ ਵਿਚ ਆਨੰਦ ਤੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਉਹ ਉਸ ਤੋਂ ਬਿਨਾਂ ਇਕ ਘੜੀ ਭਰ ਲਈ ਵੀ ਨਹੀਂ ਜਿਊਂਦੀ ਰਹਿ ਸਕਦੀ।

**ਪਿਰ ਭਾਵੈ ਪ੍ਰੇਮੁ ਸਖਾਈ॥**
**ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ॥**

ਮਲਾਰ ਮ: ੧, ਪੰਨਾ ੧੨੭੩

ਜਦੋਂ ਪਿਆਰੇ ਪ੍ਰੀਤਮ ਦਾ ਪ੍ਰੇਮ ਮਨ ਵਿਚ ਵਸਿਆ ਹੋਵੇ ਤਾਂ ਮਨ ਹਮੇਸ਼ਾਂ ਪੁਲਕਿਤ ਤੇ ਆਨੰਦਿਤ ਰਹਿੰਦਾ ਹੈ। ਉਸ ਨੂੰ ਆਪਣੇ ਤੇ ਆਪਣੇ ਪਿਆਰੇ ਵਿਚ ਰਤੀ ਭਰ ਦੀ ਵਿੱਥ ਨਹੀਂ ਦਿੱਸਦੀ, ਰਾਤ ਦਿਨ ਉਸ ਦੇ ਪ੍ਰੇਮ ਵਿਚ ਆਨੰਦ ਮਗਨ ਰਹਿੰਦੀ ਹੈ, ਉਸ ਦੇ ਹਿਰਦੇ ਅੰਦਰ ਹਰ ਵੇਲੇ ਖਿੜਾਉ ਬਣਿਆ ਰਹਿੰਦਾ ਹੈ। ਇਸ ਖਿੜਾਉ ਦੀ ਪ੍ਰਾਪਤੀ ਉਸ ਨੂੰ ਇਸ ਕਰ ਕੇ ਹੋ ਜਾਂਦੀ ਹੈ ਕਿ ਉਹ ਆਪਣੇ ਪਿਆਰੇ ਨੂੰ ਪਾਣ ਵਾਸਤੇ ਆਪਾ ਭਾਵ ਸਭ ਕੁਛ ਵਾਰ ਦਿੰਦੀ ਹੈ, ਆਪਣੇ ਪਿਆਰੇ ਤੇ ਨਿਛਾਵਰ ਕਰ ਦਿੰਦੀ ਹੈ ਤੇ ਅੱਗੋ ਉਸ ਦਾ ਪਿਆਰਾ ਸਹੁ ਉਸ ਉਤੇ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ।

**ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥**
**ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥**
**ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥**

ਤਿਲੰਗ ਮ: ੧, ਪੰਨਾ ੭੨੨


ਨਾਰੀ ਆਪਣੇ ਪਤੀ ਤੋਂ ਬਿਨਾਂ ਕਿੰਨੇ ਹੀ ਹਾਰ ਸ਼ਿੰਗਾਰ ਲਗਾ ਲਵੇ, ਉਹ ਸਭ ਸੋਭਦੇ ਨਹੀਂ, ਉਹ ਸਭ ਵਿਅਰਥ ਹਨ, ਉਨ੍ਹਾਂ ਨਾਲ ਜੀਵ ਰੂਪੀ ਇਸਤ੍ਰੀ ਨੂੰ ਆਪਣੇ ਪ੍ਰਭੂ ਪਤੀ ਪ੍ਰਮੇਸ਼ਰ ਦੇ ਚਰਨਾਂ ਵਿਚ ਟਿਕਾਣਾ ਨਹੀਂ ਮਿਲਦਾ, ਉਸ ਦੇ ਮਹਿਲਾਂ ਅੰਦਰ ਵਾਸਾ ਨਹੀਂ ਮਿਲਦਾ ਇਸ ਤੋਂ ਉਲਟ ਜਦੋਂ ਪ੍ਰਭੂ-ਪਤੀ ਨੇ ਧਨ ਨੂੰ ਪਸੰਦ ਕਰ ਲਿਆ, ਉਸ ਨੂੰ ਪ੍ਰਵਾਨ ਕਰ ਲਿਆ, ਉਹ ਸਾਰੇ ਤਰ੍ਹਾਂ ਦੇ ਹਾਰ ਸ਼ਿੰਗਾਰ ਅਤੇ ਰੇਸ਼ਮੀ ਕਪੜਿਆਂ ਆਦਿ ਨਾਲ ਸ਼ਿੰਗਾਰੀ ਗਈ। ਪਤੀ ਦੀ ਪ੍ਰਵਾਨਗੀ ਵਿਚ ਹੀ ਸਾਰੇ ਤਰ੍ਹਾਂ ਦੇ ਹਾਰ ਸ਼ਿੰਗਾਰ ਸੋਭਦੇ ਹਨ ਤੇ ਜੇ ਕਰ ਪਤੀ ਦੀ ਪ੍ਰਵਾਨਗੀ ਨਹੀਂ ਤਾਂ ਸਭ ਹਾਰ ਸ਼ਿੰਗਾਰ ਵਿਅਰਥ ਹਨ।

**ਸੁਨਿ ਰੀ ਸਖੀ ਇਹ ਹਮਰੀ ਘਾਲ॥**
**ਪ੍ਰਭ ਆਪਿ ਸੀਗਾਰਿ ਸਵਾਰਨਹਾਰ॥** ਆਸਾ ਮ: ੫, ਪੰਨਾ ੩੮੪

— **ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥**
**ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥**
**ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ॥**
**ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ॥**
**ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ॥**

ਰਾਮਕਲੀ ਵਾਰ ਮ: ੩, ਪੰਨਾ ੯੫੦

ਅਨਦਿਨੁ ਰਹਸੁ ਭਇਆ ਆਪੁ ਗਵਾਇਆ॥
ਮਨ ਮੋਹੁ ਚੁਕਾਇਆ ਜਾ ਤਿਸ ਭਾਇਆ ਕਰਿ ਕਿਰਪਾ ਘਰਿ ਆਓ॥



ਸੰਤ ਬਾਬਾ ਲਹਿਣਾ ਸਿੰਘ ਜੀ 'ਘਰਜਾਖ'

ਜਦੋਂ ਉਸ ਦੇ ਪਿਆਰੇ ਸਤਿਗੁਰੂ ਨੇ ਆਪਣੀ ਕਿਰਪਾ ਦ੍ਰਿਸ਼ਟੀ ਉਸ ਤੇ ਕੀਤੀ ਤਾਂ ਉਸ ਨੂੰ ਪਿਆਰੇ ਇਸ਼ਟ ਨਾਲ ਮੇਲ-ਮਿਲਾਪ ਕਰਾ ਦਿੱਤਾ, ਉਸ ਨੂੰ ਆਪਣੇ ਹਿਰਦੇ ਘਰ ਦੇ ਅੰਦਰ ਹੀ ਖਸਮ ਪ੍ਰਭੂ-ਪਤੀ ਮਿਲਾ ਦਿੱਤਾ, ਉਸ ਨੂੰ ਆਪਣੇ ਪ੍ਰਮੇਸ਼ਰ ਦੇ ਦਰਸ਼ਨਾਂ ਦੀ ਦਾਤ ਤੇ ਚਰਨ-ਰਜ ਪ੍ਰਾਪਤ ਹੋ ਗਈ।

**ਸੁਹਾਗੁ ਹਮਾਰੋ ਅਬ ਹੁਣਿ ਸੋਹਿਓ। ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ॥**
**ਆਂਗਨਿ ਮੇਰੈ ਸੋਭਾ ਚੰਦ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ॥**
**ਬਸਤ੍ਰ ਹਮਾਰੇ ਰੰਗਿ ਚਲੂਲ॥ ਸਗਲ ਆਭਰਣ ਸੋਭਾ ਕੰਠਿ ਫੂਲ॥**
**ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ॥ ਦੁਸਟ ਦੂਤ ਕੀ ਚੂਕੀ ਕਾਨਿ॥**
**ਸਦ ਖੁਸੀਆ ਸਦਾ ਰੰਗ ਮਾਣੇ॥ ਨਉ ਨਿਧਿ ਨਾਮੁ ਗ੍ਰਿਹਿ ਮਹਿ ਤ੍ਰਿਪਤਾਨੇ॥**
**ਕਹੁ ਨਾਨਕ ਜਉ ਪਿਰਹਿ ਸੀਗਾਰੀ॥ ਥਿਰੁ ਸੋਹਾਗਨਿ ਸੰਗਿ ਭਤਾਰੀ॥**

ਆਸਾ ਮ: ਪੰਨਾ ੩੭੨

***ਭਾਵ:***

ਜਿਹੜੀ ਜੀਵਾਤਮਾ ਆਪਣੇ ਅੰਦਰੋਂ ਆਪਾ ਭਾਵ ਮਿਟਾ ਕੇ ਸਤਿਗੁਰੂ ਦੀ ਸ਼ਰਨ ਵਿਚ ਜਾ ਪੈਂਦਾ ਹੈ, ਉਸ ਨੂੰ ਆਪਣੇ ਹਿਰਦੇ ਮੰਦਰ ਅੰਦਰ ਵੱਸ ਰਹੇ ਅਕਾਲ ਪੁਰਖ ਦੇ ਦਰਸ਼ਨ ਹੋ ਜਾਂਦੇ ਹਨ। ਇਹ ਸਭ ਕੁਝ ਕਰ ਸਕਣਾ ਮਨੁੱਖ ਦੇ ਆਪਣੇ ਵੱਸ ਵਿਚ ਨਹੀਂ, ਜਿਸ ਉੱਤੇ ਉਸ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ, ਉਹੀ ਆਪਾ ਭਾਵ ਦੂਰ ਕਰ ਸਕਦਾ ਹੈ।

# ਅਨਦਿਨ ਰਹਸ ਭਇਆ

### *ਸੰਤ ਲਹਿਣਾ ਸਿੰਘ ਜੀ ਘਰਜਾਖ*

ਆਪਣੇ ਪਿਆਰੇ ਦੇ ਨਾਮ ਵਿਚ ਰੰਗ ਕੇ ਆਨੰਦ ਤੇ ਖੇੜਾ ਪ੍ਰਾਪਤ ਕਰਨ ਵਾਲੇ ਸੰਤ ਸਨ, ਬਾਬਾ ਲਹਿਣਾ ਸਿੰਘ ਜੀ ਘਰਜਾਖ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਨ ਕੀਤਾ, ਸਿੱਖ ਫੁਲਵਾੜੀ ਤੇ ਬਸੰਤ ਬਹਾਰ ਦੀ ਥਾਂ ਪੱਤਝੜ ਹੀ ਪੱਤਝੜ ਨਜ਼ਰ ਆਈ। ਇਸੇ ਲਈ ਆਪ ਜੀ ਨੇ ਨਵੇਂ ਸਿਰਿਉਂ ਸਿੱਖੀ ਸਾਜਣ ਦਾ ਫ਼ੈਸਲਾ ਕੀਤਾ। ਉਸ ਵੇਲੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿਚੋਂ ਸਿਰਫ ਢਾਈ ਸਿੱਖ ਹੀ ਆਪ ਜੀ ਨੂੰ ਲੱਭੇ, ਜਿਨ੍ਹਾਂ ਨੂੰ ਪੂਰਨ ਸੰਤ, ਪੂਰਨ ਖ਼ਾਲਸਾ, ਕਹਿ ਕੇ ਸਨਮਾਨਿਤ ਕੀਤਾ ਜਾ ਸਕਦਾ ਸੀ। ਉਹ ਸਿੱਖ ਤੇ ਪੂਰਨ ਸੰਤ ਸਨ—ਬਾਬਾ ਜਮੀਤ ਸਿੰਘ ਜੀ ਕਾਹਨੇ ਕਾਛੇ ਵਾਲੇ, ਬਾਬਾ ਜਮੀਤ ਸਿੰਘ ਜੀ ਗਿੱਲ ਅਤੇ ਬਾਬਾ ਲਹਿਣਾ ਸਿੰਘ ਜੀ ਘਰਜਾਖ।

ਸ੍ਰੀ ਮਾਨ ਸੰਤ ਬਾਬਾ ਲਹਿਣਾ ਸਿੰਘ ਜੀ, ਸ੍ਰ: ਕਾਹਨ ਸਿੰਘ ਜੀ ਤੇ ਮਾਤਾ

ਕਿਸ਼ਨ ਕੌਰ ਜੀ ਦੇ ਸਪੁੱਤਰ ਤੇ ਸ੍ਰ: ਹਰੀ ਸਿੰਘ ਨਲੂਆ ਤੇ ਮਾਈ ਦੇਸਾਂ ਦੇ ਜੁਆਈ ਸਨ। ਗੁਜਰਾਂਵਾਲੇ ਦੀ ਧਰਤੀ ਤੇ ਆਪ ਜੀ ਨੇ ਬਚਪਨ ਦੇ ਸੁਨਹਿਰੀ ਦਿਨ ਰਾਜਸੀ ਠਾਠ ਬਾਠ ਨਾਲ ਗੁਜਾਰੇ। ਸਭ ਸੰਸਾਰਿਕ ਸੁੱਖਾਂ ਦੀ ਉਪਲੱਬਧੀ ਸੀ। ਘਰ ਵਿਚ ਕਿਸੇ ਕਿਸਮ ਦੀ ਵੀ ਪਦਾਰਥਕ ਤੋਟ ਨਹੀਂ ਸੀ ਪਰ ਐਨਾ ਸਭ ਕੁਝ ਹੁੰਦਿਆਂ ਵੀ ਕਿਧਰੇ ਕੁਝ ਘਾਟ ਸੀ, ਅਭਾਵ ਸੀ।

ਆਪ ਜੀ ਨੇ ਕੁਝ ਚਿਰ ਫ਼ੌਜ ਵਿਚ ਵੀ ਕੰਮ ਕੀਤਾ। ਕਿਹਾ ਜਾਂਦਾ ਹੈ ਕਿ ਇਕ ਵਾਰੀ ਆਪ ਜੀ ਕਿਲੇ ਵਿੱਚੋਂ ਬਾਹਰ ਨਿਕਲ ਰਹੇ ਸਨ, ਕਿ ਅਚਾਨਕ ਇਕ ਮਾਈ ਬਿਲਕੁਲ ਨਗਨ ਰੂਪ ਵਿਚ ਆਪ ਜੀ ਦੇ ਸਾਹਮਣੇ ਆਈ। ਇਹ ਮਾਈ ਉੱਚ ਅਧਿਆਤਮਕ ਅਵਸਥਾ ਨੂੰ ਪ੍ਰਾਪਤ ਹੋ ਚੁੱਕੀ ਹੋਈ ਸੀ। ਉਸ ਨੂੰ ਸਾਰੇ ਸ਼ਹਿਰ ਵਿਚ ਕੋਈ ਵੀ ਮਰਦ ਨਹੀਂ ਸੀ ਨਜ਼ਰ ਆਉਂਦਾ। ਇਸ ਲਈ ਉਹ ਸੋਚਦੀ, ਜਦੋਂ ਕੋਈ ਮਰਦ ਹੀ ਨਹੀਂ ਤੇ ਫਿਰ ਪਰਦਾ ਕਿਸ ਕੋਲੋਂ ? ਸ਼ਰਮ ਕਿਸ ਗੱਲ ਦੀ ?

ਇਕ ਵਾਰੀ ਉੱਚ ਕੋਟੀ ਦੇ ਦੋ ਸਾਧ ਗੁਜਰਾਂਵਾਲੇ ਆਏ, ਤੇ ਉਹ ਮਾਈ ਲੁਕਦੀ ਫਿਰੇ, ਆਪਣੇ ਨਗਨ ਤਨ ਨੂੰ ਢੱਕਣ ਲਈ ਉਸ ਨੂੰ ਕਪੜਿਆਂ ਦੀ ਲੋੜ ਮਹਿਸੂਸ ਹੋਈ ਕਿਉਂਕਿ ਹੁਣ ਸ਼ਹਿਰ ਵਿੱਚ ਦੋ ਪੁਰਖ, ਦੋ ਮਰਦ ਆਏ ਹੋਏ ਸਨ।

ਬਾਬਾ ਲਹਿਣਾ ਸਿੰਘ ਜੀ ਕੋਲੋਂ ਨਾ ਰਹਿਆ ਗਿਆ। ਆਪ ਜੀ ਮਾਈ ਦੇ ਕੋਲ ਪਹੁੰਚੇ ਤੇ ਕਿਹਾ, "ਮਾਈ ਤੂੰ ਝੱਲੀ ਹੈਂ, ਕਿਉਂ ਨੰਗੀ ਫਿਰਦੀ ਹੈਂ, ਆਪਣੇ ਤਨ ਨੂੰ ਢੱਕ।" ਮਾਈ ਨੇ ਝੱਟਪੱਟ ਉੱਤਰ ਦਿੱਤਾ, "ਤੈਨੂੰ ਨਹੀਂ ਪਤਾ, ਜਦੋਂ ਲਗੇਗੀ ਤਾਂ ਜਾਣੇਗਾ ?" ਪੂਰਬਲੇ ਕਰਮਾਂ ਦੇ ਅੰਕੁਰ ਜਿਵੇਂ ਫੁਟਣੇ ਸ਼ੁਰੂ ਹੋ ਗਏ ਹੋਣ, ਪਰ ਹਾਲਾਂ ਇਹ ਸ਼ੁਰੂਆਤ ਹੀ ਸੀ। ਬੀਜ ਤਾਂ ਪਹਿਲਾਂ ਬੀਜਿਆ ਹੀ ਜਾ ਚੁੱਕਾ ਸੀ ਉਸ ਨੂੰ ਹੋਰ ਖਾਦ, ਪਾਣੀ ਦੀ ਲੋੜ ਸੀ, ਉਹ ਲੋੜ ਉਸ ਵੇਲੇ ਪੂਰੀ ਹੋ ਗਈ, ਜਦੋਂ ਬਾਬਾ ਲਹਿਣਾ ਸਿੰਘ ਜੀ ਨੂੰ ਸੰਤ ਰਤਨ ਸਿੰਘ ਜੀ, ਜੋ ਉਸ ਵੇਲੇ ਦੇ ਮਹਾਂਪੁਰਖ ਸਨ, ਦੇ ਚਰਣਾਂ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ।

**ਕਹੁ ਨਾਨਕ ਜਾ ਕਾ ਪੂਰਾ ਕਰਮ॥**
**ਤਿਸੁ ਭੇਟੇ ਸਾਧੂ ਕੇ ਚਰਨ॥** ਗਉੜੀ ਮ: ੫, ਪੰਨਾ ੧੮੯

ਸਾਵਨ ਭਾਦਰੋਂ ਦੇ ਦਿਨ ਸਨ। ਬਾਬਾ ਲਹਿਣਾ ਸਿੰਘ ਜੀ ਦੀ ਭੈਣ ਦਾ ਵਿਆਹ ਇਨ੍ਹਾਂ ਦਿਨਾਂ ਵਿਚ ਮਿਥਿਆ ਗਿਆ। ਵਿਆਹ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਗਈਆਂ। ਸਭ ਰਿਸ਼ਤੇਦਾਰਾਂ ਸੰਬੰਧੀਆਂ ਨੂੰ ਵਿਆਹ ਦੇ ਸੁਨੇਹੇ ਭੇਜ ਦਿੱਤੇ ਗਏ। ਉਨ੍ਹਾਂ ਦੇ ਸੁਆਗਤ ਵਿਚ ਤਰ੍ਹਾਂ ਤਰ੍ਹਾਂ ਦੀਆਂ ਮਠਿਆਈਆਂ ਤੇ ਪਕਵਾਨ ਪੱਕ ਰਹੇ ਸਨ। ਵੰਨ-ਸੁਵੰਨੀਆਂ ਮਠਿਆਈਆਂ ਬਣਾਉਣ ਲਈ ਹਲਵਾਈ ਇੱਕ ਮਹੀਨਾ ਲੱਗੇ ਰਹੇ। ਇਨ੍ਹਾਂ ਸਭ ਮਠਿਆਈਆਂ

ਨੂੰ ਤਿਆਰ ਕਰਾ ਕੇ, ਇਕ ਕਮਰੇ ਵਿਚ ਸੰਭਾਲ ਕੇ ਰੱਖ ਦਿੱਤਾ। ਵਿਆਹ ਦੇ ਸ਼ੁਭ ਅਵਸਰ ਤੇ ਸਭ ਸਾਕ-ਸੰਬੰਧੀ ਪਹੁੰਚ ਗਏ। ਮਠਿਆਈ ਵੱਲ ਝਾਤ ਮਾਰੀ ਤਾਂ ਮਠਿਆਈ ਤੇ ਇੱਕ-ਇੱਕ ਦਾਨੇ ਤੇ ਕੁਰਬਲ ਕੁਰਬਲ ਕਰ ਕੇ ਕੀੜੀਆਂ ਦੀ ਭੀੜ ਲੱਗੀ ਹੋਈ ਸੀ।

ਮਨ ਵਿੱਚ ਬਹੁਤ ਬੇਚੈਨੀ ਹੋਈ, ਚਿੰਤਾ ਹੋਈ, ਕੋਈ ਰਾਹ ਨਹੀਂ ਸੀ ਦਿੱਸ ਰਿਹਾ, ਕੋਈ ਉਪਾਵ ਨਹੀਂ ਸੀ ਸੁਝ ਰਿਹਾ। ਐਨੀ ਜ਼ਿਆਦਾ ਮਠਿਆਈ ਨੂੰ ਐਨੀ ਜਲਦੀ ਨਾ ਤੇ ਬਣਾਇਆ ਹੀ ਜਾ ਸਕਦਾ ਸੀ ਤੇ ਨਾ ਹੀ ਕਿਧਰੋਂ ਬਾਹਰੋਂ ਇੰਤਜਾਮ ਹੋ ਸਕਦਾ ਸੀ। ਮਨ ਵਿਚ ਉਧੇੜ ਬੁਣ ਹੋ ਰਹੀ ਸੀ ਕਿ ਸਾਕਾਂ-ਸੰਬੰਧੀਆਂ ਦੇ ਸਾਹਮਣੇ ਬੜੀ ਨਮੋਸ਼ੀ ਤੇ ਬੇ-ਇਜ਼ਤੀ ਹੋ ਜਾਵੇਗੀ। ਇਕਦਮ ਅੰਦਰੋਂ ਪ੍ਰੇਰਣਾ ਹੋਈ ਕਿ ਹੁਣ ਸੰਤਾਂ ਦੀ ਓਟ ਵਿੱਚ ਜਾਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ, ਕੋਈ ਆਸਰਾ ਨਹੀਂ।

**ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥**

ਗਉੜੀ ਮ: ੫, ਪੰਨਾ ੨੭੯

ਉਸ ਵੇਲੇ ਗੁਜਰਾਂਵਾਲੇ ਦੇਵੀ ਤਲਾਬ ਦੇ ਨੇੜੇ, ਸੰਤ ਰਤਨ ਸਿੰਘ ਜੀ ਜੋ ਉੱਚ ਕੋਟੀ ਦੇ ਸੰਤ ਸਨ, ਦਾ ਡੇਰਾ ਸੀ। ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਆਪ ਜੀ ਇਕੱਲੇ ਹੀ ਨਹੀਂ ਸਗੋਂ ਆਪਣੇ ਦੋਹਾਂ ਭਰਾਵਾਂ ਨੂੰ ਨਾਲ ਲੈ ਕੇ ਦੇਵੀ ਵਾਲੇ ਤਲਾਅ ਦੇ ਕੋਲ ਸੰਤ ਰਤਨ ਸਿੰਘ ਜੀ ਦੇ ਡੇਰੇ ਪਹੁੰਚ ਗਏ। ਤਿੰਨੇ ਭਰਾ ਉਚੇ-ਲੰਬੇ ਸੁਹਣੇ ਕੱਦ ਦੇ, ਸ਼ਾਹੀ ਲਿਬਾਸ ਪਹਿਨ ਕੇ, ਸੁੰਦਰ ਘੋੜਿਆਂ ਤੇ ਸਵਾਰ ਹੋ ਕੇ, ਸੰਤ ਰਤਨ ਸਿੰਘ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਸੰਤਾਂ ਨੇ ਪੁੱਛਿਆ, "ਆਉ ਭਾਈ, ਕਿਸ ਤਰ੍ਹਾਂ ਦਰਸ਼ਨ ਦੇਣ ਦੀ ਕਿਰਪਾ ਕੀਤੀ ?"

ਆਪ ਜੀ ਨੇ ਦੋਵੇਂ ਹੱਥ ਜੋੜ ਕੇ ਮਠਿਆਈ ਨੂੰ ਕੀੜੇ ਲੱਗ ਜਾਣ ਦੀ ਵਾਰਤਾ ਕਹਿ ਸੁਣਾਈ।

ਸੰਤ ਰਤਨ ਸਿੰਘ ਜੀ ਨੇ ਹੁਕਮ ਕੀਤਾ, "ਜਾਉ ਭਾਈ, ਥੋੜੀ ਜਿਹੀ ਮਠਿਆਈ ਇੱਕ ਥਾਲ ਵਿਚ ਪਾ ਕੇ ਲੈ ਆਵੋ।"

ਸਭ ਤੋਂ ਵੱਡਾ ਭਰਾ ਮਠਿਆਈ ਲੈਣ ਲਈ ਚਲਾ ਗਿਆ ਤੇ ਉਨੀ ਦੇਰ ਵਿੱਚ ਸੰਤ ਰਤਨ ਸਿੰਘ ਜੀ ਨੇ ਸ੍ਰ: ਲਹਿਣਾ ਸਿੰਘ ਜੀ ਨੂੰ ਹੁਕਮ ਕੀਤਾ, "ਲਹਿਣਾ ਸਿੰਘ ਜੀ ਜਾਉ, ਉਹ ਦੂਰ ਇੱਕ ਗ਼ਰੀਬ ਝੀਊਰ ਬੈਠਾ ਹੈ, ਉਸ ਨੂੰ ਜਾ ਕੇ ਇਸ਼ਨਾਨ ਕਰਾ ਲਿਆਉ ਤੇ ਆਪਣਾ ਸ਼ਾਹੀ ਲਿਬਾਸ ਲਾਹ ਕੇ ਉਸ ਨੂੰ ਪਾ ਦਿਉ।"

ਸ੍ਰ: ਲਹਿਣਾ ਸਿੰਘ ਜੀ ਕਿਵੇਂ ਇਨਕਾਰ ਕਰ ਸਕਦੇ ਸਨ। ਉਹ ਝੀਊਰ ਦੇ ਕੋਲ ਗਏ, ਪਾਟੇ ਪੁਰਾਣੇ ਚੀਥੜਿਆਂ ਵਿੱਚੋਂ ਬੜੀ ਦੁਰਗੰਧ ਆ ਰਹੀ ਸੀ। ਉਸ ਨੂੰ ਇਸ਼ਨਾਨ ਕਰਾਇਆ ਤੇ ਆਪਣਾ ਕੀਮਤੀ ਸ਼ਾਹੀ ਲਿਬਾਸ

ਉਤਾਰ ਕੇ ਉਸ ਨੂੰ ਪੁਆ ਦਿੱਤਾ।

ਥੋੜੀ ਹੀ ਦੇਰ ਪਿਛੋਂ ਸ੍ਰ: ਲਹਿਣਾ ਸਿੰਘ ਜੀ ਦੇ ਵੱਡੇ ਭਰਾ ਜੀ ਥੋੜ੍ਹੀ ਜਿਹੀ ਮਠਿਆਈ ਥਾਲ ਵਿਚ ਲੈ ਕੇ ਪਹੁੰਚ ਗਏ। ਇਕ ਥਾਲ ਵਿਚ ਮਠਿਆਈ ਪਈ ਹੋਈ ਸੀ ਤੇ ਕੋਲ ਹੀ ਇਕ ਥਾਲ ਖਾਲੀ ਰੱਖ ਲਿਆ। ਸੰਤ ਰਤਨ ਸਿੰਘ ਜੀ ਥੋੜ੍ਹੀ-ਥੋੜ੍ਹੀ ਮਠਿਆਈ ਨੂੰ ਹੱਥ ਵਿਚ ਲੈ ਕੇ ਉਸ ਤੋਂ ਕੀੜੇ ਝਾੜ ਕੇ ਖਾਲੀ ਥਾਲ ਵਿਚ ਰੱਖੀ ਜਾਂਦੇ ਤੇ ਫਿਰ ਹੁਕਮ ਕੀਤਾ, "ਜਾਉ, ਇਸ ਮਠਿਆਈ ਨੂੰ ਸਾਧ ਸੰਗਤ ਵਿਚ ਵਰਤਾਅ ਦਿਉ।"

ਹੁਕਮ ਅਨੁਸਾਰ ਉਸੇ ਤਰ੍ਹਾਂ ਹੀ ਕੀਤਾ ਗਿਆ। ਘਰ ਜਾ ਕੇ ਜਦੋਂ ਕਮਰਾ ਖੋਲ੍ਹ ਕੇ ਵੇਖਿਆ ਤਾਂ ਹੈਰਾਨੀ ਦੀ ਹੱਦ ਨਾ ਰਹੀ, ਮਠਿਆਈ ਇੰਝ ਪਈ ਸੀ, ਜਿਵੇਂ ਹਾਲਾਂ ਹੁਣ ਹੀ ਤਾਜੀ ਬਣਾ ਕੇ ਰੱਖੀ ਹੋਵੇ, ਕੀੜੇ ਜਿਵੇਂ ਕਦੀ ਉਸ ਮਠਿਆਈ ਨੂੰ ਲੱਗੇ ਹੀ ਨਹੀਂ ਸੀ, ਸਭ ਕਸ਼ਟ, ਚਿੰਤਾ, ਦੁੱਖ ਦੂਰ ਹੋ ਗਏ।

**ਸੰਤ ਕੀ ਧੂਰਿ ਲਾਗੀ ਮੇਰੈ ਮਾਥੇ॥**
**ਕਿਲਵਿਖ ਦੁਖ ਸਗਲੇ ਮੇਰੇ ਲਾਥੇ॥** ਰਾਮਕਲੀ ਮ: ੫, ਪੰਨਾ ੮੯੮

ਬੜੀ ਖੁਸ਼ੀ ਖੁਸ਼ੀ ਮਠਿਆਈ ਸਾਰੇ ਸਾਕਾਂ ਸੰਬੰਧੀਆਂ ਵਿਚ ਵੰਡੀ ਗਈ। ਪਰ ਜਦੋਂ ਸਾਰੀ ਮਠਿਆਈ ਵੰਡੀ ਗਈ ਤੇ ਸ੍ਰ: ਲਹਿਣਾ ਸਿੰਘ ਜੀ ਮਠਿਆਈ ਵਾਲੇ ਕਮਰੇ ਦੇ ਅੰਦਰ ਗਏ। ਵੇਖਦੇ ਹਨ ਕਿ ਇੱਕ ਗੁੱਠ ਵਿਚ ਕੀੜੇ ਕੁਰਬਲ ਕੁਰਬਲ ਕਰ ਰਹੇ ਸਨ। ਮਨ ਨੂੰ ਇੱਕ ਅਜੀਬ ਜਿਹੀ ਠੇਸ ਪਹੁੰਚੀ, ਸੱਟ ਵਜੀ ਤੇ ਲਗੇ ਆਪਣੇ ਆਪ ਨੂੰ ਲਾਹਨਤਾ ਪਾਉਣ, "ਏ ਮਨ, ਮੂਰਖ ਮਨ, ਤੂੰ ਤਾਂ ਮਨੁੱਖੀ ਜਾਮਾ ਪਹਿਨਿਆ ਹੋਇਆ ਹੈ, ਤੂੰ ਕਿੰਨਾ ਕੁ ਅਕਾਲ ਪੁਰਖ ਦੇ ਹੁਕਮਾਂ ਅੰਦਰ ਚਲਦਾ ਹੈਂ ? ਤੇਰੇ ਨਾਲੋਂ ਤਾਂ ਇਹ ਕੀੜੇ ਹੀ ਚੰਗੇ, ਜਿਹੜੇ ਉਸ ਅਕਾਲ ਪੁਰਖ ਦੇ ਹੁਕਮ ਨੂੰ ਪਛਾਣਦੇ ਹਨ ਤੇ ਉਸ ਦੇ ਹੁਕਮ ਅੰਦਰ ਚਲਦੇ ਹਨ। ਤੂੰ ਐਵੇਂ ਸੰਸਾਰਿਕ ਸੁੱਖਾਂ ਵਿਚ ਆਪਣਾ ਸਮਾਂ ਵਿਅਰਥ ਗਵਾ ਰਿਹਾ ਹੈਂ।"

ਥੋੜੀ ਜਿਹੀ ਗਿਣਤੀ ਵਿਚ ਨਹੀਂ, ਸਗੋਂ ਤੇਰ੍ਹਾਂ ਛੱਜ ਭਰ ਭਰ ਕੇ ਕੀੜਿਆਂ ਦੇ ਬਾਹਰ ਸੁੱਟੇ ਤੇ ਉਸੇ ਦਿਨ ਘਰ-ਬਾਰ ਛੱਡ ਕੇ ਸੰਤ ਰਤਨ ਸਿੰਘ ਜੀ ਦੀ ਸ਼ਰਨ ਵਿਚ ਪਹੁੰਚ ਗਏ।

ਸ੍ਰ: ਲਹਿਣਾ ਸਿੰਘ ਜੀ ਨੇ ਸੰਤ ਰਤਨ ਸਿੰਘ ਜੀ ਦੇ ਚਰਨਾਂ ਤੇ ਨਮਸਕਾਰ ਕਰ ਕੇ ਅਰਜ਼ ਕੀਤੀ, "ਸੰਤ ਜੀ, ਮੇਰੇ ਉੱਤੇ ਮਿਹਰ ਕਰੋ, ਬਖਸ਼ਸ਼ ਕਰੋ, ਮੈਨੂੰ ਭਜਨ ਦੇ ਕੇ ਮੇਰਾ ਜਨਮ ਸਫਲ ਕਰੋ ਜੀ ?" ਸੰਤਾਂ ਨੇ ਮਿਹਰ ਭਰੀ ਨਜ਼ਰ ਕੀਤੀ :

**ਜਾਨੀ ਸੰਤ ਕੀ ਮਿਤ੍ਰਾਈ॥**
**ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ॥**

ਰਾਮਕਲੀ ਮ: ੫, ਪੰਨਾ ੮੯੮

ਅਤੇ ਫ਼ਰਮਾਇਆ, "ਭਾਈ ਸਾਨੂੰ ਭਜਨ ਦੇਣ ਵਿਚ ਕੋਈ ਇਤਰਾਜ਼ ਨਹੀਂ। ਪਰ ਪਹਿਲਾਂ ਸਾਡੀ ਸ਼ਰਤ ਮਨਜ਼ੂਰ ਕਰਨੀ ਪਵੇਗੀ।"

ਸ੍ਰ: ਲਹਿਣਾ ਸਿੰਘ ਨਿਮਾਣੇ ਜਿਹੇ ਹੋ ਕੇ ਹੱਥ ਜੋੜ ਕੇ ਸਭ ਸ਼ਰਤਾਂ ਮੰਨਣ ਲਈ ਤਿਆਰ-ਬਰ-ਤਿਆਰ ਖੜੇ ਸਨ। ਸੰਤ ਰਤਨ ਸਿੰਘ ਜੀ ਆਪ ਨੂੰ ਬਿਲਕੁਲ ਸ਼ੁੱਧ ਕੰਚਨ ਬਣਾ ਦੇਣਾ ਚਾਹੁੰਦੇ ਸਨ। ਇਸ ਲਈ ਸੰਤਾਂ ਨੇ ਇਹਨਾਂ ਨੂੰ ਤਿੰਨ ਤਰ੍ਹਾਂ ਦੀ ਸੇਵਾ ਕਰਨ ਦਾ ਹੁਕਮ ਦਿੱਤਾ ਤੇ ਫ਼ਰਮਾਇਆ, "ਭਾਈ ਇੱਕ ਤਾਂ ਲੰਗਰ ਦੇ ਜੂਠੇ ਬਰਤਨ ਦੋਵੇਂ ਵਕਤ ਮਾਂਜਿਆ ਕਰ, ਦੂਸਰਾ ਲੰਗਰ ਵਾਸਤੇ ਖੂਹ ਤੋਂ ਜਲ ਭਰ ਕੇ ਲਿਆਇਆ ਕਰ, ਤੀਸਰਾ ਸਾਧ ਸੰਗਤ ਦੇ ਜੋੜਿਆਂ ਦੀ ਸੇਵਾ ਕਰਨੀ ਹੈ ?"

ਸੰਤ ਜੀ ਨੇ ਸਤਿ ਬਚਨ ਕਹਿ ਕੇ ਸੰਤਾਂ ਦਾ ਹੁਕਮ ਪ੍ਰਵਾਨ ਕਰ ਲਿਆ, ਅਤੇ ਛੇ ਫੁੱਟ ਦੋ ਇੰਚ ਲੰਮੇ ਮਨੁੱਖ ਸ੍ਰ: ਲਹਿਣਾ ਸਿੰਘ ਨੇ ਫਟਾਫਟ ਖੂਹ ਤੋਂ ਜਲ ਲਿਆ ਕੇ ਗਾਗਰਾਂ ਭਰ ਦੇਣੀਆਂ। ਸੁੰਦਰ ਤੇ ਸੁਹਣੇ ਅਥਵਾ ਕੋਮਲ ਹੱਥਾਂ ਨਾਲ ਦੋਵੇਂ ਵੇਲੇ ਜੂਠੇ ਬਰਤਨ ਮਾਂਜ-ਮਾਂਜ ਕੇ ਢੇਰ ਲਾ ਦੇਣੇ ਅਤੇ ਦੀਵਾਨ ਸਮੇਂ ਸਾਧ-ਸੰਗਤ ਦੇ ਜੋੜੇ ਰੁਮਾਲ ਨਾਲ ਝਾੜਨੇ ਅਰਥਾਤ ਉਪਰੋਕਤ ਤਿੰਨਾ ਕੰਮਾਂ ਦੀ ਸੇਵਾ ਕਰਨ ਨੂੰ ਧੰਨ ਭਾਗ ਸਮਝਣਾ। ਸਗੋਂ ਇਹ ਸੇਵਾ ਕਰਦੇ ਕਰਦੇ ਇਹ ਸੇਵਾ ਦਾ ਹੀ ਰੂਪ ਹੋ ਗਏ।

ਸ੍ਰ: ਲਹਿਣਾ ਸਿੰਘ ਜੀ ਨੇ ਇੱਕ ਨਾਗ ਪਾਲ ਰੱਖਿਆ ਸੀ ਜੋ ਹਰ ਵੇਲੇ ਭੋਰੇ ਵਾਲੇ ਦਰਵਾਜ਼ੇ ਦੇ ਮੂਹਰੇ ਬੈਠਾ ਰਹਿੰਦਾ। ਉਸ ਨੂੰ ਵੇਖ-ਵੇਖ ਕੇ ਆਮ ਲੋਕ ਦੂਰੋਂ ਹੀ ਡਰ ਜਾਂਦੇ ਤੇ ਇਸ ਤਰ੍ਹਾਂ ਕੋਈ ਵੀ ਆਦਮੀ ਭੋਰੇ ਦੇ ਅੰਦਰ ਆਉਣ ਦਾ ਹੌਂਸਲਾ ਨਾ ਕਰਦਾ ਅਤੇ ਸੰਤ ਜੀ ਨਿਰਵਿਘਨ ਸਮਾਧੀ ਸਥਿਤ ਰਹਿੰਦੇ।

ਨਾਮ ਸਿਮਰਨ ਕਰਦਿਆਂ-ਕਰਦਿਆਂ ਇਨ੍ਹਾਂ ਦੀ ਅਵਸਥਾ ਏਥੋਂ ਤਕ ਪਹੁੰਚ ਚੁੱਕੀ ਸੀ ਕਿ ਸਾਰੇ ਸਰੀਰ ਵਿੱਚੋਂ ਖੂਬ ਸੇਕ ਨਿਕਲਦਾ। ਇਹਨਾਂ ਪਾਸ ਜਲ ਦੀ ਇਕ ਬਾਲਟੀ ਹਰ ਵਕਤ ਭਰੀ ਰਹਿੰਦੀ ਸੀ। ਸੰਤ ਜੀ ਆਪਣੀ ਚਾਦਰ ਗਿੱਲੀ ਕਰ ਕੇ ਉੱਪਰ ਲੈਂਦੇ ਪਰ ਉਹ ਗਿੱਲੀ ਚਾਦਰ ਸਰੀਰਕ ਸੇਕ ਨਾਲ ਛੇਤੀ ਹੀ ਸੁੱਕ ਜਾਂਦੀ।

ਪਹੁ ਫੁਟਣ ਤੇ ਕੀਰਤਨ ਕਰਨ ਵਾਸਤੇ ਏਹ ਘਰ ਦੀ ਸਭ ਤੋਂ ਉਪਰਲੀ ਮੰਜ਼ਿਲ ਤੇ ਜਾਂਦੇ ਅਤੇ ਬੜੇ ਪ੍ਰੇਮ ਨਾਲ ਕੀਰਤਨ ਕਰ ਕੇ ਫਿਰ ਭੋਰੇ ਵਿਚ ਜਾ ਬੈਠਦੇ। ਇਸ ਤਰ੍ਹਾਂ ਪੰਝੀ ਸਾਲ ਲਗਾਤਾਰ ਨਾਮ ਸਿਮਰਨ ਕਰ ਕੇ ਹਰ ਵੇਲੇ ਆਪ ਜੀ ਆਨੰਦਿਤ ਰਹਿੰਦੇ :

**ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥**

ਗੁਰਬਾਣੀ ਵਾਕ ਅਨੁਸਾਰ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" ਸੰਤਾਂ ਦੇ ਰੋਮ-ਰੋਮ ਵਿਚ ਨਾਮ ਸਿਮਰਨ ਦੇ ਫੁਹਾਰੇ ਝਰਦੇ ਪ੍ਰਤੀਤ ਹੁੰਦੇ ਸਨ। ਨਾਮ

ਸਿਮਰਨ ਤੇ ਭਗਤੀ ਭਾਵ ਦੀ ਵਜਾ ਕਰ ਕੇ ਇਨ੍ਹਾਂ ਦੀ ਰਸਨਾ ਤੋਂ ਜੋ ਬਚਨ ਸੁਭਾਵਿਕ ਤੌਰ ਭੀ ਨਿਕਲਦਾ, ਉਹ ਪੂਰਾ ਹੋ ਜਾਂਦਾ।

ਇੱਕ ਵਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਤਾਂ ਨੂੰ ਮਿਲਣ ਵਾਸਤੇ ਗੁਜਰਾਂਵਾਲੇ ਗਏ। ਸੰਤਾਂ ਨੇ ਬੜੇ ਪ੍ਰੇਮ ਨਾਲ ਸੱਚੇ ਪਾਤਸ਼ਾਹ ਜੀ ਦਾ ਸਤਿਕਾਰ ਕੀਤਾ। ਸ੍ਰੀ ਸਤਿਗੁਰੂ ਜੀ ਨੇ ਬਾਬਾ ਜੀ ਨਾਲ ਸੁਖ-ਸਾਂਦ ਸੰਬੰਧੀ ਬਚਨ ਬਿਲਾਸ ਕਰਨ ਉਪਰੰਤ ਬੜੇ ਪਿਆਰ ਨਾਲ ਬਾਬਾ ਜੀ ਨੂੰ ਫਰਮਾਇਆ "ਬਾਬਾ ਜੀ ਤੁਸੀਂ ਨਾਮ ਧਨ ਦਾ ਇਤਨਾ ਖਜ਼ਾਨਾ ਭੋਰੇ ਵਿਚ ਹੀ ਸੰਭਾਲੀ ਬੈਠੇ ਹੋ, ਕਲਜੁਗੀ ਜੀਵਾਂ ਦਾ ਉਧਾਰ ਕਿਵੇਂ ਹੋਵੇਗਾ ? ਇਸ ਲਈ ਤੁਸੀਂ ਭੋਰੇ ਵਿੱਚੋਂ ਬਾਹਰ ਨਿਕਲ ਕੇ ਭੁੱਲੇ ਭਟਕੇ ਜੀਵਾਂ ਤੇ ਉਪਕਾਰ ਕਰਿਆ ਕਰੋ ਤੇ ਭਜਨ ਦੱਸਿਆ ਕਰੋ ਤਾਂ ਕਿ ਹੋਰ ਲੋਕਾਂ ਦਾ ਵੀ ਭਲਾ ਹੋਵੇ ?"

ਬਾਬਾ ਜੀ ਨੇ ਅਰਜ਼ ਕੀਤੀ, 'ਮਹਾਰਾਜ ਜਿਵੇਂ ਆਪ ਜੀ ਦਾ ਹੁਕਮ ਹੋਵੇ ?'

ਬਸ ਫਿਰ ਕੀ ਸੀ ਥੋੜਾ ਚਿਰ ਸੰਤ ਜੀ ਭੋਰੇ ਵਿਚ ਰਹਿੰਦੇ ਤੇ ਬਹੁਤ ਸਮਾਂ ਬਾਹਰ ਸੰਗਤ ਵਿਚ ਬੈਠ ਕੇ ਸਤਿਸੰਗ ਕਰਦੇ ਅਤੇ ਜਿਹੜਾ ਕੋਈ ਅਰਜ਼ ਕਰਦਾ ਉਸ ਨੂੰ ਭਜਨ ਦੱਸਦੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿੱਥੇ ਵੀ ਦਰਸ਼ਨ ਦਿੰਦੇ, ਲੰਗਰ ਅਤੁਟ ਵਰਤਦਾ ਰਹਿੰਦਾ ਸੀ। ਇਕ ਵਾਰੀ ਗੁਜਰਾਂਵਾਲੇ, ਸ੍ਰੀ ਸਤਿਗੁਰੂ ਜੀ ਦੇ ਦੌਰੇ ਸਮੇਂ ਗੁਰੂ ਕਾ ਅਤੁਟ ਲੰਗਰ ਵਰਤਾਇਆ ਜਾ ਰਿਹਾ ਸੀ। ਬਾਬਾ ਲਹਿਣਾ ਸਿੰਘ ਜੀ ਨੂੰ ਸੰਗਤ ਦੀ ਸੇਵਾ ਕਰਨ ਦਾ ਬੜਾ ਪ੍ਰੇਮ ਸੀ। ਲੰਗਰ ਵਰਤਦਾ ਵੇਖ ਕੇ ਬਾਬਾ ਜੀ ਦਾ ਵੀ ਚਿੱਤ ਕੀਤਾ ਕਿ "ਪ੍ਰਸ਼ਾਦੇ ਵਰਤਾਵਾਂ ?" ਇਹ ਖਿਆਲ ਆਉਂਦਿਆਂ ਹੀ ਬਾਬਾ ਜੀ ਵਰਤਾਉਣ ਵਾਸਤੇ ਪ੍ਰਸ਼ਾਦੇ ਲੈਣ ਲੰਗਰ ਵਲ ਗਏ ਅਗੇ ਉਸ ਥਾਂ ਕੋਈ ਲਾਂਗਰੀ ਪ੍ਰਸ਼ਾਦੇ ਫੜਾਉਣ ਵਾਲਾ ਉਸ ਵਕਤ ਮੌਜੂਦ ਨਹੀਂ ਸੀ। ਬਾਬਾ ਜੀ ਨੇ ਝੱਟਪੱਟ ਜਾ ਕੇ ਪ੍ਰਸ਼ਾਦਿਆਂ ਦਾ ਥੱਬਾ ਆਪ ਹੀ ਚੁੱਕ ਲਿਆਂਦਾ ਤੇ ਵਰਤਾਉਣ ਲੱਗ ਪਏ। ਸੋਧੀਆਂ ਲਾਂਗਰੀਆਂ ਨੂੰ ਜਦ ਪਤਾ ਲੱਗਾ ਕਿ ਬਾਬਾ ਜੀ ਪ੍ਰਸ਼ਾਦੇ ਆਪ ਲੰਗਰ ਵਿਚੋਂ ਚੁੱਕ ਕੇ ਲੈ ਗਏ ਹਨ ਤਾਂ ਸੋਧੀਆ ਨੇ ਬੜੇ ਰੋਸ ਵਿਚ ਜਾ ਕੇ ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਸਾਡਾ ਸੋਧ ਦਾ ਲੰਗਰ ਬਾਬਾ ਜੀ ਨੇ ਖੁਲ੍ਹਾ ਕਰ ਦਿੱਤਾ ਹੈ ? ਹੁਣ ਕੀ ਹੁਕਮ ਹੈ ?"

ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ "ਜੇ ਬਾਬਾ ਜੀ ਨੇ ਆਪ ਪ੍ਰਸ਼ਾਦੇ ਉਥੋਂ ਚੁੱਕੇ ਹਨ ਤਾਂ ਫਿਰ ਤੁਹਾਡਾ ਲੰਗਰ ਖੁਲ੍ਹਾ ਨਹੀਂ ਹੋਇਆ ਸਗੋਂ ਸੋਧ ਦਾ ਹੋ ਗਿਆ ਹੈ ਕਿਉਂਕਿ ਬਾਬਾ ਜੀ ਦੀ ਅੰਤਰ ਆਤਮੇ ਵਾਲੀ ਸੋਧ ਮਰਯਾਦਾ ਵੱਡੀ ਹੈ। ਤੁਸੀਂ ਕੋਈ ਭਰਮ ਨ ਕਰੋ ਤੇ ਆਪਣੇ ਲੰਗਰ ਨੂੰ ਨਿਰਸੰਕੋਚ ਵਰਤਾਉ ਪਰ ਬਾਬਾ ਜੀ ਨੂੰ ਕੁਝ ਨਹੀਂ ਆਖਣਾ।"

ਸਿੱਖਾਂ ਦਾ ਸ੍ਰੀ ਸਤਿਗੁਰਾਂ ਦੇ ਬਚਨ ਸੁਣ ਕੇ ਸੰਤਾਂ ਉਤੇ ਨਿਸ਼ਚਾ ਹੋਰ ਪ੍ਰਪੱਕ।

ਹੋ ਗਿਆ। ਇੱਕ ਵਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤਾਂ ਦੇ ਡੇਰੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਤਾਂ ਉਸ ਵਕਤ ਡੇਰੇ ਵਿਚ ਕਾਫੀ ਵਿਦਵਾਨ ਸਜਣ ਮੌਜੂਦ ਸਨ। ਸੱਚੇ ਪਾਤਸ਼ਾਹ ਜੀ ਨੇ ਬਾਬਾ ਜੀ ਨੂੰ ਹੁਕਮ ਕੀਤਾ ਕਿ ਹਫਤੇ ਵਾਸਤੇ ਸੁੱਚ ਸੰਜਮ ਦੀ ਮਰਯਾਦਾ ਸਹਿਤ ਗੁਰਬਾਣੀ ਦੇ ਪਾਠਾਂ ਦਾ ਅਖੰਡ ਪ੍ਰਵਾਹ ਚਲਾਇਆ ਜਾਵੇ।

ਸੰਤਾਂ ਨੇ ਸਤਿ ਬਚਨ ਆਖ ਕੇ ਸ੍ਰੀ ਸਤਿਗੁਰੂ ਜੀ ਵਲੋ ਦੱਸੀ ਹੋਈ ਮਰਯਾਦਾ ਅਨੁਸਾਰ ਸਾਰਾ ਪ੍ਰਬੰਧ ਕਰ ਕੇ ਅੱਠਾਂ ਦਿਨਾਂ ਵਾਸਤੇ ਪਾਠਾਂ ਦਾ ਪ੍ਰਵਾਹ ਜਾਰੀ ਕਰਵਾ ਦਿੱਤਾ। ਇਹ ਪ੍ਰਵਾਹ ਰਾਤ ਦਿਨ ਨਿਰੰਤਰ ਚਲਦਾ ਰਿਹਾ। ਜਿੱਥੇ ਡੇਰੇ ਦੇ ਹੋਰ ਪਾਠੀ ਸਾਰੇ ਦਿਨ ਵਿੱਚ ਥੋੜਾ ਬਹੁਤ ਆਰਾਮ ਕਰ ਲੈਂਦੇ ਅਥਵਾ ਬਿਰਾਜ ਲੈਂਦੇ, ਉਥੇ ਬਾਬਾ ਜੀ ਨੇ ਅੱਠ ਦਿਨ ਰਤਾ ਭਰ ਨਾ ਆਰਾਮ ਕੀਤਾ ਤੇ ਨਾਂ ਹੀ ਕਿਸੇ ਸੰਤਾਂ ਨੂੰ ਨੀਂਦ ਕਾਰਨ ਉਘਲਾਂਦਿਆਂ ਹੀ ਵੇਖਿਆ। ਸਗੋਂ ਜਦੋਂ ਕੋਈ ਪਾਠੀ ਕਿਸੇ ਕਾਰਨ ਗ਼ੈਰਹਾਜ਼ਰ ਹੁੰਦਾ ਤਾਂ ਸੰਤ ਜੀ ਪਾਠ ਕਰਨ ਲੱਗ ਜਾਂਦੇ, ਕਦੇ ਜਲ ਢੋਣ, ਕਦੇ ਸਫਾਈ, ਕਦੇ ਲੰਗਰ ਬਣਾਉਣ, ਕਦੇ ਲੰਗਰ ਛਕਾਉਣ, ਕਦੇ ਜੂਠੇ ਬਰਤਨ ਮਾਂਜਣ, ਕਦੇ ਜਲ ਵਰਤਾਉਣ ਵਿਚ ਲੱਗੇ ਰਹਿੰਦੇ। ਜਦੋਂ ਰਤਾ ਵਿਹਲ ਪ੍ਰਤੀਤ ਕਰਦੇ ਤਾਂ ਸੰਤ ਜੀ ਸਾਧ-ਸੰਗਤ ਦੇ ਜੋੜੇ ਬੜੇ ਪ੍ਰੇਮ ਨਾਲ ਝਾੜਦੇ। ਇਸ ਤਰ੍ਹਾਂ ਅੱਠ ਦਿਨ ਹੀ ਸੰਤਾਂ ਨੇ ਜਿਥੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪਾਠਾਂ ਦਾ ਅਖੰਡ ਪ੍ਰਵਾਹ ਜਾਰੀ ਰੱਖਿਆ, ਓਥੇ ਆਪ ਵੀ ਅਠ ਦਿਨ ਹਰ ਵਕਤ ਕਮਰਕਸਾ ਕਰ ਕੇ ਇਸ ਮਹਾਨ ਯੱਗ ਦੀ ਦੇਖ ਭਾਲ ਤੇ ਸੇਵਾ ਵਾਸਤੇ ਇਕਸਾਰ ਤੱਤਪਰ ਰਹੇ।

ਸ੍ਰੀਮਾਨ ਬਾਬਾ ਲਹਿਣਾ ਸਿੰਘ ਜੀ ਆਪਣੇ ਕੋਲ ਹਰ ਵਕਤ ਇਕ ਥੈਲਾ ਰਖਿਆ ਕਰਦੇ ਸਨ, ਜਿਸ ਵਿਚ ਆਮ ਤੌਰ ਤੇ ਬਰਫੀ ਹੀ ਰਖਦੇ। ਹਰ ਵੇਲੇ ਆਉਣ ਤੇ ਬਾਹਰ ਜਾਣ ਸਮੇਂ ਰਾਹੀਆਂ ਤੇ ਬੱਚਿਆਂ ਨੂੰ ਬਰਫੀ ਦਾ ਪ੍ਰਸ਼ਾਦ ਵੰਡਦੇ ਰਹਿੰਦੇ, ਜਿਸ ਤੋਂ ਬੱਚਿਆਂ ਨੇ ਸੰਤਾਂ ਦਾ ਨਾਮ ਬਰਫੀ ਵਾਲੇ ਬਾਬਾ ਜੀ ਪਾ ਰਖਿਆ ਸੀ। ਸੰਤ ਜੀ ਵੀ ਬੜੇ ਪ੍ਰੇਮ ਨਾਲ ਬੱਚਿਆਂ ਨੂੰ ਬਰਫੀ ਵੰਡਦੇ।

ਇਸ ਤਰ੍ਹਾਂ ਸੰਤ ਲਹਿਣਾ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਭਜਨ ਸਿਮਰਨ ਦਾ ਆਨੰਦ ਮਾਣਦਿਆਂ ਹੋਇਆਂ ਬਤੀਤ ਕੀਤਾ। ਉਹ ਆਨੰਦ ਅਤੇ ਪ੍ਰੇਮ ਦੀ ਸਾਕਾਰ ਪ੍ਰਤਿਮਾ ਸਨ ਅਤੇ ਉਨ੍ਹਾਂ ਨੇ ਸਾਰੀ ਉਮਰ ਅਨੰਦ ਅਤੇ ਪ੍ਰੇਮ ਬੁਕ ਭਰ ਭਰ ਕੇ ਵੰਡਿਆ। ਇਹ ਕੋਈ ਸਹਿਜ ਕੰਮ ਨਹੀਂ, ਜਦੋਂ ਅਕਾਲ ਪੁਰਖ ਪ੍ਰਭੂ ਆਪ ਮਿਹਰ ਕਰਦਾ ਹੈ ਤਾਂ ਜੀਵ ਰੂਪੀ ਇਸਤ੍ਰੀ ਦੇ ਮਨ ਵਿਚੋਂ ਮੋਹ ਮਾਇਆ ਦਾ ਮੋਹ ਮੁਕਾ ਦਿੰਦਾ ਹੈ, ਮੋਹ ਮਾਇਆ ਦਾ ਨਾਸ ਹੋ ਜਾਂਦਾ ਹੈ ਤੇ ਫਿਰ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨਾਂ ਦੀ ਦਾਤ ਦਾ ਚਾਹਵਾਨ ਬਣ ਜਾਂਦਾ ਹੈ।

ਤੁਮ ਘਰਿ ਆਵਹੁ ਮੇਰੇ ਮੀਤ॥
ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥

ਧਨਾਸਰੀ ਮ: ੫, ਪੰਨਾ ੬੭੮

ਮੋਹ ਮਾਇਆ ਦਾ ਨਾਸ ਹੋਣ ਤੇ ਮਨ ਬਿਲਕੁਲ ਸ਼ੁੱਧ ਤੇ ਪਵਿਤਰ ਹੋ ਜਾਂਦਾ ਹੈ ਤੇ ਇਹੋ ਜਿਹੇ ਸ਼ੁੱਧ ਪਵਿਤਰ ਮਨ ਦੇ ਅੰਦਰ ਉਹ ਆਪਣੀ ਮਿਹਰ ਕਰ ਕੇ ਆਪ ਆ ਕੇ ਨਿਵਾਸ ਕਰ ਲੈਂਦਾ ਹੈ।

ਮੋਹੁ ਕੁਟੰਬੁ ਮੋਹੁ ਸਭ ਕਾਰ॥ ਮੋਹੁ ਤੁਮ ਤਜਹੁ ਸਗਲ ਵੇਕਾਰ॥੧॥
ਮੋਹੁ ਅਰੁ ਭਰਮੁ ਤਜਹੁ ਤੁਮ ਬੀਰ॥ ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ਰਹਾਉ॥
ਸਚੁ ਨਾਮੁ ਜਾ ਨਵ ਨਿਧਿ ਪਾਈ॥ ਰੋਵੈ ਪੂਤ ਨ ਕਲਪੈ ਮਾਈ॥੨॥
ਏਤੁ ਮੋਹਿ ਡੂਬਾ ਸੰਸਾਰੁ॥ ਗੁਰਮੁਖਿ ਕੋਈ ਉਤਰੈ ਪਾਰਿ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ॥ ਮੋਹੇ ਲਾਗਾ ਜਮ ਪੁਰਿ ਜਾਹਿ॥੪॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥
ਨਦਰਿ ਕਰੇ ਤਾ ਏਹੁ ਮੋਹੁ ਜਾਇ॥ ਨਾਨਕ ਹਰਿ ਸਿਉ ਰਹੈ ਸਮਾਇ॥

ਆਸਾ ਮ: ੧, ਪੰਨਾ ੩੫੬

# ੧੭

**ਬੇਦਸ ਮਾਹ ਰੁਤੀ ਥਿਤੀ ਵਾਰ ਭਲੇ॥**
**ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥**
**ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥**
**ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥**
**ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥**
**ਨਾਨਕ ਅਹਿਨਿਸ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥੧੭॥੧॥**

ਪੰਨਾ ੧੧੦੯

*ਸ਼ਬਦਾਰਥ :*

ਬੇ—ਦੋ। ਬੇਦਸ—ਦੋ ਤੇ ਦਸ ਬਾਰਾਂ। ਮਾਹ—ਮਹੀਨੇ। ਰੁੱਤੀ—ਰੁੱਤਾਂ। ਥਿਤੀ—ਥਿੱਤਾਂ। ਵਾਰ—ਦਿਨ। ਭਲੇ—ਭਾਗਾਂ ਵਾਲੇ, ਚੰਗੇ। ਮੂਰਤ—ਮੁਹੂਰਤ। ਸਾਚੇ—ਸਦਾ ਥਿਰ ਰਹਿਣ ਵਾਲੇ। ਸਹਜਿ—ਆਪਣੇ ਆਪ ਸੁਭਾਵਕ, ਅਡੋਲ ਅਵਸਥਾ ਵਿੱਚ। ਸਾਰੇ—ਸਿਰੇ ਚੜ੍ਹ ਗਏ, ਸੌਰ ਗਏ। ਬਿਧਿ—ਜੁਗਤਿ, ਢੰਗ। ਜਿਨਿ—ਜਿਸ ਅਕਾਲ ਪੁਰਖ ਪ੍ਰਭੂ ਨੇ। ਸੀਗਾਰੀ—ਸੰਵਾਰ ਦਿੱਤੀ। ਤਿਸਹਿ—ਉਸੇ ਹੀ ਪ੍ਰਭੂ ਨੂੰ। ਰੰਗੁ—ਆਤਮਕ ਆਨੰਦ। ਘਰਿ—ਹਿਰਦੇ ਵਿਚ। ਸੁਹਾਵੀ—ਸ਼ੋਭਨੀਕ ਹੋ ਗਈ। ਪਿਰਿ—ਪਿਰ, ਪ੍ਰੀਤਮ ਨੇ। ਰਾਵੀ—ਭੋਗੀ, ਮਾਣੀ। ਮਸਤਕਿ—ਮੱਥੇ ਉਤੇ। ਅਹਿ—ਦਿਨ। ਨਿਸਿ—ਰਾਤ। ਰਾਵੈ—ਮਾਣਦਾ, ਭੋਗਦਾ ਹੈ। ਥਿਰੁ—ਸਦਾ ਕਾਇਮ। ਸੋਹਾਗੋ—ਚੰਗਾ ਭਾਗ।

*ਵਿਆਖਿਆ :*

ਜਿਹੜੀ ਜੀਵ ਰੂਪੀ ਇਸਤ੍ਰੀ ਦੇ ਅਡੋਲ ਹੋਏ ਹਿਰਦੇ ਅੰਦਰ ਸਦਾ ਸਥਿਰ ਰਹਿਣ ਵਾਲਾ ਉਸਦਾ ਪ੍ਰਭੂ ਪਤੀ ਪ੍ਰਮੇਸ਼ਰ ਆ ਕੇ ਨਿਵਾਸ ਕਰਦਾ ਹੈ, ਉਸ ਨੂੰ ਬਾਰਾਂ ਮਹੀਨੇ, ਸਾਰੀਆਂ ਛੇ ਰੁੱਤਾਂ, ਪੰਦਰਾਂ ਥਿੱਤਾਂ ਤੇ ਸਤਵਾਰ ਦਿਨ, ਸਾਰੀਆਂ ਘੜੀਆਂ ਸਾਰੇ ਮੁਹੂਰਤ ਤੇ ਪਲ ਸੁਲੱਖਣੇ ਜਾਪਦੇ ਹਨ, ਚੰਗੇ ਲੱਗਦੇ ਹਨ ਕਿਉਂਕਿ ਉਸ ਦਾ ਸੱਚਾ ਪਤੀ ਪ੍ਰਮਾਤਮਾ ਸੁਭਾਵਿਕ ਹੀ ਉਸ ਨੂੰ ਆਣ ਮਿਲਿਆ ਹੈ। ਉਸ ਨੂੰ ਜਦੋਂ ਆਪਣੇ ਪਿਆਰੇ ਦਾ ਸਦਾ ਪਿਆਰ ਮਿਲ ਗਿਆ, ਜੀਵ ਰੂਪੀ ਇਸਤ੍ਰੀ ਨੇ ਆਪਣੇ ਕੰਤ ਨੂੰ ਪ੍ਰਾਪਤ ਕਰ ਲਿਆ ਤਾਂ ਸਾਰੀਆਂ ਰੁੱਤਾਂ ਉਸ ਲਈ ਸੁਹਾਵਣੀਆਂ ਬਣ ਜਾਂਦੀਆਂ ਹਨ ਤੇ ਉਹ ਸੁੱਖ ਭਰੀਆਂ ਰਾਤਾਂ ਬਤੀਤ ਕਰਦੀ ਹੈ।

**ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ॥**
**ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ॥**

ਮਾਰੂ ਮ: ੧, ਪੰਨਾ ੧੦੧੫

ਉਸ ਦੀਆਂ ਸਾਰੀਆਂ ਇੱਛਾਵਾਂ ਪੂਰਨ ਹੋ ਜਾਂਦੀਆਂ ਹਨ। ਉਹ ਆਨੰਦ ਭਰਪੂਰ ਹੋ ਜਾਂਦਾ ਹੈ, ਉਸ ਦਾ ਸਾਰਾ ਤਨ, ਮਨ ਪੁਲਕਿਤ ਹੋ ਜਾਂਦਾ ਹੈ ਕਿਉਂਕਿ ਉਸ ਨੂੰ ਸੱਚੇ ਸਤਿਗੁਰੂ ਦੀ ਪ੍ਰਾਪਤੀ ਹੋ ਗਈ ਹੈ।

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥**
**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥**

ਰਾਮਕਲੀ ਮ: ੩, ਪੰਨਾ ੯੧੭

ਉਸ ਦੇ ਸਾਰੇ ਤਾਪ ਦੂਰ ਹੋ ਜਾਂਦੇ ਹਨ ਕਿਉਂਕਿ ਉਸ ਨੂੰ ਚਿਰੀ ਵਿਛੁੰਨਾ ਪ੍ਰੀਤਮ ਪਿਆਰਾ ਮਿਲ ਗਿਆ ਹੈ ਤੇ ਉਸ ਦਾ ਜੀਅ ਕਰਦਾ ਹੈ ਕਿ ਉਹ ਹਮੇਸ਼ਾਂ ਹੀ ਉਸ ਪਿਆਰੇ ਪ੍ਰੀਤਮ ਦੇ ਗੁਣਾਂ ਦਾ ਗਾਣ ਕਰਦੀ ਰਹੇ।

**ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ।**
**ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ॥**
**ਮਨਿ ਸਾਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ॥**
**ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ॥**

ਸੂਹੀ ਮ: ੫, ਪੰਨਾ ੭੭੯

ਜਦੋਂ ਉਸ ਨੇ ਆਪਣੇ ਪਿਆਰੇ ਦਾ ਆਸਰਾ ਲੈ ਲਿਆ ਤਾਂ ਉਸ ਜੀਵ ਰੂਪੀ ਇਸਤ੍ਰੀ ਦੇ ਸਾਰੇ ਕੰਮ ਰਾਸ ਆ ਜਾਂਦੇ ਹਨ, ਉਹ ਕਰਤਾਰ ਹੀ ਉਸਨੂੰ ਸਫਲਤਾ ਦੇਣ ਵਾਲੀਆਂ ਸਾਰੀਆਂ ਬਿਧੀਆਂ ਜਾਣਦਾ ਹੈ। ਉਸਦਾ ਪਿਆਰਾ ਉਸ ਦੇ ਜੀਵਨ ਦਾ ਆਧਾਰ ਬਣ ਜਾਂਦਾ ਹੈ, ਉਹੀ ਉਸ ਦਾ ਸਹਾਇਕ ਬਣ ਜਾਂਦਾ ਹੈ, ਉਸ ਦੀ ਕਿਰਪਾ ਨਾਲ ਉਸ ਨੂੰ ਸਾਰੇ ਫਲ ਪ੍ਰਾਪਤ ਹੋ ਜਾਂਦੇ ਹਨ। ਉਸ ਦਾ ਪਿਆਰਾ ਉਸ ਉੱਤੇ ਨਿਹਾਲ ਹੋ ਗਿਆ, ਦਇਆਲ ਹੋ ਗਿਆ ਹੈ, ਉਸ ਉਤੇ ਸਾਰੇ ਸੁੱਖਾਂ ਦੇ ਖਜ਼ਾਨੇ ਖੁਲ੍ਹ ਗਏ ਹਨ।

**ਗੋਬਿੰਦ ਜੀਉ ਤੂ ਮੇਰੇ ਪ੍ਰਾਨ ਅਧਾਰ॥**
**ਸਾਜਨ ਮੀਤ ਸਹਾਈ ਤੁਮ ਹੀ ਤੂ ਮੇਰੋ ਪਰਵਾਰ॥ਰਹਾਉ॥**
**ਕਰੁ ਮਸਤਕਿ ਧਾਰਿਓ ਮੇਰੈ ਮਾਥੈ ਸਾਧਸੰਗਿ ਗੁਣ ਗਾਏ॥**
**ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ ਰਾਮ ਨਾਮ ਧਿਆਏ॥**
**ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ॥**
**ਗੁਰ ਨਾਨਕ ਜਬ ਭਏ ਦਇਆਰਾ ਸਰਬ ਸੁਖਾ ਨਿਧਿ ਪਾਂਹੀ॥**

ਸਾਰੰਗ ਮ: ੫, ਪੰਨਾ ੧੨੨੬

ਜਿਸ ਪ੍ਰਭੂ ਪਿਆਰੇ ਨੇ ਜੀਵ ਰੂਪੀ ਇਸਤ੍ਰੀ ਦਾ ਹਾਰ ਸ਼ਿੰਗਾਰ ਕੀਤਾ ਹੈ, ਉਸ ਨੂੰ ਉਹ ਬਹੁਤ ਪਿਆਰੀ ਹੋ ਜਾਂਦੀ ਹੈ। ਉਸ ਨੂੰ ਅਕਾਲ ਪੁਰਖ ਪ੍ਰਭੂ ਆਪ ਮਿਲ ਪੈਂਦੇ ਹਨ, ਤੇ ਉਹ ਆਪਣੇ ਪਿਆਰੇ ਨਾਲ ਹਰ ਤਰ੍ਹਾਂ ਦੇ ਰੰਗ'ਮਾਣਦੀ ਹੈ, ਆਨੰਦਿਤ ਹੁੰਦੀ ਹੈ। ਉਹ ਆਪਣੇ ਪਿਆਰੇ ਪ੍ਰੀਤਮ ਨੂੰ ਦੂਰ ਨਹੀਂ ਵੇਖਦੀ, ਉਸ ਨੇ ਤਾਂ ਆਪਣਾ ਮਨ ਆਪਣੇ ਪਿਆਰੇ ਦੇ ਰੰਗ ਵਿਚ ਰੰਗ ਲਿਆ ਹੋਇਆ ਹੈ। ਉਸ ਨੂੰ ਤਾਂ ਹੁਣ ਉਹੀ ਸ਼ਿੰਗਾਰ ਚੰਗੇ ਲੱਗਦੇ ਹਨ, ਜਿਹੜੇ ਉਸ ਦੇ ਪਿਆਰੇ ਨੂੰ ਭਾਉਂਦੇ ਹਨ :

**ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ॥**
**ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥**
**ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ॥ਰਹਾਉ॥**
**ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ॥**
**ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ॥**
**ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ॥**
**ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ॥**
**ਤਿਸੁ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ॥**
**ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ॥**

ਆਸਾ ਮ: ੫ ਪੰਨਾ ੪੦੦

ਜਿਸ ਜੀਵ ਰੂਪੀ ਇਸਤ੍ਰੀ ਦੇ ਮੱਥੇ ਦੇ ਲੇਖ ਗੁਰੂ ਦੀ ਕ੍ਰਿਪਾ ਸਦਕਾ ਉਘੜ ਪੈਂਦੇ ਹਨ, ਉਸ ਦਾ ਪਿਆਰਾ ਉਸ ਨੂੰ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ, ਉਸ ਦੇ ਹਿਰਦੇ ਦੀ ਸੇਜ ਬਹੁਤ ਸੁੰਦਰ ਹੋ ਜਾਂਦੀ ਹੈ, ਉਹ ਆਪਣੇ ਪਿਆਰੇ ਦੇ ਪਿਆਰ ਦੇ ਭੋਗ ਦਾ ਰਸ ਤੇ ਆਨੰਦ ਮਾਣਦੀ ਹੈ। ਉਹ ਸੋਭਾਵੰਤੀ ਨਾਰ ਆਪਣੇ ਪਿਆਰੇ ਪ੍ਰੀਤਮ ਦੇ ਭਾਣੇ ਅਨੁਸਾਰ ਚਲਦੀ ਹੈ। ਉਹ ਹਮੇਸ਼ਾਂ ਆਪਣਾ ਪਿਆਰਾ ਰਾਵਦੀ ਹੈ, ਉਹ ਹੁਣ ਹਮੇਸ਼ਾਂ-ਹਮੇਸ਼ਾਂ ਲਈ ਸੁਹਾਗਣਿ ਬਣ ਜਾਂਦੀ ਹੈ।

**ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ॥**
**ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ॥**
**ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰ॥**
**ਨਾ ਹਰਿ ਮਰੈ ਨਾ ਕਦੇ ਦੁਖੁ ਲਾਗੈ ਸਦਾ ਸੁਹਾਗਣਿ ਨਾਰਿ॥**
**ਨਾਨਕ ਹਰਿ ਪ੍ਰਭ ਮੇਲਿ ਲਈ ਗੁਰ ਕੈ ਹੇਤਿ ਪਿਆਰਿ॥**

ਸੋਰਠਿ ਮ: ਪੰਨਾ ੬੫੧

ਉਹ ਵਡਭਾਗੀ ਜੀਵ ਰੂਪੀ ਇਸਤ੍ਰੀ ਨੂੰ ਆਪਣੇ ਪ੍ਰਭੂ ਪ੍ਰੀਤਮ ਦਾ ਰਾਤ

ਦਿਨ ਮਿਲਾਪ ਮਿਲਿਆ ਰਹਿੰਦਾ ਹੈ, ਉਸ ਦਾ ਪ੍ਰਭੂ ਪਤੀ ਉਸ ਦਾ ਸਦਾ ਲਈ ਸਥਿਰ ਰਹਿਣ ਵਾਲਾ ਸੁਹਾਗ ਬਣ ਜਾਂਦਾ ਹੈ, ਉਹ ਹਮੇਸ਼ਾਂ-ਹਮੇਸ਼ਾਂ ਲਈ ਸੁਹਾਗਣ ਬਣ ਕੇ ਆਪਣੇ ਪ੍ਰੀਤਮ ਦੀ ਪਿਆਰੀ ਬਣਦੀ ਹੈ।

**ਭਾਵ :**

ਜਿਹੜਾ ਮਨੁੱਖ ਆਪਣੇ ਪਿਆਰੇ ਅਕਾਲ ਪੁਰਖ ਦੇ ਨਾਮ ਸਿਮਰਨ ਨੂੰ ਆਪਣੀ ਜ਼ਿੰਦਗੀ ਦਾ ਅਧਾਰ ਬਣਾ ਲੈਂਦਾ ਹੈ, ਉਸ ਲਈ ਸਾਰੀਆਂ ਰੁੱਤਾਂ, ਥਿੱਤਾਂ, ਮਹੀਨੇ, ਵਾਰ, ਘੜੀਆਂ, ਪਲ ਸੁਲੱਖਣੇ ਬਣ ਜਾਂਦੇ ਹਨ। ਕੋਈ ਵੀ ਕੰਮ ਆਰੰਭ ਕਰਨ ਲੱਗਿਆਂ, ਉਸ ਨੂੰ ਕਿਸੇ ਵਿਸ਼ੇਸ਼ ਮਹੂਰਤ ਦੀ ਲੋੜ ਨਹੀਂ ਪੈਂਦੀ। ਉਸ ਨੂੰ ਇਹ ਇਕ ਦ੍ਰਿੜ ਵਿਸ਼ਵਾਸ ਤੇ ਭਰੋਸਾ ਬਣ ਜਾਂਦਾ ਹੈ ਕਿ ਅਕਾਲ ਪੁਰਖ ਪ੍ਰਭੂ ਪ੍ਰੀਤਮ ਦਾ ਆਸਰਾ ਲੈ ਕੇ ਸਾਰੇ ਕੰਮ ਰਾਸ ਹੋ ਜਾਂਦੇ ਹਨ।

# ਅਹਿਨਿਸ ਰਾਵੈ ਪ੍ਰੀਤਮ

### *ਬਾਬਾ ਜਵਾਹਰ ਸਿੰਘ ਜੀ ਮਿਰਜ਼ੇਵਾਲੀਏ*

ਬਾਬਾ ਜਵਾਹਰ ਸਿੰਘ ਜੀ ਮਿਰਜ਼ੇਵਾਲੀਏ ਆਪਣੇ ਪ੍ਰੀਤਮ ਦੇ ਪਿਆਰੇ ਤੇ ਇੱਕ ਬੜੀ ਉੱਚ ਅਧਿਆਤਮਕ ਸ਼ਖ਼ਸੀਅਤ ਸਨ। ਆਪ ਜੀ ਦਾ ਜਨਮ ੧੯੦੩ ਬਿ: ਵਿਚ ਪਿੰਡ ਮਿਰਜ਼ੇ ਵਾਲੀ ਜ਼ਿਲ੍ਹਾ ਗੁਰਦਾਸ ਪੁਰ ਵਿਚ ਹਿੰਦੂ ਜੱਟਾਂ ਦੇ ਘਰ ਹੋਇਆ। ਜਦੋਂ ਆਪ ਜੀ ਰਾਤ ਨੂੰ ਸੁੱਤੇ ਹੁੰਦੇ ਸੀ, ਆਪ ਜੀ ਨੂੰ ਇਕ ਚਾਨਣਾ ਜਿਹਾ ਭਾਸਦਾ, ਜਿਸ ਵਿੱਚੋਂ ਇੱਕ ਤੇਜਸਵੀ ਮੂਰਤੀ ਦਾ ਦਰਸ਼ਨ ਹੁੰਦਾ। ਕੱਦ ਲੰਬਾ, ਬਸਤਰ ਦੁੱਧ ਤੋਂ ਵੀ ਸਫ਼ੈਦ, ਗੱਲ ਵਿੱਚ ਸਫ਼ੈਦ ਉਨ੍ਹ ਦੀ ਮਾਲਾ। ਆਪ ਜੀ ਆਚੰਭਿਤ ਹੋ ਜਾਂਦੇ ਕਿ ਉਹ ਮਹਾਨ ਹਸਤੀ ਕੌਣ ਹੋ ਸਕਦੀ ਹੈ। ਇਸ ਲਈ ਮਨ ਵਿਚ ਉਸ ਹਸਤੀ ਦੇ ਦਰਸ਼ਨ ਕਰਨੈ ਦੀ ਲਾਲਸਾ ਉਤਪੰਨ ਹੋ ਗਈ।

ਇੱਕ ਵਾਰੀ ਸਤਿਗੁਰੂ ਰਾਮ ਸਿੰਘ ਜੀ ਦੜਪ ਦਾ ਦੌਰਾ ਕਰਦੇ ਪੰਨਵੀ ਪਹੁੰਚੇ, ਜੋ ਮਿਰਜ਼ੇ ਵਾਲੀ ਤੋਂ ਤਿੰਨ ਚਾਰ ਕੋਹਾਂ ਦੀ ਦੂਰੀ ਤੇ ਹੈ। ਆਪ ਜੀ ਨੂੰ ਜਦੋਂ ਪਤਾ ਲੱਗਾ, ਆਪ ਜੀ ਵੀ ਦਰਸ਼ਨ ਕਰਨ ਲਈ ਟੁਰ ਪਏ ਤੇ ਮਨ ਵਿੱਚ ਇਹ ਧਾਰਨ ਕੀਤਾ, "ਜੇ ਗੁਰੂ ਠੀਕ ਹੈ ਤਾ ਮੇਰੀ ਬਾਂਹ ਤੋਂ ਫੜ ਕੇ, ਮੇਰਾ ਨਾਮ ਲੈ ਕੇ ਆਪਣਾ ਚੇਲਾ ਬਣਾ ਲਵੇਗਾ।" ਇਹ ਸੋਚ ਕੇ ਪੰਨਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਹਾਜ਼ਿਰ ਹੋ ਗਏ। ਸਤਿਗੁਰੂ ਜੀ ਦਿਵਾਨ ਵਿਚ ਬਿਰਾਜਮਾਨ ਸਨ। ਦਰਸ਼ਨ ਕਰਦਿਆਂ ਸਾਰ ਹੀ ਅਲੌਕਿਕ ਮੂਰਤ ਤੇ ਮੋਹਿਤ ਹੋ ਗਏ। ਜਦੋਂ ਆਪ ਜੀ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਤੇ ਜਾ ਕੇ ਨਮਸਕਾਰ

ਕਰਨ ਲੱਗੇ ਤਾਂ ਸਤਿਗੁਰੂ ਜੀ ਨੇ ਆਪ ਜੀ ਨੂੰ ਬਾਹੋਂ ਫੜ ਲਿਆ ਤੇ ਬਚਨ ਕੀਤਾ, "ਕੀ ਅਜੇ ਸਿੱਖ ਬਣਨ ਵਿਚ ਕੁਝ ਦੇਰ ਹੈ ?"

ਇਹ ਬਚਨ ਸੁਣਨ ਦੀ ਦੇਰ ਸੀ ਕਿ ਆਪ ਜੀ ਮਸਤਾਨੇ ਹੋ ਗਏ, ਆਪ ਜੀ ਨੂੰ ਬਾਰ-ਬਾਰ ਉਹੀ ਸੁੰਦਰ ਮੁੱਖੜਾ ਅੱਖਾਂ ਦੇ ਸਾਹਮਣੇ ਆ ਰਿਹਾ ਸੀ, ਜਿਸ ਦੇ ਦਰਸ਼ਨ ਉਹ ਸੁੱਤਿਆਂ ਪਿਆ ਕਰਦੇ ਹੁੰਦੇ ਸੀ। ਜਵਾਹਰੂ ਤੋਂ ਜਵਾਹਰ ਸਿੰਘ ਬਣ ਗਏ। ਭਜਨ ਦੇਣ ਲੱਗਿਆਂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, "ਜਿੰਨਾ ਚਿਰ ਇਹ ਸਰੀਰ ਅਗਨ ਭੇਟ ਨਾ ਹੋ ਜਾਵੇ, ਸੁਆਸ ਸੁਆਸ ਭਜਨ ਕਰਨਾ।"

ਭਜਨ ਲੈਣ ਉਪਰੰਤ ਆਪ ਜੀ ਨੇ ਕਠਿਨ ਤਪੱਸਿਆ ਆਰੰਭ ਕਰ ਦਿੱਤੀ ਤੇ ਸਤਿਗੁਰੂ ਜੀ ਦੇ ਬਚਨ ਨੂੰ ਹਮੇਸ਼ਾ ਯਾਦ ਰਖਿਆ। ਸਭ ਤੋਂ ਪਹਿਲਾਂ ਆਪ ਜੀ ਨੇ ਨੀਂਦਰ ਨੂੰ ਵੱਸ ਕਰਨ ਦਾ ਉੱਦਮ ਕੀਤਾ ਕਿਉਂਕਿ ਜੇਕਰ ਨੀਂਦ ਆ ਗਈ ਤਾਂ ਸੁੱਤਿਆਂ ਸੁੱਤਿਆਂ ਸਵਾਸ ਵਿਅਰਥ ਜਾਣਗੇ। ਸਿਆਲ ਦੀਆਂ ਠੰਢੀਆਂ ਰਾਤਾਂ ਵਿਚ ਆਪਣੇ ਕੋਠੇ ਤੇ ਬੈਠ ਕੇ, ਭਿੱਜੇ ਹੋਏ ਕਪੜੇ ਪਾ ਕੇ ਭਜਨ ਬੰਦਗੀ ਕਰਨੀ। ਇਸ ਤੋਂ ਉਪਰੰਤ ਖੂਹ ਦੇ ਝੱਲਣ ਉੱਤੇ ਪੈਰਾਂ ਭਾਰ ਬੈਠ ਕੇ ਨਾਮ ਸਿਮਰਨ ਸ਼ੁਰੂ ਕਰ ਦਿੱਤਾ। ਆਪ ਜੀ ਦਸਦੇ ਹੁੰਦੇ ਸਨ ਕਿ ਤਿੰਨ ਵਾਰੀ ਉਹ ਉਘਾਲ ਕੇ ਖੂਹ ਵਿਚ ਜਾ ਡਿੱਗੇ ਪਰ ਮਾਹਲ ਰਾਹੀਂ ਖੂਹ ਵਿਚੋਂ ਬਾਹਰ ਨਿਕਲ ਕੇ ਫਿਰ ਝੱਲਣ ਤੇ ਬਹਿੰਦੇ ਤੇ ਨਾਮ ਸਿਮਰਨ ਵਿੱਚ ਜੁੱਟ ਜਾਂਦੇ। ਇਸ ਤਰ੍ਹਾਂ ਤਿੰਨ ਵਾਰੀ ਹੋਇਆ ਤੇ ਫਿਰ ਨੀਂਦ ਹਮੇਸ਼ਾ-ਹਮੇਸ਼ਾ ਲਈ ਖੰਭ ਲਾ ਕੇ ਉੱਡ ਗਈ। ਇਸ ਤਰ੍ਹਾਂ ਆਪ ਜੀ ਨੇ ਨੀਂਦਰ ਨੂੰ ਜਿੱਤ ਲਿਆ। ਆਪ ਜੀ ਬਾਰ੍ਹਾਂ ਵਰ੍ਹੇ ਰਾਤ ਦਿਨ ਜਾਗਦੇ ਰਹੇ ਤੇ ਇਕ ਸਵਾਸ ਵੀ ਨਾਮ ਤੋਂ ਬਿਨਾਂ ਵਿਅਰਥ ਨਾ ਗਵਾਇਆ। ਉਹ ਤਾਂ ਆਪਣੇ ਪਿਆਰੇ ਦੇ ਚਰਨਾਂ ਨਾਲ ਹਮੇਸ਼ਾ-ਹਮੇਸ਼ਾ ਲਈ ਜੁੜੇ ਰਹਿੰਦੇ :

**ਨਾਨਕ ਅਹਿਨਿਸ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥**

ਇਕ ਘੜੀ ਭਰ ਲਈ ਵੀ ਨਾ ਸੁਸਤਾਉਂਦੇ। ਇਸ ਤਰ੍ਹਾਂ ਆਪ ਜੀ ਦੇ ਰੋਮ-ਰੋਮ ਵਿੱਚੋਂ ਭਜਨ ਬੰਦਗੀ ਦੀ ਆਵਾਜ਼ ਆਉਣੀ। ਕਈ ਲੋਕਾਂ ਨੇ ਆਪ ਜੀ ਦੇ ਸਰੀਰ ਨਾਲ ਕੰਨ ਲਾ ਕੇ ਆਪ ਜੀ ਦੇ ਰੋਮ-ਰੋਮ ਵਿਚੋਂ ਭਜਨ ਬੰਦਗੀ ਦੀ ਆਵਾਜ਼ ਸੁਣੀ।

ਇੱਕ ਦਿਨ ਆਪ ਜੀ ਭਜਨ ਵਿਚ ਮਸਤ ਹੋ ਕੇ ਆਪਣੇ ਪਿਆਰੇ ਨਾਲ ਇਕਮਿਕ ਹੋਏ ਸਨ ਕਿ ਇੱਕ ਬਹੁਤ ਵੱਡਾ ਸੱਪ ਆਪ ਜੀ ਦੇ ਸਾਹਮਣੇ ਆ ਕੇ ਬੈਠ ਗਿਆ। ਸੰਤ ਜੀ ਨੇ ਸੱਪ ਦੀ ਰਤਾ ਭਰ ਵੀ ਪਰਵਾਹ ਨਾ ਕੀਤੀ ਤੇ ਆਪਣੇ ਪਿਆਰੇ ਦਾ ਨਾਮ ਜਪਣ ਵਿਚ ਮਸਤ ਰਹੇ। ਸੱਪ ਨੇ ਆਪ ਜੀ ਦੇ ਗਿਰਦ ਕੁੰਡਲ ਮਾਰ ਲਿਆ ਅਤੇ ਆਪਣੇ ਫਣੇ ਨੂੰ ਸੰਤਾਂ ਦੇ ਮੂੰਹ ਦੇ ਸਾਹਮਣੇ ਕਰ ਦਿੱਤਾ। ਸੱਪ ਨੇ ਭਾਵੇਂ ਆਪ ਜੀ ਦੇ ਸਾਰੇ ਸਰੀਰ ਨੂੰ ਵਲੇਵਾ ਮਾਰਿਆ

ਹੋਇਆ ਸੀ, ਆਪ ਫਿਰ ਵੀ ਸਮਾਧੀ ਮਗਨ ਰਹੇ, ਆਪ ਜੀ ਦੀ ਬਿਰਤੀ ਵਿਚ ਰਤਾ ਭਰ ਵੀ ਫਰਕ ਨਾ ਆਇਆ। ਥੋੜੇ ਚਿਰ ਪਿਛੋਂ ਸੱਪ ਸੰਤਾਂ ਦੇ ਆਲੇ ਦੁਆਲਿਓਂ ਵਲੇਵੇਂ ਲਾਹ ਕੇ ਟੁਰਨ ਲੱਗਾ। ਸੰਤਾਂ ਨੇ ਕਿਹਾ, "ਕਿਉਂ, ਬੱਸ ਐਨਾ ਹੀ ਕੰਮ ਸੀ ?" ਇੰਝ ਲੱਗ ਰਿਹਾ ਸੀ ਕਿ ਸੱਪ ਵੀ ਭਜਨ ਬੰਦਗੀ ਵਿਚ ਮਸਤ ਸੰਤਾਂ ਨੂੰ ਨਮਸਕਾਰ ਕਰਨ ਲਈ ਆਇਆ ਸੀ।

ਆਪ ਦੇ ਰੋਮ-ਰੋਮ ਵਿਚ ਨਾਮ ਦਾ ਵਾਸਾ ਹੋ ਚੁੱਕਿਆ ਹੋਇਆ ਸੀ, ਇਥੋਂ ਤਕ ਕਿ ਮਾਲਾ ਫੇਰਨ ਵਾਲੀ ਸੱਜੀ ਬਾਂਹ ਤੇ ਭਜਨ ਕਰਨ ਵਾਲੀ ਰਸਨਾ ਅਜਰ-ਅਮਰ ਹੋ ਗਏ ਸਨ। ਕਿਉਂਕਿ ਸੰਤਾਂ ਨੇ ਆਪਣੇ ਘਰ ਵਾਲਿਆਂ ਨੂੰ ਕਿਹਾ ਸੀ, "ਇਸ ਬਾਂਹ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਫੜਿਆ ਸੀ। ਉਨ੍ਹਾਂ ਦੀ ਪਵਿਤਰ ਛੋਹ ਕਰ ਕੇ ਇਹ ਬਾਂਹ ਸੋਨੇ ਦੀ ਬਣ ਗਈ ਹੈ। ਜਦੋਂ ਮੇਰਾ ਸਰੀਰ ਛੁਟੇਗਾ ਤਾਂ ਮੇਰੀ ਸੱਜੀ ਬਾਹ ਅਰਕ ਤਕ ਜਿੰਦਾ ਰਹੇਗੀ ਅਤੇ ਰਸਨਾ ਚਲਦੀ ਰਹੇਗੀ।"

ਇਸੇ ਤਰ੍ਹਾਂ ਹੀ ਹੋਇਆ, ਸੰਤ ਜੀ ਨੇ ਆਪਣਾ ਸਰੀਰ ਤਿਆਗ ਦਿੱਤਾ, ਪਰ ਉਨ੍ਹਾਂ ਦੀ ਸੱਜੀ ਬਾਂਹ ਅਤੇ ਰਸਨਾ ਨਾਮ ਸਿਮਰਨ ਕਰਦੀ ਹੋਈ ਹਿਲਦੀ ਰਹੀ। ਉਸੇ ਹਾਲਤ ਵਿਚ ਆਪ ਜੀ ਦਾ ਸੰਮਤ ੧੯੪੮ ਵਿਚ ਦਾਹ ਸਸਕਾਰ ਕਰ ਦਿੱਤਾ। ਉਨ੍ਹਾਂ ਦਾ ਆਪਣੇ ਪਿਆਰੇ ਲਈ ਰਾਤ ਦਿਨ ਦਾ ਪਿਆਰ ਸੀ, ਉਹ ਸਦਾ ਲਈ ਸੁਹਾਗਣ ਬਣ ਗਏ ਸਨ :

**ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ॥**
**ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ॥**

ਮ: ੧, ਪੰਨਾ ੧੦੮੮

ਉਨ੍ਹਾਂ ਦਾ ਸੁਹਾਗ ਹਮੇਸ਼ਾ-ਹਮੇਸ਼ਾ ਲਈ ਸਥਿਰ ਹੋ ਗਿਆ, ਉਹ ਬੜੇ ਭਾਗਾਂ ਵਾਲੇ ਹੋ ਗਏ, ਜਦੋਂ ਉਨ੍ਹਾਂ ਨੇ ਆਪਣੇ ਪਿਆਰੇ ਦੀ ਪ੍ਰਾਪਤੀ ਕਰ ਲਈ, ਤਾਂ ਸਭ ਕੁਝ ਪ੍ਰਾਪਤ ਹੋ ਗਿਆ।

**ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥**
**ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥**
**ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ॥**
**ਹਰਿਹਾਂ ਜਾ ਘਰ ਆਇਆ ਕੰਤੁ ਤ ਸਭੁ ਕਿਛੁ ਪਾਈਆ॥**

ਫੁਨਹੇ ਮ: ੫, ਪੰਨਾ ੧੩੬੧

# ਭਾਗ 2

# ਬਾਰਹ ਮਾਹ ਮਾਝ

ਜਪਉ ਜਿਨ ਅਰਜੁਨ ਦੇਵ ਗੁਰੂ
ਫਿਰ ਸੰਕਟ ਜੋਨਿ ਗਰਭ ਨ ਆਯਉ॥



ਸ੍ਰੀ ਸਤਿਗੁਰੂ ਅਰਜਨ ਦੇਵ ਜੀ

# ਬਾਰਹ ਮਾਹ ਮਾਝ

**ਸ੍ਰੀ** ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਹ ਮਾਹ ਦੀ ਲੜੀ ਨੂੰ ਹੋਰ ਅਗਾਂਹ ਟੋਰਿਆ ਅਤੇ ਰਾਗ ਮਾਝ ਵਿਚ ਇੱਕ ਹੋਰ ਬਾਰਹ ਮਾਹ ਦੀ ਸਿਰਜਨਾ ਕਰ ਦਿੱਤੀ। ਇਸ ਪ੍ਰੀਤ ਦੇ ਗੀਤ ਵਿਚ ਆਤਮਾ ਆਪਣੇ ਪਿਆਰੇ ਪ੍ਰਮਾਤਮਾ ਲਈ ਤੜਪਦੀ ਹੈ, ਬਾਰ੍ਹਾਂ ਮਹੀਨੇ ਆਪਣੇ ਹਿਰਦੇ ਦੇ ਵਲਵਲਿਆਂ ਅਤੇ ਭਾਵਾਂ ਨੂੰ ਦਰਸਾਉਂਦੀ ਹੋਈ ਆਪਣੇ ਪਿਆਰੇ ਦੇ ਦਰਸ਼ਨਾਂ ਲਈ ਲੋਚਦੀ ਰਹਿੰਦੀ ਹੈ ਅਤੇ ਅੰਤ ਵਿਚ ਉਸ ਦਾ ਆਪਣੇ ਪਿਆਰੇ ਪ੍ਰੀਤਮ ਨਾਲ ਮੇਲ ਮਿਲਾਪ ਹੋ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਵਿੱਚ ਲਿਖਦੇ ਹਨ ਕਿ ਮਨੁੱਖ ਆਪਣੇ ਪੂਰਬਲੇ ਕੀਤੇ ਕਰਮਾਂ ਅਨੁਸਾਰ ਭਟਕਦਾ ਰਹਿੰਦਾ ਹੈ ਅਤੇ ਦੁਖੀ ਹੁੰਦਾ ਰਹਿੰਦਾ ਹੈ। ਆਪਣੇ ਪਿਆਰੇ ਪ੍ਰੀਤਮ ਤੋਂ ਵਿਛੱੜਨ ਦਾ ਇੱਕ ਇਹ ਵੀ ਕਾਰਨ ਹੈ। ਆਪਣੇ ਇਸ਼ਟ ਤੋਂ ਦੂਰ ਹੋ ਕੇ, ਉਹ ਹਰ ਤਰ੍ਹਾਂ ਦੇ ਰੋਗਾਂ ਨਾਲ ਗ੍ਰਸਤ ਹੋ ਜਾਂਦਾ ਹੈ। ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਕੇ, ਸੰਤਾਂ ਸਾਧਾਂ ਦਾ ਸੰਗ ਕਰ ਕੇ ਅਤੇ ਆਪਣੇ ਪਿਆਰੇ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ, ਉਹ ਜੀਵਨ ਦੀ ਆਖਰੀ ਮੰਜ਼ਿਲ ਤੇ ਪਹੁੰਚ ਜਾਂਦਾ ਹੈ। ਜਿੱਥੇ ਇੱਕ ਪਾਸੇ ਬਾਰਹ ਮਾਹ ਤੁਖਾਰੀ ਭਾਵਾਂ ਨਾਲ ਓਤ-ਪ੍ਰੋਤ ਹੈ, ਦੂਸਰੇ ਪਾਸੇ ਬਾਰਹ ਮਾਹ ਮਾਝ ਫਲਸਫੇ ਨਾਲ ਭਰਪੂਰ ਹੈ। ਮਨੁੱਖ ਆਪਣੇ ਪੂਰਬਲੇ ਕਰਮਾਂ ਅਨੁਸਾਰ ਇਸ ਜਨਮ ਵਿਚ ਮੋਹ ਮਾਇਆ ਦੇ ਜਾਲ ਵਿੱਚ ਫਸਿਆ ਰਹਿੰਦਾ ਹੈ। ਆਪਣੇ ਆਪ ਨੂੰ ਨਾਮ ਸਿਮਰਨ ਵਿਚ ਜੋੜ ਕੇ, ਆਪਣੀਆਂ ਗਿਆਨ ਇੰਦਰੀਆਂ ਨੂੰ ਮਰਯਾਦਾ ਵਿਚ ਰੱਖ ਕੇ ਮਾਇਕ ਪਦਾਰਥਾਂ ਤੋਂ ਉੱਚਾ ਹੋ ਜਾਂਦਾ ਹੈ। ਉਸ ਦਾ ਆਤਮਕ ਜੀਵਨ ਉੱਚਾ ਹੋ ਜਾਂਦਾ ਹੈ। ਉਸ ਦਾ ਮਨ ਵਿਕਾਰਾਂ ਵੱਲੋਂ ਅਡੋਲ ਰਹਿੰਦਾ ਹੈ। ਆਪਣੇ ਪਿਆਰੇ ਕੋਲੋਂ ਵਿਛੱੜਕੇ ਜੀਵ ਰੂਪੀ ਇਸਤ੍ਰੀ ਨੂੰ ਬਸੰਤ ਦਾ ਸੁਹਾਵਨਾ ਮੌਸਮ ਚੰਗਾ ਨਹੀਂ ਲੱਗਦਾ। ਕੁਦਰਤ ਦੀ ਸੁੰਦਰਤਾ ਖਾਣ ਨੂੰ ਦੌੜਦੀ ਹੈ। ਗਰਮੀ ਦੀ ਤਪਸ਼ ਉਸ ਨੂੰ ਸਾੜ ਕੇ ਕਸ਼ਟ ਪਹੁੰਚਾਂਦੀ ਹੈ। ਉਸ ਨੂੰ ਦੁਨੀਆਂ ਦੇ ਰੰਗ ਤਮਾਸ਼ੇ ਬਿਲਕੁਲ ਚੰਗੇ ਨਹੀਂ ਲਗਦੇ। ਦੁਨਿਆਵੀ ਮੋਹ ਮਾਇਆ ਦੇ ਝੂਠੇ ਧੰਦੇ ਉਸ ਨੂੰ ਅਕਾਲ ਪੁਰਖ ਤੋਂ ਦੂਰ ਰਖਦੇ ਹਨ। ਉਹ ਆਪਣੇ ਪਿਆਰੇ ਦੇ ਦਰਸ਼ਨਾਂ ਲਈ ਤੜਪਦੀ ਹੈ, ਬਹਿਬਲ ਹੋ ਉਠਦੀ ਹੈ। ਉਸ ਨੂੰ ਆਪਣੇ ਪਿਆਰੇ ਅਕਾਲ ਪੁਰਖ ਦੀ ਸਰਬ ਵਿਆਪਕਤਾ ਉੱਤੇ ਭਰੋਸਾ ਹੈ। ਉਹ ਸੰਤਾਂ ਸਾਧੂਆਂ ਦਾ ਸੰਗ ਪ੍ਰਾਪਤ ਕਰ ਕੇ ਨਾਮ ਦੇ ਰੰਗ ਵਿਚ ਰੰਗ ਕੇ ਆਪਣਾ ਪਿਆਰਾ ਇਸ਼ਟ ਪ੍ਰਾਪਤ ਕਰਨਾ ਚਾਹੁੰਦੀ

ਹੈ। ਉਸ ਲਈ ਸਾਂਸਾਰਿਕ ਪਦਾਰਥ ਸਭ ਅਸਥਿਰ ਅਤੇ ਨਾਸਵਾਨ ਲਗਦੇ ਹਨ। ਜੇ ਕਰ ਕੋਈ ਸੱਚਾ ਰੰਗ ਹੈ ਤੇ ਉਹ ਸਾਧੂਆਂ ਦਾ ਸੰਗ ਹੈ। ਸੱਚਾ ਸੁੱਖ ਅਕਾਲ ਪੁਰਖ ਦੀ ਸ਼ਰਨ ਪਇਆ ਹੀ ਮਿਲ ਸਕਦਾ ਹੈ। ਉਸ ਪਿਆਰੇ ਤੋਂ ਦੂਰ ਹੋ ਕੇ ਦਰ ਦਰ ਦੀ ਭਟਕਣਾ ਅਤੇ ਦੁੱਖ ਹੈ। ਅਕਾਲ ਪੁਰਖ ਪ੍ਰਭੂ ਤੋਂ ਵਿਛੋੜੇ ਦਾ ਦੁੱਖ ਉਸ ਦਾ ਨਾਮ ਸਿਮਰਨ ਕਰ ਕੇ ਹੀ ਹੋ ਸਕਦਾ ਹੈ। ਨਾਮ ਜਪਣ ਲਈ ਜੀਵ ਰੂਪੀ ਇਸਤ੍ਰੀ ਲਈ ਸਾਰੇ ਦਿਨ, ਸਾਰੇ ਪਲ, ਸਾਰੀਆਂ ਘੜੀਆਂ, ਸਾਰੇ ਮਹੂਰਤ ਸ਼ੋਭਨੀਯ ਹਨ, ਅਤੇ ਵਿਯੋਗਨੀ ਬਿਰਹਣੀ ਨਾਮ ਰੂਪੀ ਪਉੜੀ ਤੇ ਸਵਾਰ ਹੋ ਕੇ ਆਪਣੇ ਅਰਾਧਯ ਇਸ਼ਟ ਦੇਵਤਾ ਦਾ ਦਰਸ਼ਨ ਕਰਨ ਵਿੱਚ ਸਫਲ ਹੋ ਜਾਂਦੀ ਹੈ। ਕੁਦਰਤ ਦਾ ਵਰਣਨ ਸੱਚੇ ਪਾਤਸ਼ਾਹ ਜੀ ਨੇ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਉਜਾਗਰ ਕਰਨ ਲਈ ਕੀਤਾ ਹੈ। ਅਧਿਆਤਮਕ ਤੇ ਰਹੱਸਵਾਦੀ ਪੱਖ ਨੂੰ ਹੋਰ ਵਧੇਰੇ ਸਪਸ਼ਟ ਕਰਨ ਲਈ ਕੁਦਰਤ ਦੀ ਵਰਤੋਂ ਕੀਤੀ ਗਈ ਹੈ। ਕੁਝ ਕੁ ਵੰਨਗੀਆਂ ਇਸ ਪ੍ਰਕਾਰ ਹਨ :

**—ਜਲੁ ਬਿਨੁ ਸਾਖ ਕੁਮਲਾਵਤੀ।**
**—ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ।**
**—ਵਣੁ ਤਿਣੁ ਪ੍ਰਭ ਸੰਗਿ ਮਉਲਿਆ।**

ਬਾਰਹ ਮਾਹ ਮਾਝ ਵਿਚ ਚੌਦਾਂ ਪਉੜੀਆਂ ਹਨ। ਪਹਿਲੀ ਪਉੜੀ ਵਿੱਚ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਬਾਕੀ ਦੀਆਂ ਬਾਰ੍ਹਾਂ ਪਉੜੀਆਂ ਵਿਚ ਹਰ ਮਹੀਨੇ ਦਾ ਤਰਤੀਬਵਾਰ ਵਰਣਨ ਕੀਤਾ ਗਿਆ ਹੈ। ਅਖੀਰਲੀ ਪਉੜੀ ਵਿਚ ਸਮੁੱਚੇ ਭਾਵ ਨੂੰ ਦਰਸਾਇਆ ਗਿਆ ਹੈ। ਪਹਿਲੀ ਪਉੜੀ ਵਿੱਚ ਲਾਈਨਾਂ ਦੀ ਗਿਣਤੀ ਦੱਸ ਹੈ, ਪਉੜੀ ਨੰਬਰ ਦੋ ਤੋਂ ਬਾਰ੍ਹਾਂ ਤਕ ਲਾਈਨਾਂ ਦੀ ਗਿਣਤੀ ਨੌਂ-ਨੌਂ ਚਲਦੀ ਹੈ। ਤੇਰ੍ਹਵੀਂ ਪਉੜੀ ਵਿਚ ਸਿਰਫ ਅੱਠ ਹੀ ਲਾਈਨਾਂ ਹਨ। ਮਹੀਨਿਆਂ ਦਾ ਵਰਣਨ ਚੇਤ ਦੇ ਮਹੀਨੇ ਤੋਂ ਆਰੰਭ ਹੁੰਦਾ ਹੈ। ਸਮੁੱਚੇ ਤੌਰ ਤੇ 'ਦੋਹਰਾ' ਛੰਦ ਹੀ ਵਰਤਿਆ ਗਿਆ ਹੈ ਇਸ ਦਾ ਰੂਪ ੧੩+੧੧=੨੪ ਹੈ। ਕਿਧਰੇ ਇੱਕ ਦੋ ਮਾਤਰਾ ਦਾ ਵਾਧਾ ਕਰਨ ਦੀ ਖੁੱਲ੍ਹ ਲਈ ਹੈ। ਸੱਚੇ ਪਾਤਸ਼ਾਹ ਜੀ ਨੇ ਤੁਕਾਂਤ ਮੇਲ ਵਿਚ ਕਮਾਲ ਕਰ ਵਿਖਾਇਆ ਹੈ—

ਰਾਮ—ਸਾਮ, ਕਾਮ—ਦਾਮ, ਖਾਮ—ਜਾਮ, ਨਾਮ—ਧਾਮ, ਘਣਾ—ਭਣਾ, ਗਣਾ—ਜਣਾ, ਵਿਛੋਹੁ—ਧੋਹੁ, ਹੋਇ—ਸੋਇ, ਭਾਵੰਨਿ—ਕਰੰਨਿ, ਮਾਣੰਨਿ—ਮਥੰਨਿ, ਜਾਇ—ਰਾਇ, ਇਤਿਆਦਿ।

ਸੱਚੇ ਪਾਤਸ਼ਾਹ ਜੀ ਨੇ ਘਰੇਗੀ ਜੀਵਨ ਨਾਲ ਸੰਬੰਧਿਤ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਸੱਚੇ ਪਾਤਸ਼ਾਹ ਜੀ ਨੇ ਬਾਰਹ ਮਾਹ ਵਿਚ ਰੂਪਕ ਦ੍ਰਿਸ਼ਟਾਂਤ ਉਪਮਾ, ਲੋਕੋਕਤੀ, ਉਤਪ੍ਰੇਖਿਆ ਆਦਿ ਅਲੰਕਾਰਾਂ ਦੀ ਵਰਤੋਂ ਕੀਤੀ ਹੈ।

ਕੁਛ ਕੁ ਵੰਨਗੀਆਂ ਇਸ ਪ੍ਰਕਾਰ ਹਨ :

੧ ਰੂਪਕ ਅਲੰਕਾਰ :

**— ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ।**

**— ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ।**

**— ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ।**

੨ ਦ੍ਰਿਸ਼ਟਾਂਤ ਅਲੰਕਾਰ :

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।**
**ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।**
**ਧੇਨੁ ਦੁਧੈ ਤੇ ਬਾਹਰੀ ਕਿਤੈ ਨਾ ਆਵੈ ਕਾਮ।**
**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।**

੩ ਲੋਕੋਕਤੀ ਅਲੰਕਾਰ :

**— ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ।**

**— ਜੇਹਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤੁ।**

੪ ਉਤਪ੍ਰੇਖਿਆ ਅਲੰਕਾਰ :

**ਜਿਨ੍ਹੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।**
**ਰਤਨ ਜਵੇਹਰ ਲਾਲ ਹਰਿ ਕੰਠਿ ਤਿਨ੍ਾ ਜੜੀਆਹ।**

੫ ਉਪਮਾ ਅਲੰਕਾਰ :

**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ।**

ਬਾਰਹ ਮਾਹ ਮਾਝ ਵਿਚ ਭਗਤੀ ਰਸ ਦੀ ਪ੍ਰਧਾਨਤਾ ਹੈ। ਸ਼ਿੰਗਾਰ ਰਸ ਦੀ ਪ੍ਰਮੁੱਖਤਾ ਨਹੀਂ, ਪਰ ਫਿਰ ਵੀ ਇਸ ਦੇ ਸੰਜੋਗ ਅਤੇ ਵਿਜੋਗ ਪੱਖ ਬੜੇ ਸੁੰਦਰ ਢੰਗ ਨਾਲ ਪਾਠਕ ਉੱਤੇ ਆਪਣਾ ਪ੍ਰਭਾਵ ਪਾਉਂਦੇ ਹਨ। ਇਸ ਵਿਚ ਭਗਤੀ ਰਸ ਪ੍ਰਮੁੱਖ ਰੂਪ ਵਿਚ ਉਘੜ ਕੇ ਸਾਹਮਣੇ ਆਉਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੀ ਸਰਲ ਬੋਲੀ ਵਿੱਚ ਮਹੀਨਿਆਂ ਦੀ ਵਿਆਖਿਆ ਕੀਤੀ ਹੈ। ਇਸ ਬੋਲੀ ਰਾਹੀਂ ਬੜੀ ਅਸਾਨੀ ਨਾਲ ਭਾਵਾਂ ਦਾ ਸਪਸ਼ਟੀਕਰਨ ਹੋ ਜਾਂਦਾ ਹੈ। ਬੋਲੀ ਦੀ ਸਰਲਤਾ ਅਤੇ ਸਪਸ਼ਟਤਾ ਕਰ ਕੇ ਪਾਠਕ ਸਹਿਜ ਨਾਲ ਹੀ ਭਾਵਾਂ ਅਤੇ ਵਿਚਾਰਾਂ ਨੂੰ ਗ੍ਰਹਿਣ ਕਰ ਲੈਂਦਾ ਹੈ। ਆਪਣੀ ਸਰਲਤਾ ਅਤੇ ਸਪਸ਼ਟਤਾ ਕਰ ਕੇ ਬਾਰਹ ਮਾਹ ਮਾਝ ਦਾ ਹਰ ਮਹੀਨੇ ਵਾਲੇ ਦਿਨ ਘਰਾਂ ਅਤੇ ਗੁਰਦੁਆਰਿਆਂ ਅੰਦਰ ਬੜੇ ਆਦਰ ਸਤਿਕਾਰ ਨਾਲ ਪਾਠ ਕੀਤਾ ਜਾਂਦਾ ਹੈ। ਇਸ ਬਾਣੀ ਵਿਚ ਕੁਝ ਕੁ ਸ਼ਬਦ ਹੋਰਨਾਂ ਬੋਲੀਆਂ ਦੇ ਵੀ ਵੇਖਣ ਨੂੰ ਮਿਲਦੇ ਹਨ ਜਿਵੇਂ ਧੇਨੁ, ਤੰਬੋਲ, ਗ੍ਰਾਮ, ਚਰਨਾਰਬਿੰਦ, ਭਉਜਲ,

ਮਰਮ, ਮਜਨ, ਸੁਆਨ, ਇਤਿਆਦਿ। ਸੱਚੇ ਪਾਤਸ਼ਾਹ ਜੀ ਦੇ ਉਚਾਰੇ ਹੋਏ ਕਈ ਸ਼ਬਦ ਮੁਹਾਵਰੇ ਜਨ ਸਾਧਾਰਨ ਦੇ ਬੁਲ੍ਹਾਂ ਤੇ ਰਹਿੰਦੇ ਹਨ :

— **ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।**
— **ਵੇਮੁਖ ਹੋਏ ਰਾਮ ਤੇ**
— **ਲਿਖਿਆ ਧੁਰਿ ਸੰਜੋਗ।**
— **ਮੇਰੇ ਸਾਹਿਬ ਬੰਦੀ ਮੋਚ।**
— **ਕੰਠਿ ਮਿਲਿਆ ਹਰਿ ਨਾਹੁ।**
— **ਜੀਅ ਦਇਆ ਪਰਵਾਨੁ।**
— **ਹਰਿ ਜੇਹਾ ਅਵਰੁ ਨਾ ਦਿਸਈ।**
— **ਜਿਹਵਾ ਏਕ ਅਨੇਕ ਗੁਣ।**
— **ਸੰਤ ਸਹਾਈ ਰਾਮ ਕੇ।**
— **ਮਾਣਸ ਸੰਦੀ ਆਸ।**

ਜੀਵ ਰੂਪੀ ਇਸਤ੍ਰੀ ਨੂੰ ਆਪਣੇ ਹਰਿ, ਨਾਹ ਨ ਮਿਲਨ ਕਰਕੇ ਚੈਨ ਨਹੀਂ ਪੈਂਦਾ, ਉਸ ਨੂੰ ਆਪਣੇ ਸੁਾਮੀ ਕੰਤ ਬਿਨਾਂ ਕੁਝ ਭਾਉਂਦਾ ਹੀ ਨਹੀਂ—ਤੇ ਕਾਮਣੀ ਕਿਧਰੇ ਪ੍ਰਭੂ ਦੇ ਸੰਗ ਦੀ ਲੋਚਾ ਕਰਦੀ ਹੈ।

— **ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸਕਾ ਨਿਹਚਲ ਧਾਮ।**

ਤੇ ਕਿਧਰੇ ਆਪਣੀ ਰਸਨਾ ਲਈ ਨਾਮ ਦੀ ਦਾਤਿ ਪ੍ਰਾਪਤ ਕਰਨ ਵਾਸਤੇ ਸੰਤ ਜਨਾ ਦੀ ਸੰਗਤ ਪ੍ਰਾਪਤ ਕਰਕੇ ਅਕਾਲ ਪੁਰਖ ਦੀ ਅਰਾਧਨਾ ਕਰਨੀ ਚਾਹੁੰਦੀ ਹੈ।

— **ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ।**
— **ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ।**
— **ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।**

ਕਿਧਰੇ ਸੰਤਾਂ ਸਾਧੂਆਂ ਦਾ ਸੰਗ ਪ੍ਰਾਪਤ ਕਰਕੇ ਆਪਣੇ ਪਿਆਰੇ ਨਾਲ ਰੰਗ ਰਲੀਆਂ ਮਾਣਨ ਦੇ ਪ੍ਰੋਗ੍ਰਾਮ ਉਲੀਕਦੀ ਹੈ ਕਿਧਰੇ ਸਾਧੂਆਂ ਦੀ ਸੰਗਤ ਪ੍ਰਾਪਤ ਕਰਕੇ ਉਹ ਅਕਾਲ ਪੁਰਖ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਆਦਰ ਮਾਣ ਪ੍ਰਾਪਤ ਕਰਨਾ ਚਾਹੁੰਦੀ ਹੈ।

**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥**
— **ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ।**

ਕਿਧਰੇ ਜੀਵ ਰੂਪ ਇਸਤ੍ਰੀ ਸੰਤਾਂ ਦੇ ਚਰਨਾਂ ਤੇ ਨਤਮਸਤਕ ਹੋਣਾ ਚਾਹੁੰਦੀ

ਹੈ, ਕਿਉਂਕਿ ਉਹ ਉਸ ਦੇ ਪ੍ਰੇਮ ਵਧਾਉਣ ਵਿੱਚ ਸਹਾਇਤਾ ਕਰਦੇ ਹਨ,

ਤੇ ਕਿਧਰੇ ਸੰਤਾਂ ਸਾਧਾਂ ਦਾ ਸੰਗੁ ਪ੍ਰਾਪਤ ਕਰਕੇ ਆਪਣੀਆਂ ਚਿੰਤਾ ਝੋਰੇ ਮਿਟਾਉਣਾ ਚਾਹੁੰਦੀ ਹੈ।

**—ਕਤਿਕ ਹੋਵੈ ਸਾਧ ਸੰਗੁ, ਬਿਨਸਹਿ ਸਭੇ ਸੋਚ।**

ਕਿਧਰੇ ਮਾਘਿ ਦੇ ਮਹੀਨੇ ਵਿਚ ਸੰਤਾਂ ਸਾਧਾਂ ਦੇ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕਰਨ ਲਈ ਉਤਾਵਲੀ ਹੋ ਰਹੀ ਹੈ :—

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।**

ਤੇ ਫਿਰ ਅੰਤ ਵਿਚ ਸੰਤ ਜਨ ਜੀਵ ਰੂਪ ਇਸਤ੍ਰੀ ਤੇ ਮਿਹਰ ਕਰਦੇ ਹਨ ਅਤੇ ਉਸ ਵਿਛੱੜੀ ਹੋਈ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਵਿਚ ਸਹਾਇਕ ਬਣਦੇ ਹਨ। ਅਤੇ ਉਸਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਸਤਸੰਗੀ ਸਹੇਲੀਆਂ ਨਾਲ ਰਲ ਮਿਲਕੇ ਆਪਣੇ ਪਿਆਰੇ ਗੋਬਿੰਦ ਦੀ ਸਿਫਤਿ ਸਲਾਹ ਦੇ ਗੀਤ ਅਲਾਪਦੀ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ। ਗਾਉਂਦੀਆਂ ਹਨ।

# ਬਾਰਹ ਮਾਹਾ ਮਾਝ ਮਹਲਾ ੫ ਘਰੁ ੪
# ੧ੴ ਸਤਿਗੁਰ ਪ੍ਰਸਾਦਿ॥

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥**
**ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥**
**ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥**
**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥**
**ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥**
**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥**
**ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥**
**ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥**
**ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥**
**ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥**

ਮਾਝ ਮ: ੫, ਪੰਨਾ ੧੩੩

***ਸ਼ਬਦਾਰਥ :***

ਕਿਰਤਿ ਕਰਮ ਕੇ—ਪਿਛਲੇ ਕੀਤੇ ਹੋਏ ਕਰਮਾਂ ਦੀ ਕਮਾਈ ਅਨੁਸਾਰ। ਚਾਰਿ ਕੁੰਟ—ਚਾਰੇ ਪਾਸੇ ਪੂਰਬ, ਪੱਛਮ, ਉੱਤਰ, ਦੱਖਣ। ਦਹ ਦਿਸ—ਦਸ ਦਿਸ਼ਾਵਾਂ ੧. ਪੂਰਬ, ੨. ਪੱਛਮ, ੩. ਉੱਤਰ, ੪. ਦੱਖਣ, ੫. ਅਗਨਿ ਕੌਣ, ੬. ਵੈਵ ਕੌਣ, ੭. ਈਸਾਨ ਕੌਣ, ੮. ਨੈਰਤ ਕੌਣ, ੯. ਧਰਤੀ, ੧੦. ਤੇ ਅਕਾਸ਼, ਇਹ ਦਸ ਦਿਸ਼ਾਵਾਂ ਹਨ,। ਸਾਮ—ਸ਼ਰਨ। ਧੇਨੁ—ਗਊ। ਬਾਹਰੀ—ਬਿਨਾਂ। ਸਾਖ—ਖੇਤੀ, ਫਸਲ। ਦਾਮ—ਪੈਸੇ, ਧਨ। ਨਾਹ—ਪਤੀ, ਨਾਥ। ਕਤ—ਕਿਵੇਂ, ਕਿਥੇ। ਬਿਸਰਾਮ—ਸੁਖ। ਜਿਤੁ—ਜਿਸੁ। ਹਰਿ ਕੰਤੁ—ਹਰੀ ਰੂਪੀ ਪਤੀ। ਭਠਿ—ਤਪਦੀ ਭੱਠੀ। ਸੇ—ਵਰਗੇ। ਗ੍ਰਾਮ—ਪਿੰਡ। ਸ੍ਰਬ—ਸਾਰੇ। ਤੰਬੋਲ ਰਸ—ਪਾਨਾਂ ਦਾ ਰਸ। ਸਣੁ—ਸਮੇਤ। ਖਾਸ—ਕੱਚੇ ਨਾਸਵੰਤ। ਜਾਮ—ਜਮ। ਸੰਗਿ—ਆਪਣੇ ਨਾਲ। ਧਾਮ—ਘਰ ਟਿਕਾਣਾ।

***ਵਿਆਖਿਆ :***

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹ ਮਾਹ ਦਾ ਇਹ ਪਹਿਲਾ ਉਪਕ੍ਰਮ ਸਲੋਕ ਨਮਸਕਾਰ ਮੰਗਲ ਦੇ ਰੂਪ ਵਿੱਚ ਹੈ। ਜੀਵ ਰੂਪੀ ਇਸਤ੍ਰੀ ਆਪਣੇ ਪ੍ਰਭੂ ਪਤੀ ਤੋਂ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਵਿਛੋੜ

ਗਈ ਹੈ। ਉਸ ਤੋਂ ਵਿਛੱੜ ਕੇ ਉਹ ਸੁੱਖ-ਦੁੱਖ ਦੇ ਚੱਕਰ ਲਾ ਰਹੀ ਹੈ। ਮਨੁੱਖਾ ਦੇਹੀ ਪ੍ਰਾਪਤ ਕਰਨੀ ਇਤਨੀ ਸੁਲੱਭ ਨਹੀਂ। ਗੁਰਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

**ਕਈ ਜਨਮ ਭਏ ਕੀਟ ਪਤੰਗਾ॥**
**ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥**
**ਕਈ ਜਨਮ ਹੈਵਰ ਬ੍ਰਿਖ ਜੋਇਓ॥** ਗਉੜੀ ਗੁਆਰੇਰੀ ਮ: ੫, ਪੰਨਾ ੧੭੬

ਤੇ ਫਿਰ

**ਗੁਰ ਸੇਵਾ ਤੇ ਭਗਤਿ ਕਮਾਈ॥**
**ਤਬ ਇਹ ਮਾਨਸ ਦੇਹੀ ਪਾਈ॥**
**ਇਸ ਦੇਹੀ ਕਉ ਸਿਮਰਹਿ ਦੇਵ।**
**ਸੋ ਦੇਹੀ ਭਜੁ ਹਰਿ ਕੀ ਸੇਵ॥੧॥** ਭੈਰਉ ਕਬੀਰ ਜੀ, ਪੰਨਾ ੧੧੫੯

ਸਾਰੀਆਂ ਜੂਨਾਂ ਭੋਗ ਕੇ ਕਿੰਨੀ ਕਠਿਨ ਤਪੱਸਿਆ ਕਰ ਕੇ ਇਹ ਮਨੁੱਖਾ ਦੇਹ ਪ੍ਰਾਪਤ ਹੁੰਦੀ ਹੈ। ਵਿਛੱੜੀ ਹੋਈ ਜੀਵਾਤਮਾ ਆਪਣੇ ਪਿਆਰੇ ਪ੍ਰਭੂ ਸਿਰਜਣਹਾਰ ਦੇ ਚਰਨਾਂ ਵਿਚ ਬੇਨਤੀ ਕਰਦੀ ਹੈ ਕਿ ਉਹ ਆਪਣੀ ਬਖਸ਼ਸ਼ ਤੇ ਕ੍ਰਿਪਾ ਦੇ ਦੁਆਰ ਉਸ ਉੱਤੇ ਖੋਲ੍ਹ ਦੇਵੇ ਤੇ ਉਸ ਵਿਛੱੜੀ ਹੋਈ ਨੂੰ ਆਪਣੇ ਚਰਨਾਂ ਨਾਲ ਜੋੜ ਕੇ ਆਪਣੇ ਪਿਆਰ ਤੇ ਪ੍ਰੀਤ ਨਾਲ ਆਨੰਦਿਤ ਕਰ ਦੇਵੇ। ਇਹ ਜੀਵਾਤਮਾ ਮੋਹ ਮਾਇਆ ਦੇ ਜਾਲ ਵਿਚ ਫਸ ਕੇ ਸੁੱਖ ਦੀ ਪ੍ਰਾਪਤੀ ਲਈ ਖੋਜ ਕਰਦੀ ਹੈ ਤੇ ਭਟਕਦੀ ਫਿਰਦੀ ਹੈ। ਉਸ ਦੀ ਭਟਕਣਾ ਦਾ ਕੋਈ ਟਿਕਾਣਾ ਨਹੀਂ। ਉਹ ਚਾਰ ਦਿਸ਼ਾਵਾਂ ਤੋਂ ਲੈ ਕੇ ਦਸਾਂ ਦਿਸ਼ਾਵਾਂ ਵਿਚ ਫਿਰ ਫਿਰ ਕੇ ਬਹੁਤ ਥੱਕ ਚੁੱਕੀ ਹੈ।

**ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ॥**
**ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ॥** ਮ: ੫, ਪੰਨਾ ੨੫੩

ਉਸ ਨੂੰ ਹੁਣ ਸੁੱਖ ਅਤੇ ਸ਼ਾਂਤੀ ਦੀ ਲੋੜ ਹੈ, ਇਸ ਕਰ ਕੇ ਥੱਕ ਹਾਰ ਕੇ ਹੁਣ ਅਕਾਲ ਪੁਰਖ ਪ੍ਰਭੂ ਦੀ ਸ਼ਰਣ ਵਿਚ ਆ ਗਈ ਹੈ। ਗਊ ਸਾਨੂੰ ਸਾਰਿਆਂ ਨੂੰ ਦੁੱਧ ਦਿੰਦੀ ਹੈ, ਇਹੀ ਉਸ ਦੀ ਖ਼ਾਸ ਵਿਸ਼ੇਸ਼ਤਾ ਹੈ, ਤੇ ਅਗਰ ਉਹ ਦੁੱਧ ਹੀ ਨਹੀਂ ਦਿੰਦੀ ਫਿਰ ਉਸ ਦਾ ਕੀ ਲਾਭ ? ਗਊ ਨਾਂ ਤੇ ਖੂਹ ਗੇੜਣ ਦੇ ਕੰਮ ਆਉਂਦੀ ਹੈ, ਨਾ ਭਾਰ ਢੋਣ ਦੇ ਕੰਮ ਆ ਸਕਦੀ ਹੈ, ਨਾ ਹੀ ਉਸ ਨਾਲ ਹਲ ਆਦਿ ਜੋੜ ਕੇ ਖੇਤੀ ਬਾੜੀ ਕੀਤੀ ਜਾ ਸਕਦੀ ਹੈ। ਅਗਰ ਉਹ ਦੁੱਧ ਹੀ ਨਾਂ ਦੇਵੇ ਤਾਂ ਫਿਰ ਉਹ ਕਿਸ ਕੰਮ ? ਉਸ ਤੋਂ ਕੀ ਲਾਭ ? ਇਸ ਤਰ੍ਹਾਂ ਜੇ ਕਰ

ਜੀਵ ਰੂਪੀ ਇਸਤ੍ਰੀ ਆਪਣੇ ਅਕਾਲ ਪੁਰਖ ਦਾ ਨਾਮ ਨਹੀਂ ਜਪਦੀ, ਉਸ ਦਾ ਸਿਮਰਨ ਨਹੀਂ ਕਰਦੀ, ਉਸ ਦਾ ਇਸ ਸੰਸਾਰ ਵਿਚ ਆਉਣਾ ਬਿਲਕੁਲ ਵਿਅਰਥ ਹੈ, ਨਿਸਫਲ ਹੈ।

**ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥**
**ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥** ਪੰਨਾ ੧੩੮੩

ਉਨ੍ਹਾਂ ਨੂੰ ਜਮਪੁਰੀ ਵਿਚ ਧਰਮ ਰਾਜ ਸਜਾ ਦਿੰਦਾ ਹੈ—ਉਹ ਪਸ਼ੂ ਹਨ, ਉਹ ਢੋਰ ਹਨ, ਉਹ ਗੰਵਾਰ ਹਨ, ਉਨ੍ਹਾਂ ਨੂੰ ਕਰੋੜਾਂ ਬਿਘਨ ਲਗਦੇ ਹਨ। ਖੇਤੀ ਨੂੰ ਜੇ ਕਰ ਪਾਣੀ ਨਾ ਮਿਲੇ, ਉਹ ਵੱਧ ਫੁਲ ਨਹੀਂ ਸਕਦੀ, ਜਦੋਂ ਫਸਲ ਹੀ ਨਹੀਂ ਹੋਵੇਗੀ, ਕਿਸਾਨ ਮੰਡੀ ਵਿਚ ਜਾ ਕੇ ਕੀ ਵੇਚੇਗਾ, ਜਦੋਂ ਵੇਚਣ ਲਈ ਕੁਝ ਹੈ ਹੀ ਨਹੀਂ ਤੇ ਫਿਰ ਧਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਇਸੇ ਤਰ੍ਹਾਂ ਜੇ ਕਰ ਜੀਵ ਰੂਪੀ ਇਸਤ੍ਰੀ ਨੂੰ ਨਾਮ ਰੂਪੀ ਜਲ ਦੀ ਪ੍ਰਾਪਤੀ ਨਹੀਂ ਹੁੰਦੀ, ਉਸ ਦੇ ਜੀਵਨ ਦੀ ਹਰਿਆਵਲ ਖਤਮ ਹੋ ਜਾਵੇਗੀ, ਜਦੋਂ ਸੁਕਾਪਣ ਛਾ ਗਿਆ, ਫਿਰ ਭਲਾ ਸੁੱਖ ਦੀ ਪ੍ਰਾਪਤੀ ਕਿਵੇਂ ? ਸੁਖ ਤਾਂ ਸਿਰਫ ਆਪਣੇ ਪਿਆਰੇ ਦੇ ਨਾਮ ਸਿਮਰਨ ਵਿਚ ਹੀ ਮਿਲ ਸਕਦਾ ਹੈ।

**ਮਾਈ ਮੇਰੇ ਮਨ ਕੋ ਸੁਖੁ॥**
**ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ॥**
ਟੋਡੀ ਮ: ੫, ਪੰਨਾ ੭੧੭

ਜੀਵ ਰੂਪੀ ਇਸਤ੍ਰੀ ਮੋਹ-ਮਾਇਆ ਦੇ ਜਾਲ ਵਿਚ ਫਸ ਕੇ ਭਟਕ ਚੁੱਕੀ ਹੈ। ਉਸ ਦੇ ਜੀਵਨ ਵਿਚ ਹਰਿਆਵਲ ਨਾ ਹੋ ਕੇ ਖੁਸ਼ਕੀ ਆ ਚੁੱਕੀ ਹੈ ਉਹ ਹਰ ਦਿਸ਼ਾ, ਹਰ ਕੋਨੇ ਵਿਚ ਭੱਜੀ ਫਿਰਦੀ ਹੈ, ਉਸ ਨੂੰ ਆਪਣਾ ਪਿਆਰਾ ਅਕਾਲ ਪੁਰਖ ਪ੍ਰਭੂ ਪਤੀ ਦਾ ਮੇਲ ਮਿਲਾਪ ਨਹੀਂ ਹੋ ਸਕਿਆ ਫਿਰ ਭਲਾ ਉਸ ਨੂੰ ਸੁੱਖ ਤੇ ਚੈਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ :

**ਮੋਹਨ ਨੀਦ ਨ ਆਵੈ ਹਾਵੈ,**
**ਹਾਰ ਕਜਰ ਬਸਤ੍ਰ ਅਭਰਨ ਕੀਨੇ॥**
**ਉਡੀਨੀ ਉਡੀਨੀ ਉਡੀਨੀ॥**
**ਕਬ ਘਰ ਆਵੈ ਰੀ॥** ਬਿਲਾਵਲ ਮ: ੫, ਪੰਨਾ ੮੩੦

ਜਿਸ ਜੀਵ ਰੂਪੀ ਇਸਤ੍ਰੀ ਦੇ ਹਿਰਦੇ ਮੰਦਰ ਦੇ ਅੰਦਰ ਆਪਣਾ ਪਿਆਰਾ ਪ੍ਰਭੂ ਚਰਨ ਨਹੀਂ ਪਾਉਂਦਾ, ਉਸ ਦੇ ਮਨ ਮੰਦਿਰ ਵਿਚ ਆਣ ਕੇ ਨਿਵਾਸ ਨਹੀਂ ਕਰਦਾ, ਉਸ ਨੂੰ ਸਾਰੇ ਸ਼ਹਿਰ ਤੇ ਪਿੰਡ ਤਪਦੀ ਹੋਈ ਭੱਠੀ ਵਾਂਗੂ ਲੱਗਦੇ ਹਨ। ਆਪਣੇ ਪਿਆਰੇ ਤੋਂ ਬਿਨਾਂ, ਜੀਵਾਤਮਾ ਨੂੰ ਸਭ ਪਾਸੇ ਸੁੰਨਾਪਣ ਦਿੱਸਦਾ ਹੈ,

ਕਿਧਰੇ ਵੀ ਉਸ ਦਾ ਜੀਅ ਨਹੀਂ ਲਗਦਾ, ਉਸ ਦਾ ਹਿਰਦਾ ਬਿਰਹਾ ਦੀ ਅਗਨੀ ਵਿਚ ਤਪਦਾ ਹੈ, ਸੜਦਾ ਹੈ, ਲੁੱਛਦਾ ਹੈ। ਸਰੀਰ ਦੇ ਸਾਰੇ ਸ਼ਿੰਗਾਰ, ਪਾਨਾਂ ਦੇ ਬੀੜੇ ਤੇ ਹੋਰ ਸਾਰੇ ਰਸ ਬਿਰਹਣੀ ਨੂੰ ਆਪਣੇ ਸਰੀਰ ਸਮੇਤ ਸਭ ਵਿਅਰਥ ਲੱਗਦੇ ਹਨ। ਉਸ ਦਾ ਪਤੀ, ਉਸ ਤੋਂ ਦੂਰ ਬਹੁਤ ਦੂਰ ਹੈ। ਉਸ ਦੀ ਗ਼ੈਰ ਹਾਜ਼ਰੀ ਵਿਚ ਉਸ ਨੂੰ ਆਪਣਾ ਸੁੰਦਰ ਸਰੀਰ, ਉਸ ਦੇ ਸਾਰੇ ਹਾਰ ਸ਼ਿੰਗਾਰ, ਸਾਰੀ ਸਜਾ-ਸਜਾਵਟ ਬਿਲਕੁਲ ਵਿਅਰਥ ਤੇ ਨਿਸਫਲ ਲੱਗਦੀ ਹੈ :

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥**
**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥**
**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥**
**ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ॥੩॥**

ਫੁਨਹੇ ਮ: ੫, ਪੰਨਾ ੧੩੬੧

ਆਪਣੇ ਪਿਆਰੇ ਅਕਾਲ ਪੁਰਖ ਤੋਂ ਬਿਨਾਂ, ਉਸ ਨੂੰ ਆਪਣੇ ਮਿੱਤਰ ਸਖਾ ਸੱਜਣ ਸਾਰੇ ਜਮ ਦੇ ਸਮਾਨ ਦੁਖਦਾਈ ਦਿੱਸਦੇ ਹਨ, ਜਿਸ ਇਸਤ੍ਰੀ ਦੇ ਸਿਰ ਉਤੇ ਆਪਣੇ ਪਤੀ ਦਾ ਸਾਇਆ ਨਾ ਹੋਵੇ, ਉਸ ਨੂੰ ਸਭ ਲੋਕ ਹੋਰ ਨਿਗਾਹ ਨਾਲ ਵੇਖਦੇ ਹਨ। ਉਨ੍ਹਾਂ ਦੀ ਨਜ਼ਰ ਮੈਲੀ ਹੁੰਦੀ ਹੈ, ਉਹ ਸੱਜਣ ਹੁੰਦਿਆਂ ਹੋਇਆਂ ਵੀ ਸਹਾਇਕ ਨਾ ਹੋ ਕੇ, ਦੁਖਦਾਈ ਬਣ ਜਾਂਦੇ ਹਨ। ਐਸੀ ਅਵਸਥਾ ਵਿਚ ਜੀਵ ਰੂਪੀ ਇਸਤ੍ਰੀ ਆਪਣੇ ਪਿਆਰੇ ਅਕਾਲ ਪੁਰਖ ਦੇ ਚਰਨਾਂ ਵਿਚ ਬੇਨਤੀ ਕਰਦੀ ਹੈ, ਕਿ ਉਸ ਨੂੰ ਨਾਮ ਦੀ ਦਾਤ ਬਖਸ਼ ਕੇ ਉਸ ਤੇ ਕ੍ਰਿਪਾ-ਦ੍ਰਿਸ਼ਟੀ ਕਰਨ ਤੇ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਬਿਰਹਣੀ ਬਾਰ-ਬਾਰ ਆਪਣੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ, ਬੇਨਤੀਆਂ ਕਰਦੀ ਹੈ ਕਿ ਉਸ ਦਾ ਮਿਲਾਪ ਅਕਾਲ ਪੁਰਖ ਪਤੀ ਨਾਲ ਹੋ ਜਾਵੇ ਕਿਉਂਕਿ ਉਹੀ ਸਿਰਫ ਸਥਿਰ ਹੈ, ਸਦਾ ਅਟੱਲ ਰਹਿਣ ਵਾਲਾ ਹੈ। ਦੁਨੀਆਂ ਦੇ ਸਾਰੇ ਜੀਵ ਤੇ ਪਦਾਰਥ ਨਾਸਵੰਤ ਹਨ, ਅਚੱਲ ਹਨ, ਸਿਰਫ ਅਕਾਲ ਪੁਰਖ ਹੀ ਇਕ ਐਸਾ ਹੈ, ਜੋ ਹਮੇਸ਼ਾ ਸਦੀਵੀ ਹੈ, ਅਮਰ ਹੈ, ਉਸ ਨਾਲ ਕਦੇ ਵੀ ਵਿਛੋੜਾ ਨਹੀਂ, ਇਸ ਲਈ ਉਸ ਅਮਰ, ਅਜਰ, ਅਟੱਲ ਨਾਲ ਮਿਲਾਪ ਦੀ ਕਾਮਨਾ ਕਰਨੀ ਚਾਹੁੰਦੀ ਹੈ।

*ਭਾਵ :*

ਪ੍ਰਾਣੀ ਆਪਣੇ ਪੂਰਬਲੇ ਕਰਮਾਂ ਅਨੁਸਾਰ ਸੁੱਖ, ਦੁੱਖ ਭੋਗਦਾ ਹੈ। ਵਿਸ਼ੇ ਵਿਕਾਰਾਂ ਦੀ ਭੱਠੀ ਵਿਚ ਪਇਆ ਹੋਇਆ ਮਨੁੱਖ ਜਲਦਾ ਹੈ, ਸੜਦਾ ਹੈ, ਕਰਾਹੁੰਦਾ ਹੈ। ਆਪਣੇ ਸੁਆਮੀ ਤੋਂ ਬਿਨਾਂ ਉਸ ਦੇ ਸਾਰੇ ਵੈਰੀ ਬਣ ਜਾਂਦੇ ਹਨ ਤੇ ਉਹ ਆਪਣੀ ਸਾਰੀ ਆਯੂ ਵ੍ਯਿਅਰਥ ਹੀ ਗੰਵਾ ਬੈਠਦਾ ਹੈ।

# ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ

*ਨਾਮ*

— **ਕਹਾ ਨਾਮ ਤਾਕੋ ਕਹਾ ਕੈ ਕਹਾਵੈ**
**ਕਹਾ ਕੋ ਬਖਾਨੈ ਕਹੈ ਮੈ ਨਾ ਆਵੈ।**

ਆਪਣੇ ਪਿਆਰੇ ਸਤਿਗੁਰੂ ਅਕਾਲ ਪੁਰਖ ਦੇ ਨਾਮ ਦਾ ਵਰਣਨ ਕਰਨਾ ਬੜਾ ਔਖਾ ਕੰਮ ਹੈ। ਉਸ ਦੀ ਅਨੇਕਤਾ, ਉਸ ਦੀ ਅਭੇਦਤਾ ਦਾ ਕੌਣ ਪਾਰ ਪਾ ਸਕਦਾ ਹੈ ? ਸਾਡੇ ਸਾਰਿਆ ਕੋਲ ਇੱਕ ਅਨਮੋਲ ਖ਼ਜ਼ਾਨਾ ਹੈ, ਆਦਿ ਗੁਰੂ ਗ੍ਰੰਥ ਸਾਹਿਬ ਤੇ ਦਸਮ ਗੁਰੂ ਗ੍ਰੰਥ ਸਾਹਿਬ। ਉਨ੍ਹਾਂ ਵਿਚ ਅਨੇਕਾਂ ਨਾਮਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ।

ਸਭ ਤੋਂ ਪਹਿਲਾਂ ਇਕ ਨਾਮ, ਏਕੰਕਾਰ ਲਿਖਿਆ ਹੈ,
ਸ੍ਰੀ ਗੁਰੂ ਅਮਰਦਾਸ ਜੀ ਸਿਰੀ ਰਾਗ ਵਿਚ ਫੁਰਮਾਂਦੇ ਹਨ :

**ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ॥** ਪੰਨਾ ੩੦

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ :

**ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥**
**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥**

ਥਿਤੀ ਗਉੜੀ ਮ: ੫, ਪੰਨਾ ੨੯੬

ਇਸ ਤੋਂ ਉਪਰੰਤ ਨਿਰੰਕਾਰ ਨਾਮ ਦਾ ਵਰਣਨ ਆਉਂਦਾ ਹੈ :

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥**

ਗਉੜੀ ਮ: ੫, ਪੰਨਾ ੨੯੦

ਓਅੰਕਾਰ ਨਾਮ ਨਾਲ ਵੀ ਸੰਬੋਧਿਤ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੱਖਣੀ ਓਅੰਕਾਰ ਵਿਚ ਲਿਖਦੇ ਹਨ :

**ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥**

ਰਾਮਕਲੀ ਮ: ੧, ਪੰਨਾ ੯੨੯

ਇਸ ਤੋਂ ਉਪਰੰਤ 'ਸੋਹੰ' ਨਾਮ ਦਾ ਜਾਪ ਵੀ ਦੱਸਿਆ ਗਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਲਿਖਦੇ ਹਨ :

**ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ॥**

ਮ: ੧, ਪੰਨਾ ੧੦੯੩

ਸਿਰਫ ਉਸ ਦਾ ਇੱਕ ਨਾਮ ਹੀ ਨਹੀਂ, ਅਨੇਕਾਂ ਨਾਮ ਹਨ- ਮੇਰੇ ਸਾਹਿਬ ਦੇ। ਉਸ ਦੇ ਨਾਵਾਂ ਦੀ ਅਨੇਕਤਾ ਦਾ ਵਰਣਨ ਅਕਥਣੀਯ ਹੈ :
ਸ੍ਰੀ ਗੁਰੂ ਰਾਮਦਾਸ ਜੀ ਫੁਰਮਾਂਦੇ ਹਨ :

**ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ॥**
**ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤ ਪਾਇਆ॥**

ਕਲਿਆਨ ਮ: ੪, ਪੰਨਾ ੧੩੧੯

ਨਿਰੰਜਨ ਨਾਮ ਕਰ ਕੇ ਵੀ ਵਰਣਨ ਕੀਤਾ ਗਿਆ ਹੈ : ਸ੍ਰੀ ਗੁਰੂ ਅਰਜਨ ਦੇਵ ਜੀ ਨਿਰੰਜਨ ਨਾਮ ਨੂੰ ਗਾ ਕੇ ਸਭ ਕੁਛ ਪ੍ਰਾਪਤ ਕਰਨਾ ਚਾਹੁੰਦੇ ਹਨ।

**ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ॥**

ਧਨਾਸਰੀ ਮ: ੫, ਪੰਨਾ ੬੭੬

— **ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥**

ਜਪੁਜੀ ਸਾਹਿਬ ਮ: ੧

ਹੁਣ ਵਾਰੀ ਹੈ ਸਤਿਨਾਮੁ ਦੀ। ਸ੍ਰੀ ਗੁਰੂ ਰਾਮਾਦਸ ਜੀ ਸਤਿਨਾਮੁ ਦਾ ਜਾਪ ਜਪਨ ਦੀ ਪ੍ਰੇਰਨਾ ਦੇ ਰਹੇ ਹਨ :

**ਜਪਿ ਮਨ ਸਤਿਨਾਮੁ ਸਦਾ ਸਤਿ ਨਾਮੁ**
**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥**

ਧਨਾਸਰੀ ਮ: ੪ ਪੰਨਾ ੬੭੦

— **ਕਿਰਤਮ ਨਾਮ ਕਥੇ ਤੇਰੇ ਜਿਹਬਾ।**
**ਸਤਿਨਾਮੁ ਤੇਰਾ ਪਰਾ ਪੂਰਬਲਾ॥** ਮਾਰੂ ਮ: ੫, ਪੰਨਾ ੧੦੮੩

ਤੇ ਇਸ ਘੋਰ ਕਲਿਜੁਗ ਵਿਚ ਰਾਮ ਨਾਮ ਦਾ ਜਾਪ ਵੀ ਭਵ ਸਾਗਰ ਤੋਂ ਪਾਰ ਕਰ ਸਕਦਾ ਹੈ :

ਕਲਜੁਗ ਮਹਿ ਰਾਮ ਨਾਮੁ ਉਰਧਾਰੁ॥
ਬਿਨੁ ਨਾਵੈ ਮਾਥੈ ਪਾਵੈ ਛਾਰੁ॥
ਰਾਮ ਨਾਮੁ ਦੁਲਭੁ ਹੈ ਭਾਈ॥
ਗੁਰ ਪਰਸਾਦਿ ਵਸੈ ਮਨਿ ਆਈ॥ ਭੈਰਉ ਮ: ੩, ਪੰਨਾ ੧੧੨੯

— ਹਰਿ ਹਰਿ ਨਾਮੁ ਸਦਾ ਜਪੁ ਜਾਪਿ॥ ਭੈਰਉ ਮ: ੫ ਪੰਨਾ ੧੧੪੩

ਫਿਰ ਗੋਬਿੰਦ ਦੇ ਨਾਮ ਦਾ ਜਾਪ ਕਰਨ ਨਾਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਰਸਨਾ ਪਵਿੱਤ੍ਰ ਹੁੰਦੀ ਹੈ।

**ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥**
**ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ॥**

ਬਿਲਾਵਲ ਮ: ੫, ਪੰਨਾ ੮੧੧

ਗੋਪਾਲ ਵੀ ਮੇਰੇ ਸਾਹਿਬ ਦਾ ਨਾਮ ਹੈ।

**ਮਨੁ ਤਨੁ ਨਿਰਮਲ ਹੋਇ ਨਿਹਾਲੁ॥**
**ਰਸਨਾ ਨਾਮੁ ਜਪਤ ਗੋਪਾਲ॥** ਗੋਂਡ ਮ: ੫, ਪੰਨਾ ੮੬੬

ਮੁਕੰਦ ਨਾਮ ਦਾ ਵਰਣਨ ਰਵਿਦਾਸ ਜੀ ਕਰ ਰਹੇ ਹਨ।

**ਮੁਕੰਦ ਮੁਕੰਦ ਜਪਹੁ ਸੰਸਾਰ॥**
**ਬਿਨੁ ਮੁਕੰਦ ਤਨੁ ਹੋਇ ਅਉਹਾਰ॥** ਗੌਂਡ ਰਵਿਦਾਸ ਜੀ, ਪੰਨਾ ੮੭੫

ਤੇ ਫਿਰ ਉਸ ਦਾ ਨਾਮ ਹੈ ਜੋ ਸਿੱਖ ਨੂੰ ਉਚਾ ਕਹਿਣ ਦਾ ਹੁਕਮ ਨਹੀਂ

**ਵੇ ਮੁਹਤਾਜਾ ਵੇ ਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥**

ਆਸਾ ਮ: ੫, ਪੰਨਾ ੩੭੬

**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥**

ਸਵਈਏ ਮ: ੪, ਪੰਨਾ ੧੪੦੨

ਓਅੰਕਾਰ, ਏਕੰਕਾਰ, ਨਿਰੰਕਾਰ, ਸੋਹੰ, ਨਿਰੰਜਨ, ਸਤਿਨਾਮ, ਰਾਮ, ਹਰਿ ਹਰਿ, ਗੋਬਿੰਦ, ਗੋਪਾਲ, ਮੁਕੰਦ, ਨਾਰਾਇਣ ਤੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ੪੦ ਜੁਗਾਂ ਦੀ ਕਠਿਨ ਤਪੱਸਿਆ ਰਾਹੀਂ ਕੀਤੇ ਨਾਮ ਦੀ ਦਾਤ ਦਾ ਜਾਪ ਕਿਵੇਂ ਕੀਤਾ ਜਾਵੇ ? ਉਸ ਦੀ ਪ੍ਰਾਪਤੀ ਕਿੱਥੋਂ ਹੋਵੇ ? ਇਸ ਨਾਮ ਦੀ ਪ੍ਰਾਪਤੀ ਤਾਂ ਪਿਆਰੇ ਸਤਿਗੁਰੂ ਜੀ ਕੋਲੋਂ ਹੀ ਹੋ ਸਕਦੀ ਹੈ। ਹੋਰ ਕਿਧਰੋਂ ਨਹੀਂ।

**ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥**
**ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ॥**

ਸਿਰੀ ਰਾਗ ਮ: ੪, ਪੰਨਾ ੪੦

ਗੁਰ ਮੰਤ੍ਰ ਜਾਂ ਨਾਮ ਕੰਨ ਵਿੱਚ ਹੀ ਦਿੱਤਾ ਜਾਂਦਾ ਹੈ ਅਤੇ ਰਸਨਾ ਉਸ ਦਾ ਜਾਪ ਕਰਦੀ ਹੈ। ਇੱਕ ਪੂਰਨ ਤੇ ਸੱਚੇ ਸਿੱਖ ਦਾ ਪਹਿਲਾ ਕਰਤਵ ਹੀ ਇਹ ਹੈ ਕਿ ਉਹ ਗੁਰਮੰਤ੍ਰ ਕੰਨ ਵਿਚ ਲਵੇ। ਜੇ ਕਰ ਉਹ ਨਹੀਂ ਲੈਂਦਾ ਤਾਂ ਉਸ ਨੂੰ ਪਸ਼ੂ ਜੂਨਾਂ ਨਾਲੋਂ ਵੀ ਨਖਿੱਧ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸਲੋਕਾਂ ਵਿੱਚ ਲਿਖਿਆ ਹੈ :

**ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥**
ਮ: ੫, ਪੰਨਾ ੧੩੫੬

ਅਤੇ

**ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ॥**
**ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ॥**
**ਕਰਤ ਰਹੇ ਕ੍ਰਤਗ੍ਯ ਕਰੁਣਾ ਮੈ ਅੰਤਰਜਾਮੀ ਗ੍ਯਾਨ॥**
**ਆਠ ਪਹਰ ਨਾਨਕ ਜਸੁ ਗਾਵੈ ਮਾਂਗਨ ਕਉ ਹਰਿ ਦਾਨ॥**
ਕਾਨੜਾ ਮ: ੫, ਪੰਨਾ ੧੩੦੨

ਕੰਨ ਵਿਚ ਮੰਤ੍ਰ ਲੈ ਕੇ ਸਭ ਤਰ੍ਹਾਂ ਦੇ ਭਰਮਾਂ ਦਾ ਅੰਤ ਹੋ ਜਾਂਦਾ ਹੈ, ਮਨ ਪ੍ਰਕਾਸ਼ਮਾਨ ਹੋ ਜਾਂਦਾ ਹੈ, ਸੀਤਲ ਹੋ ਜਾਂਦਾ ਹੈ, ਗਿਆਨਵਾਨ ਹੋ ਕੇ ਜਨਮ ਜਨਮਾਂਤਰਾ ਦੀ ਮੈਲ ਧੋ ਲੈਂਦਾ ਹੈ। ਕਬੀਰ ਦਾਸ ਜੀ ਮਨੁੱਖ ਨੂੰ ਪ੍ਰੇਰਣਾ ਦਿੰਦੇ ਹਨ,

**ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥**
**ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥** ਆਸਾ ਕਬੀਰ ਜੀ, ਪੰਨਾ ੪੭੮

ਗੁਰੂ ਨਾਨਕ ਦੇਵ ਜੀ ਸਮਝਾਂਦੇ ਹਨ ਕਿ ਦੁਨੀਆਂ ਦੇ ਸਭ ਧੰਦੇ ਨਿਹਫਲ ਹਨ। ਸਿਰਫ ਰਾਮ ਨਾਮ ਦਾ ਜਾਪ ਸਾਰਥਕ ਹੈ।

**ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥ ਰਹਾਉ॥**
**ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥**
**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥**
ਸੂਹੀ ਮ: ੧, ਪੰਨਾ ੭੨੮

ਤੇ ਨਾਮ ਜਪਣਾ ਇਨਸਾਨ ਦੇ ਵਸ ਵਿੱਚ ਨਹੀਂ। ਉਸੇ ਮਨੁੱਖ ਨੂੰ ਨਾਮ ਜਪਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ, ਜਿਸ ਤੇ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਂਦੀ ਹੈ। ਮਨੁੱਖ ਬੇਬਸ ਹੈ, ਉਸ ਦੇ ਹੱਥ ਵਿਚ ਕੁਝ ਵੀ ਨਹੀਂ।

**ਆਪਿ ਜਪਾਏ ਜਪੈ ਸੋ ਨਾਉ॥**
**ਆਪਿ ਗਵਾਏ ਸੁ ਹਰਿ ਗੁਨ ਗਾਉ॥** ਗਉੜੀ ਮ: ੫, ਪੰਨਾ ੨੭੦

**ਤੁਮਰੀ ਕ੍ਰਿਪਾ ਤੇ ਜਪੀਐ ਨਾਉ।**
**ਤੁਮਰੀ ਕ੍ਰਿਪਾ ਤੇ ਦਰਗਹ ਥਾਉ॥** ਗਉੜੀ ਮ: ੫, ਪੰਨਾ ੧੯੨

ਤੇ ਜਦੋਂ ਸਤਿਗੁਰੂ ਜੀ ਦੀ ਕ੍ਰਿਪਾ ਹੋ ਜਾਂਦੀ ਹੈ ਤਾਂ ਫਿਰ ਹਰਿ ਨਾਮ ਹੀ ਤੀਰਥ ਬਣ ਜਾਂਦਾ ਹੈ, ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ, ਦੁਨੀਆਵੀ ਜੰਜਾਲ ਸਭ ਪਿੱਛਾ ਛੱਡ ਜਾਂਦੇ ਹਨ, ਜਮ ਵੀ ਨੇੜੇ ਨਹੀਂ ਲਗਦੇ। ਇਸ ਲੋਕ

ਵਿੱਚ ਤਾਂ ਸੁੱਖ ਦੀ ਪ੍ਰਾਪਤੀ ਹੁੰਦੀ ਹੀ ਹੈ, ਪਰਲੋਕ ਵੀ ਸੁਖੀ ਬਣ ਜਾਂਦਾ ਹੈ।

**ਨਾਮੁ ਲੈਤ ਕਿਛੁ ਬਿਘਨੁ ਨ ਲਾਗੈ॥**
**ਨਾਮੁ ਸੁਣਤ ਜਮੁ ਦੂਰਹੁ ਭਾਗੈ॥**
**ਨਾਮੁ ਲੈਤ ਸਭ ਦੂਖਹ ਨਾਸੁ॥**
**ਨਾਮੁ ਜਪਤ ਹਰਿ ਚਰਣ ਨਿਵਾਸੁ॥** ਭੈਰਉ ਮ: ੫, ਪੰਨਾ ੧੧੫੦

ਨਾਮ ਦਾ ਜਾਪ ਕਰ ਕੇ ਆਵਾਗਵਨ ਦੇ ਚੱਕਰ ਖਤਮ ਹੋ ਜਾਂਦੇ ਹਨ, ਨਾਮ ਜਪਣ ਨਾਲ ਤਨ, ਮਨ, ਰਸਨਾ ਸਭ ਪਵਿੱਤਰ ਹੋ ਜਾਂਦੇ ਹਨ ਤੇ ਜਦੋਂ ਨਾਮ ਦਾ ਮਜੀਠਾ ਰੰਗ ਚੜ੍ਹ ਜਾਂਦਾ ਹੈ, ਪ੍ਰੇਮੀ ਨਾਮ ਦੇ ਨਸ਼ੇ ਦਾ ਸਵਾਦ ਲੈਂਦਾ ਹੋਇਆ, ਅਪਣੇ ਪਿਆਰੇ ਦੇ ਨਾਮ ਦੀ ਮਹਿਮਾਂ ਵਿੱਚ ਮਦਮਸਤ ਹੋ ਕੇ ਕਹਿੰਦਾ ਹੈ :

**ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥** ਭੈਰਉ ਮ: ੫, ਪੰਨਾ ੧੧੩੭

ਉਸ ਅਸਚਰਜ ਨਾਮ ਦੇ ਸਾਹਮਣੇ ਦੁਨੀਆਂ ਫਿੱਕੀ-ਫਿੱਕੀ, ਝੂਠੀ ਲਗਦੀ ਹੈ, ਨਿਰਰੱਥਕ ਲਗਦੀ ਹੈ। ਦੁਨੀਆਂ ਦੇ ਰਤਨ, ਲਾਲ, ਜਵਾਹਰ, ਅਮੋਲਕ, ਪਦਾਰਥ ਨਾਮ ਦੇ ਸਾਹਮਣੇ ਸਭ ਤੁੱਛ ਹੋ ਜਾਂਦੇ ਹਨ ਤੇ ਸਭ ਪਾਸੇ ਸੁੱਖ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

**ਮਾਈ ਮੇਰੇ ਮਨ ਕੋ ਸੁਖੁ॥**
**ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ॥**
ਟੋਡੀ ਮ: ੫, ਪੰਨਾ ੭੧੭

ਕਰੋੜਾਂ ਜਨਮਾਂ ਦੇ ਕਿਲਬਿਖਾਂ ਦਾ ਨਾਸ ਹੋ ਜਾਂਦਾ ਹੈ। ਹਰਿ ਨਾਮ ਹੀ ਸਭ ਕੁਛ ਬਣ ਜਾਂਦਾ ਹੈ। ਹਰਿ ਨਾਮੁ ਛਤੀਹ ਪ੍ਰਕਾਰ ਦਾ ਭੋਜਨ ਬਣ ਜਾਂਦਾ ਹੈ, ਜਿਸ ਨੂੰ ਛਕ ਕੇ ਤ੍ਰਿਪਤੀ ਹੁੰਦੀ ਹੈ, ਹਰਿ ਨਾਮੁ ਪੈਨਣੁ, ਹਰਿ ਨਾਮ ਵਣਜੁ, ਹਰਿ ਨਾਮ ਵਾਪਾਰ, ਹਰਿ ਨਾਮ ਮੀਤ, ਸਾਜਨ, ਸਖਾ, ਬੰਧਪੁ, ਸਭ ਕੁਛ ਹੀ ਤਾਂ, ਫਿਰ ਭਲਾ ਇਕ ਖਿਨ ਪਲ ਲਈ ਵੀ ਅਪਣੇ ਪਿਆਰੇ ਪ੍ਰੀਤਮ ਨੂੰ ਕਿਸ ਤਰ੍ਹਾਂ ਵਿਸਾਰਿਆ ਜਾ ਸਕਦਾ ਹੈ। ਉਠਦਿਆਂ ਬਹਿੰਦਿਆਂ, ਸੁਤਿਆਂ, ਜਾਗਦਿਆਂ, ਕੰਮ ਕਰਦਿਆਂ, ਦਿਨੇ-ਰਾਤੀ, ਹਰ ਵੇਲੇ ਉਸ ਦੇ ਨਾਮ ਦਾ ਸਿਮਰਨ ਕਰ ਕੇ ਜੀਵਨ ਸਫਲਾ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ :

**ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ॥**
**ਸੰਗਿ ਚਲਨ ਕਉ ਤੋਸਾ ਦੀਨਾ ਗੋਬਿੰਦ ਨਾਮ ਕੇ ਬਿਉਹਾਰੀ॥**
**ਅਵਰ ਬਿਸਾਰੀ ਬਿਸਾਰੀ॥ ਨਾਮੁ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ॥**
ਆਸਾ ਮ: ੫, ਪੰਨਾ ੪੦੧

**ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥**
ਗਉੜੀ ਮ: ੫, ਪੰਨਾ ੨੮੬

ਜਦੋਂ ਨਾਮ ਰੂਪੀ ਅੰਮ੍ਰਿਤ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ, ਆਪਣੇ ਪਿਆਰੇ ਸਾਹਿਬ ਕੋਲੋਂ ਨਾਮ ਦੀ ਮੰਗ ਕਰਨ ਤੋਂ ਸਿਵਾ ਕੁਝ ਹੋਰ ਰਹਿ ਹੀ ਨਹੀਂ ਜਾਂਦਾ। ਅਪਣੇ ਦਾਤੇ ਕੋਲ ਨਾਮ ਦੀ ਹੀ ਹਰ ਵੇਲੇ ਮੰਗ ਕਰਨ ਦੀ ਲੋੜ ਹੈ :

**ਕਰਤਾ ਤੂ ਮੇਰਾ ਜਜਮਾਨੁ॥**
**ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥**
ਪ੍ਰਭਾਤੀ ਮ: ੧, ਪੰਨਾ ੧੩੨੯

ਸ੍ਰੀ ਗੁਰੂ ਰਾਮਦਾਸ ਜੀ ਰਾਗ ਬਿਹਾਗੜਾ ਵਿਚ ਬੜੀ ਸੁੰਦਰ ਸ਼ੈਲੀ ਰਾਹੀਂ ਮਨੁੱਖ ਨੂੰ ਸਮਝਾਂਦੇ ਹਨ :

**ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ॥**
ਬਿਹਾਗੜਾ ਮ: ੪, ਪੰਨਾ ੫੩੭

**ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ॥**
ਬਿਹਾਗੜਾ ਮ: ੪, ਪੰਨਾ ੫੩੮

**ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਜਿਤੁ ਜਪਿਐ ਪਾਪ ਗਵਾਤੇ ਰਾਮ॥**
ਬਿਹਾਗੜਾ ਮ: ੪, ਪੰਨਾ ੫੩੯

ਤੇ ਫਿਰ ਲਿਖਦੇ ਹਨ ਕਿ ਸਿਰਫ ਮਨੁੱਖ ਹੀ ਨਹੀਂ ਸਗੋਂ ਧਰਤੀ, ਪਾਤਾਲ, ਆਕਾਸ਼, ਪਉਣ, ਪਾਣੀ, ਬੈਸੰਤਰ, ਵਣੁ, ਤ੍ਰਿਣ ਤੇ ਸਾਰਾ ਆਕਾਰ ਸਭ ਹਰਿ ਨਾਮ ਦਾ ਜਾਪੁ ਕਰਦੇ ਹਨ, ਪ੍ਰਾਣੀ ਮਾਤਰ ਨੂੰ ਸਿਖਿਆ ਦਿੰਦੇ ਹਨ, "ਹੇ ਪ੍ਰਾਣੀ ਤੂੰ ਇਕ ਦਮ ਹੁਣੇ ਹੀ ਨਾਮ ਜਪਣਾ ਸ਼ੁਰੂ ਕਰ ਦੇ", ਕਿਉਂਕਿ :

**ਹਰਿ ਜਪਦਿਆ ਖਿਨੁ ਢਿਲ ਨ ਕੀਜੀਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥** ਬਿਹਾਗੜਾ ਮ: ੪, ਪੰਨਾ ੫੪੦

ਤੇ ਜਿਨ੍ਹਾਂ ਨੇ ਇਹੋ ਜਿਹੇ ਨਾਮ ਨੂੰ ਅਪਣੇ ਮਨ ਵਿਚ ਵਸਾ ਲਿਆ, ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀ ਮਹਿਮਾ ਦਾ ਵਰਣਨ ਕਰਦੇ ਹਨ :

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥**
**ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ॥ ਨਾਮ ਬਿਨਾ ਜਨਮੁ ਬਿਰਥਾ ਜਾਏ॥**
ਭੈਰਉ ਮ: ੫, ਪੰਨਾ ੧੧੫੫

ਤੇ ਇਹੋ ਜਿਹੇ ਨਾਮ ਦੀ ਪ੍ਰਾਪਤੀ ਲਈ, ਆਪਣੀ ਰਸਨਾ ਨੂੰ ਹਰ ਵੇਲੇ ਨਾਮ ਜਪਣ ਵਿਚ ਲਗਾ ਕੇ ਜੀਵਨ ਦੇ ਪਲ ਸਫਲ ਕਰਨ ਦੀ ਅਤਿਅੰਤ ਲੋੜ ਹੈ।

## ੨

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥**
**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥**
**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥**
**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥**
**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥**
**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥**
**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥** ਮ: ੫, ਪੰਨਾ ੧੩੩

***ਸ਼ਬਦਾਰਥ :***

ਚੇਤਿ—ਚੇਤ ਦੇ ਮਹੀਨੇ ਵਿਚ। ਘਣਾ—ਬਹੁਤ। ਮਿਲਿ—ਮਿਲ ਕੇ। ਰਸਨਾ—ਜੀਭ। ਭਣਾ—ਜਪਣਾ, ਉਚਾਰਨਾ। ਜਿਨਿ—ਜਿਸ ਮਨੁੱਖ ਨੇ। ਤਿਸਹਿ ਗਣਾ—ਤਿਸ ਪੁਰਖ ਦਾ ਆਉਣਾ ਸਫਲ ਗਿਣਿਆ ਜਾਂਦਾ ਹੈ। ਜਣਾ—ਜਾਣਿਆ ਜਾਂਦਾ ਹੈ। ਜਨਮੁ ਜਣਾ—ਜਨਮ, ਜੰਮਣਾ। ਮਹੀਅਲਿ—ਪ੍ਰਿਥਵੀ, ਅਕਾਸ਼ ਵਿਚ। ਪੂਰਿਆ—ਭਰਪੂਰ। ਰਵਿਆ—ਸਮਾਇਆ ਹੋਇਆ। ਵਣਾ—ਜੰਗਲਾਂ ਦੇ। ਗਣਾ—ਗਿਣੀਏ। ਰਾਵਿਆ—ਜੱਪਿਆ ਹੈ। ਭਾਗ ਮਣਾ—ਮਣਾ ਮੂੰਹੀਂ ਬਹੁਤ ਉਚੇ ਭਾਗ ਹਨ। ਕਉ—ਨੂੰ। ਮਨਾ—ਮਨ ਵਿਚ। ਤਿਸ ਕੇ ਪਾਇ—ਉਸ ਮਨੁੱਖ ਦੇ ਪੈਰੀਂ। ਲਗਾ—ਲੱਗਾਂ।

***ਵਿਆਖਿਆ :***

ਗ੍ਰੰਥਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਚੇਤਰ ਦੇ ਮਹੀਨੇ ਦੀ ਆਪਣੀ ਹੀ ਇਕ ਖ਼ਾਸ ਵਿਸ਼ੇਸ਼ਤਾ ਹੈ। ਇਸ ਨੂੰ ਪ੍ਰੇਮ ਦਾ ਵਾਚਕ ਮੰਨਿਆ ਜਾਂਦਾ ਹੈ। ਇਸ ਮਹੀਨੇ ਵਿਚ ਵਣਸਪਤੀ ਵਿਚ ਖੇੜਾ ਹੋਣ ਕਰ ਕੇ ਹਰ ਪਾਸੇ ਸੁੰਦਰਤਾ ਦਾ ਛਿੜਕਾਅ ਹੋਇਆ ਨਜ਼ਰ ਆਉਂਦਾ ਹੈ। ਪੱਤਾ-ਪੱਤਾ ਖਿੜਿਆ ਹੁੰਦਾ ਹੈ। ਫਲ ਅਤੇ ਫੁੱਲਾਂ ਦੀ ਭਰਮਾਰ ਹੁੰਦੀ ਹੈ। ਹਰਿਆਵਲ ਤੇ ਖੇੜਾ ਹੋਣ ਕਰ ਕੇ ਸਭ ਜੀਵ ਜੰਤੂ ਅਤਿ ਪ੍ਰਸੰਨ ਹੁੰਦੇ ਹਨ। ਪਰ ਉਹ ਜੀਵ ਰੂਪੀ ਇਸਤ੍ਰੀ ਜਿਸ ਦਾ ਅਕਾਲ ਪੁਰਖ ਪ੍ਰਭੂ ਪਤੀ ਦੂਰ ਹੁੰਦਾ ਹੈ, ਉਸ ਨੂੰ ਇਹ ਖੇੜਾ ਬਿਲਕੁਲ ਚੰਗਾ ਨਹੀਂ ਲੱਗਦਾ, ਉਹ ਉਦਾਸੀਨ ਤੇ ਗ਼ਮਗੀਨ ਰਹਿੰਦੀ ਹੈ। ਉਹ

ਆਪਣੇ ਪਿਆਰੇ ਦੇ ਮੇਲ-ਮਿਲਾਪ ਲਈ ਹਮੇਸ਼ਾਂ ਇੱਛਕ ਰਹਿੰਦੀ ਹੈ, ਹਮੇਸ਼ਾ ਲੋਚਵਾਨ ਰਹਿੰਦੀ ਹੈ। ਇਸ ਕਰ ਕੇ ਉਹ ਚੇਤ ਦੇ ਮਹੀਨੇ ਵਿਚ ਅਕਾਲ ਪੁਰਖ ਪ੍ਰਭੂ ਪਤੀ ਦੀ ਅਰਾਧਨਾ ਕਰਦੀ ਹੈ, ਉਸ ਦਾ ਨਾਮ ਸਿਮਰਨ ਕਰਦੀ ਹੈ, ਉਸ ਦਾ ਜਾਪ ਜਪਦੀ ਹੈ, ਤੇ ਇਸ ਤਰ੍ਹਾਂ ਕਰਨ ਨਾਲ ਉਸ ਨੂੰ ਆਨੰਦ, ਪ੍ਰਸੰਨਤਾ, ਹੁਲਾਸ ਖੇੜੇ ਦੀ ਪ੍ਰਾਪਤੀ ਹੁੰਦੀ ਹੈ। ਪ੍ਰਕਿਰਤੀ ਦੀ ਹਰ ਖਿੜੀ ਹੋਈ ਵਸਤੂ, ਜੀਵ, ਜੰਤੂ, ਕੀਟ, ਬਨਾਸਪਤੀ ਦੀ ਤਰ੍ਹਾਂ ਉਸ ਦਾ ਹਿਰਦਾ ਵੀ ਖਿੜ ਜਾਂਦਾ ਹੈ। ਆਪਣੇ ਪਿਆਰੇ ਦੇ ਮਧੁਰ ਨਾਮ ਦਾ ਸਿਰਮਨ ਕਰ ਕੇ ਉਸ ਦਾ ਹਿਰਦਾ-ਮੰਦਿਰ ਦਰਸ਼ਨਾਂ ਦੀ ਦਾਤ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ, ਉਹ ਅੰਮ੍ਰਿਤ ਭਰਪੂਰ ਨਾਮ ਦਾ ਸੁਆਦ ਹਰ ਵੇਲੇ ਚੱਖਦੀ ਹੈ :

**ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥ਰਹਾਉ॥**
**ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥**
**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥**

ਸੂਹੀ ਮ: ੧, ਪੰਨਾ ੭੨੮

ਹੁਣ ਸਵਾਲ ਉਠਦਾ ਹੈ ਕਿ ਇਹ ਨਾਮ ਦੀ ਦਾਤ ਪ੍ਰਾਪਤ ਕਿੱਥੋਂ ਕੀਤੀ ਜਾਵੇ ? ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਉਹ ਦਾਤ ਸਾਧਾਂ, ਸੰਤਾਂ ਦੇ ਦਰਸ਼ਨ ਕਰ ਕੇ, ਮੇਲ-ਮਿਲਾਪ ਕਰ ਕੇ ਪ੍ਰਾਪਤ ਹੋ ਸਕਦੀ ਹੈ। ਇਸ ਲਈ ਜੀਵ ਰੂਪੀ ਇਸਤ੍ਰੀ ਨੂੰ ਸਤਿਗੁਰੂ, ਸੰਤ ਦੀ ਸ਼ਰਨ ਵਿਚ ਜਾਣਾ ਪਵੇਗਾ। ਉਸ ਕੋਲੋਂ ਨਾਮ ਦੀ ਦਾਤ ਲੈ ਕੇ, ਉਸ ਦਾ ਰਸਨਾ ਹਿਲਾ ਕੇ ਜਾਪ ਕਰਨਾ ਹੈ। ਜਿਸ ਜੀਵ ਰੂਪੀ ਇਸਤ੍ਰੀ ਨੇ ਆਪਣਾ ਪਿਆਰਾ ਅਕਾਲ ਪੁਰਖ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ, ਉਹ ਉਸ ਦੀ ਗਿਣਤੀ ਵਿਚ ਆਉਂਦਾ ਹੈ ਤੇ ਉਸ ਦਾ ਇਸ ਦੁਨੀਆਂ ਵਿਚ ਆਉਣਾ ਸਾਰਥਕ ਹੈ।

ਹੁਣ ਸਾਧਕ ਦੀ ਇਹ ਅਵਸਥਾ ਆ ਗਈ ਹੈ ਕਿ ਉਸਦਾ ਪਿਆਰੇ ਦੇ ਬਿਨਾਂ ਇਕ ਛਿਨ ਭਰ ਲਈ ਵੀ ਜੀਉਂਣਾ ਮੁਸ਼ਕਲ ਲਗਦਾ ਹੈ। ਇਸ ਲਈ ਹਰ ਘੜੀ, ਹਰ ਪਲ, ਹਰ ਮਹੂਰਤ, ਉਸ ਪਿਆਰੇ ਦੀ ਯਾਦ ਵਿੱਚ ਉਸ ਦੇ ਚਰਨਾਂ ਨਾਲ ਲਿਵ ਜੋੜ ਕੇ ਬਤੀਤ ਕਰਨੀ ਸਾਰਥਕ ਹੈ। ਉਹ ਅਕਾਲ ਪੁਰਖ ਕੋਈ ਛੋਟੀ ਜਿਹੀ ਵਸਤੂ ਤਾਂ ਹੈ ਨਹੀਂ, ਉਹ ਤਾਂ ਸਰਬ ਵਿਆਪਕ ਹੈ। ਉਹ ਜਲਾਂ, ਥਲਾਂ, ਪ੍ਰਿਥਵੀ, ਅਕਾਸ਼ ਵਿਚ ਪੂਰਨ ਰੂਪ ਵਿਚ ਸਥਿਤ ਹੈ ਤੇ ਉਹ ਸਾਰੀ ਵਣਸਪਤੀ ਵਿਚ ਹੀ ਸਮਾਇਆ ਹੋਇਆ ਹੈ। ਇਹੋ ਜਿਹੇ ਸਰਬ ਵਿਆਪਕ ਅਕਾਲ-ਪੁਰਖ ਨੂੰ ਜਿਹੜੇ ਯਾਦ ਨਹੀਂ ਕਰਦੇ, ਉਨ੍ਹਾਂ ਦੇ ਦੁੱਖ ਦਾ ਅੰਦਾਜ਼ਾ ਲਗਾਉਣਾ ਅਤਿ ਕਠਿਨ ਹੈ।

ਕੋਟਿ ਬਿਘਨ ਤਿਸੁ ਲਾਗਤੇ ਜਿਸਨੋ ਵਿਸਰੈ ਨਾਉ॥
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥

ਸਲੋਕ ਮ: ੫, ਪੰਨਾ ੫੨੨

— ਨਾਮ ਬਿਨਾ ਜੋ ਪਹਿਰੈ ਖਾਇ॥
ਜਿਉ ਕੂਕਰੁ ਜੂਠਨ ਮਹਿ ਪਾਇ॥ ਗਉੜੀ ਮ: ੫, ਪੰਨਾ ੨੪੦

— ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥
ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥ ਮ: ੩, ਪੰਨਾ ੧੨੪੭

ਤੇ, ਦੂਸਰੇ ਪਾਸੇ ਜਿਹੜੇ ਉਸ ਅਕਾਲ ਪੁਰਖ ਪ੍ਰੀਤਮ ਨੂੰ ਹਮੇਸ਼ਾ ਯਾਦ ਕਰਦੇ ਹਨ, ਜਾਪ ਕਰਦੇ ਹਨ, ਉਹ ਬਹੁਤ ਵੱਡੇ ਭਾਗਾਂ ਵਾਲੇ ਹਨ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ॥
ਜੋ ਗੁਰਮੁਖਿ ਹਰਿ ਅਰਾਧਦੇ ਤਿਨ ਚੂਕੀ ਜਮ ਕੀ ਜਗਤ ਕਾਣਿ॥੨੨।

ਮ: ੩, ਪੰਨਾ ੬੫੧

— ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥ ਪੰਨਾ ੮

ਜੀਵ ਰੂਪੀ ਇਸਤ੍ਰੀ ਨੂੰ ਹਰਿ ਜੀ ਦੇ ਦਰਸ਼ਨਾਂ ਦੀ ਬਹੁਤ ਲਾਲਸਾ ਹੈ, ਤੀਵਰ ਇੱਛਾ ਹੈ ਕਿ ਜਲਦੀ ਉਸ ਦੇ ਦਰਸ਼ਨ-ਦੀਦਾਰ ਹੋ ਜਾਣ, ਉਸ ਦੇ ਮਨ ਅੰਦਰ ਦਰਸ਼ਨਾਂ ਦੀ ਸਿਕ ਹੈ, ਤੜਪ ਹੈ, ਪਿਆਸ ਹੈ।

ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥
ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ॥

ਆਸਾ ਮ: ੫, ਪੰਨਾ ੩੭੪

ਇਸ ਤਰ੍ਹਾਂ ਦੇ ਖੇੜੇ ਵਾਲੇ, ਬਹਾਰ ਵਾਲੇ ਮਹੀਨੇ ਵਿਚ ਬਿਰਹਣ ਵਾਅਦਾ ਕਰਦੀ ਹੈ ਕਿ ਜਿਹੜਾ ਉਸਨੂੰ ਆਪਣੇ ਪਿਆਰੇ ਅਕਾਲ-ਪੁਰਖ ਨਾਲ ਮੇਲ-ਮਿਲਾਪ ਕਰਾ ਦੇਵੇ, ਉਹ ਉਸ ਦੇ ਚਰਨਾਂ ਉੱਤੇ ਡਿੱਗ ਕੇ ਧੰਨਵਾਦੀ ਹੋਵੇਗੀ।


— ਕੋਈ ਜਨੁ ਹਰਿ ਸਿਉ ਦੇਵੈ ਜੋਰਿ॥
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥

ਜੈਤਸਰੀ ਮ: ੫, ਪੰਨਾ ੭੦੧

— ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥
ਦਰਸਨੁ ਹਰਿ ਦੇਖਣ ਕੈ ਤਾਈ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ਰਹਾਉ॥

ਸੂਹੀ ਮ: ੪, ਪੰਨਾ ੭੫੭

ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ
ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ॥



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

***ਭਾਵ***

ਆਪਣੇ ਪਿਆਰੇ ਦੀ ਅਰਾਧਨਾ ਕਰਨ ਨਾਲ ਪ੍ਰਾਣੀ ਦਾ ਹਿਰਦਾ ਖਿੜ ਉਠਦਾ ਹੈ, ਆਨੰਦਿਤ ਹੋ ਜਾਂਦਾ ਹੈ। ਇਹੋ ਜਿਹਾ ਸਰਬ-ਵਿਆਪਕ ਪ੍ਰਮਾਤਮਾ, ਸੰਤਾਂ-ਸਾਧਾਂ ਦੀ ਕ੍ਰਿਪਾ ਸਦਕਾ ਹੀ ਮਿਲ ਸਕਦਾ ਹੈ।

# ਇਕੁ ਖਿਨੁ ਤਿਸੁ ਬਿਨੁ ਜੀਵਣਾ

## *ਸਤਿਗੁਰੂ ਪ੍ਰਤਾਪ ਸਿੰਘ ਜੀ*

ਚਾਤ੍ਰਿਕ ਸਵਾਂਤੀ ਬੂੰਦ ਲਈ ਤੜਪ ਉਠਿਆ, ਮਛਲੀ ਨੀਰ ਲਈ ਸਹਿਕਣ ਲੱਗ ਪਈ, ਚਕਵੇ ਵਿਯੋਗ ਦੀ ਪੀੜਾ ਨਾਲ ਪੀੜਤ ਹੋ ਉਠੇ। ਸੰਗਤ ਸਿੱਕ ਵਿਚ ਤੜਪਣ ਤੇ ਲੁੱਛਣ ਲੱਗ ਪਈ। ਪਿਆਰ ਪਾਲੀਆਂ ਲਾਡਲੀਆਂ ਗਾਵਾਂ, ਬੈਲ, ਘੋੜੇ ਸਿਸਕ ਸਿਸਕ ਕੇ ਨੇਤ੍ਰਾਂ ਵਿਚ ਨੀਰ ਭਰ ਉਠੇ, ਸ੍ਰੀ ਭੈਣੀ ਸਾਹਿਬ ਜੀ ਦੀ ਇੱਕ-ਇੱਕ ਚੀਜ਼—ਕੀ ਪਸ਼ੂ, ਕੀ ਪੰਖੀ, ਕੀ ਬਿਰਛ, ਕੀ ਬੂਟੇ, ਕੀ ਸੁੰਦਰ ਮੋਰ ਤੇ ਕੀ ਹੋਰ— ਸਭ ਬਾਈ ਅਗਸਤ ਦੀ ਰਾਤ ਨੂੰ ਆਪਣੀਆਂ ਸਿਕਾਂ ਨੂੰ ਸੀਨੇ ਵਿਚ ਦਬਾ ਕੇ ਰੋਂਦੇ ਤੜਪਦੇ ਲੁੱਛਦੇ ਕੁਰਲਾਂਦੇ ਬਾਰ ਬਾਰ ਤਰਸਦੇ ਨੈਣਾਂ ਨਾਲ ਝਾਕਣ ਲੱਗ ਪਏ ਤੇ ਪੀ ਕਹਾਂ ? ਪੀਆ ਕਹਾਂ ? ਕਹਿੰਦੇ ਚਿਲਾਅ ਨਹੀਂ ਸਨ ਉਠੇ ? ਉਨ੍ਹਾਂ ਨੂੰ ਆਪਣੇ ਪਿਆਰੇ ਪ੍ਰੀਤਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਨਹੀਂ ਸਨ ਹੋ ਰਹੇ, ਉਨ੍ਹਾਂ ਨੂੰ ਆਪਣੇ ਇਸ਼ਟ ਤੋਂ ਬਿਨਾਂ ਇਕ ਖਿਨ ਭਰ ਲਈ ਵੀ ਜੀਉਣਾ ਮੁਸ਼ਕਿਲ ਹੋ ਰਿਹਾ ਸੀ।

**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥**

ਸਾਧਕ ਨੂੰ ਆਪਣੇ ਪਿਆਰੇ ਦੇ ਸਰੀਰਕ ਉਹਲਾ ਕਰਨ ਤੇ ਘੜੀ ਪਲ ਬਿਤਾਉਣਾ ਵਿਅਰਥ ਲੱਗ ਰਿਹਾ ਸੀ।

ਭਾਲ ਬਿਰਹੁੰ ਵਿਗੁੱਤੇ ਮਨ ਹਾਲਾਂ ਚੀਨੀਵਾਲੇ ਪਾਤਸ਼ਾਹ ਦਾ ਵਿਯੋਗ ਹੀ ਕਦੋਂ ਭੁੱਲੇ ਸਨ, ਦਰਸ਼ਨਾਂ ਲਈ ਬਿਹਬਲ, ਤਾਂਘੀਆਂ ਅੱਖਾਂ ਨੂੰ ਕੀ ਪਤਾ ਸੀ ਕਿ ਇੱਕ ਦਿਨ ਉਹ ਵੀ ਜਲਦੀ ਹੀ ਆਵੇਗਾ, ਜਦੋਂ ਕਿ ਖ਼ੁਦ ਉਨ੍ਹਾਂ ਦੇ ਰਹਿਬਰ ਪਥ ਪਰਦਰਸ਼ਕ ਉਨ੍ਹਾਂ ਦੀਆਂ ਅੱਖਾਂ ਤੋਂ ਇਕ ਦਮ ਸਰੀਰਕ ਓਹਲਾ ਕਰ ਲੈਣਗੇ ਤੇ ਸੰਗਤ ਨੂੰ ਇਕ ਹੋਰ ਤਾਜ਼ੀ ਸਿੱਕ ਲਈ ਛੱਡ ਜਾਣਗੇ ? ਤੇ ਫਿਰ ਓਹੀ— ਜੰਗਲ ਬੇਲੇ ਫਿਰਾਂ ਢੂੰਢੇਦੀ।

ਸਮੇਂ-ਸਮੇਂ ਸਿਰ ਮਹਾਨ ਸ਼ਖ਼ਸੀਅਤਾਂ ਆਪਣੇ ਕਰਤਵਾਂ ਤੇ ਕਾਰਨਾਮਿਆਂ ਦੇ ਉੱਜਲ ਪ੍ਰਕਾਸ਼ ਨਾਲ ਆਪ ਤਾਂ ਪ੍ਰਕਾਸ਼ਮਈ ਹੋ ਹੀ ਉਠਦੀਆਂ ਹਨ, ਭੁਲੇ

ਭਟਕਦੇ ਯਾਤਰੂਆਂ ਲਈ ਇਕ ਚਾਨਣ ਮੁਨਾਰੇ ਦਾ ਕੰਮ ਵੀ ਕਰਦੀਆਂ ਹਨ, ਪਰ ਕੀ ਸਿਤਾਰੇ ਚੰਨ ਦੀ ਤੁਲਨਾ ਪਾ ਸਕਦੇ ਹਨ, ਆਪ ਨਾਮਧਾਰੀ ਸੰਗਤ ਦੇ ਅਣਮੁੱਲੇ ਚੰਨ ਦੀ ਤਰ੍ਹਾਂ ਸਨ ਪਰ ਓਹ ਵੀ ਕਲੰਕ ਕਰ ਕੇ ਆਪ ਜੀ ਦੇ ਸਾਹਮਣੇ ਹੀਨ ਸੀ ?

ਆਪ ਅਧਿਆਤਮਕ ਉੱਚਤਾ ਨੂੰ ਪ੍ਰਾਪਤ ਕੀਤੇ ਹੋਏ ਬਹੁਮੁੱਖੀ ਪ੍ਰਤਿਭਾ ਦੇ ਅਲੌਕਿਕ ਸਤਿਗੁਰੂ ਸਨ, ਆਸਾ ਜੀ ਦੀ ਵਾਰ, ਚੰਡੀ ਦੀ ਵਾਰ ਤੇ ਨਿਤਨੇਮ ਆਪ ਜੀ ਦੇ ਰੋਜ਼ਾਨਾ ਜੀਵਨ ਦਾ ਇਕ ਅਤਿ ਅਵਸ਼ਕ ਅੰਗ ਸਨ। ਚਾਹੇ ਕੁਝ ਵੀ ਕਿਉਂ ਨਾ ਹੋਵੇ ਹਜ਼ੂਰ ਦੀ ਸਿਹਤ ਢਿੱਲੀ ਹੋਣ ਤੇ ਵੀ ਆਪ ਆਪਣੇ ਨਿਤਨੇਮ ਤੋਂ ਕਦੇ ਵੀ ਅਵੇਸਲੇ ਨਾ ਹੁੰਦੇ ਤੇ ਇਸ ਦੇ ਨਾਲ ਹੀ ਹਰ ਨਾਮਧਾਰੀ ਨੂੰ ਇਸ ਵੱਲ ਪ੍ਰੇਰਿਤ ਕੀਤਾ ਜਾਂਦਾ।

ਕਿੰਨੇ ਹੀ ਦੀਵਾਨਿਆਂ ਤੇ ਮਸਤਾਨਿਆਂ ਦੀਆਂ ਅਤ੍ਰਿਪਤ ਬੁੱਲ੍ਹੀਆਂ ਤਾਰਿਆਂ ਦੀ ਮਧੁਰ ਛਾਵੇਂ, ਇਸ ਸੋਨ ਕਟੋਰੀ ਦਾ ਅੰਮ੍ਰਿਤ ਪੀਣ ਲਈ ਟਹਿਕਦੀਆਂ।

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**

ਆਪ ਨੂੰ ਬਹੁਤ ਬਾਣੀ ਕੰਠ ਸੀ। ਪਾਠ ਵਿਚ ਜ਼ਰਾ ਜਿੰਨੀ ਲੱਗ ਮਾਤਰਾ ਦੀ ਭੁੱਲ ਨੂੰ ਆਪ ਇਕ ਦਮ ਸੋਧਦੇ ਤੇ ਕਈ ਪ੍ਰਕਾਰ ਦੀਆਂ ਕਥਾਵਾਂ ਰਾਹੀਂ ਆਪ ਸੰਗਤ ਨੂੰ ਅਨੰਦਮਈ ਕਰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਨਿਤਨੇਮ ਦੀ ਮਹਾਨਤਾ ਤਾਂ ਇਸ ਤੋਂ ਸਪਸ਼ਟ ਹੈ ਕਿ ਅਸੂ ਦੇ ਮਹੀਨੇ ਸਵਾ ਲੱਖ ਪਾਠਾਂ ਦਾ ਭੋਗ ਆਪ ਦੀ ਛਤਰ-ਛਾਇਆ ਹੇਠ ਪੈਂਦਾ, ਤੇ ਹਰ ਨਾਮਧਾਰੀ ਨੂੰ ਇੱਕ-ਇੱਕ ਸ਼ਬਦ ਦੇ ਕੇ ਪਾਠ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ। ਯੱਗ ਤੇ ਹੋਮ ਆਪ ਦੀਆਂ ਸਨਾਤਨੀ ਲੋੜਾਂ ਵਿਚੋਂ ਸਨ। ਪਤਾ ਨਹੀਂ ਕਿੰਨੇ ਹੀ ਦੀਵਾਨੇ, ਮਸਤਾਨੇ ਆਪਣੇ ਸੁਲਗਦੇ ਦੀਪਾਂ ਨੂੰ ਇਥੋਂ ਰੋਸ਼ਨੀ ਲੈ ਕੇ ਪ੍ਰਜਵਲਿਤ ਕਰਦੇ।

ਆਪ ਇਸ ਅਧਿਆਤਮਿਕਤਾ ਨੂੰ ਆਪਣੇ ਮਧੁਰ ਗਲੇ ਦੀ ਸੁਰੀਲੀ ਧੁਨੀ ਰਾਹੀਂ ਮਨਾਂ ਨੂੰ, ਵਾਤਾਵਰਣ ਨੂੰ, ਹਰ ਕਣ-ਕਣ ਨੂੰ ਅਨੰਦਮਈ ਕਰਦੇ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ ਇਕ ਮਹਾਨ ਸੰਗੀਤਕਾਰ ਵੀ ਤਾਂ ਆਪ ਸਨ। ਆਪ ਨੂੰ ਸੰਗੀਤ ਦਾ ਓਪਰਾ ਗਿਆਨ ਨਹੀਂ ਸੀ, ਸਗੋਂ ਉਸ ਦੀਆਂ ਡੂੰਘੀਆਂ ਤੈਹਾਂ ਤਕ ਆਪ ਪਰਬੀਨ ਸਨ ਤੇ ਇਹੀ ਕਾਰਨ ਹੈ ਕਿ ਆਪ ਅਕਸਰ ਸੰਗੀਤ ਸੰਮੇਲਨ ਕਰਦੇ ਰਹਿੰਦੇ, ਜਿਸ ਵਿੱਚ ਦੂਰੋਂ-ਦੂਰੋਂ ਮਹਾਨ ਸੰਗੀਤਕਾਰਾਂ ਨੂੰ ਸੱਦਾ ਦਿੱਤਾ ਜਾਂਦਾ। ਵੱਡੇ ਵੱਡੇ ਰਾਗੀ ਵੀ ਆਪਦੇ ਸਾਹਮਣੇ ਘਬਰਾ ਜਾਂਦੇ। ਆਪਣੇ ਸਾਹਿਬਜ਼ਾਦਿਆਂ ਨੂੰ ਵੀ ਸੰਗੀਤ ਵਿਚ ਨਿਪੁੰਨ ਕੀਤਾ। ਆਪਣੀ ਰੁਚੀ ਦੀ ਤੀਬਰਤਾ ਹੋਰ ਵੀ ਪ੍ਰਗਟ ਹੋ ਜਾਂਦੀ ਹੈ ਜਦੋਂ

ਪਤਾ ਲੱਗਦਾ ਹੈ ਕਿ ਸੂਬਾ ਰੀਡਾ ਸਿੰਘ ਜੀ ਦਿੱਲੀ ਕੋਲੋਂ ਇੱਕ ਇਸ ਤਰ੍ਹਾਂ ਦਾ ਤਾਲ ਯੰਤਰ ਬਣਵਾਇਆ ਜੋ ਕਿ ਇਕਸਾਰ ਲੈ ਤਾਲ ਦਾ ਪੂਰਾ ਪੂਰਾ ਗਿਆਨ ਦਿੰਦਾ। ਸੁਣਨ ਵਿਚ ਆਇਆ ਹੈ ਕਿ ਵੱਡੇ ਵੱਡੇ ਰਾਗੀ ਵੀ ਉਸ ਯੰਤਰ ਨਾਲ ਗਾਉਣ ਤੋਂ ਘਬਰਾ ਜਾਂਦੇ।

ਆਪ ਬਖਸ਼ਸ਼ਾਂ ਦੇ ਭੰਡਾਰ ਸਨ। ਨਾਮਧਾਰੀ ਸੰਗਤ ਦੇ ਪਿਤਾ ਜੀ ਸਨ ਜੋ ਕਿ ਆਪਣੇ ਬੱਚਿਆਂ ਦੀਆਂ ਵੱਡੀਆਂ ਵੱਡੀਆਂ ਭੁੱਲਾਂ ਨੂੰ ਬਖਸ਼ਦੇ। ਸੰਤ ਕੇਸਰ ਸਿੰਘ ਦੀ ਚਵਿੰਡੇ ਵਾਲਿਆਂ ਦਾ ਇਹ ਕਥਨ 'ਆਪ ਜੀ ਨੇ ਬਖਸ਼ਸ਼ਾਂ ਦਾ ਦਰ ਹਮੇਸ਼ਾ ਖੁੱਲ੍ਹਾ ਰਖਣਾ' ਨੂੰ ਕਦੇ ਵੀ ਅੱਖੋਂ ਪਰੋਖੇ ਨਾ ਕਰਦੇ। ਸਮਦਰਸੀ ਗੁਰੂ ਦੀ ਮਿਹਰ ਭਰੀ ਨਦਰ ਔਗੁਣਾਂ ਨੂੰ ਇਕਦਮ ਬਖਸ਼ਦੀ। ਕਈ ਵਾਰ ਪਿਆਰ ਭਰੀਆਂ ਝਿੜਕੀਆਂ ਰਾਹੀਂ ਆਪ ਕੁਰਾਹੀਆਂ ਨੂੰ ਰਸਤੇ ਪਾਂਦੇ।

ਆਪ ਜੀ ਦੀ ਮਹਿਮਾ ਨਾ ਸਿਰਫ਼ ਪੰਜਾਬ ਤਕ ਹੀ ਸੀਮਿਤ ਸੀ ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਆਪ ਦੇਸ਼-ਰਟਨ ਕਰ ਕੇ ਕਿੰਨੀਆਂ ਹੀ ਲੁੱਛਦੀਆਂ ਤੇ ਸਿਕਦੀਆਂ ਰੂਹਾਂ ਨੂੰ ਆਪਣੇ ਅਮ੍ਰਿਤਮਈ ਦਰਸ਼ਨ ਰਾਹੀਂ ਸ਼ਾਂਤ ਕਰਦੇ। ਆਪ ਦੀ ਡੂੰਘੀ-ਸੂਝ ਨੇ ਆਧੁਨਿਕ ਜਗਤ, ਜਿਸ ਵਿਚ ਸਬਰ, ਜ਼ੁਲਮ, ਤਸ਼ਦਦ ਅਨਿਆਇ ਦਾ ਖ਼ੂਬ ਬੋਲ ਬਾਲਾ ਹੈ, ਕਿਵੇਂ ਸੱਚ ਨੂੰ ਫਾਂਸੀ ਤੇ ਚਾੜ੍ਹਿਆ ਜਾਂਦਾ ਹੈ, ਰਿਸ਼ਵਤ ਦਾ ਬਾਜ਼ਾਰ ਖ਼ੂਬ ਗਰਮ ਹੈ, ਮਨ ਪਰਚਾਵੇ ਦੇ ਬੇਢੰਗੇ ਸਾਧਨ ਵੱਧ ਰਹੇ ਹਨ, ਸੰਤਾਂ ਸਾਧਾਂ ਨੂੰ ਹੱਥਕੜੀਆਂ ਵਿਚ ਜਕੜਿਆ ਜਾ ਰਿਹਾ ਹੈ, ਗਾਂ ਨੂੰ ਮਾਂ ਕਹਿ ਕੇ ਵੀ ਬਧ ਕੀਤਾ ਜਾਂਦਾ ਹੈ, ਬੁੱਚੜ ਖਾਨੇ ਖ਼ੂਬ ਵੱਧ ਰਹੇ ਹਨ, ਆਦਿ ਨੂੰ ਖ਼ੂਬ ਚੰਗੀ ਤਰ੍ਹਾਂ ਘੋਖਿਆ ਤੇ ਆਪਣੇ ਮਧੁਰ ਬਚਨਾਂ ਰਾਹੀਂ ਸੰਗਤ ਨੂੰ ਇਸ ਔਗੁਣਾਂ ਭਰੇ ਸੰਸਾਰ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ।

ਸਾਦਗੀ ਆਪ ਜੀ ਦੇ ਜੀਵਨ ਦਾ ਚਰਮ ਲਕਸ਼ ਸੀ। ਸ਼ੋਖਾਂ ਸ਼ਾਖੀ ਤੋਂ ਬਹੁਤ ਦੂਰ ਰਹਿੰਦੇ ਸਨ। ਕੀ ਖਾਨ, ਕੀ ਪਾਨ, ਹਰ ਪਾਸੇ ਆਪ ਸਾਦਗੀ ਦੀ ਆਪ ਮਿਸਾਲ ਸਨ ਤੇ ਇਹੀ ਕਾਰਨ ਹੈ ਕਿ ਸਿੱਧੇ ਸਾਦੇ ਪਹਿਰਾਵੇ ਵਿਚ ਹਰ ਨਾਮਧਾਰੀ ਤੇ ਨਾਮਧਾਰਣ ਨੂੰ ਵੇਖ ਕੇ ਆਪ ਜੀ ਨੂੰ ਮਹਾਨ ਖ਼ੁਸ਼ੀ ਹੁੰਦੀ।

ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਕਿਸੇ ਇਕ ਖਾਸ ਸੰਪ੍ਰਦਾ ਨਾਲ ਵਿਸ਼ੇਸ਼ ਤੌਰ ਤੇ ਸੰਬੰਧਿਤ ਨਹੀਂ ਸਨ। ਨਾਮਧਾਰੀ ਸੰਪ੍ਰਦਾਇ ਵਿਚ ਹਿੰਦੂ, ਮੁਸਲਮਾਨ, ਉੱਚਾ-ਨੀਵਾਂ ਬਿਨਾਂ ਕਿਸੇ ਵਿਤਕਰੇ ਤੋਂ ਸ਼ਾਮਿਲ ਹੋ ਸਕਦਾ ਹੈ। ਇਕ ਅਛੂਤ ਵੀ ਆਪ ਦੀ ਸ਼ਰਨ ਵਿਚ ਆ ਕੇ ਪਾਰਸ ਰੂਪੀ ਗੁਰੂ ਦੀ ਛੋਹ ਪ੍ਰਾਪਤ ਕਰ ਕੇ ਕੰਚਨ ਮਈ ਬਣ ਜਾਂਦਾ। ਆਪ ਦੇ ਅੰਤਿਮ ਸਮੇਂ, ਹਰ ਸੰਪ੍ਰਦਾਇ ਦੇ ਪੁਰਖ ਸ਼ਰਧਾਂਜਲੀ ਭੇਟ ਕਰਨ ਹਾਜ਼ਰ ਹੋਏ।

ਬੇਜ਼ੁਬਾਨ ਪਸ਼ੂਆਂ ਦੀ ਪਾਲਣਾ ਵੱਲ ਆਪ ਖ਼ਾਸ ਤੌਰ ਤੇ ਧਿਆਨ ਦਿੰਦੇ। ਪਸ਼ੂ ਵਿਗਿਆਨ ਵਿਚ ਆਪ ਖ਼ੂਬ ਮਾਹਿਰ ਸਨ, ਇਹੀ ਕਾਰਨ ਹੈ ਕਿ

ਵੱਡੇ ਵੱਡੇ ਜ਼ਿਮੀਦਾਰ ਵੀ ਪਸ਼ੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪ ਦੀ ਸ਼ਰਨ ਵਿਚ ਆਉਂਦੇ। ਆਪ ਜੀ ਸਮੇਂ ਸਮੇਂ ਨੁਮਾਇਸ਼ਾਂ ਰਾਹੀਂ ਤੇ ਆਪਣੇ ਸ਼ੁਭ ਬਚਨਾਂ ਨਾਲ ਪੇਂਡੂ ਜਨਤਾ ਨੂੰ ਵੀ ਕਾਫੀ ਮਾਣ ਬਖਸ਼ਦੇ।

ਨਿਮਾਣਿਆਂ ਦੇ ਮਾਣ ਨੇ ਦੇਸ਼ ਦੀ ਵੰਡ ਸਮੇਂ ਕਈ ਨਿਆਸਰਿਆਂ ਨੂੰ ਆਸਰਾ ਦਿੱਤਾ ਤੇ ਲੰਗਰ ਦਾ ਭੰਡਾਰਾ ਅਤੁੱਟ ਵਰਤਦਾ ਰਖਿਆ। ਕਿੰਨੀ ਵੀ ਸੰਗਤ ਕਿਉਂ ਨਾ ਹੋਵੇ, ਲੰਗਰ ਦਾ ਤੋਟਾ ਕਦੇ ਵੀ ਨਾ ਆਉਣ ਦਿੱਤਾ। ਕਈ ਵਾਰੀ .ਗਰੀਬ ਨਿਵਾਜ ਖ਼ੁਦ ਆਪ ਆਪਣੇ ਕੋਮਲ ਹਸਤ ਕਮਲਾਂ ਰਾਹੀਂ ਸੰਗਤ ਨੂੰ ਪ੍ਰਸ਼ਾਦ ਛਕਾ ਕੇ ਤ੍ਰਿਪਤ ਕਰਦੇ।

ਵਿਆਹ ਦੀ ਸਾਦਗੀ ਦੀਆਂ ਲੀਹਾਂ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾ ਹੀ ਚੁੱਕੇ ਸਨ। ਆਪ ਉਨ੍ਹਾਂ ਦੇ ਪੂਰਨਿਆਂ ਤੇ ਚਲ ਕੇ, ਉਸ ਨੂੰ ਸ਼ਿਖਰਾਂ ਤੇ ਪਹੁੰਚਾ ਦਿੱਤਾ ਜਿਸ ਨੂੰ ਵੇਖ ਕੇ ਹਰ ਕੋਈ ਸਰਾਹਨਾ ਕੀਤੇ ਬਿਨਾਂ ਨਹੀਂ ਸੀ ਰਹਿ ਸਕਦਾ। ਇਹ ਇੱਕ ਤਰ੍ਹਾਂ ਦਾ ਗੁਰੂ ਪਿਤਾ ਜੀ ਦੀ ਛਤਰ-ਛਾਇਆ ਵਿੱਚ ਕੀਤੀ ਗਈ ਸਿਵਿਲ ਮੈਰਿਜ ਹੀ ਤਾਂ ਹੈ।

ਆਪ ਜੀ ਦੇ ਸ਼ਬਦ ਸਿੱਧੇ ਦਿਲਾਂ ਅੰਦਰ ਧਸਦੇ। ਆਪ ਦੇ ਚਿਹਰੇ ਦੀ ਲਾਲੀ ਤੇ ਜਮਾਲ ਦੀ ਝਾਲ ਕੌਣ ਝਲ ਸਕਦਾ ਸੀ, ਜਿਵੇਂ ਭਾਈ ਗੁਰਦਾਸ ਜੀ ਕਹਿੰਦੇ ਹਨ :

ਕਿਹੜਾ ਝਲੇ ਗੁਰੂ ਦੀ ਝਾਲਾ॥

ਫੜਾਂ ਮਾਰਨ ਵਾਲੇ ਆਪ ਜੀ ਦੇ ਰੂਹਾਨੀ ਨੂਰ ਅੱਗੇ ਡਾਵਾਂ-ਡੋਲ ਹੋ ਜਾਂਦੇ ਤੇ ਆਪ ਦੇ ਸਾਹਮਣੇ ਇਕ ਸ਼ਬਦ ਵੀ ਨਾ ਕਹਿਣ ਦੀ ਹਿੰਮਤ ਕਰਦੇ। ਸੂਬਾ ਗੰਡਾ ਸਿੰਘ ਜੀ ਦੇ ਕਹਿਣ ਅਨੁਸਾਰ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਨਰ ਗੁਰੂ ਸਨ।

ਆਪਦੀ ਬਹੁ-ਪੱਖੀ ਸ਼ਖ਼ਸੀਅਤ ਦਾ ਵਰਣਨ ਕਰਨਾ ਕਲਮ ਦੇ ਵੱਸ ਤੋਂ ਬਾਹਰ ਹੈ। ਸੰਗਤ ਫਿਰ ਕੂਕ ਉਠੀ ਉਹ ਪੀਯਾ ਜਿਨਾਂ ਨੇ ਸਿਖਾਇਆ ਕਿ-ਦੇਹਧਾਰੀ ਗੁਰੂ ਦੀ ਲੋੜ ਅਤਿ ਆਵਸ਼ਕ ਹੈ ? ਨਾਮ ਸਿਮਰਨ ਮਨੁੱਖੀ ਦੇਹ ਤੇ ਮਨ ਲਈ ਅਤਿ ਜ਼ਰੂਰੀ ਹੈ, ਪਿਆਰ ਤੇ ਏਕਤਾ ਜੀਵਨ ਦੇ ਮੁਖ ਮੰਤਵ ਹਨ, ਹਵਨ ਤੇ ਯੱਗ ਦੇਸ਼ ਲਈ ਲਾਭਦਾਇਕ ਹਨ, ਉੱਚਾ ਆਚਰਣ ਸਾਦੀ ਖ਼ੁਰਾਕ, ਵਿਚਾਰਾਂ ਦੀ ਸ਼ੁੱਧਤਾ ਜੀਵਨ ਉਸਾਰੀ ਦੀਆਂ ਮਹੱਤਵਪੂਰਣ ਲੋੜਾਂ ਹਨ, ਗਊ ਰੱਖਿਆ ਨਾਲ ਦੇਸ਼ ਬੱਝਾ ਹੋਇਆ ਹੈ, ਕੁੜੀਆਂ ਨੂੰ ਮਾਰਣਾ ਵੱਟੇ ਕਰਨਾ ਪਾਪ ਹੈ, ਵਿਧਵਾ ਵਿਆਹ ਸਮਾਜ ਲਈ ਬੁਰਾਈਆਂ ਦੀ ਜੜ੍ਹ ਦੂਰ ਕਰਨ ਲਈ ਨਿਮਰਤਾ ਤੇ ਸਤਿਕਾਰ ਕਰਨਾ ਸਿਖਾਇਆ ਤੇ ਹੋਰ ਕਿੰਨਾਂ ਕੁਝ ? ਓਹ ਪੀਆ ਕਿਤ ਦੇਸ ?

ਸਮਦਰਸੀ ਗ਼ਰੀਬ ਨਿਵਾਜ, ਸੰਗੀਤ ਦੇ ਪ੍ਰੇਮੀ, ਅਧਿਆਤਮਕ ਉੱਚਤਾ ਦੇ ਮਾਲਕ, ਬੇਜ਼ਬਾਨਾਂ ਦੇ ਪਾਲਕ, ਦੇਸ਼ ਰਟਨ ਰਾਹੀਂ ਮਨੁੱਖਾਂ ਦਾ ਉਧਾਰ ਕਰਨ ਵਾਲੇ, ਸਾਦਗੀ ਦੇ ਪੀਰ, ਗਊਆਂ ਦੇ ਕਾਹਨ, ਹਿੰਸਾ ਦੇ ਵਿਰੋਧੀ, ਬਖਸ਼ਸ਼ਾਂ ਦੇ ਭੰਡਾਰੇ, ਕਰਨੀ ਕਥਨੀ ਵਿਚ ਸਾਮੰਜਸ ਲਿਆਉਣ ਵਾਲੇ ਪੀਆ ਅੱਜ ਕਿੱਥੇ ? ਉਨ੍ਹਾਂ ਤੋਂ ਬਿਨਾਂ ਇਕ ਸਵਾਸ ਲੈਣਾ ਵੀ ਵਿਅਰਥ ਹੈ।

ਸੰਗਤ ਵੈਰਾਗਮਈ ਹੋ ਕੇ ਰੋ ਉਠੀ, ਬਿਰਹਾ ਜੋਬਨ ਤੇ ਪਹੁੰਚ ਗਿਆ, ਸਾਧਕ ਨਿਢਾਲ ਹੋ ਗਿਆ—ਰਿਤੂਆਂ ਸਾਧਕ ਲਈ ਵਿਯੋਗ ਦਾ ਸੱਲ ਬਣ ਗਈਆਂ। ਸਾਧਕ ਬਿਹਬਲ ਹੋ ਉਠਿਆ। ਨਾਮ ਸਿਮਰਨ ਨਾਲ ਮਨ ਨੂੰ ਸ਼ਾਂਤ ਕਰਨ ਲੱਗਾ। ਉਸ ਪ੍ਰੀਤਮ ਦੀ ਹੋਂਦ ਨੂੰ ਲੱਭਣ ਲੱਗਾ। ਹੋਠਾਂ ਤੇ ਇਕ ਦਮ ਮੁਸਕਾਨ, ਖ਼ੁਸ਼ੀ ਦੀ ਬੇਹੱਦ, ਅੱਖਾਂ ਵਿਚ ਪ੍ਰਸੰਨਤਾ ਦੇ ਹੰਝੂ, ਬੁੱਲੀਆਂ ਤੇ ਮਿਲਾਪ ਦੀ ਮਧੁਰ ਮੁਸਕਾਣ, ਨਿਰਾਸ਼ਾ ਦੇ ਬੁਝਦੇ ਦੀਪ, ਆਸ਼ਾ ਵਿਚ ਬਦਲਦੇ ਦਿੱਸਣ ਲੱਗ ਪਏ। ਕਸਕਾਂ ਚੀਸਾਂ ਪੀੜਾ ਦਾ ਅੰਤ ਹੋਣ ਲੱਗਾ। ਫਿਰ ਓਹੀ ਨਾਮ ਸਿਮਰਣ, ਓਹੀ ਭਜਨ ਬਾਣੀ, ਓਹੀ ਸਭ ਰੁਚੀਆਂ, ਓਹੀ ਪਹਿਰਾਵਾ, ਓਹੀ ਵਿਚਾਰ, ਓਹੀ ਆਵਾਜ਼, ਓਹੀ ਤੇਜ, ਓਹੀ ਭਟਕਦਿਆਂ ਦੇ ਪੱਥ ਪ੍ਰਦਰਸ਼ਕ, ਸਭ ਕੁਝ ਓਹੀ, ਓਹੀ ਹੀ ਤਾਂ, ਤੇ ਸਾਧਕ ਨੂੰ ਉੱਤਰ ਮਿਲ ਗਿਆ— ਹਾਂ ਮਹਾਨ ਹਸਤੀਆਂ ਤਾਂ ਸਿਰਫ਼ ਆਪਣਾ ਸਰੀਰਕ ਚੋਲਾ ਹੀ ਬਦਲਦੀਆਂ ਹਨ ਤੇ ਇਹ ਵੀ ਕਿਉਂ ? ਕਿਧਰੇ ਅਕਾਲ ਦੀ ਅਡੋਲਤਾ ਦਾ ਨਿਯਮ ਭੰਗ ਨਾ ਹੋ ਜਾਵੇ, ਤੇ ਪੀ ਕਹਾਂ ? ਸਾਧਕ ਜਾਣ ਗਿਆ ਸ੍ਰੀ ਭੈਣੀ ਸਾਹਿਬ ਵਿਖੇ ਓਹੀ ਪੀਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਜਿੰਨਾਂ ਦੇ ਦਰਸ਼ਨ ਪਰਸਨ ਨਾਲ ਬਿਰਹਾ ਵਿਯੋਗ, ਤੜਪ ਤੇ ਵਿਛੋੜੇ ਦੇ ਪਲ ਮੁੱਕ ਗਏ ਤੇ ਜੀਵਨ ਸਾਰਥਕ ਹੋ ਉਠਿਆ।

# ੩

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

ਮ: ੫, ਪੰਨਾ ੧੩੩

***ਸ਼ਬਦਾਰਥ :***

ਧੀਰਨਿ—ਧੀਰਜ ਕਰਨ। ਕਿਉ—ਕਿਸ ਤਰ੍ਹਾਂ। ਵਾਢੀਆ—ਪਤੀ ਤੋਂ ਵਿਛੱੜੀਆਂ ਹੋਈਆਂ। ਪ੍ਰੇਮ—ਪਤੀ ਦੇ ਪ੍ਰੇਮ ਦਾ। ਬਿਛੋਹੁ—ਵਿਛੋੜਾ, ਵਿਯੋਗ। ਧੋਹੁ—ਧੋਖਾ, ਛਲ। ਕਲਤ੍ਰ—ਇਸਤ੍ਰੀ। ਪਲਚਿ—ਵਸ ਕੇ, ਉਲਝ ਕੇ। ਸਗਲੀ—ਸਾਰੀ ਸ੍ਰਿਸ਼ਟੀ। ਧੰਧੈ ਮੋਹੁ—ਧੰਧੇ ਦਾ ਮੋਹ। ਖੋਹਿ—ਖੋਹ ਲਿਆ ਜਾਂਦਾ। ਦਯੁ—ਪਿਆਰਾ ਪ੍ਰਭੂ। ਵਿਗੁਚਣਾ—ਖੁਆਰ ਹੋਈਦਾ ਹੈ। ਸੋਇ—ਸੋਭਾ। ਭੇਟੈ—ਮਿਲ ਪਏ।

***ਵਿਆਖਿਆ :***

ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਨੂੰ ਆਪਣੇ ਪਿਆਰੇ ਦਾ ਪਿਆਰ ਨਹੀਂ ਮਿਲਦਾ, ਵਿਛੋੜਾ ਸਹਿਨ ਕਰਨਾ ਪੈਂਦਾ ਹੈ, ਉਹ ਬਿਰਹਾ ਦੀ ਅੱਗ ਵਿੱਚ ਝੁਲਸਦੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਆਪਣੇ ਪ੍ਰੀਤਮ ਪ੍ਰਭੂ ਬਿਨਾਂ ਵੈਸਾਖ ਦੇ ਮਹੀਨੇ ਵਿਚ ਕਿਵੇਂ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ, ਕਿਵੇਂ ਸਾਂਤਵਨਾ ਮਿਲ ਸਕਦੀ ਹੈ ? ਉਨ੍ਹਾਂ ਨੂੰ ਆਪਣਾ ਸਿਰਜਨਹਾਰ ਅਕਾਲ ਪੁਰਖ ਯਾਦ ਨਹੀਂ ਰਹਿੰਦਾ, ਉਸ ਨੂੰ ਭੁੱਲ ਕੇ, ਛਲ ਜਾਣ ਵਾਲੇ ਮਾਇਆ ਦੇ ਪਦਾਰਥਾਂ ਵਿੱਚ ਭ੍ਰਮਿਆ ਹੋਇਆ ਹੈ। ਮਨੁੱਖ ਰੰਗ ਬਿਰੰਗੇ ਦੁਨੀਆਵੀ ਜੰਜਾਲਾਂ ਵਿੱਚ ਫਸ ਕੇ ਮੌਜ ਮੇਲਿਆਂ ਵਿੱਚ ਆਪਣਾ ਸਮਾਂ ਗਵਾਉਂਦਾ ਹੈ। ਇਹ ਮਾਇਆ ਅਤਿ ਬਲਵੰਤ ਹੈ, ਅਤਿਅੰਤ ਬਲਵਾਨ ਹੈ।

**ਬਲਵੰਤਿ ਬਿਆਪਿ ਰਹੀ ਸਭ ਮਹੀ॥**
**ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ॥੧॥ਰਹਾਉ॥**
**ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ॥**
**ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ॥**
ਗੂਜਰੀ ਮ: ੫, ਪੰਨਾ ੪੯੯

ਜਿਸ ਮਾਇਆ ਦੇ ਰੰਗ ਤਮਾਸ਼ਿਆਂ ਵਿੱਚ ਉਲਝ ਕੇ ਬੰਦਾ ਸਮਾਂ ਵਿਅਰਥ ਕਰਦਾ ਹੈ, ਉਹ ਅੰਤ ਵੇਲੇ ਉਸ ਦੀ ਸਹਾਇਕ ਨਹੀਂ ਬਣਦੀ। ਉਸ ਨੂੰ ਇਹ ਯਾਦ ਹੀ ਨਹੀਂ ਰਹਿੰਦਾ ਕਿ ਨਾਂ ਤਾਂ ਉਸ ਦਾ ਕੋਈ ਪੁੱਤਰ, ਨਾ ਇਸਤ੍ਰੀ ਨਾ ਸੰਚਿਤ ਕੀਤਾ ਹੋਇਆ ਧਨ ਹੈ। ਅੰਤਲੇ ਸਮੇਂ ਉਸ ਦੀ ਕੋਈ ਸਹਾਇਤਾ ਕਰ ਸਕਦਾ ਹੈ ਤਾਂ ਸਿਰਫ ਇਕੋ ਹੀ ਸਿਰਜਨਹਾਰ ਅਕਾਲ ਪੁਰਖ ਜੋ ਅਜਰ ਹੈ, ਅਮਰ ਹੈ, ਕਦੇ ਨਾਸ ਨਹੀਂ ਹੁੰਦਾ, ਉਹੀ ਉਸ ਦਾ ਸਹਾਇਕ ਬਣਦਾ ਹੈ।

**ਜਹ ਮਾਤ ਪਿਤਾ ਸੁਤ ਮੀਤ ਨ ਭਾਈ॥**
**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥**
**ਜਹ ਮਹਾ ਭਇਆਨ ਦੂਤ ਜਮ ਦਲੈ॥**
**ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥** ਗਉੜੀ ਮ: ੫, ਪੰਨਾ ੨੬੪

— **ਧਿਆਇਓ ਅੰਤਿ ਬਾਰ ਨਾਮੁ ਸਖਾ॥**
**ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ॥**
ਸਾਰਗ ਮ: ੫, ਪੰਨਾ ੧੨੧੨

ਸਾਰੀ ਸ੍ਰਿਸ਼ਟੀ ਮੋਹ ਮਾਇਆ ਦੇ ਝੂਠੇ ਕੰਮਾਂ ਵਿੱਚ ਫਸ ਕੇ ਮਰ ਰਹੀ ਹੈ। ਸਾਰੀ ਲੋਕਾਈ ਨੂੰ ਨਾਸਵੰਤ ਧੰਧੇ ਦਾ ਮੋਹ ਵਿਆਪ ਰਿਹਾ ਹੈ, ਮਾਇਆ ਦੇ ਮੋਹ ਵਿੱਚ ਮੁੜ-ਮੁੜ ਫਸ ਕੇ ਸਾਰੀ ਲੁਕਾਈ ਆਤਮਿਕ ਤੇ ਅਧਿਆਤਮਕ ਮੌਤੇ ਮਰ ਰਹੀ ਹੈ। ਇੱਕ ਅਕਾਲ ਪੁਰਖ ਦੇ ਨਾਮ ਤੋਂ ਬਿਨਾਂ, ਹੋਰ ਜਿੰਨੇ ਵੀ ਕਰਮ ਇਹ ਪ੍ਰਾਣੀ ਇਸ ਸ੍ਰਿਸ਼ਟੀ ਤੇ ਕਰਦਾ ਹੈ, ਉਹ ਸਾਰੇ ਹੀ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ। ਸਿਰਫ ਅਕਾਲ ਪੁਰਖ ਦਾ ਨਾਮ ਹੀ ਇਸ ਲੋਕ ਤੇ ਪਰਲੋਕ ਵਿੱਚ ਸਹਾਇਤਾ ਕਰਦਾ ਹੈ :

**ਇਹ ਲੋਕ ਸੁਖੀਏ ਪਰਲੋਕ ਸੁਹੇਲੇ॥**
**ਨਾਨਕ ਹਰਿ ਪ੍ਰਭਿ ਆਪਹਿ ਮੇਲੇ॥** ਗਉੜੀ ਮ: ੫, ਪੰਨਾ ੨੯੨

ਜਿਹੜੀ ਜੀਵ ਰੂਪੀ ਇਸਤ੍ਰੀ ਉਸ ਅਕਾਲ ਪੁਰਖ ਪ੍ਰਮਾਤਮਾ ਨੂੰ ਭੁੱਲ ਜਾਂਦੀ ਹੈ, ਉਹ ਹਮੇਸ਼ਾ ਹੀ ਖੁਆਰ ਹੁੰਦੀ ਹੈ। ਉਸ ਦਾ ਕੋਈ ਸੰਗੀ ਸਾਥੀ, ਸਹਾਇਕ ਨਹੀਂ ਬਣਦਾ, ਜੇ ਕਰ ਕੋਈ ਉਸਦਾ ਆਪਣਾ ਹੁੰਦਾ ਹੈ ਤਾਂ ਉਹ ਹੈ ਉਸ ਦਾ

ਆਪਣਾ ਪਿਆਰਾ ਪ੍ਰਭੂ-ਪ੍ਰੀਤਮ। ਉਸ ਨੂੰ ਭੁੱਲ ਜਾਣ ਤੇ ਭਾਂਤ ਭਾਂਤ ਦੇ ਦੁੱਖ ਕਸ਼ਟ ਯਾਤਨਾਵਾਂ ਸਹਾਰਨੀਆਂ ਪੈਂਦੀਆਂ ਹਨ। ਜਿਹੜੇ ਜੀਵ ਆਪਣੇ ਪਿਆਰੇ ਪ੍ਰੀਤਮ ਦੀ ਚਰਣੀ ਲਗਦੇ ਹਨ, ਉਨ੍ਹਾਂ ਦੀ ਲੋਕ ਤੇ ਪਰਲੋਕ ਵਿੱਚ ਭਲੀ ਸੋਭਾ ਹੁੰਦੀ ਹੈ। ਜਿਹੜੇ ਆਪਣੇ ਪਿਆਰੇ ਦੇ ਉੱਤੇ ਦ੍ਰਿੜ ਨਿਸ਼ਚਾ, ਅਪਾਰ ਸ਼ਰਧਾ ਤੇ ਭਰੋਸਾ ਰਖਦੇ ਹਨ, ਉਨ੍ਹਾਂ ਦੀ ਸੰਸਾਰ ਵਿਚ ਬਹੁਤ ਵਡਿਆਈ ਤੇ ਮਾਣ ਹੁੰਦਾ ਹੈ। ਇਸ ਲਈ ਬਿਰਹਣ ਵੈਸਾਖ ਦੇ ਮਹੀਨੇ ਵਿੱਚ ਆਪਣੇ ਇਸ਼ਟ ਦੇਵ ਦੇ ਚਰਨਾਂ ਵਿਚ ਬੇਨਤੀਆਂ, ਅਰਦਾਸਾਂ ਕਰਦੀ ਹੈ ਕਿ ਉਸ ਦਾ ਪਿਆਰਾ ਉਸ ਨੂੰ ਸਾਖਿਆਤ ਦਰਸ਼ਨ ਦੇ ਕੇ ਨਿਹਾਲ ਕਰੇ, ਮੇਲ ਮਿਲਾਪ ਤਦੋਂ ਹੀ ਉਸ ਨੂੰ ਚੰਗਾ ਤੇ ਸੁਹਣਾ ਲਗਦਾ ਹੈ, ਜਦੋਂ ਉਸ ਨੂੰ ਆਪਣਾ ਪਿਆਰਾ ਪ੍ਰਭੂ ਹਰਿ ਸੰਤ ਮਿਲ ਪਵੇ।

***ਭਾਵ :***

ਆਪਣੇ ਪਿਆਰੇ ਪ੍ਰਭੂ ਨੂੰ ਵਿਸਾਰ ਕੇ, ਮਨੁੱਖ ਦੁਨੀਆਵੀ ਝੂਠੇ ਧੰਧੇ, ਮੋਹ ਮਾਇਆ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਇਸ ਕਰ ਕੇ ਉਹ ਦੁਖੀ ਜੀਵਨ ਗੁਜ਼ਾਰਦਾ ਹੈ। ਆਪਣੇ ਪਿਆਰੇ ਪ੍ਰਭੂ ਦੀ ਪ੍ਰਾਪਤੀ ਹੋਣ ਤੇ ਹੀ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ।


# ਸੰਤ ਭੇਟੇ ਹਰਿ ਸੋਇ॥

## *ਸੰਤ ਕੇਸਰ ਸਿੰਘ ਜੀ ਚਵਿੰਡਾ*

ਸਮੇਂ-ਸਮੇਂ ਇਸ ਸੰਸਾਰ ਦੇ ਭੁੱਲ੍ਹੇ ਭਟਕੇ ਜੀਵਾਂ ਦਾ ਉਧਾਰ ਕਰਨ ਲਈ ਅਤੇ ਕੁਕ੍ਰਿਤ ਕਰਮਾਂ ਰੂਪੀ ਜਾਲੇ ਵਿੱਚ ਉਲਝੇ ਹੋਏ ਮਨੁੱਖਾਂ ਨੂੰ ਬਾਹੋਂ ਫੜ ਕੇ ਬਾਹਰ ਕੱਢਣ ਅਥਵਾ ਆਵਾ-ਗਵਨ ਦੇ ਚੱਕਰ ਤੋਂ ਮੁਕਤ ਕਰਵਾਉਣ ਲਈ ਤੇ ਪਾਪਾਂ ਅਤਿਆਚਾਰਾਂ ਦੇ ਖਾਤਮੇ ਵਾਸਤੇ, ਉਸ ਅਕਾਲ ਪੁਰਖ ਦੇ ਪਵਿੱਤਰ ਚਰਨਾਂ ਨਾਲ ਪ੍ਰੀਤ ਉਪਜਾ ਕੇ ਨਾਮ ਸਿਮਰਨ ਦੀ ਦਾਤ ਦੇਣ ਲਈ, ਇਸ ਲੋਕ ਵਿੱਚ ਐਸੀਆਂ ਮਹਾਨ ਸ਼ਖ਼ਸੀਅਤਾਂ ਅਵਤਰਿਤ ਹੁੰਦੀਆਂ ਰਹਿੰਦੀਆਂ ਹਨ, ਜਿਹੜੀਆਂ ਆਪਣੇ ਆਤਮਿਕ ਪ੍ਰਕਾਸ਼ ਨਾਲ ਆਪ ਤਾਂ ਰੋਸ਼ਨ ਹੁੰਦੀਆਂ ਹੀ ਹਨ ਸਗੋਂ ਅਨੇਕਾਂ ਭੁਲੇ ਭਟਕੇ ਸੰਸਾਰੀ ਜੀਵਾਂ ਨੂੰ ਵੀ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਅਧਿਆਤਮਕ ਤੌਰ ਤੇ ਨਾਮ ਦੀ ਦਾਤ ਬਖਸ਼ ਕੇ ਧੰਨਤਾ ਦੇ ਯੋਗ ਬਣਾ ਦਿੰਦੀਆਂ ਹਨ।

ਜਿਹੜਾ ਵੀ ਪਾਰਸ ਰੂਪੀ ਮਹਾਂਪੁਰਸ਼ਾਂ ਨਾਲ ਛੋਹ ਗਿਆ, ਉਹੋ ਹੀ ਪਾਰਸ ਹੋ ਗਿਆ। ਮੋਹ ਮਾਇਆ ਤੇ ਦੀਨ ਦੁਨੀਆਂ ਤੋਂ ਅਲਿਪਤ ਹੋਣਾ ਤਾਂ ਬੜੀ ਦੂਰ ਦੀਆਂ ਗੱਲਾਂ ਹਨ, ਸਗੋਂ ਅਜਿਹੇ ਵਿਅਕਤੀ ਆਤਮਿਕ ਆਨੰਦ ਵਿੱਚ

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥



ਸੰਤ ਕੇਸਰ ਸਿੰਘ ਜੀ 'ਚਵਿੰਡਾ'

ਲਿਵਲੀਨ ਹੋ ਕੇ ਅਕਾਲ ਪੁਰਖ ਦੇ ਚਰਨ ਭੌਰੇ ਬਣ ਕੇ ਬ੍ਰਹਮ ਨਾਲ ਇਕਮਿਕ ਹੋ ਜਾਇਆ ਕਰਦੇ ਹਨ।

ਇਹ ਸਾਰਾ ਕੁਝ ਪੂਰਬਲੇ ਕਰਮਾਂ ਅਨੁਸਾਰ ਹੀ ਪ੍ਰਾਪਤ ਹੁੰਦਾ ਹੈ, ਜਦੋਂ ਪੂਰਬਲੇ ਕਰਮਾਂ ਦਾ ਅੰਕੁਰ ਫੁਟਦਾ ਹੈ ਤਾਂ ਕਿਸੇ ਜੀਵ ਨੂੰ ਕਿਸੇ ਤੱਤਵੇਤਾ ਸਾਧੂ ਮਹਾਂਪੁਰਸ਼ ਦੀ ਛੋਹ ਪ੍ਰਾਪਤ ਹੁੰਦੀ ਹੈ, ਜਿਸ ਤੋਂ ਜਨਮ ਜਨਮਾਂਤਰਾਂ ਤੋਂ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਰਹੇ ਜੀਵਨ ਨੂੰ ਬ੍ਰਹਮਲਖਤਾ ਵਾਲੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਗੋਂ ਉਸ ਨੂੰ ਇਸ ਗੱਲ ਦੀ ਭੀ ਸੋਝੀ ਹੋ ਜਾਂਦੀ ਹੈ ਕਿ ਉਹ ਕਿਤਨੇ ਜਨਮਾਂ ਤੋਂ ਭਰਮ ਤੇ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਹੋਇਆ ਸੀ।

ਪਾਵਨ ਗੁਰਬਾਣੀ ਵਿੱਚ ਉਪਰੋਕਤ ਭਾਵਾਂ ਦਾ ਨਿਰੂਪਣ ਇਸ ਤਰ੍ਹਾਂ ਅੰਕਿਤ ਹੈ :

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥**

ਗਉੜੀ ਮ: ੫, ਪੰਨਾ ੨੦੪

ਅਜਿਹੇ ਮਹਾਂਪੁਰਖਾਂ, ਸਾਧੂਆਂ ਵਿਚੋਂ ਪਿੰਡ ਚਵਿੰਡਾ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਸ੍ਰੀ ਮਾਨ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਹੋਏ ਹਨ। ਸੰਤ ਕੇਸਰ ਸਿੰਘ ਜੀ ਦੇ ਇਸ ਨਗਰ ਵਿੱਚ ਅਵਤੀਰਨ ਨਾਲ ਇਹ ਨਗਰ ਦੇਸ਼ਾਂ-ਦੇਸ਼ਾਤਰਾਂ ਵਿੱਚ ਤੇ ਸਗੋਂ ਧਰਤੀ ਤੋਂ ਅਕਾਸ਼ ਤਕ ਮਹਿਕ ਉਠਿਆ। ਸੰਤ ਕੇਸਰ ਸਿੰਘ ਜੀ ਦੇ ਮਾਤਾ ਪਿਤਾ ਨਾਮਧਾਰੀ ਨਹੀਂ ਸਨ ਪਰ ਫਿਰ ਵੀ ਇਸ ਇਲਾਕੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੌਰਿਆਂ ਅਤੇ ਨਾਮਧਾਰੀ ਸਾਧ-ਸੰਗਤ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ, ਜਿਸ ਤੋਂ ਇਹ ਸਾਰਾ ਪਰਿਵਾਰ ਵੀ ਪੂਰਨ ਤੌਰ ਤੇ ਪ੍ਰਭਾਵਿਤ ਸੀ।

ਇੱਕ ਕਹਾਵਤ ਹੈ— 'ਹੋਣਹਾਰ ਬਿਰਵਾਨ ਕੇ ਹੋਤ ਚੀਕਨੇ ਪਾਤ।' ਇਸ ਕਹਾਵਤ ਅਨੁਸਾਰ ਬਾਲ ਅਵਸਥਾ ਸਮੇਂ ਹੀ ਸੰਤ ਕੇਸਰ ਸਿੰਘ ਜੀ ਬੜੇ ਬੇ-ਪ੍ਰਵਾਹ, ਨਿਡਰ ਤੇ ਸਿਧਾਂਤਕ ਅਸੂਲਾਂ ਦੇ ਧਾਰਣੀ ਸਨ। ਕਿਸੇ ਦੀਆਂ ਧਮਕੀਆਂ ਦੀ ਉੱਕਾ ਪ੍ਰਵਾਹ ਨ ਕਰਦੇ, ਮਾੜੇ ਬੱਚਿਆਂ ਦੀ ਸਹਾਇਤਾ ਕਰਨੀ, ਵੱਡਿਆਂ ਦਾ ਅਦਬ ਰਖਣਾ, ਖੇਡਣ ਵਿੱਚ ਚੁਸਤ ਆਦਿਕ ਗੁਣਾਂ ਕਰ ਕੇ ਇਹ ਪਿੰਡ ਦੇ ਸਭ ਲੋਕਾਂ ਨੂੰ ਪ੍ਰਭਾਵਿਤ ਕਰਦੇ। ਬਾਲ ਅਵਸਥਾ ਪੂਰੀ ਕਰ ਕੇ ਜਦੋਂ ਇਨ੍ਹਾਂ ਜਵਾਨੀ ਵਿਚ ਕਦਮ ਰੱਖਿਆ ਤਾਂ ਘਰ ਦੀ ਕਿਰਤ ਬੜੀ ਸਿਆਣਪ ਨਾਲ ਕਰਨ ਲੱਗੇ। ਦਸਾਂ ਨਵ੍ਹਾਂ ਦੀ ਕਿਰਤ ਕਰਨੀ ਇਨ੍ਹਾਂ ਦਾ ਖ਼ਾਸ ਗੁਣ ਸੀ। ਘਰ ਵਿਚ ਸਾਰੇ ਸੁੱਖ ਤੇ ਪਦਾਰਥਾਂ ਦੇ ਹੁੰਦਿਆਂ ਵੀ ਇਨ੍ਹਾਂ ਨੂੰ ਕੋਈ ਘਾਟ ਮਹਿਸੂਸ

ਹੁੰਦੀ ਰਹਿੰਦੀ ਤੇ ਉਦਾਸ ਜਿਹੇ ਰਹਿੰਦੇ। ਦੇਵਨੇਤ ਇਕ ਵਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦੌਰਾ ਚਵਿੰਡੇ ਆਇਆ ਅਤੇ ਦੂਜੇ ਦਿਨ ਸੱਚੇ ਪਾਤਸ਼ਾਹ ਜੀ ਦਾ ਦੌਰਾ ਗਿੱਲੀਂ ਬਾਬਾ ਜਮੀਤ ਸਿੰਘ ਦੇ ਵੱਲ ਜਾਣਾ ਸੀ।

ਜਦੋਂ ਸ੍ਰੀ ਸਤਿਗੁਰੁ ਜੀ ਚਵਿੰਡੇ ਤੋਂ ਗਿੱਲੀਂ ਨੂੰ ਘੋੜੀ ਉੱਤੇ ਸਵਾਰ ਹੋ ਕੇ ਚਲੇ ਤਾਂ ਕੇਸਰ ਸਿੰਘ ਜੀ ਹਰ ਰੋਜ਼ ਵਾਂਗ ਚਵਿੰਡੇ ਆਪਣੇ ਖੇਤਾਂ ਵਿਚ ਪਸ਼ੂ ਚਾਰ ਰਹੇ ਸਨ। ਉਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕੀਤਾ ਤਾਂ ਨੂਰਾਨੀ ਸੂਰਤ ਤੇ ਮੋਹਣੀ ਮੂਰਤ ਸਤਿਗੁਰੂ ਜੀ ਚੀਨੀ ਘੋੜੀ ਤੇ ਅਸਵਾਰ ਸੁਭਾਇਮਾਨ ਸਨ ਅਤੇ ਨਾਲ ਸੈਂਕੜੇ ਨਾਮਧਾਰੀ ਹੰਸਾਂ ਸਮਾਨ ਚਿੱਟੇ ਦੁੱਧ ਪਹਿਰਾਵੇ ਵਿਚ ਕਥਾ ਵਾਰਤਾ ਅਤੇ ਸਿਮਰਨ ਕਰਦੇ ਇੰਝ ਪ੍ਰਤੀਤ ਹੁੰਦੇ ਸਨ, ਜਿਵੇਂ ਭਗਵਾਨ ਵਿਸ਼ਨੂੰ ਸੱਚਖੰਡ ਤੋਂ ਦੇਵਤਿਆਂ ਸਮੇਤ ਧਰਤੀ ਤੇ ਆ ਕੇ ਵਿਚਰ ਰਹੇ ਹੋਣ। ਇਹ ਅਲੌਕਿਕ ਦ੍ਰਿਸ਼ ਵੇਖ ਕੇ ਇਨ੍ਹਾਂ ਨੂੰ ਇੰਝ ਲੱਗਾ, ਜਿਵੇਂ ਉਨ੍ਹਾਂ ਦੇ ਪੂਰਬਲੇ ਕਰਮਾਂ ਦੇ ਅੰਕੁਰ ਫੁੱਟ ਗਏ ਹੋਣ ਤੇ ਉਹ ਵਸਤੂ ਇਨ੍ਹਾਂ ਨੂੰ ਮਿਲ ਗਈ ਹੋਵੇ, ਜਿਸ ਦੀ ਇਨ੍ਹਾਂ ਦੇ ਅੰਦਰ ਥੁੜ੍ਹ ਪ੍ਰਤੀਤ ਹੁੰਦੀ ਸੀ। ਕੇਸਰ ਸਿੰਘ ਰੂਪੀ ਚਾਤ੍ਰਿਕ ਨੂੰ ਮਾਨੋ ਸਵਾਂਤੀ ਬੂੰਦ ਮਿਲ ਗਈ ਹੋਵੇ, ਹਾਂ ਚਕਵੀ ਨੂੰ ਸੂਰਜ ਤੇ ਮੀਨ ਨੂੰ ਅਥਾਹ ਸਾਗਰ ਤੇ ਬੀਆਬਾਨ ਵਿਚ ਭਟਕਦੇ ਭੌਰ ਨੂੰ ਕੰਵਲ ਫੁੱਲ ਦੀ ਪ੍ਰਾਪਤੀ ਹੋ ਗਈ ਹੋਵੇ। ਇਸ ਦ੍ਰਿਸ਼ ਨੂੰ ਵੇਖਣ ਸਮੇਂ ਇਨ੍ਹਾਂ ਨਾਲ ਹੋਰ ਭੀ ਦੋ ਤਿੰਨ ਸਾਥੀ ਲੜਕੇ ਸਨ। ਇਹ ਸਾਰੇ ਪਸ਼ੂਆਂ ਨੂੰ ਚਰਦਿਆਂ ਛੱਡ ਕੇ ਸੰਗਤ ਦੇ ਨਾਲ ਹੀ ਤੁਰ ਪਏ।

ਸ੍ਰੀ ਸਤਿਗੁਰੁ ਜੀ ਸੰਗਤਾਂ ਸਮੇਤ ਗਿੱਲੀਂ ਆ ਗਏ। ਬਾਬਾ ਜਮੀਤ ਸਿੰਘ ਜੀ, ਜੋ ਇਲਾਕੇ ਦੇ ਸੂਬਾ ਜੀ ਵੀ ਸਨ, ਦੇ ਘਰ ਬੜਾ ਦੀਵਾਨ ਲੱਗਾ। ਇਨ੍ਹਾਂ ਨੇ ਬੜੇ ਪ੍ਰੇਮ ਨਾਲ ਇੱਕ ਚਿੱਤ ਹੋ ਕੇ ਦੀਵਾਨ ਸੁਣਿਆ। ਦੀਵਾਨ ਦੀ ਸਮਾਪਤੀ ਸਮੇਂ ਦਰਸ਼ਕਾਂ ਨੂੰ ਭਜਨ ਪੁੱਛਣ ਲਈ ਪ੍ਰੇਰਿਆ ਗਿਆ। ਸੰਤ ਕੇਸਰ ਸਿੰਘ ਜੀ ਆਪ ਦੱਸਿਆ ਕਰਦੇ ਸਨ, "ਮੈਂ ਵੀ ਆਪਣੇ ਸਾਥੀਆਂ ਸਮੇਤ ਭਜਨ ਪੁੱਛਣ ਵਾਲਿਆਂ ਵਿਚ ਖਲੋ ਗਿਆ, ਜਦ ਮੇਰੇ ਕੰਨਾਂ ਵਿਚ ਗੁਰੂ ਮੰਤ੍ਰ ਦੀ ਭਿਣਕ ਪਈ ਤਾਂ ਮੈਨੂੰ ਸਭੇ ਸੁਧਾਂ ਭੁੱਲ ਗਈਆਂ। ਖਾਣ, ਪੀਣ, ਆਣ-ਜਾਣ ਦੀ ਸਾਰੀ ਹੋਸ਼ ਗੁਆਚ ਗਈ।" ਇੰਝ ਹੁੰਦਾ ਵੀ ਕਿਉਂ ਨਾ ਦੀਨ ਦੁਨੀਆਂ ਦੇ ਵਾਲੀ ਬਾਰ੍ਹਵੇਂ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਨਾਲ ਸੰਤ ਕੇਸਰ ਸਿੰਘ ਚਵਿੰਡਾ ਦੀ ਭੇਟ ਹੋ ਗਈ ਸੀ ਤੇ ਉਨ੍ਹਾਂ ਦੀ ਪਵਿਤਰ ਰਸਨਾ ਤੋਂ ਸਰਵਣ ਕੀਤਾ, ਉਹ ਗੁਰਮੰਤ੍ਰ ਜਿਸ ਦੀ ਬਾਬਤ ਮਹਾਂਵਾਕ ਹੈ :

**ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ॥**

ਕਾਨੜਾ ਮ : ੫, ਪੰਨਾ ੧੩੦੨

ਬਸ ਫਿਰ ਕੀ ਸੀ :

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥**
**ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥** ਪੰਨਾ ੧੩੭੪

ਸਤਿਗੁਰੂ ਪਾਰਸ ਦੀ ਛੋਹ ਪ੍ਰਾਪਤ ਕਰ ਕੇ ਸੰਤ ਕੇਸਰ ਸਿੰਘ ਜੀ ਸੰਤ ਕੇ ਮਾਰਗ ਤੇ ਧਰਮ ਦੀ ਪਉੜੀ ਦੇ ਪਾਂਧੀ ਬਣ ਗਏ। ਉਹਨਾਂ ਨੇ ਆਪਣਾ ਪਰਿਵਾਰ ਸਗੇ ਸਬੰਧੀ, ਸੰਸਾਰਿਕ ਸੁਖਾਂ ਦਾ ਤਿਆਗ ਕਰ ਦਿੱਤਾ। ਸੰਤ ਜੀ ਕਈ ਕਈ ਦਿਨ ਲਗਾਤਾਰ ਭਜਨ ਬੰਦਗੀ ਵਿਚ ਲੀਨ ਰਹਿੰਦੇ। ਨਾਮ ਸਿਮਰਨ ਕਰਦਿਆਂ ਹੋਇਆਂ ਉਹ ਐਨੀ ਉੱਚੀ ਅਧਿਆਤਮਕ ਸ਼ਖ਼ਸੀਅਤ ਬਣ ਗਏ ਕਿ ਨਾਮ ਅਤੇ ਨਾਮੀ ਵਿਚ ਅਭੇਦ ਹੋਏ ਪ੍ਰਤੀਤ ਹੁੰਦੇ। ਅੱਗ ਸੰਤਾਂ ਦੇ ਰੋਮ ਤਕ ਨੂੰ ਸੇਕ ਨਹੀਂ ਸੀ ਲੱਗਾ ਸਕਦੀ। ਇੱਕ ਦਿਨ ਇੱਕ ਸਿੰਘਣੀ ਨੇ ਬਾਬਾ ਜੀ ਤੇ ਸ਼ੰਕਾ ਕੀਤੀ ਤੇ ਸੁਭਾਵਿਕ ਹੀ ਕਹਿਣ ਲੱਗੀ, "ਅਸਾਂ ਤਾਂ ਪਾਟੀਆਂ ਕੱਛਾਂ ਵਾਲਿਆਂ ਵਿੱਚ ਕੁਝ ਨਹੀਂ ਵੇਖਿਆ, ਐਵੇ ਖਾ ਬਰਲਾ ਜਾਂਦੇ ਨੇ।" ਸੰਤਾਂ ਨੇ ਉਸ ਦੀ ਸ਼ੰਕਾ ਨਵਿਰਤ ਕਰਨ ਲਈ ਕੋਲ ਬਲਦੇ ਹੋਏ ਤੰਦੂਰ ਵਿਚ ਛਾਲ ਮਾਰ ਦਿੱਤੀ ਤੇ ਬਚਨ ਕੀਤਾ, "ਜੇ ਨਹੀਂ ਵੇਖਿਆ ਤਾਂ ਵੇਖ ਲੈ।" ਸੰਤ ਤੰਦੂਰ ਵਿਚੋਂ ਬਾਹਰ ਨਿਕਲੇ ਤੇ ਸੰਤਾਂ ਦੇ ਰੋਮ ਤਕ ਨੂੰ ਵੀ ਸੇਕ ਨਾ ਲੱਗਾ। ਨਾਮ ਸਿਮਰਨ ਦੇ ਨਾਲ ਨਾਲ ਸੰਤਾਂ ਨੂੰ ਸੇਵਾ ਕਰਨ ਦਾ ਬਹੁਤ ਸ਼ੌਕ ਸੀ। ਉਹ ਅਪਣੀ ਰਸਨਾਂ ਨਾਲ ਇੱਕ ਰਸ ਸਿਮਰਨ ਕਰਦੇ ਅਤੇ ਸਾਰਾ ਦਿਨ ਲੰਗਰ ਵਿੱਚ ਜਲ ਢੋਣ ਅਤੇ ਜਲ ਛਕਾਉਣ ਦੀ ਸੇਵਾ ਵਿਚ ਲੱਗੇ ਰਹਿੰਦੇ।

ਸੰਤ ਜੀ ਕੇਵਲ ਮਨੁੱਖਾਂ ਨਾਲ ਹੀ ਪਿਆਰ ਨਹੀਂ ਸਨ ਕਰਦੇ ਸਗੋਂ ਗੁਰਬਾਣੀ ਦੀ ਇਸ ਪੰਗਤੀ ਅਨੁਸਾਰ :

**ਮਨਿ ਸੰਤੋਖੁ ਸਰਬ ਜੀਆ ਦਇਆ**

ਗਉੜੀ ਮ; ੫, ਪੰਨਾ ੨੯੯

ਆਪ ਕੁਦਰਤ ਦੇ ਸਾਰੇ ਜੀਵ ਜੰਤੂ-ਪੰਛੀਆਂ ਨਾਲ ਪਿਆਰ ਕਰਿਆ ਕਰਦੇ ਸਨ। ਸੰਤ ਕਦੇ ਕਦੇ ਮੌਜ ਵਿਚ ਆ ਕੇ ਪਸ਼ੂ ਪੰਛੀਆਂ ਅਤੇ ਹੋਰ ਕੁਦਰਤ ਦੇ ਕ੍ਰਿਸ਼ਮੇ ਵੇਖ ਕੇ ਆਖਿਆ ਕਰਦੇ, "ਸਾਰਿਆਂ ਵਿਚ ਮੇਰੇ ਮਾਲਕ ਦੀ ਜੋਤ ਵਿਆਪ ਰਹੀ ਹੈ।" ਏਸੇ ਅਵਸਥਾ ਵਿੱਚ ਹੀ ਹਰ ਮਨੁੱਖ, ਪਸ਼ੂ, ਪੰਛੀ, ਜੀਵ-ਜੰਤੂ ਨਾਲ ਬਹੁਤ ਪਿਆਰ ਕਰਦੇ।

ਸੰਤ ਕੇਸਰ ਸਿੰਘ ਜੀ ਚਵਿੰਡਾ ਵਾਲੇ ਐਨੀ ਉੱਚੀ ਅਧਿਆਤਮਕ ਅਵਸਥਾ ਪ੍ਰਾਪਤ ਕਰ ਚੁੱਕੇ ਸਨ ਕਿ ਆਪਣੇ ਇਸ਼ਟ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਲੈ ਕੇ, ਮੋਹਣ ਸਿੰਘ ਚਕਰੀ ਵਾਲੇ ਨੂੰ ਜਮਾਂ ਤੋਂ ਰੱਖਿਆ ਅਤੇ ਉੱਚੀ ਲੰਬੀ ਬਾਂਹ ਕਰ ਕੇ ਉਸ ਦੀ ਉਮਰ ਦੀ ਲੰਬੀ ਤਾਰੀਖ ਪਾ ਦਿੱਤੀ। ਸੂਬਾ ਗੰਡਾ ਸਿੰਘ ਜੀ

ਦਿੱਲੀ ਵਾਲਿਆਂ ਦੀ ਵੱਡੀ ਬੀਬੀ ਪਿਆਰ ਕੌਰ ਜੋ ਹੁਣ ੭੬ ਸਾਲਾਂ ਦੀ ਹੋ ਗਈ ਹੈ, ਛੇ ਮਹੀਨਿਆਂ ਦੀ ਉਮਰ ਵਿੱਚ ਲੰਬੀ ਤਾਰੀਖ ਪਾ ਦਿੱਤੀ ਸੀ। ਸੂਬਾ ਜੀ ਦੇ ਛੋਟੇ ਭਰਾ ਹਜ਼ੂਰ ਸਿੰਘ ਨੂੰ ਮੌਤ ਦੇ ਮੂੰਹ ਤੋਂ ਬਚਾ ਕੇ ਪ੍ਰਾਣਾਂ ਦੀ ਰੱਖਿਆ ਕੀਤੀ। ਆਪਣੇ ਜੀਵਨ ਦੌਰਾਨ, ਸੰਤਾਂ ਨੇ ਕਿਸੇ ਬੱਚੇ ਨੂੰ ਨਹੀਂ ਮਰਨ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕਰ ਕੇ ਮਰ ਰਹੇ ਬੱਚਿਆਂ ਨੂੰ ਜੀਵਨ ਦਾਨ ਬਖ਼ਸ਼ਦੇ। ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦੀ ਰਜ ਪ੍ਰਾਪਤ ਕਰ ਕੇ ਸੰਤ ਕੇਸਰ ਸਿੰਘ ਜੀ ਚਵਿੰਡਾ ਅਧਿਆਤਮਕ ਸ਼ਿਖਰਾਂ ਨੂੰ ਪ੍ਰਾਪਤ ਕਰ ਕੇ ਪਹਿਲੀ ਕਤਾਰ ਦੇ ਸੰਤਾਂ ਦੀ ਸ਼੍ਰੇਣੀ ਵਿਚ ਪਹਿਲੇ ਸਥਾਨ ਤੇ ਆਣ ਖੜੇ ਹੋਏ।

## ੪

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥
ਜੋ ਪ੍ਰਭਿ ਕੀਤੇ ਆਪਣੇ ਸੋਈ ਕਹੀਅਹਿ ਧੰਨਿ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸਕੈ ਭਾਗੁ ਮਥੰਨਿ ॥੪॥

ਮ: ੫, ਪੰਨਾ ੧੩੪

**ਸ਼ਬਦਾਰਥ :**

ਜੇਠਿ—ਜੇਠ ਦੇ ਮਹੀਨੇ ਵਿਚ। ਜੁੜੰਦਾ—ਜੁੜਿਆ ਹੋਇਆ। ਲੋੜੀਐ—ਚਾਹੀਦਾ ਹੈ। ਸਭਿ—ਸਾਰੇ ਜੀਵ। ਨਿਵੰਨਿ—ਨਿਉਂਦੇ ਹਨ। ਦਾਵਣਿ—ਪੱਲੇ ਨਾਲ। ਬੰਨਿ—ਬੰਨ੍ਹਦੇ। ਸੰਨਿ—ਪਾੜ ਨਹੀਂ ਲੱਗ ਸਕਦੀ। ਨਰਾਇਣੈ—ਪ੍ਰਮਾਤਮਾ ਦੇ। ਭਾਵੰਨਿ—ਪਿਆਰੇ ਲੱਗਦੇ ਹਨ। ਜੀਅ ਕਰੰਨਿ—ਜੀਵ ਕਰਦੇ ਹਨ। ਪ੍ਰਭਿ—ਪ੍ਰਭ ਨੇ। ਕੀਤੇ ਆਪਣੇ—ਆਪਣੇ ਕਰ ਲਏ ਹਨ। ਕਹੀਅਹਿ—ਕਹੇ ਜਾਂਦੇ ਹਨ। ਵਿਛੁੜਿ—ਪ੍ਰਭੂ ਤੋਂ ਵਿਛੜ ਕੇ। ਰੋਵੰਨਿ—ਰੋਵਣ। ਰੰਗ ਮਾਣੰਨਿ—ਆਨੰਦ ਮਾਣਦੇ ਹਨ। ਰੰਗੀਲਾ—ਖ਼ੁਸ਼ੀ ਦੇਣ ਵਾਲਾ। ਧਣੀ—ਮਾਲਕ। ਮਥੰਨਿ—ਮੱਥੇ ਦੇ।

***ਵਿਆਖਿਆ :***

ਚੇਤ ਤੇ ਵੈਸਾਖ ਦੇ ਖੇੜੇ ਭਰਪੂਰ, ਬਹਾਰਾਂ ਵਾਲੇ ਮੌਸਮ ਬਤੀਤ ਹੋ ਚੁੱਕੇ ਹਨ ਤੇ ਹੁਣ ਜੀਵ ਇਸਤ੍ਰੀ ਆਪਣੇ ਮਨ ਵਿਚ ਧਾਰਨ ਕਰਦੀ ਹੈ, ਕਿ ਜੇਠ ਦੇ ਮਹੀਨੇ ਵਿਚ ਉਹ ਆਪਣੇ ਮਨ ਨੂੰ ਪੂਰਨ ਰੂਪ ਵਿੱਚ ਉਸ ਅਕਾਲ ਪੁਰਖ ਦੇ ਚਰਨਾਂ ਵਿਚ ਜੋੜ ਦੇਵੇਗੀ। ਉਹ ਅਕਾਲ ਪੁਰਖ ਸਾਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਹੈ, ਸਾਰੇ ਜੀਵ ਉਸ ਦੇ ਅੱਗੇ ਹੱਥ ਜੋੜ ਕੇ ਖੜੇ ਹੋਏ ਹਨ, ਉਨ੍ਹਾਂ ਦਾ ਸੀਸ ਉਸ ਹਰੀ ਪ੍ਰਭੂ ਦੇ ਚਰਨਾਂ ਅੱਗੇ ਝੁਕਿਆ ਹੋਇਆ ਹੈ। ਉਹ ਨਤਮਸਤਕ ਹੋ ਕੇ ਉਸ ਦੀ ਕ੍ਰਿਪਾ ਦ੍ਰਿਸ਼ਟੀ ਦੀ ਬਖਸ਼ਸ਼ ਮੰਗਦੇ ਹਨ। ਉਹ ਇਕੋ ਹੀ ਸਿਰਜਨਹਾਰ ਹੈ, ਜਿਸ ਦੇ ਅੱਗੇ ਸਾਰੇ ਝੋਲੀਆਂ ਅੱਡ ਕੇ ਖੜੇ ਹਨ। ਉਹ ਇੱਕ ਦਾਤਾਰ ਹੈ, ਦੇਵਣਹਾਰ ਹੈ ਤੇ ਸਾਰਾ ਸ੍ਰਿਸ਼ਟੀ ਜਾਚਕ ਹੈ।

**ਦੇਦਾ ਦੇ ਲੈਦੇ ਥਕਿ ਪਾਹਿ॥**
**ਜੁਗਾ ਜੁਗੰਤਰਿ ਖਾਹੀ ਖਾਹਿ॥**
**ਹੁਕਮੀ ਹੁਕਮੁ ਚਲਾਏ ਰਾਹੁ।**
**ਨਾਨਕ ਵਿਗਸੈ ਵੇਪਰਵਾਹੁ॥੩॥** ਜਪੁਜੀ ਸਾਹਿਬ ਮ: ੧

ਉਹੀ ਇੱਕ ਦਾਤਾ ਹੈ, ਜਿਸ ਨੂੰ ਦੇ ਕੇ ਖੁਸ਼ੀ ਹੁੰਦੀ ਹੈ, ਜਿਹੜਾ ਦੇ ਕੇ ਕਦੇ ਪਛਤਾਉਂਦਾ ਨਹੀਂ। ਉਹ ਚੋਰਾਂ ਨੂੰ, ਯਾਰਾਂ ਨੂੰ, ਡਾਕੂਆਂ ਨੂੰ, ਸੰਤ ਜਨਾਂ ਨੂੰ, ਜੀਵਾਂ ਜੰਤਾਂ ਨੂੰ, ਹਰ ਪ੍ਰਾਣੀ ਨੂੰ ਦਾਤਾਂ ਦੇ ਕੇ ਉਨ੍ਹਾਂ ਦੀਆਂ ਲੋੜਾਂ ਤੇ ਆਸ਼ਾਵਾਂ ਪੂਰਨ ਕਰਦਾ ਹੈ।

**ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥**
**ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥**
**ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥**
ਆਸਾ ਮ: ੪, ਪੰਨਾ ੧੧

— **ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ॥** ਜਪੁਜੀ ਸਾਹਿਬ
— **ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥** ਜਪੁਜੀ ਸਾਹਿਬ

ਮਨੁੱਖੀ ਜੀਵ ਉਸ ਅਗੇ ਹੱਥ ਅੱਡ-ਅੱਡ ਕੇ ਮੰਗਦੇ ਹਨ ਤੇ ਉਹ ਦਾਤਾਰ ਪਿਤਾ ਆਪਣੇ ਭੰਡਾਰਿਆਂ ਵਿਚੋਂ ਦੇ ਦੇ ਕੇ ਤ੍ਰਿਪਤ ਕਰਦਾ ਰਹਿੰਦਾ ਹੈ। ਆਪਣੇ ਪਿਆਰੇ ਅਕਾਲ-ਪੁਰਖ ਦੇ ਲੜ ਲਗਿਆਂ, ਉਹ ਰੱਖਿਆ ਦਾ ਠੇਕਾ ਲੈ ਲੈਂਦਾ ਹੈ, ਉਹ ਕਿਸੇ ਵੀ ਜਮ ਆਦਿਕ ਨੂੰ ਆਗਿਆ ਨਹੀਂ ਦਿੰਦਾ ਕਿ ਉਸ ਨੂੰ ਬੰਨ੍ਹ ਕੇ ਅੱਗੇ ਲਾਵੇ। ਜਿਹੜੇ ਉਸ ਦੀ ਸ਼ਰਨ ਵਿਚ ਜਾਂਦੇ ਹਨ, ਉਸਦਾ ਓਟ ਆਸਰਾ ਤਕਦੇ ਹਨ, ਜਮ ਉਹਨਾਂ ਦਾ ਕੁਝ ਵੀ ਨਹੀਂ ਵਿਗਾੜ ਸਕਦਾ ਕਿਉਂਕਿ ਉਸ ਦਾ ਰੱਖਿਅਕ ਸਹਾਈ ਉਹ ਆਪ ਬਣ ਜਾਂਦਾ ਹੈ।

**ਤਾ ਕਉ ਕੋਇ ਨ ਪਹੁਚਨਹਾਰਾ ਜਾ ਕੈ ਅੰਗਿ ਗੁਸਾਈ॥**
**ਜਮ ਕੀ ਤ੍ਰਾਸ ਮਿਟੈ ਜਿਸੁ ਸਿਮਰਤ ਨਾਨਕ ਨਾਮੁ ਧਿਆਈ॥**
ਧਨਾਸਰੀ ਮ: ੫, ਪੰਨਾ ੬੭੯

ਦੁਨੀਆਦਾਰੀ ਦੇ ਗਹਿਣੇ ਸੋਨਾ, ਚਾਂਦੀ, ਸੁੱਚੇ ਮੋਤੀ ਆਦਿਕ ਚੋਰਾਂ ਨੂੰ ਲਭ ਸਕਦੇ ਹਨ, ਉਹ ਲੋਭਿਤ ਹੋ ਕੇ ਉਸ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਪ੍ਰਾਪਤ ਕਰਨ ਲਈ ਉਹ ਹਰ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਦੇ ਹਨ। ਉਨ੍ਹਾਂ ਨੂੰ ਚੋਰੀ ਕਰ ਕੇ ਠੱਗ ਸਕਦੇ ਹਨ, ਸੰਨ੍ਹ ਲਾ ਕੇ ਵੀ ਚੋਰੀ ਕੀਤੀ ਜਾ ਸਕਦੀ ਹੈ, ਪਰ ਅਕਾਲ ਪੁਰਖ ਪ੍ਰਭੂ ਪ੍ਰਮਾਤਮਾ ਦਾ ਨਾਮ ਮੋਤੀਆਂ ਤੇ ਮਾਣਕਾ ਨਾਲੋਂ ਵੀ ਉੱਚਾ ਹੈ, ਅਤੇ ਉਸਨੂੰ ਸੰਨ੍ਹ ਲਾਕੇ ਵੀ ਚੁਰਾਇਆ ਨਹੀਂ ਜਾ ਸਕਦਾ।

ਇਸ ਸ੍ਰਿਸ਼ਟੀ ਦੇ ਵਿੱਚ ਸਿਰਜਨਹਾਰ ਦੇ ਜਿੰਨੇ ਵੀ ਕੌਤਕ ਹੋ ਰਹੇ ਹਨ, ਉਹ ਸਾਰੇ ਦੇ ਸਾਰੇ ਮਨ ਵਿੱਚ ਪਿਆਰੇ ਲਗਦੇ ਹਨ, ਆਨੰਦ-ਦਾਇਕ ਲਗਦੇ ਹਨ। ਜੋ ਕੁਝ ਇਸ ਸ੍ਰਿਸ਼ਟੀ ਤੇ ਵਾਪਰ ਰਿਹਾ ਹੈ, ਉਸ ਦੇ ਅਨੁਸਾਰ ਹੀ ਸਭ ਕਰਮ ਕੀਤੇ ਜਾਂਦੇ ਹਨ ਤੇ ਉਸ ਦੀ ਰਚੀ ਹੋਈ ਸ੍ਰਿਸ਼ਟੀ ਵਿੱਚ, ਉਸ ਦੇ ਰਚੇ ਹੋਏ ਜੀਵ ਵੀ ਉਹੀ ਕੁਝ ਕਰਦੇ ਹਨ, ਜੋ ਅਕਾਲ ਪੁਰਖ ਦੀ ਰਜ਼ਾ ਹੁੰਦੀ ਹੈ, ਉਸਦੀ ਆਗਿਆ ਅਨੁਸਾਰ ਹੀ ਸਭ ਕਾਰਜ ਹੁੰਦੇ ਹਨ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥** ਜਪੁਜੀ ਸਾਹਿਬ ਮ: ੧

**ਮਾਰੈ ਰਾਖੈ ਏਕੋ ਆਪਿ॥**
**ਮਾਨੁਖ ਕੈ ਕਿਛੁ ਨਾਹੀ ਹਾਥਿ॥**
**ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥**
**ਤਿਸ ਕਾ ਨਾਮੁ ਰਖੁ ਕੰਠਿ ਪਰੋਇ॥** ਗਉੜੀ ਮ: ੫, ਪੰਨਾ ੨੮੧

ਜਿੰਨ੍ਹਾਂ ਨੂੰ ਅਕਾਲ ਪੁਰਖ ਪ੍ਰਭੂ ਨੇ ਆਪਣਾ ਬਣਾ ਲਿਆ, ਬਸ ਫਿਰ ਉਨ੍ਹਾਂ ਦਾ ਤਾਂ ਕਹਿਣਾ ਹੀ ਕੀ ? ਉਹ ਤਾਂ ਬਹੁਤ ਵਡਭਾਗੀ ਹਨ, ਭਾਗਸ਼ਾਲੀ ਹਨ। ਉਹ ਤਾਂ ਧੰਨ ਹਨ ਜਿਨ੍ਹਾਂ ਉਤੇ ਉਸ ਦੀ ਮਿਹਰ ਭਰੀ ਦ੍ਰਿਸ਼ਟੀ ਪੈ ਗਈ, ਪ੍ਰਭੂ ਪ੍ਰੀਤਮ ਨੇ ਉਨ੍ਹਾਂ ਨੂੰ ਅਪਣਾ ਲਿਆ, ਉਹ ਉਸ ਦੇ ਆਪਣੇ ਹੋ ਗਏ।' ਪ੍ਰਮਾਤਮਾ ਅਕਾਲ ਪੁਰਖ ਮਨੁੱਖ ਨੂੰ ਆਪਣੇ ਕੀਤੇ ਉੱਦਮ ਕਰ ਕੇ ਨਹੀਂ ਪ੍ਰਾਪਤ ਹੁੰਦਾ, ਜੇ ਕਰ ਉਸ ਨੂੰ ਆਪਣੇ ਉੱਦਮ ਕਰ ਕੇ ਮਿਲ ਸਕਦਾ ਹੁੰਦਾ ਤਾਂ ਜੀਵ ਉਸ ਤੋਂ ਵਿਛੱੜ ਕੇ ਦੁਖੀ ਕਿਉਂ ਹੁੰਦਾ। ਮਨੁੱਖ ਹਰ ਵੇਲੇ ਆਕੜਿਆ ਫਿਰਦਾ ਹੈ ਤੇ ਸੋਚਦਾ ਹੈ ਕਿ ਉਹ ਬਹੁਤ ਕੁਝ ਕਰ ਸਕਦਾ ਹੈ ਪਰ ਅਸਲ ਵਿੱਚ ਉਸ ਦੇ ਆਪਣੇ ਵੱਸ ਕੁਝ ਨਹੀਂ। ਉਹ ਆਪਣੀ ਮਰਜ਼ੀ ਅਨੁਸਾਰ ਇੱਕ ਸਾਹ ਤਕ ਵੀ ਨਹੀਂ ਲੈ ਸਕਦਾ, ਇਕ ਕਦਮ ਵੀ ਨਹੀਂ ਪੁੱਟ ਸਕਦਾ। ਆਪਣੇ ਮਨ ਵਿੱਚ ਅਨੇਕ ਤਰ੍ਹਾਂ ਦੀਆਂ ਤਰੰਗਾਂ ਉਮੰਗਾਂ, ਕਾਮਨਾਵਾਂ ਕਰਦਾ ਹੈ, ਪਰ ਕੀ ਉਨ੍ਹਾਂ ਦੀ ਪੂਰਤੀ ਕਰਨਾ ਉਸ ਦੇ ਵੱਸ ਵਿੱਚ ਹੈ, ਬਿਲਕੁਲ ਨਹੀਂ। ਇਹ ਸਭ ਕੁਝ ਅਕਾਲ ਪੁਰਖ ਦੇ ਵੱਸ ਵਿੱਚ ਹੈ। ਮਨੁੱਖ ਕਿੰਨਾ ਮੁਹਤਾਜ, ਕਿੰਨਾਂ ਬੇਬਸ ਹੈ ? ਉਹ ਆਪਣੇ ਮਨੋਰਥਾਂ ਦੀ ਪੂਰਤੀ ਨਹੀਂ ਕਰ ਸਕਦਾ ਹੈ। ਜੇ ਜੀਵ ਨੂੰ ਆਪਣੇ ਯਤਨਾਂ ਨਾਲ ਕੋਈ ਪਦਾਰਥ ਜਾਂ ਸੰਬੰਧੀ ਮਿਲ ਸਕਦਾ ਹੋਵੇ ਤੇ ਫਿਰ ਉਨ੍ਹਾਂ ਪਦਾਰਥਾਂ ਤਥਾ ਸੰਬੰਧੀਆਂ ਕੋਲੋਂ ਵਿਛੱੜੇ ਜੀਵ ਨੂੰ ਦੁਖੀ ਹੋ ਕੇ ਰੋਣ ਦੀ ਲੋੜ ਕਿਉਂ ਪਵੇ ? ਹੁਣ ਸਵਾਲ ਉਠਦਾ ਹੈ, ਕਿ ਜੇ ਕਰ ਮਨੁੱਖ ਦੇ ਆਪਣੇ ਵੱਸ ਕੁਝ ਵੀ ਪ੍ਰਾਪਤ ਨਾ ਕਰਨ ਦੀ ਅਸਮਰਥਾ ਹੈ ਤੇ ਫਿਰ ਪ੍ਰਾਪਤੀ ਕਿਵੇਂ ? ਇਸ ਦੇ ਉੱਤਰ ਵਿਚ ਮਨੁੱਖ ਨੂੰ ਚਾਹੀਦਾ ਹੈ ਕਿ ਸੰਤਾਂ ਸਾਧਾਂ ਦੀ ਸੰਗਤ ਪ੍ਰਾਪਤ ਕਰੇ ਤੇ ਫਿਰ ਸੰਤਾਂ ਦਾ ਸੰਗ ਆਨੰਦ, ਖ਼ੁਸ਼ੀਆਂ, ਖੇੜਾ ਪ੍ਰਦਾਨ ਕਰਦਾ ਹੈ ਤੇ ਉਹ

ਹਮੇਸ਼ਾ ਇਕ ਸਾਰ ਆਨੰਦ ਮਗਨ ਹੋ ਕੇ ਪ੍ਰਸੰਨ ਰਹਿੰਦਾ ਹੈ। ਅਕਾਲ ਪੁਰਖ ਪ੍ਰਭੂ ਦੇ ਮਿਲਾਪ ਦਾ ਆਨੰਦ ਉਹ ਜੀਵ ਆਤਮਾਵਾਂ ਮਾਣਦੀਆਂ ਹਨ, ਜਿਨ੍ਹਾਂ ਨੂੰ ਆਪਣੇ ਪਿਆਰੇ ਸਤਿਗੁਰੂ ਜੀ ਤੇ ਸੰਤਾਂ, ਸਾਧਾਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਜਿਹੜੇ ਮਨੁੱਖ ਦੇ ਭਾਗ ਉਦੇ ਹੁੰਦੇ ਹਨ, ਉਨ੍ਹਾਂ ਨੂੰ ਜੇਠ ਦਾ ਮਹੀਨਾ ਅਤਿ ਸੁਹਾਵਣਾ ਲੱਗਦਾ ਹੈ, ਉਨ੍ਹਾਂ ਨੂੰ ਹੀ ਅਕਾਲ ਪੁਰਖ ਪ੍ਰਭੂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਤੇ ਬਹੁ-ਬਿਧਿ ਰੰਗੁਲਾ ਸਾਹਿਬ ਉਨ੍ਹਾਂ ਨੂੰ ਨਿਵਾਜਦਾ ਹੈ ਤੇ ਉਸ ਅਕਾਲ ਪੁਰਖ ਪ੍ਰਭੂ ਦੇ ਮਿਲਾਪ ਦਾ ਆਨੰਦ ਉਹ ਹਮੇਸ਼ਾ ਰੱਜ ਰੱਜ ਕੇ ਮਾਣਦੇ ਹਨ। ਜਦੋਂ ਮੱਥੇ ਦੇ ਭਾਗ ਚੰਗੇ ਹੁੰਦੇ ਹਨ, ਜੀਵ ਆਤਮਾ ਦੇ ਹਿਰਦੇ ਅੰਦਰ ਆਪਣੇ ਪਿਆਰੇ ਪ੍ਰਭੂ ਦੀ ਤੜਪ ਪੈਦਾ ਹੁੰਦੀ ਹੈ, ਪਿਆਰ ਪੈਦਾ ਹੁੰਦਾ ਹੈ, ਦਰਸ਼ਨਾਂ ਦੀ ਤਾਂਘ ਉਤਪੰਨ ਹੁੰਦੀ ਹੈ ਤੇ ਇੱਕ ਸ਼ਰਧਾ, ਅਸੀਮ, ਪਿਆਰ, ਭਗਤੀ ਆਦਿ ਸ਼ੁਭ ਗੁਣ ਆਪਣੇ ਪਿਆਰੇ ਪ੍ਰੀਤਮ ਨੂੰ ਮਿਲਣ ਵਿੱਚ ਸਹਾਇਕ ਬਣਦੇ ਹਨ।

*ਭਾਵ :*

ਅਕਾਲ-ਪੁਰਖ ਪ੍ਰਭੂ ਦਾ ਨਾਮ ਅਮੋਲਕ ਧਨ ਹੈ ਅਤੇ ਉਹ ਸਦਾ ਮਨੁੱਖ ਦੇ ਨਾਲ ਨਿਭਦਾ ਹੈ। ਇਸ ਧਨ ਨੂੰ ਪ੍ਰਾਪਤ ਕਰ ਕੇ, ਉਸ ਦੀ ਸੋਭਾ ਲੋਕ ਪਰਲੋਕ ਵਿੱਚ ਬਣ ਜਾਂਦੀ ਹੈ। ਇਹ ਨਾਮ ਦੀ ਦਾਤ ਦੀ ਪ੍ਰਾਪਤੀ ਸਤਿਗੁਰੂ ਜੀ ਦੀ ਮਿਹਰ ਸਦਕਾ ਅਤੇ ਉਸ ਦੀ ਸ਼ਰਨ ਵਿੱਚ ਜਾ ਕੇ ਪ੍ਰਾਪਤ ਹੋ ਸਕਦੀ ਹੈ।


# ਸਾਧੂ ਸੰਗੁ ਪਰਾਪਤੇ

### *ਸੂਬਾ ਗੰਡਾ ਸਿੰਘ*

ਸੂਬਾ ਗੰਡਾ ਸਿੰਘ ਜੀ ਨੂੰ ਬਚਪਨ ਤੋਂ ਹੀ ਸਾਧ-ਸੰਗਤ ਦੀ ਸੇਵਾ ਕਰਨ ਦਾ ਬੜਾ ਸ਼ੌਕ ਸੀ। ਗੁਰਦਵਾਰੇ ਜਾ ਕੇ ਜਲ ਛਕਾਉਣ ਦੀ ਸੇਵਾ ਕਰਨ ਵਿੱਚ ਉਨ੍ਹਾਂ ਨੂੰ ਖਾਸ ਸੁਆਦ ਆਉਂਦਾ ਸੀ। ਖਾਸ ਕਰ ਕੇ ਹਰ ਮਹੀਨੇ ਏਮਨਾਬਾਦ, ਰੋੜੀ ਸਾਹਿਬ ਗੁਰਦੁਵਾਰੇ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਵਕਤ ਰੋੜਾਂ ਦੀ ਵਿਛਾਈ ਕੀਤੀ ਸੀ, ਜਿੱਥੇ ਗੁਰੂ ਜੀ ਨੇ ਭਾਈ ਲਾਲੋ ਦੇ ਘਰੋਂ ਕੋਧਰੇ ਦਾ ਪ੍ਰਸ਼ਾਦਾ ਛਕਿਆ ਤੇ ਮਲਕ ਭਾਗੋ ਦੀਆਂ ਪੂਰੀਆਂ ਕਚੌਰੀਆਂ ਵਿਚੋਂ ਪਾਪ ਦੀ ਕਮਾਈ ਦਾ ਲਹੂ ਕੱਢ ਕੇ ਵਿਖਾਇਆ ਸੀ, ਉਥੇ ਜਾ ਕੇ ਸੇਵਾ ਕਰਦੇ ਹੁੰਦੇ ਸਨ।

ਗੁਜਰਾਂਵਾਲੇ ਦੀ ਸੰਗਤ ਪੂਰਨਮਾਸ਼ੀ ਵਾਲੇ ਦਿਨ ਏਮਨਾਬਾਦ ਯਥਾ ਯੋਗ

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸਕੈ ਭਾਗੁ ਮਥੰਨਿ ॥



ਸੂਬਾ ਰੀਡਾ ਸਿੰਘ ਜੀ

ਸੇਵਾ ਕਰਦੀ। ਸੂਬਾ ਜੀ ਵੀ ਆਪਣੇ ਮਿੱਤਰਾਂ ਤੇ ਸਾਥੀਆਂ—ਭਾਈ ਨੱਥਾ ਸਿੰਘ, ਮਲਕਿਆਂ ਵਾਲੇ ਜੀਊਂਣ ਸਿੰਘ, ਸ਼ੇਰ ਸਿੰਘ ਆਦਿ ਨਾਲ ਹਰ ਮਹੀਨੇ ਏਮਨਾਬਾਦ ਨੂੰ ਜਾਇਆ ਕਰਦੇ ਸਨ।

ਸਟੇਸ਼ਨ ਜਾਣ ਵੇਲੇ ਕਣਕ ਮੰਡੀ ਵਿੱਚੋਂ ਲੰਘਣ ਦਾ ਅਵਸਰ ਪ੍ਰਾਪਤ ਹੁੰਦਾ ਅਤੇ ਮੰਡੀ ਵਿਚੋਂ ਲੰਘਦਿਆਂ ਹਮੇਸ਼ਾ ਹੀ ਇੱਕ ਮਹਾਨ ਸ਼ਖ਼ਸੀਅਤ ਨੇ ਆਪਣੇ ਨੂਰਾਨੀ ਜਲਵੇ ਨਾਲ ਉਨ੍ਹਾਂ ਨੂੰ ਪ੍ਰਭਾਵਿਤ ਕਰਨਾ। ਉਨ੍ਹਾਂ ਨੇ ਚੁੱਪ ਚਾਪ ਕੋਲੋਂ ਦੀ ਲੰਘ ਜਾਣਾ ਤੇ ਸੋਚਣਾ ਕਿ ਇਹ ਬਜ਼ੁਰਗ ਸ਼ਾਇਦ ਭਾਈ ਗੁਰਦਿੱਤ ਸਿੰਘ ਦੇ ਬਾਪੂ ਜੀ ਹਨ।

ਇੱਕ ਵਾਰੀ ਸੂਬਾ ਜੀ ਤੇ ਨੱਥਾ ਸਿੰਘ ਜੀ ਏਮਨਾਬਾਦ ਗੁਰਦੁਆਰੇ ਸੇਵਾ ਕਰ ਕੇ ਸ਼ਾਮ ਨੂੰ ਜਦੋਂ ਬੈਠੇ ਤਾਂ ਨੱਥਾ ਸਿੰਘ ਜੀ ਨੇ ਪੁੱਛਿਆ, "ਗੰਡਾ ਸਿੰਘ ਜੀ, ਤੁਸੀਂ ਭਜਨ ਪੁੱਛਿਆ ਹੋਇਆ ਏ ?" ਸੂਬਾ ਜੀ ਨੇ ਦੱਸਿਆ ਕਿ ਅਜੇ ਤਕ ਉਨ੍ਹਾਂ ਭਜਨ ਨਹੀਂ ਪੁੱਛਿਆ। ਨੱਥਾ ਸਿੰਘ ਨੇ ਆਖਿਆ, 'ਬੜੀ ਅਜੀਬ ਗੱਲ ਹੈ ਭਾਈ, ਅਸੀਂ ਦੋ ਸਾਲਾਂ ਤੋਂ ਇਕੱਠੇ ਏਮਨਾਬਾਦ ਸੇਵਾ ਕਰਨ ਆਉਂਦੇ ਰਹੇ ਹਾਂ, ਪਰ ਇਹ ਗੱਲ ਤੂੰ ਮੈਨੂੰ ਕਦੇ ਵੀ ਨਹੀਂ ਦੱਸੀ। ਚੱਲ ਹੁਣ ਤੈਨੂੰ ਪਹਿਲਾਂ ਭਜਨ ਪੁਛਾਵਾਂ ਤੇ ਫੇਰ ਹੀ ਘਰ ਚਲਾਂਗੇ।"

ਗੁਜਰਾਂਵਾਲੇ ਤੇ ਏਮਨਾਬਾਦ ਦੇ ਰਾਹ ਵਿਚ ਇੱਕ ਨਹਿਰ ਆਉਂਦੀ ਸੀ ਜਦੋਂ ਨਹਿਰ ਕੋਲ ਪਹੁੰਚੇ ਤਾਂ ਉਥੇ ਖ਼ਰਬੂਜਿਆਂ ਦਾ ਢੇਰ ਲੱਗਾ ਵੇਖ ਕੇ ਨੱਥਾ ਸਿੰਘ ਜੀ ਟਕੇ ਵੱਟੀ ਦੇ ਹਿਸਾਬ ਨਾਲ ਖਰਬੂਜੇ ਲੈ ਆਏ ਤੇ ਖਰਬੂਜੇ ਲੈ ਕੇ ਨੱਥਾ ਸਿੰਘ ਗੁਰਦਿੱਤ ਸਿੰਘ ਹੋਰਾਂ ਦੀ ਦੁਕਾਨ ਉਤੇ ਪਹੁੰਚੇ। ਨੱਥਾ ਸਿੰਘ ਨੇ ਕਿਹਾ, "ਔਹ ਸੰਤ ਜੀ ਬੈਠੇ ਹਨ, ਜਾ ਕੇ ਪ੍ਰੇਮ ਨਾਲ ਮੱਥਾ ਟੇਕ ਲੈ।" ਖਰਬੂਜਿਆਂ ਨੂੰ ਬਾਹਰ ਹੀ ਰੱਖ ਕੇ ਅੰਦਰ ਜਾ ਕੇ ਸੰਤਾਂ ਦੇ ਚਰਨਾਂ ਤੇ ਸ: ਗੰਡਾ ਸਿੰਘ ਜੀ ਨੇ ਨਮਸਕਾਰ ਕੀਤੀ। ਸੰਤਾਂ ਨੇ ਇਕਦਮ ਨੱਥਾ ਸਿੰਘ ਨੂੰ ਕਿਹਾ, "ਭਾਈ ਨੱਥਾ ਸਿੰਘ, ਅੱਜ ਸਾਡਾ ਖਰਬੂਜਾ ਛਕਣ ਨੂੰ ਚਿੱਤ ਕਰਦਾ ਹੈ।"

ਇਹ ਬਚਨ ਸੁਣ ਕੇ ਨੱਥਾ ਸਿੰਘ ਜੀ ਨੇ ਝੱਟਪੱਟ ਖਰਬੂਜਾ ਅੰਦਰ ਲੈ ਆਉਣ ਲਈ ਆਖਿਆ। ਉਸਨੇ ਖਰਬੂਜਾ ਲਿਆ ਕੇ ਸੰਤਾਂ ਨੂੰ ਭੇਟਾ ਕਰ ਦਿੱਤਾ। ਫਿਰ ਸੰਤਾਂ ਨੇ ਨੱਥਾ ਸਿੰਘ ਨੂੰ ਖਰਬੂਜਾ ਧੋਣ ਵਾਸਤੇ ਹੁਕਮ ਕੀਤਾ ਤੇ ਆਖਿਆ ਕਿ ਇਸ ਨੂੰ ਧੋ ਕੇ ਇਸ ਦੇ ਪੰਜ ਹਿੱਸੇ ਕਰ ਦਿਓ। ਇਸ ਤਰ੍ਹਾਂ ਖਰਬੂਜੇ ਦੇ ਪੰਜ ਹਿੱਸੇ ਕਰ ਕੇ ਇੱਕ ਇੱਕ ਹਿੱਸਾ ਸੂਬਾ ਜੀ ਤੇ ਨੱਥਾ ਸਿੰਘ ਨੂੰ, ਇੱਕ ਹਿੱਸਾ ਆਪ ਲਿਆ ਤੇ ਇੱਕ ਹਿੱਸਾ ਗੁਰਦਿੱਤ ਸਿੰਘ ਨੂੰ ਅਤੇ ਇੱਕ ਹਿੱਸਾ ਪਾਸ ਬੈਠੇ ਹੋਰ ਸਰੀਰ ਨੂੰ ਦਿਵਾਇਆ। ਸੂਬਾ ਜੀ ਨੂੰ ਭੇਟਾ ਪ੍ਰਵਾਨ ਹੋ ਜਾਣ ਦੀ ਬਹੁਤ ਖ਼ੁਸ਼ੀ ਹੋਈ।

ਸੂਬਾ ਜੀ ਨੇ ਆਪਣੇ ਧੰਨ ਭਾਗ ਸਮਝੇ ਤੇ ਇੰਝ ਮਹਿਸੂਸ ਕੀਤਾ ਜਿਵੇਂ ਅਜਿਹੇ ਅਧਿਆਤਮਕ ਮਹਾਂਪੁਰਸ਼ਾਂ ਦੀ ਉਨ੍ਹਾਂ ਦੇ ਜੀਵਨ ਵਿਚ ਜੋ ਘਾਟ ਸੀ,

ਉਹ ਅੱਜ ਪੂਰੀ ਹੋ ਗਈ ਹੋਵੇ। ਸੂਬਾ ਜੀ ਨੇ ਸੰਤਾ ਦੇ ਚਰਨਾਂ ਵਿੱਚ ਭਜਨ ਲੈਣ ਲਈ ਬੇਨਤੀ ਕੀਤੀ। ਸੂਬਾ ਜੀ ਨੂੰ ਸੰਤਾਂ ਨੇ ਪੰਜ ਇਸ਼ਨਾਨਾ ਕਰ ਕੇ ਆਉਣ ਲਈ ਹੁਕਮ ਕੀਤਾ। ਸੂਬਾ ਜੀ ਉਸੇ ਵਕਤ ਪੰਜ ਇਸ਼ਨਾਨਾ ਕਰ ਕੇ ਆ ਗਏ। ਸੰਤਾਂ ਨੇ ਆਪ ਭੀ ਪੰਜ ਇਸ਼ਨਾਨਾ ਕੀਤਾ ਤੇ ਕੁਝ ਚਿਰ ਸਿਮਰਨ ਕਰਦੇ ਰਹੇ। ਫਿਰ ਪਰਨੇ ਦਾ ਅੱਧਾ ਹਿੱਸਾ ਉਨ੍ਹਾਂ ਦੇ ਸਿਰ ਤੇ ਰੱਖ ਦਿੱਤਾ ਤੇ ਆਪਣਾ ਖੱਬਾ ਹੱਥ ਉਨ੍ਹਾਂ ਦੇ ਸਿਰ ਤੇ ਰੱਖ ਕੇ ਦੋਹਾਂ ਕੰਨਾਂ ਵਿਚ ਭਜਨ (ਗੁਰਮੰਤ੍ਰ) ਦੱਸ ਦਿੱਤਾ ਤੇ ਬਚਨ ਕੀਤਾ, "ਭਾਈ ਤੂੰ ਮਾਸ ਤੇ ਨਹੀਂ ਖਾਂਦਾ, ਸ਼ਰਾਬ ਤਾਂ ਨਹੀਂ ਪੀਂਦਾ, ਪਰ ਜੇ ਖਾਂਦਾ ਹੈ ਤਾਂ ਖਾਈ ਜਾਵੀਂ, ਜੇ ਪੀਂਦਾ ਹੈ ਤਾਂ ਪੀਵੀਂ ਜਾਵੀਂ; ਛੁਡਾਣ ਵਾਲੇ ਨੇ ਆਪੇ ਛੁਡਾ ਲੈਣਾ ਹੈ।" ਸੂਬਾ ਜੀ ਨੂੰ ਇੰਝ ਲੱਗਾ ਕਿ ਜਿਸ ਗੱਲ ਦੀ ਉਨ੍ਹਾਂ ਨੂੰ ਬਚਪਨ ਤੋਂ ਲੋੜ ਸੀ ਤੇ ਤਲਾਸ਼ ਸੀ, ਉਹ ਪ੍ਰੀਤਮ ਪਿਆਰਾ ਸਾਧੂ ਉਨ੍ਹਾਂ ਨੂੰ ਮਿਲ ਗਿਆ ਹੈ।

## ਸਾਧੂ ਸੰਗੁ ਪਰਾਪਤੇ

ਇਹ ਮਿਲਾਪ ਹੀ ਅਥਾਹ ਪਿਆਰ ਤੇ ਭਗਤੀ ਤੇ ਸ਼ਰਧਾ ਦਾ ਸੋਮਾ ਬਣ ਗਿਆ। ਸੂਬਾ ਜੀ ਧੰਨ ਧੰਨ ਹੋ ਗਏ ਕਿਉਂਕਿ ਸੰਤ ਕੇਸਰ ਸਿੰਘ ਜੀ ਚਵਿੰਡਾ ਦੀ ਕਿਰਪਾ ਸਦਕਾ ਹੀ ਉਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਜਿਨ੍ਹਾਂ ਦੀ ਛਤਰ ਛਾਇਆ ਹੇਠ ਉਨ੍ਹਾਂ ਅਨੇਕਾਂ ਹੀ ਪੰਥਕ ਕੰਮਾਂ ਵਿੱਚ ਹਿੱਸਾ ਲੈ ਕੇ, ਸਤਿਗੁਰਾਂ ਦੇ ਹੁਕਮਾਂ ਨੂੰ ਸਾਕਾਰ ਕੀਤਾ। ਆਪ ਜੀ ਸਤਿਗੁਰੂ ਜੀ ਅਤੇ ਸੰਤਾਂ ਦੀ ਬਖਸ਼ਸ਼ਾਂ ਸਦਕਾ ਇੱਕ ਬੜੇ ਉੱਚ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਬਣ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਲਈ ਇਕ ਬੜਾ ਵਧੀਆ ਦਿਲਰੁਬਾ ਤਿਆਰ ਕੀਤਾ। ਸੱਚੇ ਪਾਤਸ਼ਾਹ ਜੀ ਨੇ ਇਸ ਨੂੰ ਬਹੁਤ ਪਸੰਦ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਲਈ ਇੱਕ ਐਸੀ ਮਸ਼ੀਨ ਤਿਆਰ ਕੀਤੀ ਜਿਸ ਨਾਲ ਐਨ ਗਿਣਵੇਂ ਸਮੇਂ ਵਿਚ ਬਹੁਤ ਸਾਰੇ ਤਾਲ ਵੱਖ-ਵੱਖ ਡਾਇਲਜ਼ ਅਨੁਸਾਰ ਵੱਜ ਸਕਦੇ ਸਨ। ਸਤਿਗੁਰੂ ਜੀ ਨੇ ਇਸ ਮਸ਼ੀਨ ਤੇ ਗਾਇਨ ਦਾ ਬੜਵੀਂ ਲੈ ਤਾਲ ਅਨੁਸਾਰ ਕਾਫ਼ੀ ਸਮਾਂ ਅਭਿਆਸ ਕੀਤਾ।

ਇੱਕ ਵਾਰੀ ਸ੍ਰੀ ਭੈਣੀ ਸਾਹਿਬ ਵਿਖੇ ਗੁਰਮਤਿ ਸੰਗੀਤ ਸੰਮੇਲਨ ਹੋਣਾ ਨਿਸ਼ਚਿਤ ਹੋਇਆ। ਸਤਿਗੁਰੂ ਜੀ ਨੇ ਆਪ ਜੀ ਨੂੰ ਉਥੇ ਜਾਣ ਲਈ ਹੁਕਮ ਕੀਤਾ। ਆਪ ਜੀ ਨੇ ਉੱਤਰ ਦਿੱਤਾ, "ਸੱਚੇ ਪਾਤਸ਼ਾਹ ਜੀ, ਮੈਨੂੰ ਤੇ ਸੰਗੀਤ ਬਾਰੇ ਕੋਈ ਗਿਆਨ ਨਹੀਂ।" ਸਤਿਗੁਰੂ ਜੀ ਨੇ ਬਚਨ ਕੀਤਾ, "ਮਿਸਤ੍ਰੀ ਜੀ, ਤੁਸੀਂ ਚਲਣਾ ਤਾਂ ਸਹੀ, ਉਥੇ ਜਾ ਕੇ ਸਭ ਕੁਝ ਤੁਹਾਨੂੰ ਸਮਝ ਆਉਣ ਲੱਗ ਪਵੇਗਾ।" ਜਿਉਂ ਹੀ ਸੰਗੀਤ ਸੰਮੇਲਨ ਦਾ ਆਰੰਭ ਹੋਇਆ, ਸੱਚੇ ਪਾਤਸ਼ਾਹ ਜੀ ਦੀ ਅਪਾਰ ਬਖਸ਼ਸ਼ ਸਦਕਾ ਸੂਬਾ ਜੀ ਨੂੰ ਸੰਗੀਤ ਬਾਰੇ ਸੋਝੀ ਹੋ ਗਈ ਅਤੇ ਸੁਰ, ਲੈ, ਤਾਲ, ਆਲਾਪ ਆਦਿ ਸਮਝ ਆਉਣ ਲੱਗ ਪਏ।

**ਪਿੰਗਲ ਪਰਬਤ ਪਾਰਿ ਪਰੇ, ਖਲ ਚਤੁਰ ਬਕੀਤਾ**
**ਅੰਧੁਲੇ ਤ੍ਰਿਭਵਣ ਸੁਝਿਆ, ਗੁਰ ਭੇਟਿ ਪੁਨੀਤਾ॥**

ਬਿਲਾਵਲੁ ਮ: ੫, ਪੰਨਾ ੮੦੯

ਸੂਬਾ ਗੰਡਾ ਸਿੰਘ ਜੀ ਦਸਾਂ ਨਹੁੰਆਂ ਦੀ ਕਿਰਤ ਤੇ ਵਿਸ਼ਵਾਸ ਰਖਦੇ ਸਨ, ਤੇ ਇਸ ਲਈ ਆਪਣੇ ਹੱਥਾਂ ਨਾਲ ਕੰਮ ਕਾਰ ਕਰਨ ਤੋਂ ਕਦੇ ਵੀ ਸੰਕੋਚ ਨਾ ਕਰਦੇ। ਇੱਕ ਦਿਨ ਸੂਬਾ ਜੀ ਤਾਰ ਵੇਲਨ ਵਾਲੀ ਮਸ਼ੀਨ ਤੇ ਕੰਮ ਕਰ ਰਹੇ ਸਨ ਕਿ ਅਚਾਨਕ ਵੇਲਨੇ ਵਿਚ ਤਾਰ ਦਾ ਸਿਰਾ ਦੇਣ ਲਗਿਆਂ ਉਹਨਾਂ ਦੀ ਸੱਜੀ ਬਾਂਹ ਦੋ ਗਰਾਰੀਆਂ ਵਿਚ ਫਸ ਗਈ। ਉਸੇ ਵੇਲੇ ਅੱਖ ਦੇ ਪਲਕਾਰੇ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਤੱਖ ਰੂਪ ਵਿਚ ਆਪਣਾ ਹੱਥ ਮਾਰ ਕੇ ਗਰਾਰੀਆਂ ਵਿਚ ਫਸੀ ਹੋਈ ਬਾਂਹ ਨੂੰ ਬਾਹਰ ਖਿੱਚ ਲਿਆ। ਆਪਣੇ ਸੇਵਕ ਦੀ ਔਖੀ ਘੜੀ ਸਮੇਂ ਪਲਾਂ ਵਿਚ ਸਹਾਇਤਾ ਕੀਤੀ। ਸਾਰੇ ਗੁਜਰਾਂਵਾਲੇ ਵਿੱਚ ਇਹ ਖ਼ਬਰ ਫੈਲ ਗਈ ਕਿ ਸੂਬਾ ਜੀ ਦੀ ਸੱਜੀ ਬਾਂਹ ਵੱਢੀ ਗਈ ਹੈ। ਬਾਂਹ ਦੀਆਂ ਸਾਰੀਆਂ ਨਾੜਾਂ ਤੇ ਮਾਸ ਬਾਹਰ ਲਟਕ ਰਿਹਾ ਸੀ। ਵਿਵਹਾਰਿਕ ਤੌਰ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੂਬਾ ਜੀ ਦੀ ਖ਼ਬਰ ਲੈਣ ਲਈ ਗੁਜਰਾਂਵਾਲੇ ਆਏ। ਆਉਂਦਿਆਂ ਸਾਰ ਹੀ ਪੁੱਛਿਆ, "ਮਿਸਤਰੀ ਜੀ, ਹੁਣ ਕੀ ਹਾਲ ਹੈ ?" ਸੂਬਾ ਜੀ ਨੇ ਉੱਤਰ ਦਿਤਾ, "ਆਪ ਜੀ, ਨੇ ਹੀ ਤੇ ਗਰਾਰੀ ਵਿਚੋਂ ਖਿੱਚ ਕੇ ਮੇਰੀ ਬਾਂਹ ਬਾਹਰ ਕੱਢੀ ਸੀ।" ਅਗੋਂ ਸਤਿਗੁਰੂ ਜੀ ਨੇ ਕਿਹਾ, "ਚੁੱਪ, ਜਿਸ ਨੂੰ ਲੋੜ ਸੀ, ਉਸ ਨੇ ਆਪ ਹੀ ਬਚਾਅ ਲਈ ਹੈ।"

**ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥**
**ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥**
**ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥**

ਗਉੜੀ ਬੈਰਾਗਣਿ ਮ: ੪, ਪੰਨਾ ੧੬੮

ਉਸ ਪਿਆਰ ਨਾਲ ਬਚਾਈ ਹੋਈ ਬਾਂਹ ਨੇ ਨਾਮਧਾਰੀ ਪੰਥ ਦੀ ਸਦਾ ਹੀ ਸੇਵਾ ਕੀਤੀ ਤੇ ਗੁਰੂ ਘਰ ਦੇ ਕਿੰਨੇ ਹੀ ਕੰਮਾਂ ਨੂੰ ਸਿਰੇ ਚੜ੍ਹਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਚੇਚੇ ਤੌਰ ਤੇ ਸੂਬਾ ਗੰਡਾ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਮੰਤ੍ਰਿਤ ਕੀਤਾ। ਬਚਨ ਕੀਤਾ, "ਮਿਸਤ੍ਰੀ ਜੀ, ਸ੍ਰੀ ਰਾਮ ਚੰਦਰ ਜੀ ਵੇਲੇ ਇਸ ਪਾਵਨ ਧਰਤੀ ਤੇ ਹਵਨ ਯੱਗ ਹੋਇਆ ਕਰਦੇ ਸਨ, ਸਾਡਾ ਵੀ ਜੀ ਕਰਦਾ ਹੈ, ਕਿ ਇਥੇ ਇੱਕ ਮਹਾਨ ਹਵਨ ਕਰ ਕੇ ਇਸ ਭੂਮੀ ਨੂੰ ਹੋਰ ਪਾਵਨ ਕਰੀਏ, ਇਸ ਲਈ ਇੱਕ ਵਿਸ਼ੇਸ਼, ਵਧੀਆ ਜਿਹਾ ਹਵਨ ਕੁੰਡ ਤਿਆਰ ਕਰ ਦਿਉ।" ਮਿਥੇ ਪ੍ਰੋਗਰਾਮ ਅਨੁਸਾਰ ਦੋ ਮਹੀਨੇ ਪਹਿਲਾਂ ਹੀ ਸੂਬਾ ਜੀ ਸ੍ਰੀ ਭੈਣੀ ਸਾਹਿਬ ਪਹੁੰਚ ਗਏ ਤੇ ਦਿਨ ਰਾਤ ਹਵਨ ਕੁੰਡ ਬਨਾਉਣ

ਵਿਚ ਜੁੱਟ ਗਏ। ਘਰ ਬਾਰ ਸਭ ਕੁਝ ਭੁੱਲ ਗਿਆ ਤੇ ਸੇਵਾ ਕਰਦਿਆਂ-ਕਰਦਿਆਂ ਸੇਵਾ ਰੂਪ ਹੋ ਗਏ।

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ।**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥**
**ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ।**
**ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥**
ਮ: ੪, ਪੰਨਾ ੩੧੪

ਸਤਿਗੁਰੂ ਜੀ ਦੀ ਕਿਰਪਾ ਨਾਲ ਸੂਬਾ ਜੀ ਨੇ ਇੱਕ ਐਸਾ ਹਵਨ ਕੁੰਡ ਬਣਾਇਆ, ਜਿਸ ਦੇ ਕੁਝ ਅਵਿਸ਼ੇਸ਼ ਹੁਣ ਵੀ ਸ੍ਰੀ ਰਾਮਸਰ ਦੇ ਕੋਲ ਨਜ਼ਰ ਆਉਂਦੇ ਹਨ। ਹਵਨ ਕੁੰਡ ਤਿਆਰ ਕੀਤਾ ਤੇ ਨਾਲ ਹੀ ਪਾਣੀ ਤੇ ਘਿਉ ਦੀਆਂ ਟੈਂਕੀਆਂ ਫਿੱਟ ਕਰ ਦਿੱਤੀਆਂ। ਉਨ੍ਹਾਂ ਟੈਂਕੀਆਂ ਵਿਚ ਪੰਜ ਪੀਪੇ ਘਿਉ ਤੇ ਪੰਜ ਪੀਪੇ ਪਾਣੀ ਭਰਨ ਦਾ ਪ੍ਰਬੰਧ ਸੀ, ਜਿਸ ਤੋਂ ਆਪਣੇ ਆਪ ਹੀ ਪਾਣੀ ਤੇ ਘਿਉ ਦਾ ਛੱਟਾ ਹਵਨ ਕੁੰਡ ਦੀ ਅਗਨੀ ਪ੍ਰਜਵਲਤ ਰਖਣ ਵਾਸਤੇ ਪੈਂਦਾ। ਮਸਤਾਨੇ ਅਕਾਲ ਪੁਰਖ ਨਾਲ ਇਕ ਮਿਕ ਹੋ ਕੇ ਹਵਨ ਕੁੰਡ ਦੀਆਂ ਲਪਟਾਂ ਵਲ ਅਕਸਰ ਦੌੜਦੇ ਹਨ। ਉਨ੍ਹਾਂ ਨੂੰ ਅੱਗ ਦੀਆਂ ਲਪਟਾਂ ਤੋਂ ਦੂਰ ਰਖਣ ਲਈ ਹਵਨ ਕੁੰਡ ਦੇ ਆਲੇ-ਦੁਆਲੇ ਇਕ ਜੰਗਲਾ ਤਿਆਰ ਕੀਤਾ ਗਿਆ। ਉਸ ਦੇ ਆਲੇ-ਦੁਆਲੇ ਚੰਡੀ ਦੀ ਵਾਰ ਦਾ ਪਾਠ ਕਰਨ ਵਾਲੀ ਸੰਗਤ ਦੇ ਬੈਠਣ ਦਾ ਪ੍ਰਬੰਧ ਸੀ। ਪਾਠੀਆਂ ਦੇ ਅਗੇ ਘੇਰੇ ਦੇ ਚਾਰ ਚੁਫੇਰੇ ਪਾਣੀ ਵਾਸਤੇ ਇੱਕ ਹੋਰ ਨਾਲੀ ਤਿਆਰ ਕੀਤੀ ਗਈ।

ਸਤਿਗੁਰੂ ਜੀ ਹਰ ਰੋਜ਼ ਚੰਡੀ ਦੀ ਵਾਰ ਦਾ ਪਾਠ, ਹਵਨ ਕੁੰਡ ਦੇ ਥੜੇ ਕੋਲ ਬੈਠ ਕੇ ਕਰਦੇ, ਤੇ ਇੱਕ ਦਿਨ ਸਤਿਗੁਰੂ ਜੀ ਨੇ ਸੂਬਾ ਜੀ ਨੂੰ ਪੁੱਛਿਆ, "ਮਿਸਤ੍ਰੀ ਜੀ, ਪਾਣੀ ਦਾ ਛੱਟਾ ਕਿਸ ਤਰ੍ਹਾਂ ਪੈਂਦਾ ਹੈ ?" ਸੂਬਾ ਜੀ ਨੇ ਉੱਤਰ ਦਿੱਤਾ, "ਗ਼ਰੀਬ ਨਿਵਾਜ, ਜਿਸ ਵੇਲੇ ਅੱਗ ਦਾ ਦਬਾਅ ਪੈਂਦਾ ਹੈ, ਪਾਣੀ ਪਿਛਾਂਹ ਧੱਕਿਆ ਜਾਂਦਾ ਹੈ, ਜਿਸ ਵੇਲੇ ਪਾਣੀ ਦਾ ਦਬਾਅ ਪੈਂਦਾ ਹੈ, ਇੱਕ ਦੰਮ ਪਾਣੀ ਦਾ ਛੱਟਾ ਪੈਂਦਾ ਹੈ।" ਤੇ ਇੰਝ ਇਸ ਮਹਾਨ ਹਵਨ ਕੁੰਡ ਦੇ ਵਿਚ ਅਣਗਿਣਤ ਘਿਉ ਦੇ ਪੀਪੇ ਲਪਟਾਂ ਦੇ ਰੂਪ ਵਿਚ ਪਰਵਰਤਿਤ ਹੁੰਦੇ ਤੇ ਸਾਰਾ ਵਾਤਾਵਰਣ ਪਾਵਨ ਤੇ ਸੁਗੰਧਮਈ ਬਣਾ ਦਿੰਦੇ। ਸੰਮਤ ੨੦੩੯ ਅਸੂ ਦੇ ਮਹੀਨੇ ਵਿੱਚ ਇੱਕ ਵਾਰੀ ਫਿਰ ਉਸੇ ਇਤਿਹਾਸ ਨੂੰ ਦੁਹਰਾਇਆ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਉਸੇ ਪੁਰਾਣੇ ਹਵਨ ਕੁੰਡ ਤੇ ਦੇਸੀ ਘਿਉ ਦੀਆਂ ਲਪਟਾਂ ਰਾਹੀਂ, ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਕਰਵਾ ਕੇ, ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਭੂਮੀ ਨੂੰ ਸੁਗੰਧਮਈ ਬਣਾਇਆ।

ਸੂਬਾ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਚਰਨ ਸੇਵਕ, ਇੱਕ ਪੂਰਨ ਗੁਰਸਿੱਖ, ਇੱਕ ਮਹਾਨ ਉੱਚ ਅਧਿਆਤਮਕ ਸ਼ਖ਼ਸੀਅਤ ਦੇ ਧਾਰਨੀ ਹੋਣ ਕਰਕੇ ਪੂਜਨੀਯ ਹਨ ! ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕ੍ਰਿਪਾ ਦ੍ਰਿਸ਼ਟੀ ਰਾਹੀਂ ਉਹਨਾਂ ਦੀ ਬੁੱਧੀ ਨੂੰ ਇੰਨਾ ਤੀਵਰ ਤੇ ਵਿਸ਼ਾਲ ਬਣਾ ਦਿੱਤਾ ਕਿ ਨਿੱਕੇ-ਨਿੱਕੇ ਕੰਮਾਂ ਤੋਂ ਲੈ ਕੇ ਵੱਡੇ ਕੰਮ ਆਪਣੀ ਤਕਨੀਕੀ ਪ੍ਰਤਿਭਾ ਰਾਹੀਂ ਕਰ ਵਿਖਾਏ, ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੇ ਪਿਆਰ ਨਾਲ ਮਿਸਤ੍ਰੀ ਜੀ ਕਹਿ ਕੇ ਬੁਲਾਣਾ ਸ਼ੁਰੂ ਕਰ ਦਿੱਤਾ। ਹਮੇਸ਼ਾ ਸੱਚ ਬੋਲਣਾ, ਦਾਨ-ਪੁੰਨ ਕਰਨਾ, ਕਿਸੇ ਜੀਵ-ਜੰਤੂ ਦਾ ਦਿਲ ਨਾ ਦੁਖਾਉਣਾਂ, ਸਾਧ-ਸੰਗਤ ਦੀ ਸੇਵਾ ਕਰਨਾ, ਆਪਣੇ ਚਿੱਤ ਨੂੰ ਹਮੇਸ਼ਾ ਨਾਮ ਸਿਮਰਨ ਵਿਚ ਲਿਵਲੀਨ ਰਖਣਾ, ਆਪਣੀ ਰਸਨਾ ਤੇ ਹਰ ਵੇਲੇ ਸੰਤਾਂ ਤੇ ਸਤਿਗੁਰਾਂ ਦੇ ਬਚਨਾਂ ਦਾ ਨਿਵਾਸ ਰੱਖਦੇ, ਉੱਚ ਅਧਿਆਤਮਕ ਸਿਖਰਾਂ ਨੂੰ ਛੋਹਿਆ ਹੋਇਆ ਵੇਖ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਕਹਿ ਕੇ ਨਿਵਾਜਣਾ ਸ਼ੁਰੂ ਕਰ ਦਿੱਤਾ ਤੇ ਦਿੱਲੀ ਦੀ ਸਾਧ-ਸੰਗਤ ਦੀ ਸੇਵਾ, ਕਿਧਰੇ ਵਿਆਹ ਦੇ ਕੰਮ ਸਿਰ ਚਾੜ ਕੇ, ਕਿਧਰੇ ਲੰਗਰ ਤੇ ਸ਼ਹੀਦੀਆਂ ਦੀ ਮਾਇਆ ਇਕੱਤਰ ਕਰ ਕੇ, ਕਿਧਰੇ ਸਾਧ ਸੰਗਤ ਦੇ ਝਗੜਿਆਂ ਦਾ ਫੈਸਲਾ ਕਰ ਕੇ ਆਪਣਾ ਸਮਾਂ ਸਫਲ ਕਰਨ ਲੱਗੇ ਤਾਂ ਦਿੱਲੀ ਦੀ ਸਾਧ-ਸੰਗਤ ਦੀ ਅਰਜ਼ ਕਰਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਨੂੰ ਦਿੱਲੀ ਦਾ ਸੂਬਾ ਥਾਪ ਦਿੱਤਾ, ਮਿਸਤ੍ਰੀ ਜੀ ਤੋਂ ਸੰਤ ਜੀ ਤੇ ਫਿਰ ਸੂਬਾ ਜੀ।

# ੫

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥**
**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥**
**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥**
**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥**
**ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥**
**ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥**
**ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥**
**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥**
**ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥੫॥**

ਮ: ੫, ਪੰਨਾ ੧੩੪

***ਸ਼ਬਦਾਰਥ :***

ਨਾਹੁ—ਖਸਮ, ਪਤੀ, ਮਾਲਕ। ਨ—ਨਹੀਂ ਹੈ। ਜਗਜੀਵਨ ਪੁਰਖ—ਜਗਤ ਦਾ ਸਹਾਰਾ ਪ੍ਰਭੂ। ਸੰਦੀ—ਦੀ। ਦੁਯੈ ਭਾਇ—ਦੂਜੇ ਨਾਲ ਪ੍ਰੇਮ ਕਰ ਕੇ। ਵਿਗੁਚੀਐ—ਖੁਆਰ ਹੋਈਦਾ ਹੈ। ਪਈਸੁ—ਪੈਂਦੀ ਹੈ। ਲੁਣੈ—ਵੱਢਦਾ ਹੈ। ਰੈਣਿ—ਉਮਰ ਰੂਪੀ ਰਾਤ। ਵਿਹਾਣੀ—ਬੀਤ ਗਈ। ਕੌ—ਨੂੰ। ਭੇਟੀਐ—ਮਿਲਦਾ ਹੈ। ਖਲਾਸੁ—ਸੁਰਖਰੂ, ਛੁਟਕਾਰਾ।

***ਵਿਆਖਿਆ :***

ਹਾੜ ਦੇ ਮਹੀਨੇ ਵਿਚ ਅਤਿ ਦੀ ਗਰਮੀ ਹੁੰਦੀ ਹੈ, ਕੀ ਜੀਵ ਕੀ ਜੰਤੂ ਹਰੇਕ ਪ੍ਰਾਣੀ ਸੂਰਜ ਦੀ ਤਪਸ਼ ਕਰ ਕੇ ਬਹੁਤ ਗਰਮੀ ਦਾ ਅਨੁਭਵ ਕਰਦੇ ਹਨ। ਪਰ ਉਹ ਇਸਤ੍ਰੀਆਂ ਜਿਨ੍ਹਾਂ ਦਾ ਪਤੀ ਉਨ੍ਹਾਂ ਦੇ ਕੋਲ ਨਹੀਂ ਬਹੁਤ ਦੂਰ ਹੈ, ਉਹ ਵਿਛੋੜੇ ਦੀ ਅੱਗ ਵਿਚ ਸੜ ਰਹੀਆਂ ਹਨ, ਵਿਛੋੜੇ ਦੀ ਤਪਸ਼ ਸਹਿਣੀ ਬੜੀ ਕਠਿਨ ਹੈ, ਇਸ ਲਈ ਉਹ ਦੁੱਖ, ਕਸ਼ਟ, ਅਨੁਭਵ ਕਰਦੀਆਂ ਹਨ :

**ਪਿਰੁ ਪਰਦੇਸਿ ਸਿਗਾਰੁ ਬਣਾਏ॥**
**ਮਨਮੁਖ ਅੰਧੁ ਐਸੇ ਕਰਮ ਕਮਾਏ॥**
**ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ॥**

ਮਾਝ ਮ: ੩, ਪੰਨਾ ੧੨੭

ਉਹ ਪ੍ਰਮਾਤਮਾ ਸਾਰੀ ਸ੍ਰਿਸ਼ਟੀ ਵਿੱਚ ਸਰਬ ਵਿਆਪਕ ਹੈ, ਉਹ ਸਾਰੇ ਜਗਤ

ਨੂੰ ਜੀਵਨ ਦੀ ਦਾਤ ਬਖਸ਼ਦਾ ਹੈ, ਇਹੋ ਜਿਹੇ ਅਕਾਲ ਪੁਰਖ ਪ੍ਰਭੂ ਨੂੰ ਤਿਆਗ ਕੇ, ਜੀਵ ਮਨੁੱਖ ਦੀ ਆਸ ਰਖਦੇ ਹਨ, ਇਸ ਲਈ ਉਹ ਹਾੜ ਦੀ ਗਰਮੀ ਦੀ ਤਪਸ਼ ਅਨੁਭਵ ਕਰਦੇ ਹਨ।

**ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ**
**ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ॥**
**ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ**
**ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ॥**
**ਹਰਿ ਤਿਸ ਕੀ ਆਸ ਕੀਜੈ ਮਨ ਮੇਰੇ**
**ਜੋ ਸਭ ਮਹਿ ਸੁਆਮੀ ਰਹਿਆ ਸਮਾਈ॥੧॥**
**ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥**
**ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ**
**ਸਾ ਨਿਹਫਲ ਆਸ ਸਭ ਬਿਰਥੀ ਜਾਈ॥**

ਗੌਂਡ ਮ: ੪, ਪੰਨਾ ੮੫੯

**ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥**
**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥** ਪੰਨਾ ੨੫੭

ਅਕਾਲ ਪੁਰਖ ਪ੍ਰਭੂ ਦੀ ਆਸ ਨੂੰ ਮਨੁੱਖ ਤਿਆਗ ਦਿੰਦਾ ਹੈ, ਦ੍ਵੈਤ-ਭਾਵ ਕਰ ਕੇ ਉਹ ਦੂਸਰਿਆਂ ਦੇ ਆਸਰੇ ਤੱਕਦਾ ਹੈ, ਇਸ ਕਰ ਕੇ ਉਹ ਹਮੇਸ਼ਾ ਖੁਆਰ ਹੁੰਦਾ ਹੈ, ਉਸ ਦੇ ਗੱਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ ਤੇ ਉਹ ਹਮੇਸ਼ਾਂ ਨਰਕਾਂ ਦੀਆਂ ਯਾਤਨਾਵਾਂ ਭੋਗਦਾ ਹੈ।

**ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ॥**
**ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ॥**

ਧਨਾਸਰੀ ਮ: ੧, ਪੰਨਾ ੬੬੦

ਜਿਸ ਤਰ੍ਹਾਂ ਕੋਈ ਬੀਜਦਾ ਹੈ, ਉਸ ਤਰ੍ਹਾਂ ਹੀ ਵੱਢਦਾ ਹੈ। ਜਿਸ ਤਰ੍ਹਾਂ ਦੇ ਕਰਮ ਮਨੁੱਖ ਕਰਦਾ ਹੈ, ਉਸੇ ਤਰ੍ਹਾਂ ਦੇ ਲੇਖ ਉਸ ਦੇ ਮੱਥੇ ਤੇ ਲਿਖੇ ਜਾਂਦੇ ਹਨ, ਤੇ ਉਨ੍ਹਾਂ ਦੇ ਅਨੁਸਾਰ ਉਹ ਫਲ ਭੋਗਦਾ ਹੈ। ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ ਇਸਤ੍ਰੀ ਦੀ ਸਾਰੀ ਜ਼ਿੰਦਗੀ ਪਛਤਾਵਿਆਂ ਵਿਚ ਗੁਜ਼ਰਦੀ ਹੈ ਤੇ ਉਹ ਇਸ ਸੰਸਾਰ ਤੋਂ ਟੁੱਟੇ ਹੋਏ ਦਿਲ ਨਾਲ ਟੁਰ ਪੈਂਦੀ ਹੈ। ਜਦੋਂ ਰਾਤ ਬੀਤ ਗਈ, ਉਹ ਪਛਤਾਉਂਦੀ ਹੈ ਤੇ ਫਿਰ ਨਿਰਾਸ਼ ਹੋ ਕੇ ਉੱਠ ਕੇ ਚਲੀ ਜਾਂਦੀ ਹੈ। ਜਦੋਂ ਜੀਵ ਰੂਪੀ ਇਸਤ੍ਰੀ ਦੀ ਉਮਰ ਰੂਪੀ ਰਾਤ ਆਪਣੇ ਪਤੀ ਦੀ ਉਡੀਕ ਵਿਚ ਗੁਜ਼ਰ ਗਈ, ਉਸ ਦੇ ਪਤੀ ਪ੍ਰਮੇਸ਼ਰ ਉਸ ਦੇ ਹਿਰਦੇ ਦੀ

ਸੇਜਾ ਤੇ ਨਾ ਬਹੁੜਿਆ, ਉਹ ਆਪਣੇ ਰੈਣ ਬਸੇਰੇ ਤੋਂ ਨਿਰਾਸ਼ ਹੋ ਕੇ ਉੱਠ ਕੇ ਚਲੀ ਗਈ। ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਨੂੰ ਸਤਿਗੁਰੂ ਦਾ ਸੰਗ ਪ੍ਰਾਪਤ ਹੋ ਜਾਂਦਾ ਹੈ, ਉਹ ਅਕਾਲ ਪੁਰਖ ਦੀ ਦਰਗਾਹ ਵਿਚ ਛੁੱਟ ਜਾਂਦੀਆਂ ਹਨ। ਉਹ ਸਾਧ ਸੰਗਤ ਵਿਚ ਬਹਿ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦੀਆਂ ਹਨ, ਇਸ ਲਈ ਦਰਗਾਹ ਵਿਚ ਜਾ ਕੇ ਸੁੱਖ ਪ੍ਰਾਪਤ ਕਰਦੀਆਂ ਹਨ। ਬਿਰਹਣੀ ਅਕਾਲ ਪੁਰਖ ਦੇ ਚਰਨਾਂ ਵਿਚ ਅਰਾਧਨਾ ਕਰਦੀ ਹੈ ਕਿ ਉਸ ਉਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਹਮੇਸ਼ਾਂ-ਹਮੇਸ਼ਾਂ ਲਈ ਬਣਾਈ ਰੱਖੇ ਤੇ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾਂ-ਹਮੇਸ਼ਾਂ ਲਈ ਉਸ ਦੇ ਮਨ ਅੰਦਰ ਬਣੀ ਰਹੇ।

**ਮਾਈ ਸੰਤ ਸੰਗਿ ਜਾਗੀ॥**
**ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ॥ਰਹਾਉ॥**
**ਦਰਸਨ ਪਿਆਸ ਲੋਚਨ ਤਾਰ ਲਾਗੀ॥**
**ਬਿਸਰੀ ਤਿਆਸ ਬਿਡਾਨੀ॥**
**ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ॥**

ਕੇਦਾਰਾ ਮ: ੫, ਪੰਨਾ ੧੧੧੯

ਉਹ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀਆਂ, ਅਰਜ਼ੋਈਆਂ ਕਰਦੀਆਂ ਹਨ ਕਿ ਉਸ ਤੋਂ ਬਿਨਾਂ ਉਨ੍ਹਾਂ ਦਾ ਹੋਰ ਦੂਸਰਾ ਕੋਈ ਆਸਰਾ ਨਹੀਂ। ਇਸ ਕਰ ਕੇ ਉਸ ਦੇ ਆਸਰੇ ਦੀ ਹਮੇਸ਼ਾ ਲੋੜ ਹੈ ਤੇ ਦਰਸ਼ਨ ਦੀਦਾਰ ਦੀ ਤਾਂਘ ਹੈ। ਉਸ ਤੋਂ ਬਿਨਾਂ ਦੁਨੀਆਂ ਦਾ ਹੋਰ ਕੋਈ ਜੀਵ ਆਸਾਂ ਪੂਰੀਆਂ ਨਹੀਂ ਕਰ ਸਕਦਾ।

**ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ॥**
**ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ॥**
**ਤੁਮਰੀ ਓਟ ਤੁਮਾਰੀ ਆਸਾ॥**
**ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂ ਸਾਸ ਗਿਰਾਸਾ॥ਰਹਾਉ॥**
**ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ॥**
**ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ॥**

ਆਸਾ ਮ: ੫, ਪੰਨਾ ੩੭੮

ਜਿਸ ਜੀਵ ਰੂਪੀ ਇਸਤ੍ਰੀ ਦੇ ਹਿਰਦੇ ਅੰਦਰ ਉਸ ਅਕਾਲ ਪੁਰਖ ਪ੍ਰਭੂ ਦੇ ਚਰਨਾਂ ਦਾ ਨਿਵਾਸ ਹੁੰਦਾ ਹੈ, ਉਸ ਦਾ ਬਾਹਰ ਦੀ ਤਪਸ਼, ਬਾਹਰ ਦੀ ਅੱਗ, ਬਾਹਰ ਦੀ ਗਰਮੀ ਕੁਝ ਵੀ ਨਹੀਂ ਵਿਗਾੜ ਸਕਦੀ ਕਿਉਂਕਿ ਉਸ ਦੇ ਹਿਰਦੇ ਅੰਦਰ ਆਪਣੇ ਪਿਆਰੇ ਦੇ ਚਰਣਾਂ ਦਾ ਵਾਸਾ ਹੈ ਤੇ ਉਸ ਦੇ ਹਿਰਦੇ ਦੇ ਅੰਦਰ

ਦੀ ਸੁਖਦਾਈ ਠੰਢਕ ਬਾਹਰ ਦੇ ਸੇਕ ਤੋਂ ਹਮੇਸ਼ਾਂ ਬਚਾ ਕੇ ਰਖਦੀ ਹੈ। ਦੁਨੀਆਵੀ ਦੁੱਖ ਕਲੇਸ਼ ਉਸ ਦਾ ਕੁਝ ਨਹੀਂ ਵਿਗਾੜ ਸਕਦੇ ਤੇ ਉਸ ਨੂੰ ਹਾੜ੍ਹ ਦਾ ਮਹੀਨਾ ਤਪਸ਼ ਦੇ ਬਾਵਜੂਦ ਵੀ ਠੰਢਕ ਪ੍ਰਦਾਨ ਕਰਦਾ ਹੈ।

**ਦਰਸਨੁ ਦੇਖਤ ਦੋਖ ਨਸੇ॥**
**ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥ਰਹਾਉ॥**
**ਪ੍ਰੀਤਮ ਪ੍ਰਾਨ ਅਧਾਰ ਸੁਆਮੀ॥**
**ਪੂਰਿ ਰਹੇ ਪ੍ਰਭ ਅੰਤਰਜਾਮੀ॥**
**ਕਿਆ ਗੁਣ ਤੇਰੇ ਸਾਰਿ ਸਮਾਰੀ॥**
**ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ॥**
**ਕਿਰਪਾ ਨਿਧਿ ਪ੍ਰਭ ਦੀਨ ਦਇਆਲਾ॥**
**ਜੀਅ ਜੰਤ ਕੀ ਕਰਹੁ ਪ੍ਰਤਿਪਾਲਾ॥**
**ਆਠ ਪਹਰ ਤੇਰਾ ਨਾਮੁ ਜਨੁ ਜਾਪੇ॥**
**ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ॥** ਬਿਲਾਵਲ ਮ: ੫, ਪੰਨਾ ੮੨੬

**ਭਾਵ :**

ਜਿਹੜਾ ਪ੍ਰਾਣੀ ਅਕਾਲ ਪੁਰਖ ਨੂੰ ਭੁਲਾ ਕੇ, ਉਸ ਦੇ ਆਸਰੇ ਨੂੰ ਛੱਡ ਕੇ ਦੁਨਿਆਵੀ ਆਸਰੇ ਭਾਲਦਾ ਫਿਰਦਾ ਹੈ, ਉਹ ਆਪਣੀ ਸਾਰੀ ਆਯੂ ਵਿਅਰਥ ਗੁਆ ਦਿੰਦਾ ਹੈ। ਉਸ ਦੀ ਕੋਈ ਆਸ ਪੂਰੀ ਨਹੀਂ ਹੁੰਦੀ। ਇਸ ਤੋਂ ਵਿਪਰੀਤ ਜਿਸ ਦੇ ਹਿਰਦੇ ਅੰਦਰ ਅਕਾਲ ਪੁਰਖ ਦਾ ਵਾਸਾ ਹੁੰਦਾ ਹੈ, ਉਸ ਦੀ ਸਾਰੀ ਜ਼ਿੰਦਗੀ ਖ਼ੁਸ਼ੀਆਂ ਭਰਪੂਰ ਬਣ ਜਾਂਦੀ ਹੈ।

# ਮਨ ਹਰਿ ਚਰਣ ਨਿਵਾਸ

***ਧਰੂਅ ਭਗਤ***

ਧਰੂਅ, ਰਾਜਾ ਉਤਾਨਪਾਦ ਅਤੇ ਸੁਨੀਤੀ ਦਾ ਸੁਪੱਤ੍ਰ ਸੀ। ਧਰੂਅ ਅਜੇ ਪੰਜ ਸਾਲਾਂ ਦੀ ਉਮਰ ਦਾ ਸੀ ਕਿ ਇੱਕ ਦਿਨ ਖੇਡਦਾ-ਖੇਡਦਾ ਰਾਜ ਸਭਾ ਵਿੱਚ ਪਹੁੰਚਿਆ। ਉਸ ਵੇਲੇ ਰਾਜੇ ਦੀ ਗੋਦ ਵਿਚ ਸੁਰੁਚੀ ਦੇ ਸਪੁਤ੍ਰ ਉੱਤਮ ਨੂੰ ਆਪਣੇ ਪਿਤਾ ਦੀ ਗੋਦ ਵਿਚ ਬੈਠੇ ਹੋਏ ਵੇਖ ਕੇ ਧਰੂਅ ਦੇ ਮਨ ਵਿਚ ਆਪਣੇ ਪਿਤਾ ਦੀ ਗੋਦ ਵਿਚ ਬੈਠਣ ਦਾ ਚਾਅ ਉਤਪੰਨ ਹੋਇਆ। ਰਾਜੇ ਨੇ ਉਸ ਨੂੰ ਚੁੱਕ ਕੇ ਆਪਣੀ ਗੋਦੀ ਵਿਚ ਬੈਠਾ ਲਿਆ। ਸੁਰੁਚੀ ਨੂੰ ਇਹ ਸਭ ਕੁਛ ਚੰਗਾ ਨਾ ਲੱਗਾ। ਉਸ ਨੇ ਧਰੂਅ ਦੇ ਮੂੰਹ ਤੇ ਚਪੇੜਾਂ ਮਾਰ ਕੇ ਪਿਤਾ ਦੀ ਗੋਦੀ ਵਿਚੋਂ ਖਿੱਚ ਕੇ ਕੱਢ ਲਿਆ। ਮਤਰੇਈ ਮਾਂ ਕੋਲੋਂ ਮਾਰ ਖਾ ਕੇ ਰੋਂਦਾ-ਰੋਂਦਾ

ਧਰੂਅ ਆਪਣੀ ਮਾਤਾ ਕੋਲੋਂ ਪੁੱਛਣ ਲੱਗਾ :

*ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈਂ ਕਿ ਸੁਰੀਤਾ॥*
*ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜੀਤਾ॥*
*ਕਿਸੁ ਉਦਮ ਤੇ ਰਾਜੁ ਮਿਲਿ ਸਤ੍ਰੂ ਤੇ ਸਭਿ ਹੋਵਨਿ ਮੀਤਾ॥*
*ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ॥*

ਵਾਰ ੧੦, ਪਉੜੀ ੧

ਮਾਤਾ ਨੇ ਆਪਣੇ ਪੁੱਤਰ ਨੂੰ ਸਮਝਾਇਆ ਕਿ ਉਸ ਨੇ ਪੂਰਬਲੇ ਜਨਮ ਵਿਚ ਭਜਨ ਨਹੀਂ ਸੀ ਕੀਤਾ, ਇਸ ਲਈ ਉਸ ਦਾ ਫਲ ਉਸ ਨੂੰ ਭੁਗਤਣਾ ਪੈ ਰਿਹਾ ਹੈ। ਬੇਟੇ ਦੇ ਪੁੱਛਣ ਤੇ ਮਾਤਾ ਨੇ ਸਮਝਾਇਆ ਕਿ ਸਾਰੇ ਕੰਮਾਂ ਨੂੰ ਪੂਰਾ ਕਰਨ ਵਾਲਾ ਪ੍ਰਮਾਤਮਾ ਹੈ, ਉਸ ਦਾ ਸਿਮਰਨ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ, ਤੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਉਹ ਮੁਸ਼ਕਲਾਂ ਨੂੰ ਅਸਾਨ ਕਰਨ ਵਾਲਾ ਹੈ।

**ਜਾ ਕਉ ਮੁਸਕਿਲੁ ਅਤਿ ਬਣੈ ਢੋਈ ਕੋਇ ਨ ਦੇਇ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥**
**ਸਾਹਿਬੁ ਨਿਤਾਣਿਆ ਕਾ ਤਾਣੁ॥**
**ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥ਰਹਾਉ॥**
**ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥**
**ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ॥**
**ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥**

ਸਿਰੀ ਰਾਗੁ ਮ: ੫, ਪੰਨਾ ੭੦

ਮਾਤਾ ਦੀ ਸਿੱਖਿਆ ਸੁਣ ਕੇ ਪੰਜ ਸਾਲ ਦਾ ਬਾਲ ਧਰੂਅ ਬਾਹਰ ਜੰਗਲਾਂ ਵਿਚ ਭਜਨ ਕਰਨ ਲਈ ਟੁਰ ਪਿਆ। ਰਸਤੇ ਵਿਚ ਨਾਰਦ ਮੁਨੀ ਦੇ ਦਰਸ਼ਨ ਹੋਏ ਤੇ ਨਾਰਦ ਜੀ ਨੇ ਧਰੂਅ ਨੂੰ ਬਹੁਤ ਸਮਝਾਇਆ ਕਿ ਉਹ ਛੋਟਾ ਜਿਹਾ ਸੁਕੁਮਾਰ ਬਾਲਕ ਹੈ ਤੇ ਰਸਤੇ ਵਿੱਚ ਜੰਗਲੀ ਜਾਨਵਰ ਸ਼ੇਰ, ਬਘਿਆੜ, ਸੱਪ ਆਦਿ ਹਨ, ਬਹੁਤ ਕਠਿਨਾਈਆਂ ਹਨ, ਬਹੁਤ ਔਕੜਾਂ ਹਨ। ਇਸ ਲਈ ਧਰੂਅ ਨੂੰ ਚਾਹੀਦਾ ਹੈ ਕਿ ਉਹ ਵਾਪਸ ਘਰ ਪਰਤ ਜਾਵੇ। ਧਰੂਅ ਨੇ ਉੱਤਰ ਦਿੱਤਾ ਕਿ ਉਹ ਵਾਪਸ ਜਾਣ ਦੀ ਬਜਾਏ ਜੰਗਲ ਵਿਚ ਮਰ ਜਾਣਾ ਉੱਤਮ ਸਮਝਦਾ ਹੈ। ਜਿਹੜੀਆਂ ਮੁਸੀਬਤਾਂ ਉਸ ਦੇ ਰਾਹ ਵਿਚ ਆਉਣਗੀਆਂ, ਉਹ ਉਨ੍ਹਾਂ ਦਾ

ਡੱਟ ਕੇ ਮੁਕਾਬਲ ਕਰੇਗਾ। ਨਾਰਦ ਜੀ ਬੱਚੇ ਦੀ ਦਲੇਰੀ ਤੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਬਾਰ੍ਹਾਂ ਅਖਰਾਂ ਦਾ ਮੰਤ੍ਰ 'ਓਮ ਨਮੋ ਭਗਵਤੇ ਵਾਸਦੇਵਾਯ' ਦਾ ਉਪਦੇਸ਼ ਦੇ ਕੇ, ਭਜਨ ਕਰਨ ਦੀ ਵਿਧੀ ਦੱਸੀ ਅਤੇ ਸਮਾਧੀ ਲਾਉਣ ਦਾ ਢੰਗ ਸਮਝਾ ਦਿੱਤਾ। ਧਰੂਅ ਨੇ ਆਪਣੇ ਮਨ ਨੂੰ ਅਕਾਲ ਪੁਰਖ ਪ੍ਰਭੂ ਦੇ ਚਰਨਾਂ ਵਿਚ ਜੋੜ ਕੇ ਭਜਨ ਕਰਨਾ ਆਰੰਭ ਕਰ ਦਿੱਤਾ।

**ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥**

ਬਿਲਾਵਲ ਮ: ੯, ਪੰਨਾ ੮੩੦

ਜਦੋਂ ਰਾਜੇ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਪੁੱਤਰ ਨੂੰ ਸਮਝਾਇਆ ਕਿ ਉਹ ਵਾਪਸ ਘਰ ਪਰਤ ਆਵੇ, ਉਸ ਨੂੰ ਅੱਧਾ ਰਾਜ ਮਿਲ ਜਾਵੇਗਾ। ਧਰੂਅ ਨੇ ਸੋਚਿਆ ਕਿ ਅਜੇ ਤੇ ਉਸਨੇ ਜਪ ਤਪ ਭਜਨ ਕਰਨ ਲਈ ਸੋਚਿਆ ਹੀ ਹੈ ਕਿ ਉਸ ਨੂੰ ਅੱਧਾ ਰਾਜ ਮਿਲਣ ਲੱਗਾ ਹੈ, ਜੇ ਕਰ ਤਪ ਵਿਚ ਲੱਗ ਹੀ ਗਿਆ ਤਾ ਪਤਾ ਨਹੀਂ ਫਿਰ ਉਸ ਨੂੰ ਕਿਹੜੀ ਪਦਵੀ ਮਿਲੇਗੀ। ਧਰੂਅ ਨੇ ਆਪਣੇ ਪਿਤਾ ਦੀ ਕੋਈ ਗੱਲ ਨਾ ਮੰਨੀ ਤੇ ਭਜਨ ਸਿਮਰਨ ਵਿਚ ਸਮਾਧੀ ਲਗਾ ਲਈ। ਬਾਲਕ ਧਰੂਅ ਨਾਮ ਸਿਮਰਨ ਵਿਚ ਦਿਨ-ਰਾਤ ਜੁੱਟ ਗਏ। ਇਥੋਂ ਤਕ ਕਿ ਇੰਦਰ ਨੂੰ ਆਪਣੇ ਰਾਜ ਖੁੱਸ ਜਾਣ ਦਾ ਫਿਕਰ ਪੈ ਗਿਆ। ਉਸ ਨੇ ਮਾਇਆ ਨਾਮ ਵਾਲੇ ਦੈਂਤ ਨੂੰ ਉਸ ਦਾ ਜਪ ਤਪ ਭੰਗ ਕਰਨ ਲਈ ਭੇਜਿਆ। ਉਸਨੇ ਜੰਗਲ ਵਿਚ ਆ ਕੇ ਕਈ ਤਰ੍ਹਾਂ ਦੇ ਵਲ ਛਲ ਕੀਤੇ, ਪਰ ਧਰੂਅ ਤੇ ਉਸ ਦਾ ਕੋਈ ਅਸਰ ਨਾ ਹੋਇਆ ਤੇ ਨਾ ਹੀ ਉਸ ਨੇ ਆਪਣੀਆਂ ਅੱਖਾਂ ਖੋਹਲੀਆਂ। ਇਹ ਵੇਖ ਕੇ ਇੰਦਰ ਜੀ ਨੇ ਵਿਸ਼ਨੂੰ ਭਗਵਾਨ ਦੇ ਚਰਨਾਂ ਵਿਚ ਬੇਨਤੀ ਕੀਤੀ। ਵਿਸ਼ਨੂੰ ਭਗਵਾਨ ਜੀ ਆਪ ਆ ਕੇ ਧਰੂਅ ਭਗਤ ਦੇ ਕੋਲ ਪਹੁੰਚੇ, ਜਿਥੇ ਉਹ ਸਮਾਧੀ ਵਿਚ ਮਗਨ ਸਨ, ਪਰ ਧਰੂਅ ਨੇ ਫਿਰ ਵੀ ਅੱਖਾਂ ਨਾ ਖੋਹਲੀਆਂ। ਅੰਤ ਵਿੱਚ ਧਰੂਅ ਜਿਸ ਦੇ ਚਰਨਾਂ ਦਾ ਧਿਆਨ ਆਪਣੇ ਮਨ ਵਿਚ ਕਰ ਰਿਹਾ ਸੀ, ਉਸ ਸਰੂਪ ਨੂੰ ਆਪਣੇ ਹਿਰਦੇ ਵਿਚ ਨਾ ਵੇਖ ਕੇ ਧਰੂਅ ਨੇ ਅੱਖਾਂ ਖੋਹਲੀਆਂ ਤਾਂ ਆਪਣੇ ਸਾਹਮਣੇ ਆਪਣੇ ਇਸ਼ਟ ਨੂੰ ਖਲੋਤਾ ਵੇਖ ਕੇ ਚਰਨਾਂ ਤੇ ਨਮਸਕਾਰ ਕੀਤੀ। ਭਗਵਾਨ ਨੇ ਆਪਣੇ ਪਿਆਰੇ ਬਾਲਕ ਭਗਤ ਨੂੰ ਆਖਿਆ, "ਬੇਟਾ ! ਮੈਂ ਤੇਰੀ ਭਗਤੀ ਨਾਲ ਬਹੁਤ ਖੁਸ਼ ਹੋਇਆ ਹਾਂ, ਕੁਝ ਵਰ ਮੰਗ।"

ਅੱਗੋਂ ਧਰੂਅ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮੈਂ ਹਮੇਸ਼ਾ ਆਪ ਜੀ ਦੀ ਉਸਤਤੀ ਕਰਨੀ ਚਾਹੁੰਦਾ ਹਾਂ ਪਰ ਮੈਂ ਨਿਆਣਾ ਬਾਲਕ ਹਾਂ, ਮੇਰੇ ਵਿਚ ਐਨੀ ਅਕਲ ਨਹੀਂ ਕਿ ਮੈਂ ਆਪ ਜੀ ਦੀ ਉਸਤਤੀ ਕਰ ਸਕਾਂ।" ਬਾਲਕ ਧਰੂਅ ਦੀ ਮਨੋਕਾਮਨਾ ਵੇਖ ਕੇ ਭਗਵਾਨ ਵਿਸ਼ਨੂੰ ਨੇ ਆਪਣਾ ਸ਼ੰਖ ਉਸ ਦੇ ਕੰਠ ਨਾਲ ਲਾ ਦਿੱਤਾ। ਧਰੂਅ ਅਕਾਲ ਪੁਰਖ ਦੀ ਕ੍ਰਿਪਾ ਦਾ ਪਾਤਰ ਬਣ ਗਿਆ ਤੇ ਉਸ

ਨੇ ਵਿਸ਼ਨੂੰ ਭਗਵਾਨ ਦੀ ਉਸਤਤ ਕੀਤੀ :

*ਚੌਪਈ॥ ਤੁਮ ਪ੍ਰਮਾਤਮ ਦੇਵਨ ਦੇਵਾ॥ ਸਭ ਕੋ ਕਰੈ ਤੁਮਰੀ ਸੇਵਾ॥*
*ਤੂੰ ਸੇਵਕ ਸੁਆਮੀ ਸਭ ਘਟ ਬਨਾ॥ ਤੂੰ ਜਲਥਲ ਮਹੀਅਲ ਬਨ ਉਪਬਨਾ॥*
*ਤੂੰ ਚੰਦ ਸੂਰਜ ਹੋਇ ਜਤਿ ਪ੍ਰਕਾਸੈ॥ ਸੋ ਪ੍ਰਕਾਸ਼ ਸਭ ਘਟ ਹੀ ਭਾਸੈ॥*
*ਤੂੰ ਹੀ ਕਹਿ ਜੋ ਦੇਇ ਦਿਖਾਈ॥ ਤੂੰ ਹੀ ਸਭ ਕੁਛ ਬਨਿਓ ਆਈ॥*
*ਤੂੰ ਹੀ ਪੰਚ ਤਤ ਬਨ ਆਇਓ॥ ਠਉਰ ਠਉਰ ਤੂੰ ਹੀ ਛਬ ਛਾਇਓ॥*
*ਦੋਹਰਾ॥*
*ਰੂਪ ਨਾਮ ਗੁਨ ਸਗਲ ਹੈ ਜੋ ਦੀਸੇ ਨਾਨਾ ਭਾਂਤਿ॥*
*ਏਕ ਤੂੰ ਹੀ ਦਰਸਾਵਹੀ ਨਿਰਮਲ ਜੋਤਿ ਹੈ ਕ੍ਰਾਂਤਿ॥*

ਵਿਸ਼ਨੂੰ ਭਗਵਾਨ ਦੀ ਮਹਿਮਾ ਸੁਣ ਕੇ ਅਤਿ ਪ੍ਰਸੰਨ ਹੋਏ ਅਤੇ ਧਰੂਅ ਨੂੰ ਵਰ ਦਿੱਤਾ ਕਿ ਉਹ ਛੱਤੀ ਹਜ਼ਾਰ ਵਰ੍ਹੇ ਰਾਜ ਕਰੇਗਾ ਤੇ ਫਿਰ ਅਕਾਲ ਪੁਰਖ ਦੇ ਚਰਨਾਂ ਵਿਚ ਨਿਵਾਸ ਕਰੇਗਾ ਅਤੇ ਸਾਰੇ ਤਾਰੇ ਉਸ ਦੇ ਚਾਰ ਚੁਫੇਰੇ ਫਿਰਦੇ ਰਹਿਣਗੇ।

ਨਾਰਦ ਜੀ ਨੇ ਆ ਕੇ ਧਰੂਅ ਦੀ ਭਗਤੀ ਬਾਰੇ ਰਾਜੇ ਉਤਾਨਪਾਦ ਨੂੰ ਦੱਸਿਆ ਅਤੇ ਰਾਜੇ ਨੇ ਬੜੀ ਸਜ ਧਜ ਨਾਲ ਧਰੂਅ ਭਗਤ ਨੂੰ ਵਾਪਸ ਘਰ ਲੈ ਆਂਦਾ ਤੇ ਉਸ ਨੂੰ ਰਾਜ-ਪਾਟ ਦੇ ਕੇ ਰਾਜਾ ਆਪ ਜਪ ਕਰਨ ਲਈ ਬਣ ਵਿੱਚ ਚਲਾ ਗਿਆ।

# ੬

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬ ॥

ਮ: ੫, ਪੰਨਾ ੧੩੪

**ਸ਼ਬਦਾਰਥ :**

ਸਾਵਣਿ—ਸਾਵਣ ਦੇ ਮਹੀਨੇ ਵਿਚ। ਸਰਸੀ—ਪ੍ਰਸੰਨ ਹੋਈ। ਕਾਮਣੀ—ਇਸਤ੍ਰੀ। ਸਚ ਰੰਗਿ—ਸੱਚੇ ਦੇ ਪਿਆਰ ਵਿਚ। ਆਧਾਰੁ—ਆਸਰਾ। ਬਿਖਿਆ ਰੰਗ—ਮਾਇਆ ਦੇ ਰੰਗ। ਕੁੜਾਵਿਆ—ਝੂਠੇ ਹਨ। ਦਿਸਨਿ—ਦਿਸਦੇ ਹਨ। ਛਾਰੁ—ਸੁਆਹ। ਪੀਵਣਹਾਰ—ਪੀਣ ਜੋਗਾ। ਸੁਹਾਵਣੀ—ਸ਼ੋਭਾ ਵਾਲੀ। ਵਣ—ਜੰਗਲ। ਤਿਣੁ—ਘਾਹ ਬੂਟਾ। ਮਉਲਿਆ—ਖਿੜਿਆ ਹੋਇਆ। ਮਇਆ—ਦਇਆ ਕਿਰਪਾ। ਉਰਿਹਾਰੁ—ਹਿਰਦੇ ਦਾ ਹਾਰ।

***ਵਿਆਖਿਆ :***

ਜੀਵ ਰੂਪੀ ਇਸਤ੍ਰੀ ਜੇਠ, ਹਾੜ੍ਹ ਦੇ ਮਹੀਨੇ ਵਿੱਚ ਦੁਖਦਾਇਕ ਤਪਸ਼ ਤੇ ਗਰਮੀ ਨੂੰ ਆਪਣੇ ਪਿਆਰੇ ਦੀ ਯਾਦ ਦੀ ਠੰਢਕ ਨਾਲ ਸਾਂਤਵਨਾ ਲੈ ਕੇ ਸਮਾਂ ਗੁਜਾਰਦੀ ਹੈ। ਹੁਣ ਸਾਵਣ ਦਾ ਮਹੀਨਾ ਆ ਗਿਆ। ਇਸ ਮੌਸਮ ਵਿਚ ਵਰਖਾ ਦੀਆਂ ਕਿਣਮਿਣ-ਕਿਣਮਿਣ ਕਰਦੀਆਂ ਕਣੀਆਂ ਵਾਤਾਵਰਨ ਨੂੰ ਰਮਣੀਕ ਅਤੇ ਸੁੰਦਰ ਬਣਾਉਂਦੀਆਂ ਹਨ ਤੇ ਬਿਰਹਣੀ ਨੂੰ ਸ਼ਾਂਤੀ ਅਤੇ ਸੀਤਲਤਾ ਪ੍ਰਦਾਨ ਕਰਦੀਆਂ ਹਨ। ਇਸ ਰੁੱਤ ਵਿਚ ਜੀਵ ਇਸਤ੍ਰੀ ਆਪਣੇ ਪਿਆਰੇ ਪ੍ਰੀਤਮ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਚ ਵਸਾ ਕੇ ਪੁਲਕਿਤ ਹਰਸ਼ਿਤ ਤੇ ਆਨੰਦਮਗਨ ਹੁੰਦੀ ਹੈ। ਸਾਵਣ ਦਾ ਮਹੀਨਾ ਜੀਵ ਰੂਪੀ ਇਸਤ੍ਰੀ ਨੂੰ ਖ਼ੁਸ਼ੀ, ਖੇੜਾ, ਹਰਸ਼ ਪ੍ਰਦਾਨ ਕਰਦਾ ਹੈ। ਉਸ ਦਾ ਹਿਰਦਾ ਖਿੜਦਾ ਹੈ ਤੇ ਬਾਹਰ ਬਨਸਪਤੀ ਵਿੱਚ ਵੀ ਹਰਿਆਵਲ ਦਾ ਦ੍ਰਿਸ਼ ਅਤਿ ਸੁਹਾਵਣਾ ਲਗਦਾ ਹੈ। ਉਹ ਆਪਣੇ ਪ੍ਰੀਤਮ

ਪਿਅਰੇ ਦੇ ਚਰਨਾਂ ਵਿਚ ਆਨੰਦ ਮਗਨ ਹੋ ਕੇ ਪ੍ਰਸੰਨ ਹੁੰਦੀ ਹੈ।

*ਚਰਨ ਕਮਲ ਗੁਰ ਮਹਿਮਾ ਅਗਾਧ ਬੋਧ॥*
*ਗੁਰੁ ਸਿਖ ਮਧੁਕਰ ਅਨਭੈ ਅਭਯਾਸ ਕੈ॥* (ਕਬਿੱਤ ਭਾਈ ਗੁਰਦਾਸ)

ਚਰਨ ਕੰਵਲਾਂ ਦੀ ਰੱਜ ਪ੍ਰਾਪਤ ਕਰ ਕੇ ਜੀਵ ਰੂਪੀ ਇਸਤ੍ਰੀ ਦਾ ਤਨ ਅਤੇ ਮਨ ਉਸ ਸੱਚੇ ਦੇ ਰੰਗ ਵਿਚ ਰੰਗਿਆ ਜਾਂਦਾ ਹੈ, ਉਸ ਨੂੰ ਸਿਰਫ ਆਪਣੇ ਪਿਆਰੇ ਦੇ ਨਾਮ ਦਾ ਹੀ ਆਸਰਾ ਹੈ, ਉਹ ਕਿਸੇ ਹੋਰ ਵੱਲ ਨਹੀਂ ਵੇਖਦੀ। ਉਹ ਤਨ, ਮਨ, ਧਨ ਕਰ ਕੇ ਆਪਣੇ ਪਿਆਰੇ ਨੂੰ ਅਰਪਿਤ ਹੈ। ਉਹ ਤਾਂ ਆਪਣੇ ਪਿਆਰੇ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗੀ ਗਈ ਹੈ :

**ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥**
**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥**
ਤਿਲੰਗ ਮ: ੧, ਪੰਨਾ ੭੨੨

ਆਪਣੇ ਪਿਆਰੇ ਦੇ ਮਜੀਠੇ ਰੰਗ ਵਿਚ ਰੰਗੀ ਹੋਈ ਬਣ ਕੇ ਉਸ ਨੂੰ ਇਸ ਦਿੱਸਦੇ ਪਿਸਦੇ ਜਗਤ ਵਿਚ ਵਿਸ਼ੇ ਵਿਕਾਰਾਂ ਦੇ ਰੰਗ ਝੂਠੇ ਦਿੱਸਦੇ ਹਨ ਤੇ ਉਹ ਉਨ੍ਹਾਂ ਨੂੰ ਸੁਆਹ ਦੇ ਬਰਾਬਰ ਸਮਝਦੀ ਹੈ। ਉਨ੍ਹਾਂ ਦਾ ਉਸ ਲਈ ਕੋਈ ਮੁੱਲ ਨਹੀਂ। ਉਸ ਨੂੰ ਆਪਣੇ ਪਿਆਰੇ ਤੋਂ ਸਿਵਾ ਸਭ ਕੁਝ ਕੂੜ ਹੀ ਕੂੜ ਦਿੱਸਦਾ ਹੈ।

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥**
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥**
**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥** ਸਲੋਕ ਮ : ੧, ਪੰਨਾ ੪੬੮

ਸਾਵਣ ਦੇ ਮਹੀਨੇ ਵਿਚ ਜਿਸ ਤਰ੍ਹਾਂ ਵਰਖਾ ਦੀ ਬੂੰਦ ਸੁਹਣੀ ਲੱਗਦੀ ਹੈ, ਉਸੇ ਤਰ੍ਹਾਂ ਆਪਣੇ ਪ੍ਰੀਤਮ ਦੇ ਪਿਆਰ ਵਿਚ ਰੰਗੀ ਜੀਵ ਰੂਪੀ ਇਸਤ੍ਰੀ ਨੂੰ ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲਗਦੀ ਹੈ ਤੇ ਉਹ ਆਪਣੇ ਪਿਆਰੇ ਸਤਿਗੁਰੂ ਨੂੰ ਮਿਲ ਕੇ ਇਹ ਅੰਮ੍ਰਿਤ ਭਰਪੂਰ ਬੂੰਦ ਪੀਣ ਦੇ ਯੋਗ ਹੋ ਜਾਂਦੀ ਹੈ। ਅਕਾਲ ਪੁਰਖ ਦੀ ਸਿਫਤਿ ਸਲਾਹ ਸੁਣਦੇ-ਸੁਣਦੇ ਉਸ ਨੂੰ ਬਹੁਤ ਚੰਗਾ ਲੱਗਦਾ ਹੈ, ਆਪਣੇ ਪਿਆਰੇ ਲਈ ਹੋਰ ਪਿਆਰ ਉਪਜਦਾ ਹੈ ਤੇ ਉਸ ਅੰਮ੍ਰਿਤ ਬੂੰਦ ਦਾ ਰਸ ਚੱਖ ਕੇ ਹੋਰ ਚੱਖਣ ਦੀ ਲਾਲਸਾ ਉਤਪੰਨ ਹੋ ਜਾਂਦੀ ਹੈ :

**ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥**
**ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ॥**
**ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ॥**
**ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ॥**
**ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ॥** ਮ: ੫, ਪੰਨਾ ੩੧੮

ਅਕਾਲ ਪੁਰਖ ਕਰਨ ਕਾਰਨ ਸਮਰੱਥ ਹੈ। ਉਹ ਸਰਬ-ਵਿਆਪਕ ਹੈ, ਉਹ ਜੋ ਕੁਝ ਚਾਹੇ ਕਰ ਸਕਦਾ ਹੈ। ਉਹ ਅਕਾਲ ਪੁਰਖ ਬੇਅੰਤ ਹੈ, ਪਰਮ ਸ਼ਕਤੀਸ਼ਾਲੀ ਹੈ। ਉਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ, ਸਾਰੇ ਜੰਗਲ ਸਾਰੇ ਬਿਰਛ, ਬੂਟੇ ਹਰੇ ਭਰੇ ਹਨ। ਉਹ ਤਾਂ :

**ਬਿਸ੍ਵਪਾਲ ਜਗਤ ਕਾਲ ਦੀਨ ਦਿਆਲ ਬੈਰੀ ਸਾਲ ਸਦਾ ਪ੍ਰਤਿਪਾਲ ਜਮ ਜਾਲ ਤੇ ਰਹਤੁ ਹੈ।**
**ਜੋਗੀ ਜਟਾਧਾਰੀ ਸਤੀ ਸਾਚੇ ਬਡੇ ਬ੍ਰਹਮਚਾਰੀ ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈ।** ਦਸਮ ਗ੍ਰੰਥ ਪੰਨਾ ੧੭

ਜੀਵ ਰੂਪੀ ਇਸਤ੍ਰੀ ਉਪਰੋਕਤ ਗੁਣਾਂ ਦੇ ਧਾਰਨੀ ਹਰੀ ਨੂੰ ਮਿਲਣ ਵਾਸਤੇ ਲਲਾਯਿਤ ਹੈ ਪਰ ਚੰਗੇ ਭਾਗ, ਚੰਗੇ ਕਰਮ ਹੀ ਉਸ ਨਾਲ ਮੇਲ ਕਰਵਾਉਣ ਵਿਚ ਸਹਾਈ ਹੁੰਦੇ ਹਨ। ਉਸ ਦੀ ਆਪਣੀ ਮਿਹਰ ਹੋਵੇ, ਆਪਣੀ ਕ੍ਰਿਪਾ ਦ੍ਰਿਸ਼ਟੀ ਹੋਵੇ ਤਾਂ ਹੀ ਉਸ ਨਾਲ ਮੇਲ ਮਿਲਾਪ ਹੋ ਸਕਦਾ ਹੈ।

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥**
ਮਾਝ ਮ: ੫, ਪੰਨਾ ੯੬

ਜਿਹੜੀ ਜੀਵ ਰੂਪੀ ਇਸਤ੍ਰੀ ਨੇ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨ ਕਰ ਲਏ, ਉਸ ਨੂੰ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ, ਸਤਿਗੁਰੂ ਅਰਜਨ ਦੇਵ ਜੀ ਉਸ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ, ਕੁਰਬਾਨ ਹੁੰਦੇ ਹਨ।

**ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥**
**ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥**
**ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥**
ਤਿਲੰਗ ਮ: ੧, ਪੰਨਾ ੭੨੨

ਸਾਧਕ ਆਪਣੇ ਪਿਆਰੇ ਦੇ ਚਰਨਾਂ ਵਿਚ ਬੇਨਤੀਆਂ, ਅਰਦਾਸਾਂ ਕਰਦਾ ਹੈ ਕਿ ਅਕਾਲ ਪੁਰਖ ਆਪਣੀ ਮਿਹਰ ਕਰਨ, ਗੁਰੂ ਦੇ ਸ਼ਬਦ ਰਾਹੀਂ, ਗੁਰ ਦੇ

ਉਪਦੇਸ਼ ਰਾਹੀਂ ਉਸ ਦੇ ਜੀਵਨ ਦਾ ਉਦਾਰ ਤੇ ਸੁਧਾਰ ਕਰ ਕੇ ਜੀਵਨ ਨੂੰ ਸਫਲ ਕਰਨ।

**ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ਰਹਾਉ॥**
**ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥**
**ਹੇ ਸੰਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ॥**
**ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ॥**

ਮਲਾਰ ਮ : ੫, ਪੰਨਾ ੧੨੭੩

ਸਾਵਣ ਦਾ ਮਹੀਨਾ ਉਨ੍ਹਾਂ ਜੀਵ ਰੂਪੀ ਇਸਤ੍ਰੀਆਂ ਲਈ ਉਨ੍ਹਾਂ ਵਡਭਾਗਣਾਂ ਸੁਹਾਗਣਾਂ ਲਈ ਸ਼ੋਭਨੀਕ ਹੈ ਖੇੜਾ ਤੇ ਠੰਢ ਲਿਆਉਣ ਵਾਲਾ ਹੈ, ਜਿੰਨ੍ਹਾਂ ਨੇ ਆਪਣੇ ਹਿਰਦੇ ਰੂਪੀ ਗਲ ਵਿਚ ਅਕਾਲ ਪੁਰਖ ਦਾ ਨਾਮ ਰੂਪੀ ਹਾਰ ਪਾਇਆ ਹੋਇਆ ਹੈ, ਅਰਥਾਤ ਜਿਹੜੀਆਂ ਸੁਆਸ, ਸੁਆਸ ਹਰੀ ਦਾ ਸਿਮਰਨ ਕਰਦੀਆਂ ਹਨ :

**ਸਬਦਿ ਰਤੀ ਸੋਹਾਗਣਿ ਸਤਿਗੁਰ ਕੈ ਭਾਇ ਪਿਆਰਿ॥**
**ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ॥**
**ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ॥**
**ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ॥** ਮ: ੩, ਪੰਨਾ ੯੦

***ਭਾਵ :***

ਜਿਹੜੀ ਜੀਵ ਰੂਪੀ ਇਸਤ੍ਰੀ ਆਪਣੇ ਮਨ ਨੂੰ ਆਪਣੇ ਪਿਆਰੇ ਦੇ ਚਰਨਾਂ ਵਿਚ ਜੋੜਦੀ ਹੈ, ਉਸ ਨੂੰ ਆਪਣੇ ਜੀਵਨ ਦਾ ਸੁਹਾਗ ਮੰਨਦੀ ਹੈ, ਉਸ ਨੂੰ ਦੁਨੀਆਵੀ ਵਸਤੂਆਂ, ਪਦਾਰਥ, ਰੰਗ ਤਮਾਸ਼ੇ ਸਭ ਹੋਛੇ ਲੱਗਦੇ ਹਨ। ਇਹ ਸਭ ਉਸ ਅਕਾਲ ਪੁਰਖ ਦੀ ਬਖਸ਼ਸ਼ਾਂ ਸਦਕਾ ਹੀ ਹੋ ਸਕਦਾ ਹੈ। ਮਨੁੱਖ ਆਪਣੇ ਸਤਿਗੁਰੂ ਦੀ ਸ਼ਰਨ ਵਿਚ ਜਾਂਦਾ ਹੈ ਅਤੇ ਅਨੰਤ ਦਾਤਾਂ ਤੇ ਖ਼ੁਸ਼ੀਆਂ ਭੋਗਦਾ ਹੈ।

# ਜਿਨੀ ਸਖੀਏ ਪ੍ਰਭ ਪਾਇਆ

## *ਏ ਤ੍ਰੈ ਭੈਣੇ ਵੇਸ ਕਰਿ*

ਆਤਮਾ ਉਸ ਪ੍ਰਮਾਤਮਾ ਨਾਲੋਂ ਵਿਛੋੜ ਕੇ, ਇਸ ਲੋਕ ਵਿਚ ਵਿਚਰ ਰਹੀ ਹੈ। ਉਸ ਨੇ ਸਰੀਰਕ ਚੋਲਾ ਧਾਰਨ ਕਰ ਲਿਆ ਤੇ ਫਿਰ ਉਸ ਸ੍ਰਿਸ਼ਟੀ ਦੇ ਰਚਣਹਾਰ ਨਾਲ ਆਪਣੇ ਕਈ, ਰਿਸ਼ਤੇ-ਨਾਤੇ ਲੋੜ ਅਨੁਸਾਰ ਜੋੜਨ ਦੀ ਕੋਸ਼ਿਸ਼ ਕੀਤੀ। ਕਿਧਰੇ ਸਨੇਹ ਤੇ ਵਾਤਸਲਯ ਪ੍ਰਦਾਨ ਕਰਨ ਵਾਲੀ ਮਮਤਾ ਦੀ

ਮੂਰਤ ਮਾਤਾ ਬਣਾ ਲਿਆ ਤੇ ਕਿਧਰੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਅਰਪਿਤ ਕਰ ਕੇ ਪਿਤਾ ਕਰ ਕੇ ਪੁਕਾਰਿਆ, ਕਿਧਰੇ ਸੁੱਖ-ਦੁੱਖ ਦਾ ਸਾਥ ਨਿਭਾਉਣ ਵਾਲਾ ਬੰਧਪ, ਮੀਤ, ਸਖਾ ਬਣਾ ਲਿਆ ਪਰ ਸਭ ਤੋਂ ਵੱਧ ਪ੍ਰਮੁੱਖਤਾ ਮਿਲੀ ਕੰਤ ਦੇ ਨਾਤੇ ਨੂੰ ਕਿਉਂਕਿ ਕੰਤ ਅਕਾਲ ਪੁਰਖ ਤਾਂ ਇੱਕ ਹੈ, ਹੋਰ ਸਾਰੀ ਸ੍ਰਿਸ਼ਟੀ ਭਾਵੇਂ ਉਹ ਮਰਦ ਹੈ ਤੇ ਭਾਵੇਂ ਇਸਤ੍ਰੀ ਉਸ ਦੇ ਜੀਵਨ ਦਾ ਮੁੱਖ ਮੰਤਵ, ਮੁੱਖ ਉਦੇਸ਼ ਹੈ, ਆਪਣੇ ਕੰਤ, ਪਤੀ ਨਾਲ ਮੇਲ-ਮਿਲਾਪ। ਗੁਰਬਾਣੀ ਵਿਚ ਲਿਖਿਆ ਹੈ :

**ਠਾਕੁਰੁ ਏਕੁ ਸਬਾਈ ਨਾਰਿ॥** ਰਾਮਕਲੀ ਮ: ੧, ਪੰਨਾ ੯੩੩

ਇਸ ਲਈ ਪੁਰਖ ਜਾਂ ਇਸਤ੍ਰੀ ਉਸ ਆਪਣੇ ਕੰਤ ਨਾਲੋਂ ਵਿਛੜ ਕੇ, ਉਸ ਦੇ ਮਿਲਾਪ ਲਈ ਉਪਰਾਲੇ ਕਰਨ ਲੱਗ ਪਏ। ਉਸ ਦੇ ਦਰਸ਼ਨਾਂ ਦੀ ਤਾਂਘ ਬਣ ਉਠੀ, ਉਸ ਦੇ ਵਿਯੋਗ ਵਿਚ ਚਾਤ੍ਰਿਕ ਚਕੋਰ ਬਣ ਕੇ ਬਿਰਹਾਗਨ ਵਿਚ ਜਲ ਉਠੇ ਤੇ ਫਿਰ ਇਹੀ ਪ੍ਰਸ਼ਨ ਸਾਹਮਣੇ ਆ ਗਿਆ,

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤ॥**
ਸਲੋਕ ਫਰੀਦ ਜੀ ਪੰਨਾ ੧੩੮੪

'ਮੈਂ ਕਿਹੜੇ ਅੱਖਰ ਬੋਲਾਂ ਜਿਹਦੇ ਨਾਲ ਮੇਰਾ ਪ੍ਰਮਾਤਮਾ ਕੰਤ ਖ਼ੁਸ਼ ਹੋ ਜਾਵੇ, ਮੈਂ ਆਪਣੇ ਅੰਦਰ ਕਿਹੜੇ ਗੁਣ ਧਾਰਨ ਕਰਾਂ, ਜਿਸ ਨੂੰ ਵੇਖ ਕੇ ਮੇਰਾ ਸੁਆਮੀ ਮੇਰੇ ਉੱਤੇ ਖ਼ੁਸ਼ ਹੋ ਉਠੇ, ਮੈਂ ਕਿਹੜੀਆਂ ਮਣੀਆਂ ਧਾਰਨ ਕਰਾਂ, ਜਿਸ ਨੂੰ ਵੇਖ ਕੇ ਮੇਰਾ ਅਕਾਲ ਪੁਰਖ ਪ੍ਰੀਤਮ ਮੈਨੂੰ ਅਪਣਾ ਲਵੇ ?' ਇਹ ਸਭ ਕੁਝ ਸੋਚ ਕੇ ਆਪਣੇ ਪਿਆਰੇ ਕੰਤ ਦੀ ਪ੍ਰਾਪਤੀ ਲਈ ਸਾਧਕਾਂ ਨੇ ਵੱਖ-ਵੱਖ ਵੇਸ ਕਰਨੇ ਸ਼ੁਰੂ ਕਰ ਦਿੱਤੇ। ਕਿਧਰੇ ਜੋਗੀ ਬਣ ਬੈਠੇ, ਕੰਨ ਪੜਵਾ ਲਏ, ਮੁੰਦਰਾਂ ਧਾਰਨ ਕਰ ਲਈਆਂ। ਸਰੀਰ ਤੇ ਭਸਮ ਲਗਾ ਲਈ, ਹੱਥ ਵਿਚ ਕਮੰਡਲ ਫੜ ਲਿਆ, ਅਲਖ-ਅਲਖ ਕਰ ਕੇ ਆਪਣੇ ਪਿਆਰੇ ਪ੍ਰੀਤਮ ਨੂੰ ਰਿਝਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ :

**ਵੇਸ ਕਰੈ ਬਹੁ ਭਸਮ ਲਗਾਵੈ॥**
**ਨਾਮੁ ਬਿਸਾਰਿ ਬਹੁਰਿ ਪਛੁਤਾਵੈ॥** ਗਉੜੀ ਮ: ੧, ਪੰਨਾ ੨੨੬

ਆਪਣਾ ਘਰ ਤਿਆਗ ਕੇ ਜੰਗਲਾਂ ਵਿਚ ਜਾ ਡੇਰੇ ਲਾਏ। ਕਿਧਰੇ ਮੋਨੀ ਹੋ ਕੇ ਬਹਿ ਗਿਆ, ਕਿਸੇ ਨਾਲ ਗੱਲ ਨਹੀਂ ਕਰਨੀ, ਕਿਸੇ ਨਾਲ ਬੋਲਣਾ ਨਹੀਂ, ਅੰਨ ਦਾ ਤਿਆਗ ਕਰ ਦਿੱਤਾ, ਇਸ ਸਰੀਰ ਨੂੰ ਭੁੱਖਿਆਂ ਰੱਖ ਕੇ ਕਸ਼ਟ ਦੇਣਾ ਸ਼ੁਰੂ ਕਰ ਦਿੱਤਾ, ਆਪਣੇ ਬਾਲ-ਬੱਚੇ, ਨਾਰੀ ਦਾ ਤਿਆਗ ਤਾਂ ਕਰ ਦਿੱਤਾ

ਪਰ ਨਜ਼ਰ ਪਰਨਾਰੀ ਤੇ ਟਿਕੀ ਰਹੀ, ਇਹੋ ਜਿਹੇ ਆਸ਼ਕਾਂ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

**ਵੇਸਿ ਨਾ ਪਾਈਐ ਮਹਾ ਦੁਖਿਆਰੀ॥** ਪ੍ਰਭਾਤੀ ਮ: ੫, ਪੰਨਾ ੧੩੪੮

ਭਟਕਣਾ ਨਹੀਂ ਮੁੱਕੀ, ਸੁੱਖ ਨਹੀਂ ਮਿਲਿਆ, ਸ਼ਾਂਤੀ ਨਹੀਂ ਮਿਲੀ, ਦਰਸ਼ਨ ਨਹੀਂ ਹੋਏ ਤੇ ਫਿਰ ਹੁਣ ਕੀ ਕੀਤਾ ਜਾਵੇ ਆਪਣੇ ਪਿਆਰੇ ਕੰਤ ਨੂੰ ਕਿਸ ਤਰ੍ਹਾਂ ਪਾਇਆ ਜਾਵੇ ? ਕਿਸ ਤਰ੍ਹਾਂ ਦਾ ਵੇਸ ਧਾਰਨ ਕੀਤਾ ਜਾਵੇ ? ਕਈਆਂ ਨੇ ਅਠਾਹਠ ਤੀਰਥਾਂ ਦੇ ਇਸ਼ਨਾਨ ਕਰ ਕੇ ਪ੍ਰਾਪਤ ਕਰਨ ਦਾ ਉਪਰਾਲਾ ਕੀਤਾ। ਸਾਰਾ ਜਨਮ ਫਿਰ ਫਿਰ ਕੇ ਗੁਆ ਦਿੱਤਾ। ਕਈਆਂ ਨੇ ਪੁਠੇ ਲਟਕਣਾ ਸ਼ੁਰੂ ਕਰ ਦਿੱਤਾ। ਬਾਬਾ ਫ਼ਰੀਦ ਜੀ ੧੨ ਸਾਲ ਖੂਹ ਵਿਚ ਪੁਠੇ ਲਟਕਦੇ ਰਹੇ, ਉਹਨਾਂ ਦੇ ਸਰੀਰ ਦੀ ਇਹ ਦਸ਼ਾ ਹੋ ਗਈ ਸੀ ਕਿ ਉਹਨਾਂ ਨੂੰ ਕਹਿਣਾ ਪਿਆ :

**ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥** ਪੰਨਾ ੧੩੮੨

ਕਈਆਂ ਨੇ ਨਿਉਲੀ ਕਰਮ ਕਰਨੇ ਸ਼ੁਰੂ ਕਰ ਦਿੱਤੇ, ਕਈਆਂ ਨੇ ਪਾਣੀ ਵਿਚ ਇੱਕ ਇੱਕ ਲੱਤ ਤੇ ਖਲੋ ਕੇ ਉਸ ਨੂੰ ਪਾਉਣ ਦਾ ਉਪਰਾਲਾ ਕੀਤਾ, ਕਈਆਂ ਨੇ ਆਪਣੇ ਸਰੀਰ ਨੂੰ ਕਈ ਤਰ੍ਹਾਂ ਦੇ ਹਾਰ ਸ਼ਿੰਗਾਰ ਕਰ ਕੇ ਸੁਸਜਿਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਬਾਰੇ ਫੁਰਮਾਉਂਦੇ ਹਨ :

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥**
**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥** ਫੁਨਹੇ ਮ: ੫, ਪੰਨਾ ੧੩੬੧

ਤੇ, ਕਿਧਰੇ ਆਪਣੇ ਕੰਤੁ ਪ੍ਰੀਤਮ ਨੂੰ ਪ੍ਰਾਪਤ ਨਾ ਕਰ ਕੇ ਇਧਰ ਉਧਰ ਦੀ ਭਟਕਣਾ ਸ਼ੁਰੂ ਹੋ ਗਈ ਤੇ ਉਹ :

**ਖਸਮਹੁ ਘੁਥੀਆ ਫਿਰਹਿ ਨਿਮਾਣਿਆ॥**
**ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥**
ਸਿਰੀ ਰਾਗ ਮ: ੧, ਪੰਨਾ ੭੨

ਫਿਰ ਉਹ ਹਮੇਸ਼ਾ ਦੁਖੀ ਰਹਿੰਦੀਆਂ ਹਨ, ਸੁੱਖ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ, ਉਹ ਹਮੇਸ਼ਾ ਵਿਰਲਾਪ ਕਰਦੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਆਪਣੇ ਪਿਰ ਦੀ ਕੋਈ ਥਾਹ ਨਹੀਂ। ਉਨ੍ਹਾਂ ਦੀ ਸੇਜ ਸੁੰਨੀ ਰਹਿੰਦੀ ਹੈ, ਉਹ ਆਪਣੇ ਸੁਆਮੀ ਕੰਤ ਦੇ ਪਿਆਰ ਦਾ ਆਨੰਦ ਨਹੀਂ ਮਾਣ ਸਕਦੀਆਂ, ਉਹ ਹਮੇਸ਼ਾ ਭਰਮਾਂ ਵਿੱਚ ਭੁੱਲੀਆਂ ਭਟਕਦੀਆਂ ਰਹਿੰਦੀਆਂ ਹਨ, ਉਹ ਕੂੜ ਬੋਲਦੀਆਂ ਹਨ, ਉਹ ਬਿਖ ਖਾਂਦੀਆਂ ਹਨ, ਬਿਖ ਪਹਿਣਦੀਆਂ ਹਨ, ਇਸ ਲਈ ਉਹ ਹਮੇਸ਼ਾ, ਦੁੱਖ, ਯਾਤਨਾ, ਪੀੜਾ ਦੀ ਭੱਠੀ ਅੰਦਰ ਝੁਲਸਦੀਆਂ ਰਹਿੰਦੀਆਂ ਹਨ

ਤੇ ਫਰੀਦ ਜੀ ਉਸ ਅਕਾਲ ਪੁਰਖ ਪ੍ਰਭੂ ਨੂੰ ਕਿਵੇਂ ਪਾਉਣਾ ਹੈ ਆਪੇ ਹੀ ਪ੍ਰਸ਼ਨ ਕਰ ਕੇ ਆਪਣੇ ਆਪ ਹੀ ਉਸ ਦਾ ਉੱਤਰ ਦਿੰਦੇ ਹਨ :

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥**

ਸਲੋਕ ਫਰੀਦ ਜੀ ਪੰਨਾ ੧੩੮੪

ਉਨ੍ਹਾਂ ਨੇ ਕਾਮਣੀ ਨੂੰ ਪ੍ਰੇਰਨਾ ਦਿੱਤੀ, "ਐ ਮੇਰੀ ਭੈਣ, ਐ ਮੇਰੀ ਸਖੀ-ਸਹੇਲੀ ਮੈਂ ਤੈਨੂੰ ਕੰਤ ਦੇ ਪਾਉਣ ਦਾ ਉਪਾਅ ਦੱਸ ਸਕਦਾ ਹਾਂ, ਮੈਂ ਤੈਨੂੰ ਬਹੁਤੇ ਵੇਸ ਕਰਨ ਲਈ ਨਹੀਂ ਕਹਿੰਦਾ, ਮੈਂ ਸਿਰਫ਼ ਤੈਨੂੰ ਤਿੰਨ ਤਰ੍ਹਾਂ ਦੇ ਵੇਸ ਕਰਨ ਦੀ ਪ੍ਰੇਰਣਾ ਦਿੰਦਾ ਹਾਂ ਤੂੰ ਇਨ੍ਹਾਂ ਤੇ ਅਮਲ ਕਰ, ਫਿਰ ਤੈਨੂੰ ਆਪਣੇ ਸੱਜਣ, ਸੁਆਮੀ ਕੰਤ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਵੇਗਾ ਤੇ ਤੂੰ ਹਮੇਸ਼ਾ-ਹਮੇਸ਼ਾ ਲਈ ਸੁਹਾਗਣ ਬਣ ਜਾਵੇਂਗੀ। ਸਭ ਤੋਂ ਪਹਿਲਾਂ ਆਪਣੇ ਆਪ ਤੋਂ ਘਮੰਡ, ਅਹੰਕਾਰ, ਤਿਆਗ ਕੇ, ਨੀਵਾਂ ਤੇ ਨਿਮਾਣਾ ਹੋ ਕੇ ਰਹਿਣ ਦੀ ਜਾਚ ਸਿਖ, ਨਿਵੇ ਸੁ ਗਉਰਾ ਹੋਇ ਦਾ ਪਾਠ ਪੜ੍ਹ।

ਉਸ ਪ੍ਰਭੂ ਖਸਮ ਦਾ ਚਾਕਰ ਬਣ ਕੇ ਰਹੁ ਤੇ ਜਿਨ੍ਹਾਂ ਨੇ ਉਸ ਦੇ ਚਰਨਾਂ ਦੇ ਨਾਲ ਪ੍ਰੀਤ ਕੀਤੀ, ਉਸ ਅਕਾਲ ਪੁਰਖ ਪ੍ਰਭੂ ਦੇ ਭਾਣੇ ਨੂੰ ਸਤਿ ਕਰ ਕੇ ਮੰਨਿਆ, ਝੂਠੇ ਹਾਰ-ਸ਼ਿੰਗਾਰ ਤਿਆਗ ਕੇ, ਮਜੀਠੇ ਨਾਮ ਦੇ ਰੰਗ ਵਿੱਚ ਆਪਣੇ ਆਪ ਨੂੰ ਰੰਗ ਲਿਆ, ਉਹਨਾਂ ਦੇ ਮੁੱਖ ਸੁਹਣੇ ਤੇ ਉੱਜਲ ਹੋ ਗਏ। ਜੇ ਤੂੰ ਆਪਣੇ ਪਿਆਰੇ ਪ੍ਰੀਤਮ ਨੂੰ ਪਾਉਣਾ ਚਾਹੁੰਦੀ ਹੈ ਤਾਂ ਤੂੰ ਖਵਣ ਗੁਣ-ਸਬਰ-ਸੰਤੋਖ, ਧੀਰਜ ਦੀ ਸਾਕਾਰ ਮੂਰਤ ਬਣ ਜਾ, ਤੇ ਤੂੰ ਆਪਣੀ ਜਿਹਵਾ ਤੋਂ ਮਿੱਠੇ ਬੋਲ-ਬੋਲ ਕੇ ਆਪਣੇ ਇਹ ਤਿੰਨੇ ਵੇਸ ਕਰ ਕੇ ਆਪਣੇ ਪ੍ਰੀਤਮ ਨੂੰ ਰਾਜ਼ੀ ਕਰ ਲੈ।"

ਉਨ੍ਹਾਂ ਨੇ ਹਮੇਸ਼ਾ ਆਪਣੇ ਪਿਰ ਪ੍ਰੀਤਮ ਦੇ ਪਿਆਰ ਦਾ ਰੱਜ ਕੇ ਆਨੰਦ ਮਾਣਿਆ, ਉਨ੍ਹਾਂ ਨੇ ਆਪਣਾ ਆਪ ਆਪਣੇ ਪਿਆਰੇ ਪ੍ਰੀਤਮ ਦੇ ਚਰਨਾਂ ਵਿਚ ਅਰਪਿਤ ਕਰ ਦਿੱਤਾ, ਉਨ੍ਹਾਂ ਨੇ ਆਪਣੇ ਆਪ ਨੂੰ ਹਰਿ ਰੰਗ ਵਿਚ ਰਤ ਲਿਆ ਤੇ ਉਨ੍ਹਾਂ ਨੇ ਹਮੇਸ਼ਾ-ਹਮੇਸ਼ਾ ਲਈ ਉਸ ਅਕਾਲ ਪੁਰਖ ਪ੍ਰਭੂ ਪਤੀ ਨੂੰ ਪ੍ਰਾਪਤ ਕਰ ਕੇ ਰੰਗ ਰਲੀਆਂ ਮਾਣੀਆਂ।

# ੭

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥

ਮ: ੫, ਪੰਨਾ ੧੩੪

***ਸ਼ਬਦਾਰਥ :***

ਭਾਦੁਇ—ਭਾਦਰੋਂ ਦੇ ਮਹੀਨੇ ਵਿਚ। ਭਰਮਿ—ਭਟਕਣਾ ਵਿਚ। ਭੁਲਾਣੀਆ—ਕੁਰਾਹੇ ਪੈ ਜਾਂਦੀ ਹੈ। ਦੂਜੇ—ਦੂਜੇ ਪਦਾਰਥਾਂ ਨਾਲ। ਹੇਤੁ—ਹਿਤੁ ਪਿਆਰ। ਕੇਤੁ—ਕਿਸੇ। ਬਿਨਸਸੀ—ਨਾਸ਼ ਹੋਵੇਗੀ। ਪ੍ਰੇਤ—ਮੁਰਦਾ, ਅਪਵਿੱਤ੍ਰ। ਪਕੜਿ—ਫੜ ਕੇ। ਖਿਨੈ ਮਾਹਿ—ਛਿਨ ਵਿਚ। ਕਪੇ—ਕੰਬਦਾ ਹੈ। ਨ ਦੇਨੀ—ਨਹੀਂ ਦਿੰਦੇ। ਸਿਆਹਹੁ—ਕਾਲੇ ਰੰਗ ਤੋਂ। ਸੇਤੁ—ਚਿੱਟਾ। ਲੁਣੈ—ਵੱਢਦਾ ਹੈ। ਸੰਦੜਾ—ਦਾ। ਸਰਣਾਗਤੀ—ਸ਼ਰਨ ਵਿਚ ਆਇਆ। ਬੋਹਿਥ—ਜਹਾਜ਼। ਨਾ ਪਾਇਅਹਿ—ਨਹੀਂ ਪਾਏ ਜਾਂਦੇ। ਹੇਤੁ—ਹਿਤੂ ਪਿਆਰ ਕਰਨ ਵਾਲਾ।

***ਵਿਆਖਿਆ :***

ਸਾਵਣ ਦੀ ਹਰਿਆਵਲ ਵਿਚ ਜੀਵ ਇਸਤ੍ਰੀਆਂ ਬਹਾਰ ਦੇ ਖੇੜੇ ਦੇ ਨਾਲ-ਨਾਲ ਆਪਣੇ ਪ੍ਰਭੂ ਪਿਆਰੇ ਦੀ ਯਾਦ ਨੂੰ ਆਪਣੇ ਹਿਰਦੇ ਵਿਚ ਵਸਾ ਕੇ, ਉਸ ਦੇ ਪਿਆਰ ਦੇ ਵਿੱਚ ਰੰਗ ਕੇ, ਆਪਣੇ ਅੰਤਹਕਰਨ ਵਿਚ ਖ਼ੁਸ਼ੀ ਤੇ ਖੇੜੇ ਦਾ ਅਨੁਭਵ ਕਰਦੀਆਂ ਹਨ, ਪਰ ਦੂਸਰੇ ਪਾਸੇ ਜਿਹੜੀਆਂ ਜੀਵ ਇਸਤ੍ਰੀਆਂ ਆਪਣੇ ਪਿਆਰੇ ਨੂੰ ਵਿਸਾਰ ਕੇ ਸੰਸਾਰ ਦੇ ਦੂਜੇ ਪਦਾਰਥਾਂ ਤੇ ਮੋਹ ਮਾਇਆ ਦੇ ਜਾਲ ਵਿਚ ਫਸ ਜਾਂਦੀਆਂ ਹਨ, ਉਨ੍ਹਾਂ ਬਾਰੇ ਸਤਿਗੁਰੂ ਜੀ ਫਰਮਾਉਂਦੇ ਹਨ ਕਿ ਉਹ ਭਾਦਰੋਂ ਦੇ ਮਹੀਨੇ ਵਿਚ ਭਰਮਾਂ-ਵਹਿਮਾਂ ਵਿਚ ਭੁੱਲ ਕੇ ਸੰਸਾਰਕ ਪਦਾਰਥਾਂ ਦੇ ਮੋਹ ਵਿੱਚ ਫਸ ਜਾਂਦੀਆਂ ਹਨ। ਉਨ੍ਹਾਂ ਨੂੰ ਆਪਣਾ ਪਿਆਰਾ ਪ੍ਰੀਤਮ ਭੁੱਲ ਜਾਂਦਾ ਹੈ ਤੇ ਧਨ, ਇਸਤ੍ਰੀ, ਬਾਲ-ਬੱਚੇ ਆਦਿ ਅਧਿਕ ਪਿਆਰੇ

ਲਗਦੇ ਹਨ। ਉਹ ਅਸਲੀਅਤ ਤੋਂ ਭਟਕ ਜਾਂਦੀਆਂ ਹਨ, ਸਹੀ ਰਸਤੇ ਤੋਂ ਖੁੰਝ ਕੇ ਉਹ ਇਧਰ-ਉਧਰ ਹੋ ਜਾਂਦੀਆਂ ਹਨ। ਇਹੋ ਜਿਹੀਆਂ ਇਸਤ੍ਰੀਆਂ ਭਾਵੇਂ ਲੱਖਾਂ ਸ਼ਿੰਗਾਰ ਕਿਉਂ ਨਾ ਕਰਨ ਉਹ ਸਭ ਵਿਅਰਥ ਹਨ, ਉਹ ਕਿਸੇ ਕੰਮ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਇਹੋ ਜਿਹੀਆਂ ਇਸਤ੍ਰੀਆ ਬਾਰੇ ਫਰਮਾਉਂਦੇ ਹਨ :

**ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ॥**
**ਕਾਜਲੁ ਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ॥**

ਮ: ੫, ਪੰਨਾ ੧੦੯੪

ਉਹ ਨਾਰੀ ਨ ਹੋ ਕੇ ਕੁਨਾਰ ਹੈ। ਉਸ ਦੇ ਕੀਤੇ ਹੋਏ ਅਨੇਕਾਂ ਹਾਰ ਸ਼ਿੰਗਾਰ ਸਭ ਵਿਅਰਥ ਹਨ। ਸ੍ਰੀ ਗੁਰੂ ਅਮਰਦਾਸ ਜੀ ਉਸ ਇਸਤ੍ਰੀ ਬਾਰੇ ਜਿਸਨੇ ਹਾਰ ਸ਼ਿੰਗਾਰ ਤਾਂ ਕੀਤੇ ਪਰ ਆਪਣੇ ਪਿਆਰੇ ਦੀ ਸਾਰ ਨਹੀਂ ਲਈ, ਪਰਵਾਹ ਨਹੀਂ ਕੀਤੀ, ਲਿਖਦੇ ਹਨ :

**ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ॥**
**ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ॥**
**ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ॥** ਮ: ੩, ਪੰਨਾ ੬੫੧

ਜਿਸ ਦਿਨ ਜੀਵ ਆਤਮਾ ਸਰੀਰ ਨੂੰ ਛੱਡ ਕੇ ਤਨ ਤੋਂ ਅਲੱਗ ਹੋ ਜਾਵੇਗੀ, ਉਸ ਵੇਲੇ ਸਾਰੇ ਉਸ ਨੂੰ ਪ੍ਰੇਤ ਪ੍ਰੇਤ ਕਹਿ-ਕੇ ਪੁਕਾਰਨਗੇ। ਸਰੀਰ ਲੋਥ ਹੋ ਗਈ ਤੇ ਅਪਿਵਤ੍ਰ ਹੋ ਗਈ ਤੇ ਸਾਕ-ਸੰਬੰਧੀਆਂ ਨੂੰ ਇਹ ਜਲਦੀ ਮੱਚ ਜਾਂਦੀ ਹੈ ਕਿ ਉਹ ਅਪਵਿਤਰ ਲੋਥ ਨੂੰ ਘਰ ਤੋਂ ਬਾਹਰ ਜਲਦੀ ਕੱਢਣ। ਜੀਵ ਨੂੰ ਜਮ ਦੇ ਦੂਤ ਫੜ੍ਹ ਕੇ ਜਿਥੇ ਲੈ ਜਾਣਗੇ, ਇਸ ਦਾ ਕਿਸੇ ਨੂੰ ਭੇਦ ਤਕ ਨਹੀਂ ਦੇਣਗੇ।

**ਰਾਮ ਸਿਮਰੁ ਪਛੁਤਾਹਿਗਾ ਮਨ॥**
**ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ॥ਰਹਾਉ॥**
**ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ॥**
**ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ॥**
**ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ॥**
**ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥**

ਮਾਰੂ ਕਬੀਰ ਜੀ, ਪੰਨਾ ੧੧੦੬

ਜਿਹੜੇ ਸਕੇ ਸੰਬੰਧੀਆਂ ਨਾਲ ਬੜੇ ਪਿਆਰ ਦੇ ਦਿਨ ਬਤੀਤ ਕੀਤੇ ਹੁੰਦੇ ਸਨ, ਉਹ ਇੱਕ ਖਿਨ ਵਿੱਚ ਉਸ ਨੂੰ ਛੱਡ ਦਿੰਦੇ ਹਨ, ਉਨ੍ਹਾਂ ਦਾ ਸਾਥ ਹਮੇਸ਼ਾ-ਹਮੇਸ਼ਾ ਲਈ ਇੱਕ ਖਿਨ ਵਿੱਚ ਮੁੱਕ ਜਾਂਦਾ ਹੈ। ਜਿਹੜੇ ਧੀਆਂ, ਪੁੱਤਰਾਂ,

ਰਿਸ਼ਤੇਦਾਰਾਂ ਦੇ ਹਿਤ ਲਈ ਸਾਰੀ ਉਮਰ ਗੁਜ਼ਾਰੀ, ਉਹ ਉਸ ਨੂੰ ਸ਼ਮਸ਼ਾਨ ਘਾਟ ਜਾ ਕੇ ਸਾੜ ਫੂਕ ਕੇ ਸੁਆਹ ਕਰ ਕੇ ਘਰ ਪਰਤ ਆਉਂਦੇ ਹਨ। ਜਦੋਂ ਆਤਮਾ ਸਰੀਰ ਤੋਂ ਵੱਖ ਹੋਣ ਲਗਦੀ ਹੈ, ਜੀਵ ਹੱਥਾਂ ਨੂੰ ਮਰੋੜੇ ਦਿੰਦਾ ਹੈ, ਉਸ ਦਾ ਸਰੀਰ ਕੰਬਦਾ ਹੈ, ਰੰਗ ਕਾਲੇ ਤੋਂ ਚਿੱਟਾ ਹੋ ਜਾਂਦਾ ਹੈ। ਜਦੋਂ ਜਦੋਂ ਉਸ ਨੂੰ ਜਮਦੂਤ ਵਿਖਾਈ ਦਿੰਦੇ ਹਨ, ਉਹ ਆਪਣੇ ਵਿਅਰਥ ਬੀਤੇ ਹੋਏ ਸਮੇਂ ਨੂੰ ਯਾਦ ਕਰ ਕੇ ਪਛਤਾਉਂਦਾ ਹੈ, ਹੱਥ ਮਲਦਾ ਹੈ। ਜਮਾਂ ਦੇ ਡਰ ਕਰ ਕੇ ਉਸ ਦਾ ਸਰੀਰ ਕੰਬਣ ਲੱਗ ਜਾਂਦਾ ਹੈ, ਲਹੂ ਮੁੱਕ ਜਾਂਦਾ ਹੈ, ਅਤੇ ਰੰਗ ਬਿਲਕੁਲ ਚਿੱਟਾ ਹੋ ਜਾਂਦਾ ਹੈ। ਬਿਲਕੁਲ ਬੇਬਸ, ਨਿਰੀਹ, ਮੂਕ।

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥**
**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥**
**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥**
**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥**
**ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥**
**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥**
**ਫਰੀਕਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥**

ਸਲੋਕ ਫਰੀਦ ਜੀ, ਪੰਨਾ ੧੩੭੭


ਇਹ ਸਰੀਰ ਕਰਮਾ ਸੰਦੜਾ ਖੇਤ ਹੈ। ਜਿਹੋ ਜਿਹੇ ਜੀਵ ਕਰਮ ਕਰਦਾ ਹੈ, ਉਹੋ ਜਿਹੇ ਫਲ ਦੀ ਪ੍ਰਾਪਤੀ ਹੁੰਦੀ ਹੈ। ਜਿਸ ਤਰ੍ਹਾਂ ਦਾ ਬੀਜ ਬੀਜਦਾ ਹੈ, ਉਹੋ ਜਿਹਾ ਫਲ ਵੱਢਣਾ ਪਵੇਗਾ। ਜੇ ਕਰ ਮਨੁੱਖ ਚੰਗੇ ਕਰਮ ਕਰਦਾ ਹੈ, ਨਿਸਵਾਰਥ ਹੋ ਕੇ ਸਭ ਦੀ ਭਲਾਈ ਕਰਦਾ ਹੈ, ਪੁੰਨ ਵਿਚ ਲੱਗਾ ਰਹਿੰਦਾ ਹੈ, ਉਹ ਚੰਗੇ ਫਲਾਂ ਦਾ ਰਸ ਖਾਂਦਾ ਹੈ ਤੇ ਜੇ ਕਰ ਪਾਪੀ ਹਤਿਆਰਾ ਬਣ ਕੇ ਸਮਾਂ ਬਿਤਾਉਂਦਾ ਹੈ, ਉਹੋ ਸਮਾਂ ਦੁਖਦਾਈ, ਭਿਅੰਕਰ ਬਣ ਜਾਂਦਾ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ :

**ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ॥**

ਜੈਤਸਰੀ ਮ: ੫, ਪੰਨਾ ੭੦੫

ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਅਕਾਲ-ਪੁਰਖ ਪ੍ਰਭੂ ਦੀ ਸ਼ਰਨ ਵਿੱਚ ਜਾ ਪਹੁੰਚਦੀਆਂ ਹਨ, ਉਨ੍ਹਾਂ ਨੂੰ ਉਹ ਆਪ ਆਪਣੇ ਚਰਨਾਂ ਦਾ ਜਹਾਜ਼ ਦੇ ਕੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਕਰਾਉਂਦੇ ਹਨ। ਸੱਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸਾਰੰਗ ਰਾਗ ਵਿਚ ਕਥਨ ਕਰਦੇ ਹਨ :

ਸਤਿਗੁਰੂ ਦਯਾ ਨਿਧਿ ਮਹਿਮਾ ਅਗਾਧਿ ਬੋਧ
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਮਾਈ ਰੀ ਚਰਨਹ ਓਟ ਗਹੀ॥
ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ॥ਰਹਾਉ॥
ਅਗਹ ਅਗਾਧਿ ਊਚ ਅਬਿਨਾਸੀ ਕੀਮਤਿ ਜਾਤ ਨ ਕਹੀ॥
ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ ਪੂਰਿ ਰਹਿਓ ਸ੍ਰਬ ਮਹੀ॥
ਦੀਨ ਦਇਆਲ ਪ੍ਰੀਤਮ ਮਨਮੋਹਨ ਮਿਲਿ ਸਾਧਹ ਕੀਨੋ ਸਹੀ॥
ਸਿਮਰਿ ਸਿਮਰਿ ਜੀਵਤ ਹਰਿ ਨਾਨਕ ਜਮ ਕੀ ਭੀਰ ਨ ਫਹੀ॥
ਸਾਰਗ ਮ: ੫, ਪੰਨਾ ੧੨੨੫

ਉਨ੍ਹਾਂ ਦੇ ਨੇੜੇ ਜਮ ਜੰਦਾਰ ਨਹੀਂ ਆ ਸਕਦੇ। ਜਦੋਂ ਉਹ ਜੀਵ ਰੂਪੀ ਇਸਤ੍ਰੀਆਂ ਆਪਣੇ ਸਤਿਗੁਰੂ ਦੇ ਚਰਨਾਂ ਵਿੱਚ ਪਹੁੰਚ ਜਾਂਦੀਆਂ ਹਨ, ਉਹ ਉਨ੍ਹਾਂ ਜੀਵਾਂ ਦਾ ਆਪ ਰਖਵਾਲਾ ਬਣ ਜਾਂਦਾ ਹੈ, ਫਿਰ ਉਹ ਨਰਕਾਂ ਵਿੱਚ ਕਿਵੇਂ ਜਾ ਸਕਦੀਆਂ ਹਨ ? ਉਹ ਆਪ ਆਪਣੇ ਪ੍ਰੇਮੀ ਦੀ ਬਾਂਹ ਫੜ ਕੇ ਉਸ ਦਾ ਨਿਸਤਾਰਾ ਕਰ ਦਿੰਦੇ ਹਨ। ਭਾਦਰੋਂ ਦੇ ਮਹੀਨੇ ਵਿੱਚ ਇਸਤ੍ਰੀਆਂ ਆਪਣੇ ਸਤਿਗੁਰੂ ਜੀ ਦੀ ਮਿਹਰ ਬਖਸ਼ਸ਼ ਕਰ ਕੇ, ਨਰਕਾਂ ਦੀਆਂ ਯਾਤਨਾਵਾਂ ਤੋਂ ਦੂਰ ਰਹਿੰਦੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਉਸ ਪ੍ਰੀਤਮ ਪ੍ਰਭੂ ਦੀ ਉਸਤਤ ਰਾਮਕਲੀ ਦੀ ਵਾਰ ਵਿੱਚ ਕਰਦੇ ਹਨ :

ਜਿਸਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ॥
ਜਿਸਨੋ ਤੂ ਰਖਵਾਲਾ ਜਿਤਾ ਤਿਨੈ ਭੈਣੁ॥
ਜਿਸਨੋ ਤੇਰਾ ਅੰਗੁ ਤਿਸੁ ਮੁਖੁ ਉਜਲਾ॥
ਜਿਸਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ॥
ਜਿਸ ਨੋ ਤੈਰੀ ਨਦਰਿ ਨ ਲੇਖਾ ਪੁਛੀਐ॥
ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ॥
ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ॥
ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ॥ ਮ: ੫, ਪੰਨਾ ੯੬੧

*ਭਾਵ :*

ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਸ ਦੇ ਅਨੁਸਾਰ ਉਹੋ ਜਿਹੇ ਫਲ ਭੋਗਦਾ ਹੈ। ਨਾਸਵੰਤ ਪਦਾਰਥਾਂ ਨਾਲ ਮੋਹ ਪਾ ਕੇ, ਉਹ ਹਮੇਸ਼ਾਂ ਖੁਆਰ ਹੁੰਦਾ ਰਹਿੰਦਾ ਹੈ। ਤ੍ਰਿਸ਼ਨਾ, ਭਟਕਣਾ ਵਧਦੀ ਰਹਿੰਦੀ ਹੈ। ਆਪਣੇ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।

# ਗੁਰੂ ਰਖਣ ਵਾਲਾ ਹੇਤੁ

***ਸ. ਤੇਜਵੀਰ ਸਿੰਘ***

ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਪ੍ਰਹਿਲਾਦ ਨੂੰ ਕਿਸ ਤਰ੍ਹਾਂ ਉਸ ਦੇ ਪਿਤਾ ਨੇ ਕਸ਼ਟ, ਤਸੀਹੇ, ਯਾਤਨਾਵਾਂ ਦੇ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਤੇ ਉਸ ਦੇ ਪਿਆਰੇ ਇਸ਼ਟ ਨੇ ਆ ਕੇ ਹਰ ਮੋੜ ਤੇ, ਹਰ ਕਦਮ ਤੇ, ਸਹਾਇਤਾ ਕਰ ਕੇ ਉਸ ਦੇ ਜੀਵਨ ਦੀ ਰੱਖਿਆ ਕੀਤੀ ਤੇ ਨਾਲ ਹੀ ਉਸ ਦੇ ਇਕੀਹ ਕੁਲਾਂ ਦਾ ਉਧਾਰ ਕਰ ਦਿੱਤਾ :

**ਹਰਣਾਖਸੁ ਨਖੀ ਬਿਦਾਰਿਆ ਪ੍ਰਹਿਲਾਦੁ ਲੀਆ ਉਬਾਰਿ॥**
**ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ॥**
**ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥** ਭੈਰਉ ਮ: ੩, ਪੰਨਾ ੧੧੩੩

ਦ੍ਰੋਪਦੀ ਨੇ ਆਪਣੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਦੀ ਅਰਾਧਨਾ ਕੀਤੀ, ਔਖੀਆਂ ਘੜੀਆਂ ਸੁਖਮਈ ਬਣ ਗਈਆਂ, ਜਦੋਂ ਉਨ੍ਹਾਂ ਨੇ ਆਪਣੀ ਸੇਵਿਕਾ ਨੂੰ ਦਰਸ਼ਨ ਦੇ ਕੇ ਉਸ ਦੀ ਲਾਜ ਦੀ ਰੱਖਿਆ ਕੀਤੀ, ਉਸ ਦੇ ਸਕੇ ਸੰਬੰਧੀ ਵੀ ਕੋਲ ਲਾਜ ਨਾਲ ਅੱਖੀਆਂ ਨੀਵੀਆਂ ਕਰ ਕੇ ਬੈਠੇ ਰਹੇ, ਉਸ ਦੀ ਕੋਈ ਸਹਾਇਤਾ ਨਾ ਕਰ ਸਕੇ, ਉਸ ਦੇ ਪਿਆਰੇ ਸਤਿਗੁਰੂ, ਪਿਆਰੇ ਮਿੱਤਰ ਸ੍ਰੀ ਕ੍ਰਿਸ਼ਨ ਜੀ ਹੀ ਸਹਾਇਤਾ ਲਈ ਖਿਨਾਂ ਪਲਾਂ ਵਿੱਚ ਪਹੁੰਚੇ। ਉਸ ਨੂੰ ਗਜ ਗਰਾਹ ਦੀ ਸਾਖੀ ਬਾਰੇ ਵੀ ਜਾਣਕਾਰੀ ਪ੍ਰਾਪਤ ਸੀ। ਔਖੀ ਘੜੀ ਵੇਲੇ ਜਦੋਂ ਮੱਖਣ ਸ਼ਾਹ ਲੁਬਾਣੇ ਨੇ ਯਾਦ ਕੀਤਾ ਤਾਂ ਸ੍ਰੀ ਗੁਰੂ ਤੇਗ ਬਹਾਦਰ ਨੇ ਉਸ ਦੀ ਸਹਾਇਤਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਸੀ। ਭਾਈ ਰਾਇ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੇਰ ਤੋਂ ਬਚਾ ਕੇ ਰੱਖਿਆ ਕੀਤੀ। ਸੂਬਾ ਗੰਡਾ ਸਿੰਘ ਜੀ ਦੀ ਬਾਂਹ ਚਲਦੇ ਵੇਲਣੇ ਵਿਚੋਂ ਖਿੱਚ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰੱਖਿਆ ਕੀਤੀ, ਕਿਉਂਕਿ ਉਹ ਪਿਆਰਾ ਤਾਂ ਹਮੇਸ਼ਾ ਅੰਗ-ਸੰਗ ਹੈ :

**ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ**
**ਜਿਥੈ ਕਿਥੈ ਮੈਨੋ ਲਏ ਛਡਾਈ॥** ਮ: ੩, ਪੰਨਾ ੫੮੮

ਤੇ ਅਣਗਿਣਤ ਹੋਰ ਇਹੋ ਜਿਹੀਆਂ ਸਾਖੀਆਂ ਤੇ ਘਟਨਾਵਾਂ ਨੂੰ ਪੜ੍ਹ ਕੇ ਸੁਣ ਕੇ ਤੇਜਵੀਰ ਸਿੰਘ ਦੇ ਮਨ ਤੇ ਗਹਿਰੀ ਤੇ ਅਮਿੱਟ ਛਾਪ ਬਣ ਗਈ ਹੋਈ ਸੀ। ਜਦੋਂ ਕਦੇ ਵੀ ਕੋਈ ਕੰਮ ਆਰੰਭ ਕਰਨਾ ਹੁੰਦਾ ਜਾਂ ਕਿਧਰੇ ਜਾਣਾ ਹੁੰਦਾ ਹੈ ਤੇ ਘਰ ਵਿਚ ਦਿੱਤੀ ਸਿੱਖਿਆ ਅਨੁਸਾਰ ਤੇਜਵੀਰ ਸਿੰਘ ਨੇ ਅਰਦਾਸ ਕਰ ਸਤਿਗੁਰੂ ਦੀ ਸਹਾਇਤਾ ਮੰਗਣੀ ਤੇ ਸ਼ਹੀਦਾਂ ਦਾ ਵਾਰਾ ਪਹਿਰਾ ਮੰਗਣਾ—ਇਹ ਉਸ ਦੇ ਜੀਵਨ ਦਾ ਇਕ ਅਟੁੱਟ ਹਿੱਸਾ ਬਣ ਗਿਆ ਹੈ। ਇਹੀ ਕਾਰਨ ਹੈ ਕਿ

ਮੇਰਾ ਸਤਿਗੁਰੁ ਰਖਵਾਲਾ ਹੋਆ॥
ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ, ਹਰਿ ਗੋਵਿਦੁ ਨਵਾ ਨਰੋਆ॥



ਸ੍ਰ. ਤੇਜਵੀਰ ਸਿੰਘ ਜੀ

ਹਰੇਕ ਕਦਮ, ਹਰੇਕ ਪਲ ਵਿੱਚ, ਹਰੇਕ ਕਾਰਜ ਵਿਚ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ਾਂ ਸਦਕਾ ਉਸ ਨੂੰ ਸਫਲਤਾ ਪ੍ਰਾਪਤ ਹੁੰਦੀ ਰਹੀ ਹੈ, ਹਮੇਸ਼ਾ ਆਪਣੀ ਜਮਾਤ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨਾ, ਪੜ੍ਹਾਈ ਕਰਨ ਲੱਗਿਆਂ ਉਸ ਦਾ ਇਹ ਉਦੇਸ਼ ਹੁੰਦਾ। ਇਥੋਂ ਤਕ ਕਿ ਇੰਨਜੀਨੀਅਰਿੰਗ ਕਾਲਜ ਵਿਚ ਜਾ ਕੇ ਪੰਜਾਂ ਸਾਲਾਂ ਵਿਚ ਪਹਿਲਾਂ ਸਥਾਨ ਪ੍ਰਾਪਤ ਕਰਨ ਕਰ ਕੇ ਤੇਜਵੀਰ ਸਿੰਘ ਨੂੰ ਵਜੀਫਾ ਅਤੇ ਸੋਨੇ ਦਾ ਤਮਗਾ ਮਿਲਿਆ।

ਸਟੀਲ ਅਥਾਰਟੀ ਆਫ਼ ਇੰਡੀਆ ਦੀਆਂ ਸ਼ਾਖਾਂ ਭਾਰਤ ਦੇ ਹਰ ਕੋਨੇ ਵਿੱਚ ਫੈਲੀਆਂ ਹੋਈਆਂ ਹਨ। ਇਸ ਕਰ ਕੇ ਮਹੀਨੇ ਵਿੱਚ ਕਈ ਵਾਰੀ ਉਸ ਨੂੰ ਵੱਖ-ਵੱਖ ਥਾਵਾਂ ਤੇ ਕੰਪਨੀ ਦੇ ਕੰਮਾਂ ਕਾਰਾਂ ਕਰ ਤੇ ਅਕਸਰ ਜਾਣਾ ਪੈਂਦਾ ਹੈ। ਆਮ ਤੌਰ ਤੇ ਇਹ ਸਫ਼ਰ ਹਵਾਈ ਜਹਾਜ਼ ਰਾਹੀਂ ਹੀ ਕਰਨਾ ਪੈਂਦਾ ਹੈ। ਇਸ ਵਾਰੀ ਭਾਰਤ ਸਰਕਾਰ ਨੂੰ ਵਿਦੇਸ਼ ਤੋਂ ਕੁਝ ਹਵਾਈ ਜਹਾਜ਼ ਚਾਲਕਾਂ ਸਮੇਤ ਮੰਗਵਾਉਣੇ ਪਏ। ਖ਼ਾਸ ਕਰ ਕੇ ਰੂਸ ਨੇ ਭਾਰਤ ਦੀ ਸਹਾਇਤਾ ਲਈ ਵਿਦੇਸ਼ੀ ਵਿਮਾਨ ਭੇਜੇ। ਰੂਸੀ ਹਵਾਈ ਜਹਾਜ਼ ਟੀ. ਯੂ. ੧੫੪ ਵਿਚ ੧੬-੧੨-੯੨ ਨੂੰ ਉਹ ਮੀਟਿੰਗ ਕਰਨ ਲਈ ਦਿੱਲੀ ਤੋਂ ਹੈਦਰਾਬਾਦ ਪਹੁੰਚਿਆ।

੬-੧-੯੩ ਨੂੰ ਫਿਰ ਹੋਰ ਮੀਟਿੰਗ ਕਰਨ ਲਈ ਹੈਦਾਰਾਬਾਦ ਪਹੁੰਚਿਆ। ਮੀਟਿੰਗ ਆਦਿ ਤੋਂ ਉਪਰੰਤ ੮-੧-੯੩ ਵਾਪਸ ਦਿੱਲੀ ਆਉਣ ਵਾਸਤੇ ਰੂਸੀ ਹਵਾਈ ਜਹਾਜ਼ ਟੀ. ਯੂ. ੧੫੪ ਵਿਚ ਹੀ ਆਉਣਾ ਪਿਆ। ਹਵਾਈ ਜਹਾਜ਼ ਨੇ ਹੈਦਰਾਬਾਦ ਤੋਂ ਰਾਤੀ ਅੱਠ ਵਜੇ ਚਲਣਾ ਸੀ ਪਰ ਲੇਟ ਹੁੰਦਾ-ਹੁੰਦਾ ਏਨਾਂ ਲੇਟ ਹੋ ਗਿਆ ਕਿ ਨੌਂ ਤਾਰੀਖ ਨੂੰ ਦੋ ਵਜੇ ਇਸ ਨੇ ਆਪਣੀ ਉਡਾਨ ਆਰੰਭ ਕੀਤੀ। ਹਵਾਈ ਅੱਡੇ ਤੇ ਬੈਠੇ ਕਾਫੀ ਵਿਹਲਾ ਸਮਾਂ ਮਿਲ ਗਿਆ। ਉਨ੍ਹਾਂ ਨੇ ਮੌਕੇ ਦਾ ਲਾਭ ਉਠਾਇਆ ਤੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਧਿਆਨ ਕਰ ਕੇ ਭਗਉਤੀਆਂ ਦੀ ਮਾਲਾ ਪੂਰਨ ਕੀਤੀ। ਐਨੇ ਚਿਰ ਨੂੰ ਯਾਤਰੀਆਂ ਲਈ ਹਵਾਈ ਜਹਾਜ਼ ਅੰਦਰ ਜਾਣ ਦਾ ਐਲਾਨ ਹੋਇਆ। ਤੇਜਵੀਰ ਸਿੰਘ ਦੀ ਇੱਕ ਆਦਤ ਹੈ ਬੋਰਡਿੰਗ ਕਾਰਡ ਲੈਣ ਤੋਂ ਪਿਛੋਂ ਜਦੋਂ ਹਵਾਈ ਜਹਾਜ਼ ਅੰਦਰ ਜਾਣ ਲੱਗਦਾ ਹੈ ਤਾਂ ਪਉੜੀ ਦੇ ਪਹਿਲੇ ਡੰਡੇ ਤੇ ਪੈਰ ਰਖਦਿਆਂ ਹੀ ਧੰਨ ਸ੍ਰੀ ਸਤਿਗੁਰ ਰਾਮ ਸਿੰਘ ਜੀ ! ਕਹਿ ਕੇ ਆਪਣੇ ਸਤਿਗੁਰੂ ਨੂੰ ਯਾਦ ਕਰਦਾ ਹੈ। ਉਸਨੇ ਆਮ ਦਿਨਾਂ ਵਾਂਗ ਟੀ. ਯੂ. ੧੫੪ ਤੇ ਚੜ੍ਹਨ ਲੱਗਿਆ, ਪਹਿਲੇ ਡੰਡੇ ਤੇ ਕਦਮ ਰਖਦਿਆਂ "ਧੰਨ ਸਤਿਗੁਰੂ ਰਾਮ ਸਿੰਘ ਜੀ ਕਿਹਾ।" ਜਿਸ ਵੇਲੇ ਪਾਇਲਟ ਐਰੀਪੋਵ ਦੇ ਨਾਮ ਦਾ ਐਲਾਨ ਕੀਤਾ ਗਿਆ ਤਾਂ ਤੇਜਵੀਰ ਦੇ ਅੰਤਹਕਰਨ ਵਿਚੋਂ ਆਵਾਜ਼ ਆਈ ਕਿ ਇਹ ਪਾਇਲਟ ਤਾਂ ਉਹੀ ਹੈ ਜਿਸ ਨੇ ਦੋ ਦਿਨ ਪਹਿਲਾਂ ਮਦਰਾਸ ਹਵਾਈ ਅੱਡੇ ਤੇ ਗਲਤ ਜਗ੍ਹਾ ਤੇ ਹਵਾਈ ਜਹਾਜ਼ ਉਤਾਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਐਨ ਠੀਕ ਵੇਲੇ ਤੇ ਚੇਤਾਵਨੀ ਮਿਲਣ ਤੇ ਹਵਾਈ

ਜਹਾਜ਼ ਉੱਡਿਆ ਤੇ ਬਾਅਦ ਵਿੱਚ ਠੀਕ ਥਾਂ ਤੇ ਉਤਾਰਿਆ ਗਿਆ, ਜਿਸ ਕਰ ਕੇ ਹਵਾਈ ਜਹਾਜ਼ ਵਿਚ ਬੈਠੇ ਸਾਰੇ ਯਾਤਰੀ ਵਾਲ-ਵਾਲ ਬਚ ਗਏ ਸਨ।

ਹਵਾਈ ਜਹਾਜ਼ ਵਿਚ ਪਈਆਂ ਮੈਗਜ਼ੀਨ ਵਗੈਰਾ ਵਿਚੋਂ ਕੋਈ ਵਧੀਆ ਲੇਖ ਤੇਜਵੀਰ ਅਕਸਰ ਪੜ੍ਹ ਲੈਂਦਾ ਹੈ, ਪਰ ਅੱਜ ਉਸ ਦਾ ਕੁਝ ਵੀ ਪੜ੍ਹਨ ਨੂੰ ਜੀ ਨਹੀਂ ਸੀ ਕਰ ਰਿਹਾ। ਪੂਰਾ ਸਮਾਂ ਉਹ ਸੱਚੇ ਪਾਤਸ਼ਾਹ ਨੂੰ ਯਾਦ ਕਰਦਾ ਹੋਇਆ ਭਜਨ ਕਰਦਾ ਰਿਹਾ, ਹੈਦਰਾਬਾਦ ਤੋਂ ਦਿਲੀ ਪਹੁੰਚਣ ਲਈ ਸਿਰਫ ਦੋ ਘੰਟੇ ਦਾ ਸਮਾਂ ਲੱਗਦਾ ਹੈ। ਕਰੀਬਨ ਚਾਰ ਵਜੇ ਹਵਾਈ ਜਹਾਜ ਨੇ ਦਿੱਲੀ ਦੇ ਪਾਲਮ ਹਵਾਈ ਅੱਡੇ ਤੇ ਉਤਰਨਾ ਸ਼ੁਰੂ ਕੀਤਾ। ਉਤਰਨ ਤੋਂ ਦੋ ਮਿੰਟ ਪਹਿਲਾਂ ਸੱਚੇ ਪਾਤਸ਼ਾਹ ਜੀ ਨੇ ਅੰਦਰੋਂ ਸੋਝੀ ਕਰਵਾਈ ਕਿ ਇਹ ਪਾਇਲਟ ਅੱਜ ਜ਼ਰੂਰ ਕੋਈ ਨਾ ਕੋਈ ਗੜਬੜ ਕਰੇਗਾ। ਸਵੇਰ ਦੇ ਚਾਰ ਵੱਜ ਕੇ ਅੱਠ ਮਿੰਟ ਹੋ ਚੁੱਕੇ ਸਨ, ਹਵਾਈ ਅੱਡੇ ਤੇ ਬਿਲਕੁਲ ਸਨਾਟਾ, ਚਾਰੇ ਪਾਸੇ ਹਨੇਰਾ ਹੀ ਹਨੇਰਾ। ਧੁੰਧ ਕਰ ਕੇ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਖੂਬ ਕੜਾਕੇ ਦੀ ਠੰਢ ਤੇ ਹਨੇਰਾ। ਉਸ ਦੇ ਦਿਮਾਗ ਵਿਚ ਕੁਝ ਉਲਟੇ ਸਿੱਧੇ ਵਿਚਾਰ ਆਉਣੇ ਸ਼ੁਰੂ ਹੋ ਗਏ ਤੇ ਇੱਕ ਵਾਰੀ ਫਿਰ ਉਸ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ਼ੋਈ ਕੀਤੀ, ".ਗਰੀਬ ਨਿਵਾਜ ਸਤਿਗੁਰੂ ਰਾਮ ਸਿੰਘ ਜੀ, ਆਪ ਜੀ ਨੇ ਅੱਜ ਮੈਨੂੰ ਬਚਾਉਣਾ ਹੈ, ਮੇਰੀ ਰੱਖਿਆ ਕਰਨੀ ਹੈ।" ਖਿਨਾਂ ਪਲਾਂ ਵਿੱਚ ਸਤਿਗੁਰੂ ਜੀ ਨੇ ਜਣਾਇਆ ਤੇ ਉਸ ਨੇ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ, ਕਿ ਅਗਰ ਕੋਈ ਐਸਾ ਭਿਆਨਕ ਸਮਾਂ ਆਇਆ ਤਾਂ ਉਸਨੇ ਕਿਹੜੀਆਂ-ਕਿਹੜੀਆਂ ਸਾਵਧਾਨੀਆਂ ਵਰਤਣੀਆਂ ਹਨ। ਉਸ ਨੇ ਆਪਣੇ ਗੋਡਿਆਂ ਤੇ ਕੰਬਲ ਲਿਆ ਹੋਇਆ ਸੀ, ਉਸ ਨੇ ਸੋਚਿਆ ਕੰਬਲ ਲਾਹ ਕੇ ਇੱਕ ਪਾਸੇ ਰੱਖ ਦੇਣਾ ਚਾਹੀਦਾ ਹੈ, ਤਾਂ ਕਿ ਜੇ ਕਰ ਦੌੜਨਾ ਪਵੇ ਤੇ ਕੰਬਲ ਪੈਰਾਂ ਵਿੱਚ ਨਾ ਫਸ ਜਾਵੇ। ਫਿਰ ਆਪਣੀ ਕਮਰ ਦੇ ਆਲੇ-ਦੁਆਲੇ ਦੀ ਪੇਟੀ ਨੂੰ ਖੋਹਲਣ ਬੰਨ੍ਹਣ ਦਾ ਅਭਿਆਸ ਕੀਤਾ, ਕਿ ਜੇ ਕਰ ਲੋੜ ਪਈ ਤਾਂ ਜਲਦੀ ਨਾਲ ਉਸ ਨੂੰ ਖੋਹਲ ਸਕੇ, ਕਿਉਂਕਿ ਬੈਲਟ ਵੀ ਕਾਫੀ ਸਖਤ ਸੀ, ਆਸਾਨੀ ਨਾਲ ਖੋਲ੍ਹੀ ਬੰਨ੍ਹੀ ਨਹੀਂ ਸੀ ਜਾ ਰਹੀ। ਆਖੀਰ ਵਿੱਚ ਤੇਜਵੀਰ ਸਿੰਘ ਨੇ ਏਅਰਕਰਾਫਟ ਦੇ ਦਰਵਾਜ਼ੇ ਵਲ ਝਾਤੀ ਮਾਰੀ, ਕਿ ਜੇ ਕਰ ਨੱਸਣਾ ਪਵੇ ਤਾਂ ਦਰਵਾਜ਼ਾ ਕਿੰਨੀ ਕੂ ਦੂਰੀ ਤੇ ਹੈ ਤੇ ਇੰਝ ਸੋਚਦਿਆਂ-ਸੋਚਦਿਆਂ ਉਸਨੇ ਅਗਲੀ ਸੀਟ ਨੂੰ ਘੁੱਟ ਕੇ ਫੜ ਲਿਆ।

ਇਹ ਸਾਰੀ ਉਧੇੜਬੁਣ ਵਿਚ ਉਲਝਿਆ ਹੋਇਆ ਸੀ ਕਿ ਇੱਕ ਦਮ ਪਾਇਲਟ ਨੇ ਹਵਾਈ ਜਹਾਜ਼ ਨੂੰ ਹੇਠਾਂ ਉਤਾਰ ਲਿਆਂਦਾ, ਤੇ ਉਹ ਆਮ ਹਵਾਈ ਪੱਟੀ ਤੇ ਨਾ ਉੱਤਰ ਸਕਿਆ। ਇੱਕ ਦਮ ਭੜ-ਭੜ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ, ਇੰਜ ਕਰਦਿਆਂ, ਹਵਾਈ ਜਹਾਜ਼ ਇੱਕ ਪਾਸੇ ਨੂੰ ਉਲਰਿਆ ਤੇ

ਟੇਡਾ ਹੋਣ ਕਰ ਕੇ, ਇੱਕ ਖੰਭ ਟੁੱਟ ਕੇ ਦੂਰ ਜਾ ਡਿਗਿਆ, ਫਿਰ ਦੂਸਰੀ ਪਲਟੀ ਖਾਧੀ, ਦੂਸਰਾ ਖੰਭ ਉੱਡ ਗਿਆ, ਪਿਛਲਾ ਪਾਸਾ ਟੁੱਟ ਗਿਆ, ਤੇ ਹਵਾਈ ਜਹਾਜ਼ ਉਲਟ-ਪੁਲਟ ਹੋਣਾ ਸ਼ੁਰੂ ਹੋ ਗਿਆ। ਤੇਜਵੀਰ ਨੇ ਕਿਉਂਕਿ ਅਗਲੇ ਵਾਲੀ ਸੀਟ ਨੂੰ ਘੁੱਟ ਕੇ ਫੜਿਆ ਸੀ ਤੇ ਅੰਦਰ ਇੰਜ ਅਨੁਭਵ ਹੋ ਰਿਹਾ ਸੀ ਕਿ ਹਵਾਈ ਜਹਾਜ਼ ਪਲਟੀਆਂ ਮਾਰ-ਮਾਰ ਕੇ ਇੱਕ ਦਮ ਸੁਕੜ ਕੇ ਪਿਚ ਜਾਵੇਗਾ ਤੇ ਅੰਦਰ ਸਾਰੇ ਯਾਤਰੀਆਂ ਦੀ ਬਚਣ ਦੀ ਕੋਈ ਆਸ ਨਹੀਂ ਸੀ ਦਿੱਸ ਰਹੀ। ਉਸ ਵੇਲੇ ਆਪਣੇ ਪਿਆਰੇ ਸਤਿਗੁਰੂ ਜੀ ਦੀ ਅਰਾਧਨਾ ਕੀਤੀ, ਇਹ ਸਭ ਕੁਝ ਹੌਲੀ-ਹੌਲੀ ਨਹੀਂ ਸਗੋਂ ਉੱਚੀ ਉੱਚੀ ਦੋ ਵਾਰ ਆਖਿਆ, "ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਰਾਮ ਸਿੰਘ," ਸਤਿਗੁਰਾਂ ਜੀ ਦਾ ਨਾਮ ਲੈਣ ਦੀ ਦੇਰ ਸੀ, ਉਸ ਨੂੰ ਇੰਜ ਲੱਗਾ ਕਿ ਉਸ ਦੀ ਪੁਕਾਰ ਦੀ ਸੁਣਵਾਈ ਹੋ ਗਈ ਹੈ। ਆਖਰ ਜਹਾਜ਼ ਖੜਾ ਹੋ ਗਿਆ ਪਰ ਉਸ ਦੀ ਛੱਤ ਜ਼ਮੀਨ ਤੇ ਸੀ ਅਤੇ ਪਹੀਏ ਉਪਰ। ਜਹਾਜ਼ ਦੀਆਂ ਸੀਟਾਂ ਉਪਰ ਲਟਕ ਰਹੀਆਂ ਸਨ ਪਰ ਇਹ ਆਪਣੇ ਪੈਰਾਂ ਤੇ ਅਡੋਲ ਖਲੋਤਾ ਸੀ। ਤੇਜਵੀਰ ਸਿੰਘ ਸਤਿਗੁਰੂ ਜੀ ਨੂੰ ਯਾਦ ਕਰ ਰਿਹਾ ਸੀ, ਤੇ ਸਤਿਗੁਰੂ ਜੀ ਨੇ ਉਸ ਨੂੰ ਆਪ ਹੀ ਚੁੱਕ ਕੇ ਅੱਖ ਦੇ ਪਲਕਾਰੇ ਵਿੱਚ ਦਰਵਾਜ਼ੇ ਵਿਚ ਖੜਾ ਕਰ ਦਿੱਤਾ ਉਸ ਦੀ ਰੱਖਿਆ ਵੀ ਠੀਕ ਉਸ ਤਰ੍ਹਾ ਕੀਤੀ ਜਿਵੇਂ ਮੱਖਣ ਸ਼ਾਹ, ਭਾਈ ਰਾਇ ਸਿੰਘ, ਦ੍ਰੋਪਦੀ, ਗਜ ਦੀ, ਸੂਬਾ ਗੰਡਾ ਸਿੰਘ ਜੀ ਦੀ ਕੀਤੀ ਸੀ :

**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥**

ਸਿਰੀ ਰਾਗ ਮ: ੫, ਪੰਨਾ ੭੦

ਉਹ ਅਡੋਲ ਬਾਹਰ ਆ ਗਿਆ। ਲੱਟ-ਲੱਟ ਕਰ ਦੇ ਹਵਾਈ ਜਹਾਜ਼ ਵਿੱਚ ਉਸ ਨੂੰ ਰੱਤੀ ਭਰ ਵੀ ਸੇਕ ਨਾ ਲੱਗਿਆ। ਉਲਟੇ ਪਏ ਜਹਾਜ਼ ਵਿਚ ਉਹ ਸਿੱਧਾ ਕਿਵੇਂ ਹੋਇਆ ਦਰਵਾਜ਼ੇ ਕੋਲ ਕਿਵੇਂ ਪਹੁੰਚ ਗਿਆ ਇਹ ਸਭ ਸਤਿਗੁਰੂ ਜੀ ਨੂੰ ਹੀ ਪਤਾ ਹੈ। ਉਸ ਨੂੰ ਇਸ ਸਾਰੇ ਦ੍ਰਿਸ਼ ਤੋਂ ਜ਼ਰਾ ਵੀ ਭੈਅ ਨਹੀਂ ਆਇਆ, ਤੇ ਉਹ ਜ਼ਰਾ ਵੀ ਨਹੀਂ ਘਬਰਾਇਆ। ਤੇਜਵੀਰ ਸਿੰਘ ਨੂੰ ਇਸ ਤਰ੍ਹਾਂ ਅਨੁਭਵ ਹੋ ਰਿਹਾ ਸੀ, ਜਿਵੇਂ ਸਤਿਗੁਰੂ ਜੀ ਨੇ ਉਸ ਨੂੰ ਅਥਾਹ ਬਲ, ਹੌਸਲਾ, ਸਾਹਸ ਬਖਸ਼ ਦਿੱਤਾ ਹੈ। ਚਾਰ ਚੁਫੇਰੇ ਧੁੰਦ ਹੋਣ ਕਰ ਕੇ, ਇੱਕ ਮਨੁੱਖ ਦੂਸਰੇ ਨੂੰ ਨਹੀਂ ਸੀ ਦਿੱਸ ਰਿਹਾ। ਹਾਂ ਬਲਦੇ ਹੋਏ ਹਵਾਈ ਜਹਾਜ਼ ਦੀ ਰੋਸ਼ਨੀ ਅੰਦਰ ਆਲੇ-ਦੁਆਲੇ ਖਲੋਤੇ ਹੋਏ ਕੁਝ ਵਿਅਕਤੀ ਜਰੂਰ ਦਿੱਸਣ ਲੱਗ ਪਏ। ਆਦਮੀ, ਔਰਤਾਂ ਬੁੱਤ ਬਣੇ ਹੋਏ ਪਏ ਸੀ, ਤੇਜਵੀਰ ਸਿੰਘ ਨੇ ਕਈਆਂ ਦੇ ਕੋਲ ਜਾ ਜਾ ਕੇ ਉਨ੍ਹਾਂ ਨੂੰ ਝੰਜੋੜਿਆ ਤੇ ਉੱਚੀ ਉੱਚੀ ਆਖਿਆ, "ਜਿਥੇ ਜਿਥੇ ਖੜੇ ਹੋ ਉਸੇ ਪਾਸੇ ਨੂੰ ਭੱਜ ਪਵੋ ?" ਨਹੀਂ ਤੇ ਬਲਦੇ ਹਵਾਈ ਜਹਾਜ਼ ਦੀ ਅੱਗ ਤੁਹਾਡੇ ਉਤੇ ਡਿੱਗੇਗੀ, ਸਾਰੇ ਭੱਜੇ, ਸਾਰੇ ਦੌੜੇ। ਥੋੜੇ ਚਿਰ ਪਿਛੋਂ ਤੇਜਵੀਰ ਸਿੰਘ ਨੇ ਮਹਿਸੂਸ

ਕੀਤਾ ਕਿ ਉਸ ਦਾ ਸਿਰ ਨੰਗਾ ਹੈ, ਕਿਉਂਕਿ ਜਦੋਂ ਜਹਾਜ਼ ਨੇ ਉਲਟੀਆਂ-ਪਲਟੀਆਂ ਮਾਰੀਆਂ ਤਾ ਅੰਦਰ ਬੈਠੇ ਸਾਰੇ ਸਰਦਾਰਾਂ ਦੇ ਸਿਰ ਦੀਆਂ ਪੱਗਾਂ ਸਿਰੋਂ ਲੱਥ ਕੇ ਇਧਰ ਉਧਰ ਜਾ ਡਿੱਗੀਆਂ ਸਨ। ਉਸ ਨੇ ਜੇਬ ਵਿਚ ਰੁਮਾਲ ਕੱਢ ਕੇ ਸਿਰ ਉਤੇ ਬੰਨਿਆ। ਦੂਰ ਖੜੇ ਹੋ ਕੇ ਅੱਗ ਲੱਗੇ ਹੋਏ ਹਵਾਈ ਜਹਾਜ਼ ਨੂੰ ਉਸ ਚੰਗੀ ਤਰ੍ਹਾਂ ਦੇਖਿਆ। ਉਸ ਦੇ ਜਿਸਮ ਦਾ ਇੱਕ-ਇੱਕ ਰੋਮ ਸਤਿਗੁਰੂ ਜੀ ਦਾ ਧੰਨਵਾਦ ਕਰ ਕੇ ਕ੍ਰਿਤ-ਕ੍ਰਿਤਗਯ ਹੋ ਰਿਹਾ ਸੀ।

ਕਰੀਬਨ ਪੌਣੇ ਘੰਟੇ ਫਾਇਰ ਬਿਗ੍ਰੇਡ ਦੀਆ ਗੱਡੀਆਂ ਦਾ ਤਾਂਤਾ ਲੱਗਾ, ਐਮਬੁਲੈਂਸਾਂ ਆਈਆਂ। ਸਤਿਗੁਰੂ ਜੀ ਦੇ ਬਖਸ਼ੇ ਹੋਏ ਬਲ ਨਾਲ ਉਸਨੇ ਆਪਣੇ ਤੋਂ ਦੋਗੁਣੇ ਭਾਰ ਵਾਲੇ ਆਦਮੀਆਂ ਨੂੰ ਜਿਨ੍ਹਾਂ ਨੂੰ ਸੱਟਾਂ ਲੱਗੀਆਂ ਸੀ ਚੁੱਕ ਕੇ ਐਮਬੁਲੈਂਸ ਅੰਦਰ ਪਾਇਆ। ਡੇਢ ਘੰਟੇ ਤੋਂ ਬਾਅਦ ਮੁਸਾਫ਼ਿਰ ਸਾਰੇ ਹਵਾਈ ਅੱਡੇ ਤੋਂ ਬਾਹਰ ਆਏ। ਉਸ ਦੇ ਪਰਿਵਾਰ ਦੇ ਸਾਰੇ ਮੈਂਬਰ ਉਸ ਨੂੰ ਰਾਜ਼ੀ ਖੁਸ਼ੀ ਵੇਖ ਕੇ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰ ਰਹੇ ਸਨ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਤੇਜਵੀਰ ਸਿੰਘ ਨੂੰ ਨਵਾਂ ਜੀਵਨ ਬਖਸ਼ ਕੇ ਅਪਾਰ ਕ੍ਰਿਪਾ ਕੀਤੀ ਹੈ। ਸਵੇਰੇ ਸੱਤ ਵਜੇ ਟੈਲੀਵਿਜ਼ਨ ਤੇ ਇਹ ਖ਼ਬਰ ਆਉਣ ਤੇ ਲੋਕਾਂ ਦੀ ਭੀੜ ਤੇ ਤਾਂਤਾ ਸ਼ੁਰੂ ਹੋ ਗਿਆ ਤੇ ਟੈਲੀਫੋਨ ਦੀ ਘੰਟੀ ਉਸ ਦੀ ਰਾਜ਼ੀ ਖੁਸ਼ੀ ਪੁੱਛਣ ਲਈ ਲਗਾਤਾਰ ਵੱਜਣੀ ਸ਼ੁਰੂ ਹੋ ਗਈ। ਸਾਰਿਆਂ ਦੇ ਮੂੰਹ ਤੇ ਇਕੋ ਹੀ ਗੱਲ ਸੀ, "ਤੇਜਵੀਰ ਇਹ ਸਾਰਾ ਹਵਾਈ ਜਹਾਜ਼ ਤੇਰੇ ਕਰ ਕੇ ਹੀ ਬਚਿਆ ਹੈ, ਤੂੰ ਹੀ ਸਾਰਿਆਂ ਨੂੰ ਬਚਾਇਆ ਹੈ।" ਤੇਜਵੀਰ ਸਿੰਘ ਸਾਰਿਆਂ ਨੂੰ ਇਹ ਦੱਸ ਰਿਹਾ ਸੀ, "ਇਹ ਮੇਰੇ ਸਤਿਗੁਰੂ ਦੀ ਵਡਿਆਈ ਹੈ, ਸਤਿਗੁਰੂ ਦੀ ਬਖਸ਼ਸ਼ ਹੈ ਮੇਰੇ ਸਤਿਗੁਰੂ ਨੇ ਹੀ ਮੇਰੀ ਰੱਖਿਆ ਕੀਤੀ ਹੈ, ਮੈਨੂੰ ਜੀਵਨ ਦਾਨ ਬਖਸ਼ਿਆ ਹੈ।"

**ਸਤਿਗੁਰ ਮੇਰੇ ਕੀ ਵਡਿਆਈ॥ ਪ੍ਰਗਟੁ ਭਈ ਹੈ ਸਭਨੀ ਥਾਈ॥**

ਭੈਰਉ ਮ: ੫, ਪੰਨਾ ੧੧੪੨

ਸਾਰੇ ਅਖਬਾਰਾਂ ਦੀ ਇੱਕ ਹੀ ਰਾਇ ਸੀ ਕਿ ਇਹ ਕੋਈ ਕ੍ਰਿਸ਼ਮਾ ਹੈ, ਇਸ ਦੇ ਪਿਛੇ ਕਿਸੇ ਗੈਬੀ ਤਾਕਤ ਦਾ ਹੱਥ ਹੈ, ਸਾਰੇ ਮੁਸਾਫਿਰਾਂ ਨੂੰ ਰੱਬ ਸਿਰਫ ਆਪ ਹੀ ਬਚਾ ਸਕਦਾ ਹੈ, ਇਤਿਹਾਸ ਦਾ ਇੱਕ ਨਵਾਂ ਪੰਨਾ ਹੈ। ਇਹ ਗਿਨੀ ਬੁੱਕ ਆਫ਼ ਰਿਕਾਰਡ ਦਾ ਇੱਕ ਨਵਾਂ ਰਿਕਾਰਡ ਬਣਿਆ ਹੈ। ਇਤਿਹਾਸ ਵਿਚ ਕਦੇ ਵੀ ਇੰਝ ਨਹੀਂ ਹੋਇਆ, ਕਿ ਸਾਰੇ ਦੇ ਸਾਰੇ ਯਾਤਰੀ ਬਿਲਕੁਲ ਠੀਕ-ਠਾਕ ਬਚ ਗਏ ਹੋਣ ਜਦੋਂ ਕਿ ਹਵਾਈ ਜਹਾਜ਼ ਬਿਲਕੁਲ ਸੁਆਹ ਹੋ ਗਿਆ ਹੋਵੇ। ਜ਼ਰੂਰ ਇਸ ਜਹਾਜ਼ ਵਿੱਚ ਕੋਈ ਰੂਹਾਨੀ ਸ਼ਖ਼ਸੀਅਤ ਹੋਵੇਗੀ, ਪਵਿਤਰ ਆਤਮਾ ਹੋਵੇਗੀ, ਜਿਸ ਕਰ ਕੇ ੧੯੩ ਸਰੀਰ ਸਾਰੇ ਦੇ ਸਾਰੇ ਬਚ ਨਿਕਲੇ ਹਨ।

ਅੱਗ ਦੀਆਂ ਲਪਟਾਂ ਵਿੱਚ ਹਵਾਈ ਜਹਾਜ਼ ਬਿਲਕੁਲ ਸੜ ਕੇ ਸੁਆਹ ਹੋ

ਗਿਆ ਸੀ। ਯਾਤਰੀਆਂ ਦਾ ਸਮਾਨ ਸੁਆਹ ਦਾ ਢੇਰ ਬਣ ਚੁੱਕਾ ਸੀ। ਅਟੈਚੀ ਅੰਦਰ ਸੜੇ ਹੋਏ ਨੋਟਾਂ ਦੇ ਬੰਡਲ ਨਜ਼ਰ ਆ ਰਹੇ ਸਨ। ਜਿਸ ਨੇ ਵੀ ਇਹ ਹਵਾਈ ਜਹਾਜ਼ ਦੇ ਸੜੇ ਹੋਏ ਢੇਰ ਨੂੰ ਵੇਖਿਆ, ਉਸ ਦਾ ਹਿਰਦਾ ਕੰਬ ਉਠਿਆ, ਕਈਆਂ ਨੂੰ ਜਦੋਂ ਪਤਾ ਲੱਗਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬਖਸ਼ਸ਼ ਕੀਤੀ ਹੈ, ਉਹ ਵੈਰਾਗਮਈ ਅਵਸਥਾ ਵਿਚ ਪਹੁੰਚ ਗਏ, ਸ਼ੁਕਰਾਨੇ ਵਜੋਂ ਉਨ੍ਹਾਂ ਦੀਆਂ ਅੱਖਾਂ ਵੈਰਾਗ ਦੇ ਹੰਝੂਆਂ ਨਾਲ ਗਿੱਲੀਆਂ ਹੋ ਗਈਆਂ ਸਨ।

ਦਿੱਲੀ ਤੋਂ ਜਿਸ ਨੇ ਭੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਸ ਹਾਦਸੇ ਬਾਰੇ ਜ਼ਿਕਰ ਕੀਤਾ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, "ਸਭ ਨੂੰ ਦੱਸ ਦੇਣਾ ਸੰਤ ਸਿੰਘ ਦੇ ਲੜਕੇ ਤੇ ਬੜੀ ਕ੍ਰਿਪਾ ਹੋਈ ਹੈ ਤੇ ਮੈਂ ਬਿਲਕੁਲ ਠੀਕ ਠਾਕ ਹਾਂ।" ਸੱਚੇ ਪਾਤਸ਼ਾਹ ਜੀ ਨੇ ਆਪ ਵੀ ਕ੍ਰਿਪਾ ਕੀਤੀ ਤੇ ਕਈ ਲੋਕਾਂ ਨੂੰ ਅਪਾਣੀ ਰਸਨਾ ਨਾਲ ਦਸਿਆ, "ਸੰਤ ਸਿੰਘ ਦੇ ਮੁੰਡੇ ਤੇ ਬੜੀ ਕ੍ਰਿਪਾ ਹੋਈ ਹੈ, ਉਹ ਬਿਲਕੁਲ ਠੀਕ-ਠਾਕ ਹਵਾਈ ਹਾਦਸੇ 'ਚੋਂ ਬਚ ਨਿਕਲਿਆ ਹੈ।" ਤੇਜਵੀਰ ਸਿੰਘ ਦੇ ਮਨ ਨੂੰ ਚੈਨ ਨਹੀਂ ਸੀ ਆ ਰਿਹਾ, ਉਸ ਨੇ ਸੋਚਿਆ ਕਿ ਉਹ ਆਪਣੇ ਆਪ ਹੀ ਸਤਿਗੁਰੂ ਜੀ ਨੂੰ ਟੈਲੀਫ਼ੋਨ ਕਰ ਕੇ ਧੰਨਵਾਦ ਕਰੇ। ਸਤਿਗੁਰੂ ਜੀ ਨਾਲ ਵੈਨਕੂਵਰ ਵਿਚ ਹੋਈ ਗੱਲ ਬਾਤ ਕੁਝ ਇਸ ਪ੍ਰਕਾਰ ਹੈ :

ਤਾਰੀਖ ੧੧-੧-੯੩

—ਹੈਲੋ

—ਕੌਣ ਤੇਜਵੀਰ

—ਹਾਂ ਜੀ, ਗ਼ਰੀਬ ਨਿਵਾਜ ! ਆਪ ਜੀ ਦੇ ਚਰਨਾਂ ਤੇ ਮੱਥਾ ਟੇਕਦਾ ਹਾਂ।

—ਤੂੰ ਸੀ ਜਹਾਜ਼ ਵਿਚ ?

—ਹਾਂ ਜੀ ਗ਼ਰੀਬ ਨਿਵਾਜ ? ਆਪ ਜੀ ਤਾਂ ਜਾਣਦੇ ਹੀ ਹੋ, ਮੈਂ ਹੀ ਸੀ।

—ਕੀ ਹੋਇਆ ਤੇ ਕਿਵੇਂ ਹੋਇਆ ?

—ਧੁੰਦ ਬੜੀ ਸੀ ਤੇ ਬਾਹਰ ਕੁਝ ਵੀ ਨਹੀਂ ਸੀ ਦਿੱਸ ਰਿਹਾ। ਥੱਲੇ ਜ਼ਮੀਨ ਛੁੰਹਦਿਆਂ ਹੀ ਹਵਾਈ ਜਹਾਜ਼ ਟੁੱਕੜੇ-ਟੁੱਕੜੇ ਹੋ ਗਿਆ ਤੇ ਉਸ ਨੂੰ ਅੱਗ ਲੱਗ ਗਈ। ਮੈਂ ਦੋ ਵਾਰੀ ਧੰਨ ਸਤਿਗੁਰੂ ਰਾਮ ਸਿੰਘ ਜੀ ਆਖਿਆ ਤੇ ਇਸ ਤੋਂ ਬਾਅਦ ਮੈਂ ਆਪਣੇ ਆਪ ਨੂੰ ਦਰਵਾਜ਼ੇ ਵਿਚ ਖਲੋਤਾ ਪਾਇਆ ਤੇ ਛਲਾਂਗ ਮਾਰ ਕੇ ਦਰਵਾਜ਼ੇ ਤੋਂ ਬਾਹਰ ਆ ਗਿਆ। ਗ਼ਰੀਬ ਨਿਵਾਜ ਜੀ ਆਪ ਨੇ ਬੜੀ ਕ੍ਰਿਪਾ ਕੀਤੀ ਹੈ, ਆਪ ਜੀ ਨੇ ਮੈਨੂੰ ਬਚਾਇਆ ਹੈ।

—ਕਿਹੜਾ ਜਹਾਜ਼ ਸੀ ?

—ਸੱਚੇ ਪਾਤਸ਼ਾਹ ਜੀ ਰੂਸੀ ਜਹਾਜ਼ ਸੀ।

—ਪਾਇਲਟ ਕਿਹੜੇ ਸਨ ?

—ਗ਼ਰੀਬ ਨਿਵਾਜ ਰਸ਼ੀਅਨ ਪਾਇਲਟ ਹੀ ਸਨ।

—ਹੱਛਾ ਤੇ ਫਿਰ ਤੂੰ ਧੰਨ ਸਤਿਗੁਰੂ ਰਾਮ ਸਿੰਘ ਜੀ ਆਖਿਆ ਤੇ ਬਾਹਰ ਆ ਗਿਆ।

—ਹਾਂ ਜੀ ਗ਼ਰੀਬ ਨਿਵਾਜ।

—ਤੇਰੇ ਕਰ ਕੇ ਹੀ ਬਾਕੀ ਸਾਰਿਆਂ ਦਾ ਬਚਾਅ ਹੋ ਗਿਆ ਹੈ।

—ਆਪ ਜੀ ਦੀ ਸਿਹਤ ਕਿਸ ਤਰ੍ਹਾਂ ਹੈ ਜੀ ?

—ਮੈਂ ਬਿਲਕੁਲ ਠੀਕ-ਠਾਕ ਹਾਂ। ਬੀਬੀ ਬੇਅੰਤ ਕੌਰ ਤੇ ਸੰਤ ਸਿੰਘ ਨੂੰ ਆਖੀਂ ਮੈਂ ਬਿਲਕੁਲ ਠੀਕ-ਠਾਕ ਹਾਂ।

—ਸਤਿ ਬਚਨ ਜੀ।

—ਚੰਗਾ ਫੇਰ ਦਿੱਲੀ ਆਵਾਂਗੇ ਤੇ ਬੈਡਮਿੰਟਨ ਖੇਡਾਂਗੇ।

—ਸਤਿ ਬਚਨ ਸੱਚੇ ਪਾਤਸ਼ਾਹ ਜੀ।

—ਚੰਗਾ ਫਿਰ ਸਤਿ ਸ੍ਰੀ ਅਕਾਲ।

ਤੇਜਵੀਰ ਸਿੰਘ ਨੇ ਇਸ ਤਰ੍ਹਾਂ ਹਵਾਈ ਹਾਦਸੇ ਤੋਂ ਨਵਾਂ ਜੀਵਨ ਦਾਨ ਮਿਲਣ ਦੀ ਖ਼ੁਸ਼ੀ ਵਿਚ ਅਸੀਂ ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਬੱਚਿਆਂ ਵਿੱਚ ਕੜਾਹ ਪ੍ਰਸ਼ਾਦਿ ਵਰਤਾਉਣ ਦਾ ਪ੍ਰੋਗਰਾਮ ਬਣਾਇਆ। ਗਿਆਰਾਂ ਤਾਰੀਖ ਨੂੰ ਤੇਜਵੀਰ ਸਿੰਘ ਦੇ ਪਿਤਾ ਸ੍ਰ: ਸੰਤ ਸਿੰਘ ਜਦੋਂ ਨਾਮਧਾਰੀ ਧਰਮਸ਼ਾਲਾ ਪ੍ਰਸ਼ਾਦ ਲੈਣ ਗਏ ਤਾਂ ਸੰਤ ਹਰਬੰਸ ਸਿੰਘ ਜੀ ਘੁੱਲਾ ਹਜ਼ੂਰੀ ਰਾਗੀ ਨਾਲ ਗੱਲ ਬਾਤ ਹੋਈ। ਉਨ੍ਹਾਂ ਦੱਸਿਆ ਕਿ ਉਸੇ ਵੇਲੇ ਸਤਿਗੁਰੂ ਜੀ ਦੇ ਮੋਢੇ ਤੇ ਵੀ ਦਰਦ ਹੋਈ ਹੈ ਅਤੇ ਆਪ ਸਾਰਾ ਦਿਨ ਹਸਪਤਾਲ ਰਹੇ ਹਨ। ਤੇਜਵੀਰ ਸਿੰਘ ਨੇ ਜਦੋਂ ਕਮੀਜ਼ ਲਾਹ ਕੇ ਵੇਖਿਆ ਤਾਂ ਉਸ ਦੇ ਖੱਬੇ ਮੋਢੇ ਤੇ ਨੀਲ ਸੀ ਪਰ ਤਕਲੀਫ ਕੋਈ ਨਹੀਂ ਸੀ। ਸਤਿਗੁਰੂ ਜੀ ਦੀ ਇਹ ਖ਼ਬਰ ਸੁਣ ਕੇ ਸਾਡੇ ਮਨ ਨੂੰ ਹੋਰ ਵਿਸ਼ਵਾਸ ਹੋ ਗਿਆ ਕਿ ਵਕਤ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਆਪਣਾ ਮੋਢਾ ਦੇ ਕੇ ਜਹਾਜ਼ ਨੂੰ ਬਚਾਇਆ ਹੈ।

ਇਹ ਭਰੋਸਾ ਹੋਰ ਵੀ ਪੱਕਾ ਹੋ ਗਿਆ ਜਦੋਂ ਸੰਤ ਅਵਤਾਰ ਸਿੰਘ ਨਿਰਮਾਨ ਦੀ ਸਿੰਘਣੀ ਨੇ ਆਪਣਾ ਸੁਪਨਾ ਸੁਣਾਇਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਨੂੰ ਦਰਸ਼ਨ ਦੇ ਕੇ ਆਪਣਾ ਮੋਢਾ ਵਿਖਾਇਆ ਹੈ ਅਤੇ ਬਚਨ ਕੀਤਾ, "ਵੇਖ ਜਹਾਜ਼ ਨੂੰ ਬਚਾਉਂਦੇ-ਬਚਾਉਂਦੇ ਮੇਰਾ ਮੋਢਾ ਛਿਲਿਆ ਗਿਆ ਹੈ।"

ਇਸ ਹਾਦਸੇ ਵਿਚ ਤੇਜਵੀਰ ਸਿੰਘ ਦਾ ਸਾਰਾ ਸਮਾਨ ਸੜ ਗਿਆ ਸੀ ਸਿਰਫ ਇਕ ਪਰਸ ਮਿਲਿਆ ਜਿਸ ਵਿਚੋਂ ਪੰਜ ਸੌ ਰੁਪੈ ਦਾ ਇਕ ਨੋਟ ਠੀਕ-ਠਾਕ ਨਿਕਲਿਆ ਜੋ ਉਸ ਨੇ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ।

ਮਾਰਨ ਵਾਲੇ ਤੋਂ ਰੱਖਣ ਵਾਲਾ ਜ਼ਿਆਦਾ ਡਾਢਾ ਹੁੰਦਾ ਹੈ ਇਹ ਗੱਲ ਇਸ ਹਵਾਈ ਜਹਾਜ਼ ਨੇ ਸਪੱਸ਼ਟ ਕਰ ਦਿੱਤੀ। ਮਾਰਨ ਵਾਲੇ ਨੇ ਧੁੰਦ ਪੈਦਾ ਕੀਤੀ, ਹਵਾਈ ਜਹਾਜ਼ ਦੇ ਚਾਲਕ ਨੂੰ ਠੀਕ ਜਗ੍ਹਾਂ ਤੇ ਉਤਰਨ ਦੀ ਬਜਾਏ ਗਲਤ

ਸਥਾਨ ਵਿਖਾਇਆ, ਹਵਾਈ ਜਹਾਜ਼ ਨੂੰ ਅੱਗ ਲੱਗਾ ਦਿੱਤੀ, ਹਵਾਈ ਜਹਾਜ਼ ਉਲਟਾ-ਪੁਲਟਾ ਦਿੱਤਾ। ਆਉ ਹੁਣ ਜ਼ਰਾ ਬਚਾਉਣ ਵਾਲੇ ਵੱਲ ਨਿਗਾਹ ਮਾਰੀਏ। ਰੱਖਿਆ ਕਰਨ ਵਾਲੇ ਨੇ ਪਹਿਲਾਂ ਹਵਾਈ ਜਹਾਜ਼ ਦਾ ਇੱਕ ਪਰ ਤੋੜਿਆ ਜਿਸ ਨਾਲ ਪੈਟਰੋਲ ਦਾ ਟੈਂਕ ਦੂਰ ਚਲਾ ਗਿਆ, ਫਿਰ ਦੂਸਰੀ ਪਲਟੀ ਜਦੋਂ ਹਵਾਈ ਜਹਾਜ਼ ਨੇ ਮਾਰੀ ਤੇ ਦੂਸਰਾ ਪਰ ਤੋੜ ਕੇ ਦੂਰ ਜਾ ਸੁੱਟਿਆ, ਜਿਸ ਨਾਲ ਅੱਗ ਪਰ੍ਹਾਂ ਚਲੀ ਗਈ। ਇਸੇ ਤਰ੍ਹਾਂ ਇੰਜਣ ਦਾ ਪਿਛਲਾ ਹਿਸਾ ਟੁੱਟ ਕੇ ਦੂਰ ਜਾ ਡਿਗਿਆ। ਹਵਾਈ ਜਹਾਜ਼ ਕਿਉਂਕਿ ਰੂਸ ਦਾ ਬਣਿਆ ਹੋਇਆ ਸੀ, ਚਾਦਰ ਬਹੁਤ ਵਧੀਆ ਸੀ, ਉਹ ਲੋਹਾ ਮਜਬੂਤ ਹੋਣ ਕਰ ਕੇ ਟੁੱਟਿਆ, ਭੱਜਿਆ, ਪਿਚਕਿਆ ਨਹੀਂ। ਹਵਾਈ ਜਹਾਜ਼ ਉਲਟਾ ਹੋਣ ਕਰ ਕੇ, ਸੀਟਾਂ ਉਤੇ ਲਟਕ ਗਈਆਂ, ਯਾਤਰੀਆਂ ਨੂੰ ਤੁਰਨ ਫਿਰਨ ਵਾਸਤੇ ਖੁਲੀ ਜਗ੍ਹਾ ਮਿਲ ਗਈ ਤੇ ਉਹ ਆਰਾਮ ਨਾਲ ਬਿਨਾਂ ਭਗਦੜ ਮਚਾਉਣ ਦੇ ਬਾਹਰ ਨਿਕਲਣ ਵਿਚ ਸਫਲ ਹੋ ਸਕੇ। ਜੇ ਕਰ ਹਵਾਈ ਜਹਾਜ਼ ਖਲੋਂਦਾ ਤੇ ਲੋਕਾਂ ਨੂੰ ਉੱਚੀ ਜਗ੍ਹਾ ਤੋਂ ਕੁਦਣਾ ਪੈਣਾ ਸੀ, ਸੱਟਾਂ ਵੀ ਲੱਗ ਸਕਦੀਆਂ ਸਨ, ਪਰ ਬਚਾਉਣ ਵਾਲੇ ਨੇ ਹਵਾਈ ਜਹਾਜ਼ ਉਲਟਾ ਦਿੱਤਾ ਤੇ ਸਾਰੇ ਜਣੇ ਆਰਾਮ ਨਾਲ ਹੇਠਾਂ ਉਤਰ ਸਕੇ। ਉਲਟਣ-ਪਲਟਣ ਨਾਲ ਦਰਵਾਜ਼ੇ ਆਪਣੇ ਆਪ ਖੁਲ੍ਹ ਗਏ। ਤੇ ਯਾਤਰੀ ਆਰਾਮ ਨਾਲ ਬਾਹਰ ਨਿਕਲ ਸਕੇ। ਬਚਾਉਣ ਵਾਲੇ ਨੇ ਪਹਿਲਾਂ ਹੀ ਤੇਜਵੀਰ ਸਿੰਘ ਨੂੰ ਭਜਨ-ਬੰਦਗੀ ਕਰਨ ਦੀ ਪ੍ਰੇਰਨਾ ਦਿੱਤੀ, ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਉਸ ਦੇ ਹਿਰਦੇ ਅੰਦਰ ਵਸਾ ਦਿੱਤਾ, ਤੇ ਸਤਿਗੁਰੂ ਆਪ ਉਸ ਦਾ ਸਹਾਇਕ ਬਣ ਗਿਆ।

—**ਜਿਸ ਤੂ ਰਾਖਹਿ ਤਿਸੁ ਕਉਨੁ ਮਾਰੈ॥** ਭੈਰਉ ਮ: ੫, ਪੰਨਾ ੧੧੩੯

—**ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ॥** ਮ: ੫, ਪੰਨਾ ੯੬੧

ਅੱਖ ਦੇ ਪਲਕਾਰੇ ਵਿਚ ਸਹਾਇਕ ਹੋ ਕੇ ਆਪਣਾ ਹੱਥ ਦੇ ਕੇ ਰੱਖਿਆ ਕਰਨ ਵਾਲੇ ਸਤਿਗੁਰੂ ਜੀ ਦੇ ਚਰਨਾਂ ਵਿਚ :

ਸਤਿਗੁਰੂ ਦਯਾ ਨਿਧਿ ਮਹਿਮਾ ਅਗਾਧਿ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥ ਕਬਿੱਤ ਭਾਈ ਗੁਰਦਾਸ ਜੀ

# ੮

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥**
**ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥**
**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥**
**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥**
**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥** ਪੰਨਾ ੧੩੪

***ਸ਼ਬਦਾਰਥ :***

ਅਸੁਨਿ—ਅੱਸੂ ਦੇ ਮਹੀਨੇ ਵਿਚ। ਉਮਾਹੜਾ—ਉਛਾਲਾ, ਉਤਸ਼ਾਹ। ਕਿਉਂ—ਕਿਵੇਂ। ਜਾਇ—ਜਾ ਕੇ। ਮਨਿ—ਮਨ ਵਿਚ। ਤਨਿ—ਸਰੀਰ ਵਿਚ। ਘਣੀ—ਬਹੁਤ। ਆਣਿ—ਲਿਆ ਕੇ। ਪਾਇ—ਪੈਰੀ। ਜਾਇ—ਥਾਂ। ਆਘਾਇ—ਤ੍ਰਿਪਤ ਹੋ ਗਏ। ਆਪੁ—ਆਪਾ, ਭਾਵ। ਲੜਿ—ਲੜ ਵਿਚ, ਪਲੇ। ਕੰਤਿ—ਕੰਤ ਨੇ। ਕਤਹਿ—ਕਿਸੇ ਹੋਰ ਥਾਂ। ਮਇਆ—ਕਿਰਪਾ। ਹਰਿ ਰਾਇ—ਹਰੀ ਰਾਜਾ।

***ਵਿਆਖਿਆ :***

ਅੱਸੂ ਦੇ ਮਹੀਨੇ ਵਿੱਚ ਜੀਵ ਰੂਪੀ ਇਸਤ੍ਰੀ ਆਪਣੇ ਪਿਆਰੇ ਪਤੀ ਪ੍ਰਮਾਤਮਾ ਨੂੰ ਭੁੱਲ ਕੇ ਦ੍ਵੈਤ ਭਾਵ ਵਿੱਚ ਗਵਾਚ ਗਈ। ਇਸ ਕਰ ਕੇ ਉਸ ਨੂੰ ਅਣਗਿਣਤ ਦੁੱਖਾਂ ਦਾ ਸਾਹਮਣਾ ਕਰਨਾ ਪਿਆ, ਅਨੇਕਾਂ ਤਸੀਹੇ ਝੱਲੇ, ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ, ਤੇ ਫਿਰ ਅੰਤ ਵਿੱਚ ਆਪਣੇ ਸਤਿਗੁਰੂ ਦੀ ਓਟ ਲਈ ਉਸ ਦੀ ਸ਼ਰਨਾਗਤ ਵਿੱਚ ਗਈ। ਆਪਣੇ ਪਿਆਰੇ ਦੇ ਚਰਨਾਂ ਵਿੱਚ ਜਾ ਕੇ ਦ੍ਵੈਤ ਭਾਵ ਦੂਰ ਹੋ ਗਿਆ ਤੇ ਹੁਣ ਅੱਸੂ ਦੇ ਮਹੀਨੇ ਨੇ ਆਸ਼ਾਵਾਂ ਦੇ ਦੁਆਰ ਖੋਹਲ ਦਿੱਤੇ। ਪਿਆਰ ਦਾ ਸਮੁੰਦਰ ਠਾਠਾਂ ਮਾਰ ਉਠਿਆ ਅਤੇ ਮਨ ਆਪਣੇ ਪਿਆਰੇ ਦੇ ਮਿਲਾਪ ਦੇ ਸੁਪਨੇ ਸਾਕਾਰ ਹੁੰਦੇ ਵੇਖ ਕੇ ਉਛਾਲੇ ਮਾਰਨ ਲੱਗ ਪਿਆ ਅਤੇ ਹਿਰਦੇ ਅੰਦਰ ਤਾਂਘ ਉਤਪੰਨ ਹੋਈ ਕਿ ਕਿਸ ਤਰ੍ਹਾਂ ਆਪਣੇ ਪਿਆਰੇ ਪ੍ਰਭੂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਵੇ। ਉਸ ਨਾਲ ਕਿਸ ਤਰ੍ਹਾਂ ਮੇਲ-ਮਿਲਾਪ ਕੀਤਾ ਜਾਵੇ, ਉਸ ਨੂੰ ਮਿਲਣ ਦੇ ਕੀ ਢੰਗ ਅਪਣਾਏ ਜਾਣ,

ਕਿਉਂਕਿ ਉਸ ਦੇ ਦਰਸ਼ਨਾਂ ਲਈ ਮਨ ਤਾਂ ਬਹੁਤ ਲਲਾਯਿਤ ਹੋ ਰਿਹਾ ਹੈ :

**ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ॥**
**ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ॥**
**ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ॥**
**ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ॥**

ਵਡਹੰਸ ਮ: ੫, ਪੰਨਾ ੫੬੪

ਜੀਵ ਰੂਪੀ ਇਸਤ੍ਰੀ ਦੇ ਮਨ ਵਿੱਚ ਤੇ ਤਨ ਵਿੱਚ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਬਹੁਤ ਅਧਿਕ ਪਿਆਸ ਲੱਗੀ ਹੋਈ ਹੈ। ਉਹ ਹਰੇਕ ਨੂੰ ਵੰਗਾਰਦੀ ਹੈ ਕਿ ਕੋਈ ਐਸਾ ਮਹਾਂਪੁਰਖ ਮਿਲ ਪਵੇ ਜਿਹੜਾ ਆਣ ਕੇ ਉਸ ਦਾ ਉਸ ਦੇ ਪਿਆਰੇ ਪ੍ਰੀਤਮ ਨਾਲ ਮੇਲ-ਮਿਲਾਪ ਕਰਾ ਦੇਵੇ। ਉਹ ਤਾਂ ਦਰਸ਼ਨਾਂ ਦੀ ਪਿਆਸ ਵਿੱਚ ਬਾਵਰੀ ਜਿਹੀ ਹੋ ਕੇ ਫਿਰ ਰਹੀ ਹੈ, ਤੇ ਇਧਰ ਉਧਰ ਹਰ ਪਾਸੇ ਝਾਕ ਰਹੀ ਹੈ ਕਿ ਕੋਈ ਜਨ ਉਸ ਨੂੰ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨ ਕਰਾ ਦੇਵੇ।

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥**
**ਦਰਸਨੁ ਹਰਿ ਦੇਖਣ ਕੈ ਤਾਈ॥**
**ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥**

ਸੂਹੀ ਮ: ੪, ਪੰਨਾ ੭੫੭

ਬਿਰਹਾ ਦੀ ਕਸਕ ਚਰਮ ਸਿਖਰਾਂ ਛੋਹ ਚੁੱਕੀ ਹੈ, ਪਿਆਰ ਵਿੱਚ ਬੇਬਸੀ ਹੈ, ਤੜਪ ਦਾ ਕੋਈ ਟਿਕਾਣਾ ਨਹੀਂ, ਪਿਆਰੇ ਦੇ ਦਰਸ਼ਨ ਹੋਣ ਨਾਲ ਹੀ ਪਿਆਸ ਬੁੱਝ ਸਕਦੀ ਹੈ, ਪਰ ਕੋਈ ਸੱਜਣ, ਸੰਤ, ਸਖਾ-ਬੰਧਪ ਦਰਸ਼ਨ ਕਰਾਉਣ ਲਈ ਅੱਗੇ ਤੇ ਆਵੇ।

**ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ॥**
**ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ॥**
**ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ॥**
**ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ॥**

ਵਡਹੰਸ ਮ: ੫, ਪੰਨਾ ੫੬੪

ਅਕਾਲ ਪੁਰਖ ਪ੍ਰਭੂ ਪਤੀ ਨੂੰ ਮਿਲਾਉਣ ਵਿਚ ਸਭ ਤੋਂ ਵੱਧ ਸਹਾਇਕ ਸੰਤ ਹੁੰਦੇ ਹਨ। ਇਸ ਲਈ ਜੀਵ ਰੂਪੀ ਇਸਤ੍ਰੀ ਸੋਚਦੀ ਹੈ, ਕਿ ਕਿਉਂ ਨਾ ਸੰਤਾਂ ਸਾਧਾਂ ਦੇ ਚਰਨਾਂ ਦਾ ਆਸਰਾ ਲਿਆ ਜਾਵੇ। ਮਿਲਾਪ ਦੀ ਤੀਬਰਤਾ ਐਨੀ ਪ੍ਰਬਲ ਹੋ ਚੁੱਕੀ ਹੈ, ਕਿ ਹੁਣ ਉਡੀਕਣ ਦੀ ਸਮਰੱਥਾ ਵੀ ਨਹੀਂ, ਇਸ ਲਈ

ਪਰਉਪਕਾਰੀ ਸੰਤ ਜਨਾਂ ਦਾ ਆਸਰਾ, ਸਭ ਤੋਂ ਉੱਤਮ ਹੈ।

**ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥**
**ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥**
**ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ॥**
**ਨਾਨਕ ਹਰਿ ਹੋਇ ਦਇਆਲੁ ਤਾ ਗੁਰੁ ਪੂਰਾ ਮੇਲਾਵਏ॥**

ਮ: ੪, ਪੰਨਾ ੧੪੨੧

ਆਪਣੇ ਪਿਆਰੇ ਤੋਂ ਬਿਨਾਂ ਸੁੱਖਾਂ ਦੀ ਉਪਲੱਬਧੀ ਨਹੀਂ ਹੋ ਸਕਦੀ, ਹੋਰ ਦੂਸਰੀ ਕੋਈ ਥਾਂ ਹੀ ਨਹੀਂ। ਕੋਈ ਵੀ ਸੰਸਾਰਿਕ ਸੁੱਖ ਆਪਣੇ ਪਿਆਰੇ ਸੁਆਮੀ ਤੋਂ ਬਿਨਾਂ ਨਹੀਂ ਮਿਲਦੇ। ਇਸ ਲਈ ਉਸ ਦੇ ਮਿਲਾਪ ਲਈ ਆਪਣੇ ਪ੍ਰਭੂ ਪ੍ਰੀਤਮ ਦੇ ਚਰਨਾਂ ਵਿੱਚ ਹੀ ਬੇਨਤੀ ਕਰਨ ਦੀ ਲੋੜ ਹੈ :

**ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ ਮੇਰੀ ਪਿਆਸ ਨ ਜਾਇ॥**
**ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ ਪਿਰੁ ਪਾਇਆ ਘਰਿ ਆਇ॥**

ਮ: ੩, ਪੰਨਾ ੫੫੩

ਜਦੋਂ ਆਪਣੇ ਪਿਆਰੇ ਨੇ ਸੰਤਾਂ, ਸਾਧਾਂ ਦੀ ਕ੍ਰਿਪਾ ਸਦਕਾ ਆਣ ਕੇ ਦਰਸ਼ਨ ਦਿੱਤੇ, ਕਈਆਂ ਦੀ ਪਿਆਸ ਤ੍ਰਿਪਤ ਹੋ ਗਈ, ਪ੍ਰੇਮ ਦੀ ਤੜਪ ਮੁੱਕ ਗਈ, ਕਿਉਂਕਿ ਆਪਣਾ ਪਿਆਰਾ ਪ੍ਰੀਤਮ ਮਿਲ ਗਿਆ ਹੈ। ਹਰ ਪਾਸੇ ਆਨੰਦ ਹੀ ਆਨੰਦ, ਪਿਆਰ ਹੀ ਪਿਆਰ ਦੀ ਮਸਤੀ, ਖੇੜਾ, ਹੁਲਾਸ। ਪ੍ਰਭੂ ਦੇ ਮਿਲਾਪ ਨਾਲ ਜੀਵ ਰੂਪੀ ਇਸਤ੍ਰੀ ਤ੍ਰਿਪਤ ਹੋ ਗਈ। ਉਸ ਨੂੰ ਹੁਣ ਕਿਸੇ ਵਸਤੂ ਪਦਾਰਥ ਦੀ ਲੋੜ ਨਹੀਂ ਤੇ ਦੂਸਰੇ ਪਾਸੇ ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਨੇ ਆਪਣੇ ਪਿਆਰੇ ਦੇ ਰਸ ਨੂੰ ਨਹੀਂ ਚਖਿਆ, ਉਹ ਦੁਨਿਆਵੀ ਮੋਹ ਮਾਇਆ ਦੇ ਜਾਲ ਵਿਚ ਫਸੀਆਂ ਰਹਿੰਦੀਆਂ ਹਨ, ਉਹ ਹੋਰ ਪਾਉਣ ਦੀ ਤ੍ਰਿਸ਼ਨਾ ਦੀ ਅੱਗ ਵਿੱਚ ਜਲਦੀਆਂ ਰਹਿੰਦੀਆਂ ਹਨ, ਉਨ੍ਹਾਂ ਦੀ ਪਿਆਸ ਕਦੇ ਤ੍ਰਿਪਤ ਨਹੀਂ ਹੁੰਦੀ, ਉਨ੍ਹਾਂ ਨੂੰ ਕਦੇ ਸਬਰ-ਸੰਤੋਖ ਨਹੀਂ ਆਉਂਦਾ। ਉਹ ਹਮੇਸ਼ਾਂ ਭਟਕਦੀਆਂ ਰਹਿੰਦੀਆਂ ਹਨ, ਤੇ ਜਿਨ੍ਹਾਂ ਨੇ ਉਸ ਦੇ ਪ੍ਰੇਮ ਦਾ ਸੁਆਦ ਚਖ ਲਿਆ, ਉਸ ਨੂੰ ਸੰਸਾਰਕ ਪਦਾਰਥਾਂ ਦਾ ਮੋਹ ਬਿਲਕੁਲ ਨਹੀਂ ਹੁੰਦਾ, ਉਹ ਬੇਪ੍ਰਵਾਹ ਹੁੰਦੇ ਹਨ, ਤੇ ਉਹ ਪਿਆਰ ਦੇ ਆਨੰਦ ਦਾ ਰਸ ਲੈ ਕੇ ਮਸਤ ਰਹਿੰਦੇ ਹਨ। ਉਹ ਆਪਾ ਭਾਵ ਗੁਆ ਦਿੰਦੇ ਹਨ, ਉਹ ਸਵਾਰਥ ਨੂੰ ਬਿਲਕੁਲ ਤਿਆਗ ਦਿੰਦੇ ਹਨ, ਹਰ ਵੇਲੇ ਉਹ ਅਕਾਲ ਪੁਰਖ ਦੇ ਚਰਨਾਂ ਵਿੱਚ ਬੇਨਤੀਆਂ ਕਰਦੇ ਹਨ, ਅਰਦਾਸਾਂ ਕਰਦੇ ਹਨ, ਕਿ ਉਹ ਹਮੇਸ਼ਾ-ਹਮੇਸ਼ਾ ਲਈ ਉਨ੍ਹਾਂ ਨੂੰ ਆਪਣਾ ਬਣਾ ਕੇ ਰੱਖੇ, ਆਪਣੇ ਲੜ ਲਾ ਲਵੇ। ਜਦੋਂ ਸਾਰਾ ਕੁਝ ਆਪਣੇ ਪਿਆਰੇ ਦੇ ਚਰਨਾਂ ਵਿਚ ਨਿਉਛਾਵਰ ਕਰ ਦਿੱਤਾ, ਫਿਰ ਸਭ ਕੁਝ ਉਸ ਦਾ ਹੋ ਜਾਂਦਾ ਹੈ, ਆਪਣਾ

ਕੁਝ ਰਹਿ ਹੀ ਨਹੀਂ ਜਾਂਦਾ ਤੇ ਫਿਰ ਹੋਰ ਕੁਝ ਮੰਗਣ ਦੀ ਲੋੜ ਹੀ ਨਹੀਂ ਰਹਿ ਜਾਂਦੀ।

**ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥**
**ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ॥**
**ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ॥**
**ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ॥**

ਸਿਰੀ ਰਾਗ ਮ: ੪, ਪੰਨਾ ੪੧

ਜਦੋਂ ਆਪਣੇ ਪਿਆਰੇ ਪ੍ਰੀਤਮ ਦਾ ਮੇਲ ਹੋ ਜਾਂਦਾ ਹੈ ਤੇ ਫਿਰ ਭਲਾ ਉਸ ਕੋਲੋਂ ਵਿਛੱੜਨ ਦਾ ਕਿਵੇਂ ਜੀਅ ਕਰਦਾ ਹੈ। ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਉਸ ਅਕਾਲ-ਪੁਰਖ ਮਿਹਰਵਾਨ ਦੀ ਕ੍ਰਿਪਾ ਸਦਕਾ ਆਪਣੇ ਪਿਆਰੇ ਦੇ ਵਸਲ ਨੂੰ ਪ੍ਰਾਪਤ ਕਰ ਲੈਂਦੀਆਂ ਹਨ, ਉਹ ਆਪਣੇ ਪਿਆਰੇ ਦੇ ਪ੍ਰੇਮ ਰਸ ਦਾ ਸੁਆਦ ਲੈਂਦੀਆਂ ਹਨ, ਉਹ ਉਸ ਤੋਂ ਕਦੇ ਵੀ ਨਹੀਂ ਵਿਛੱੜਦੀਆਂ। ਉਨ੍ਹਾਂ ਦਾ ਪਿਆਰ ਅਜ਼ਰ, ਅਮਰ ਸਦੀਵੀ ਹੋ ਜਾਂਦਾ ਹੈ।

**ਬਿਛੁਰਤ ਕਿਉ ਜੀਵੇ ਓਇ ਜੀਵਨ॥**
**ਚਿਤਹਿ ਉਲਾਸ ਆਸ ਮਿਲਬੇ ਕੀ ਚਰਨ ਕਮਲ ਰਸ ਪੀਵਨ॥ਰਹਾਉ॥**
**ਜਿਨ ਕਉ ਪਿਆਸ ਤੁਮਾਰੀ ਪ੍ਰੀਤਮ ਤਿਨ ਕਉ ਅੰਤਰੁ ਨਾਹੀ॥**
**ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਹੀਂ॥**
**ਮਨਿ ਤਨਿ ਰਵਿ ਰਹਿਆ ਜਗਦੀਸੁਰੁ ਪੇਖਤ ਸਦਾ ਹਜੂਰੇ॥**
**ਨਾਨਕ ਰਵਿ ਰਹਿਓ ਸਭ ਅੰਤਰਿ ਸਰਬ ਰਹਿਆ ਭਰਪੂਰੇ॥**

ਮਲਾਰ ਮ: ੫, ਪੰਨਾ ੧੨੬੮

ਸਭ ਥਾਈ ਰਮੇ ਹੋਏ ਰਾਮ ਤੋਂ ਬਿਨਾਂ ਉਸ ਦਾ ਹੋਰ ਕੋਈ ਆਸਰਾ ਨਹੀਂ, ਉਹ ਹੋਰ ਕਿਸੇ ਦੀ ਸ਼ਰਨ ਵਿੱਚ ਜਾ ਹੀ ਨਹੀਂ ਸਕਦੀ। ਅਕਾਲ ਪੁਰਖ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਉਸ ਦਾ ਕੋਈ ਆਸਰਾ ਨਹੀਂ, ਕੋਈ ਓਟ ਨਹੀਂ, ਕੋਈ ਸ਼ਰਨ ਨਹੀਂ। ਅਸੂ ਦੇ ਮਹੀਨੇ ਵਿੱਚ, ਉਹੀ ਜੀਵ ਰੂਪੀ ਇਸਤ੍ਰੀਆਂ ਸੁਖੀ ਵਸਦੀਆਂ ਹਨ, ਸੁੱਖ ਦਾ ਅਨੁਭਵ ਕਰਦੀਆਂ ਹਨ, ਜਿਨ੍ਹਾਂ ਉਤੇ ਉਸ ਪ੍ਰਭੂ ਪ੍ਰਮਾਤਮਾ ਦੀ ਮਿਹਰ ਦ੍ਰਿਸ਼ਟੀ, ਅਪਾਰ ਬਖਸ਼ਸ਼ ਤੇ ਕਿਰਪਾ ਹੁੰਦੀ ਹੈ।

**ਯਾਰ ਵੇ ਨਿਤ ਸੁਖ ਸਖੇਦੀ ਸਾ ਮੈ ਪਾਈ॥**
**ਵਰੁ ਲੋੜੀਦਾ ਆਇਆ ਵਜੀ ਵਾਧਾਈ॥**
**ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ॥**
**ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ॥**

**ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ॥**
**ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ॥**

ਜੈਤਸਰੀ ਮ: ੩, ਪੰਨਾ ੭੦੪

***ਭਾਵ :***

ਅਕਾਲ ਪੁਰਖ ਪਿਆਰੇ ਦਾ ਸਿਮਰਨ ਕਰਨ ਤੋਂ ਬਿਨਾਂ ਕਿਧਰੇ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਰ ਇਸ ਦਾਤ ਦੀ ਪ੍ਰਾਪਤੀ ਸਤਿਗੁਰੂ ਅਤੇ ਸਾਧ ਸੰਗਤ ਦੀ ਸ਼ਰਨ ਵਿੱਚੋਂ ਹੀ ਹੁੰਦੀ ਹੈ। ਸਤਿਗੁਰੂ ਅਤੇ ਸਾਧ ਸੰਗਤ ਦੀ ਪ੍ਰਾਪਤੀ ਉਸ ਅਕਾਲ ਪੁਰਖ ਪ੍ਰਭੂ ਦੀ ਮਿਹਰ ਤੋਂ ਬਿਨਾਂ ਨਹੀਂ ਹੋ ਸਕਦੀ।ਇਸ ਲਈ ਜੀਵਾਤਮਾ ਹਮੇਸ਼ਾ ਆਪਣੇ ਪਿਆਰੇ ਦੇ ਚਰਨਾਂ ਵਿੱਚ ਬੇਨਤੀਆਂ ਕਰਦੀ ਹੈ, ਕਿ ਉਹ ਹਮੇਸ਼ਾ-ਹਮੇਸ਼ਾ ਲਈ ਉਸ ਨੂੰ ਆਪਣਾ ਬਣਾ ਕੇ ਰੱਖੇ।

# ਮਨਿ ਤਨਿ ਪਿਆਸ ਦਰਸਨ ਘਣੀ

## *ਐਸੋ ਢੋਲਨ ਕਹਾਂ ਹੈ ?*

ਅੱਜ ਤੋਂ ਕਈ ਸਾਲ ਪਹਿਲਾਂ ਦੀਵਾਲੀ ਵਾਲੇ ਦਿਨ ਅਯੁੱਧਿਆ ਪੁਰੀ ਸਜ ਰਹੀ ਸੀ। ਇੱਕ ਅਜੀਬ ਉਤਸ਼ਾਹ ਖ਼ੁਸ਼ੀ ਤੇ ਹੁਲਾਸ ਦੀ ਲਹਿਰ ਦੌੜ ਰਹੀ ਸੀ। ਸਭ ਅਯੁੱਧਿਆ ਵਾਸੀ ਆਪਣੇ ਕੰਮ-ਕਾਰ ਤਿਆਗ ਕੇ ਇਕ ਜਗ੍ਹਾ ਤੇ ਇਕੱਠੇ ਹੋ ਰਹੇ ਸਨ। ਅੱਜ ਸਭ ਲੋਕਾਈ ਤਰ੍ਹਾਂ-ਤਰ੍ਹਾਂ ਦੇ ਹਾਰ ਸ਼ਿੰਗਾਰ ਕਰ ਕੇ, ਇੱਕ ਦਮ ਇੱਕ ਟਕ ਆਪਣੇ ਪਿਆਰੇ ਦੀ ਯਾਦ ਵਿਚ ਅੱਡੀਆਂ ਚੁੱਕ ਚੁੱਕ ਕੇ ਹੁਲਾਸ ਤੇ ਆਨੰਦ ਵਿਭੋਰ ਹੋ ਕੇ, ਟਕ-ਟਕੀ ਲਗਾ ਕੇ ਖੜੇ ਸਨ। ਚਾਰੋਂ ਤਰਫ ਦਾ ਵਾਤਾਵਰਣ ਸੁਗੰਧਮਈ, ਘਰ ਮੰਦਿਰ ਸਾਫ ਸੁਥਰੇ ਇਕ ਅਨੋਖੇ ਤਰੀਕੇ ਨਾਲ ਸੁਸਜਿਤ ਹੋ ਰਹੇ ਸਨ। ਟਿਮਟਿਮਾਉਂਦੇ ਦੀਪਾਂ ਦੀਆਂ ਲੰਬੀਆਂ ਕਤਾਰਾਂ, ਝਿਲਮਿਲ ਕਰ ਕੇ, ਧੜਕਦੇ ਦਿਲਾਂ ਦੇ ਵਲਵਲੇ ਤੇ ਉਮੰਗਾਂ ਨੂੰ ਪੇਸ਼ ਕਰ ਰਹੀਆਂ ਸਨ। ਇੰਤਜ਼ਾਰ ਦੀਆਂ ਘੜੀਆਂ ਮੁੱਕ ਹੀ ਨਹੀ ਰਹੀਆਂ ਸਨ। ਹਰੇਕ ਅਯੁੱਧਿਆ ਵਾਸੀ ਬੜੀ ਬੇਕਰਾਰੀ ਨਾਲ ਆਪਣੇ ਪਿਆਰੇ ਰਾਮਚੰਦਰ ਜੀ ਦੇ ਦਰਸ਼ਨਾਂ ਲਈ ਲਲਾਯਿਤ ਹੋ ਰਿਹਾ ਸੀ। ਹਰ ਕੋਈ ਆਪਣੇ ਸੁਹਣੇ ਦੀ ਸੁੰਦਰਤਾ, ਅਦਭੁਤ ਅਦਾਵਾਂ ਜੁਲਫਾਂ, ਕਾਮਲ ਕਮਾਲ ਚਿਹਰਾ, ਵਿਸ਼ਾਲ ਤੇ ਮਦਮਸਤ ਲੋਚਨਾਂ ਦੀ ਮਸਤੀ ਵਿਚ ਡੁੱਬ ਜਾਣਾ ਚਾਹੁੰਦਾ ਸੀ, ਤੇ ਇਸ ਤਰ੍ਹਾਂ ਗੁਲ-ਬਦਨ, ਮਨਹਰਨ, ਮਹਬਦਨ ਢੋਲਣ ਸ੍ਰੀ ਰਾਮਚੰਦਰ ਜੀ ਦੀ ਉਪਮਾ ਸਿਵਾਏ ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਕੌਣ ਕਰ ਸਕਦਾ ਹੈ। ਸੱਚੇ ਪਾਤਸ਼ਾਹ ਜੀ ਦਸਮ-ਗ੍ਰੰਥ ਵਿਚ ਚੌਬੀਸ ਅਵਤਾਰਾਂ ਦਾ ਵਰਣਨ ਕਰਦੇ ਹੋਏ, ਰਾਮਾਵਤਾਰ ਵਿੱਚ ਸ੍ਰੀ ਰਾਮਚੰਦਰ ਜੀ ਦੀ ਅਯੁੱਧਿਆ ਪੁਰੀ ਨੂੰ ਵਾਪਸੀ ਕਿੰਨੀ ਮਨਮੋਹਕ

ਤੇ ਰੌਚਕ ਸ਼ੈਲੀ ਵਿਚ ਵਰਣਨ ਕਰ ਰਹੇ ਹਨ। ਆਪ ਜੀ ਲਿਖਦੇ ਹਨ :

॥ ਮਕਰਾ ਛੰਦ॥
ਸੀਅ ਲੈ ਸੀਏਸ ਆਏ॥ ਮੰਗਲ ਸੁ ਚਾਰ ਗਏ॥
ਆਨੰਦ ਹੀਏ ਬਢਾਏ॥ ਸਹਰੋ ਅਵਧ ਜਹਾਂ ਰੇ॥੬੫੫॥
ਧਾਈ ਲੁਗਾਈ ਆਵੈ। ਭੀਰੋ ਨ ਬਾਰ ਪਾਵੈ॥
ਆਕਲ ਖਰੇ ਉਘਾਵੈ। ਭਾਖੈਂ ਢੋਲਨ ਕਹਾਂ ਰੇ॥੬੫੬॥
ਜੁਲਫੈ ਅਨੂਪ ਜਾਂਕੀ॥ ਨਾਗਨ ਕਿ ਸਿਆਹ ਬਾਂਕੀ॥
ਅਤਭੁਤ ਅਦਾਇ ਤਾਂਕੀ ਐਸੋ ਢੋਲਨ ਕਹੈ ॥੬੫੭॥
ਸਰਵੋਸ ਹੀ ਚਮਨਰਾ॥ ਬਰਦਸਤ ਜਾਂ ਵਤਨਰਾ॥੬੫੮॥
ਜਿਨ ਦਿਲ ਹਰਾ ਹਮਾਰ ਵਹ ਮਨਹਰਨ ਕਹਾਂ ਹੈ॥
ਚਿਤ ਕੇ ਚੁਰਾਇ ਲੀਨਾ॥ ਜਾਲਮ ਫਿਰਾਕ ਦੀਨਾ॥
ਜਿਨ ਦਿਲ ਹਰਾ ਹਮਾਰਾ ਵਹ ਗੁਲ ਚਿਹਰ ਕਹਾਂ ਹੈ॥੬੫੯॥
ਕੋਊ ਬਤਾਇ ਦੈ ਰੇ॥ ਚਾਹੋ ਸੁ ਆਨ ਲੈ ਰੇ॥
ਜਿਨ ਦਿਲ ਹਰਾ ਹਮਾਰਾ, ਵਹ ਮਨਹਰਨ ਕਹਾਂ ਹੈ॥੬੬੦॥
ਮਾਤੇ ਮਨੋ ਅਮਲ ਕੇ॥ ਹਰੀਆ ਕਿ ਜਾਂ ਵਤਨ ਤੇ॥
ਆਲਮ ਕੁਸਾਇ ਖੂਬੀ ਵਹ ਗੁਲ ਚਿਹਰ ਕਹਾਂ ਹੈ॥੬੬੧॥
ਜ਼ਾਲਮ ਅਦਾਇ ਲੀਏ। ਖੰਜਨ ਖਿਸਾਨ ਕੀਏ॥
ਜਿਨ ਦਿਲ ਹਰਾ ਹਮਾਰਾ ਵਹ ਮਹਬਦਨ ਕਹਾਂ ਹੈ॥੬੬੨॥
ਜਾਲਮ ਅਦਾਇ ਲੀਨੇ॥ ਜਾਨੁਕ ਸਰਾਬ ਪੀਨੇ॥
ਰੁਖਸਰ ਜਹਾਨ ਤਾਬਾਂ ਵਹ ਗੁਲਬਦਨ ਕਹਾਂ ਹੈ॥੬੬੩॥
ਜ਼ਾਲਮ ਜਮਾਲ ਖੂਬੀ। ਰੋਸਨੁ ਦਿਮਾਗ ਅਖਤਰ॥
ਬਰਦਸਤ ਜਾਂ ਜਿਗਰ ਰਾ ਵਹ ਗੁਲਚਿਹਰ ਕਹਾਂ ਹੈ॥੬੬੪॥
ਬਾਲਮ ਬਿਦੇਸ ਆਏ॥ ਜੀਤੇ ਜੁਆਨ ਜਾਲਮ।
ਕਾਮਲ ਕਮਾਲ ਸੂਰਤ ਵਹ ਗੁਲਚਿਹਰ ਕਹਾਂ ਰ॥੬੬੫॥

ਦਸਮ ਗ੍ਰੰਥ ਸਾਹਿਬ, ਪੰਨਾ ੨੪੦

ਅਯੁੱਧਿਆ ਪੁਰੀ ਨੂੰ ਆਪਣਾ ਪਿਆਰਾ ਪ੍ਰੀਤਮ, ਦਿਲਬਰ, ਮਾਹੀ, ਢੋਲਣ, ਮਿਲ ਗਿਆ ਪਰ ਨਾਮਧਾਰੀ ਜਗਤ ਦਾ ਵਾਲੀ, ਪਿਆਰਾ, ਰਹਿਬਰ, ਪ੍ਰੀਤਮ, ਢੋਲਣ ਸ੍ਰੀ ਸਤਿਗੁਰੂ ਰਾਮ ਸਿੰਘ ਬੁਝੇ ਹੋਏ ਥੱਕੇ ਹੋਏ ਨਿਰਾਸ਼ ਦੀਪਾਂ ਦੇ ਵਿੱਚ ਆਪਣੇ ਦਰਸ਼ਨਾਂ ਦਾ ਤੇਲ ਪਾ ਕੇ ਪ੍ਰਕਾਸ਼ਮਈ ਕਿਉਂ ਨਹੀਂ ਕਰਦੇ ? ਟਿਮ-ਟਿਮ ਕਰਦੇ ਦੀਪ ਬੁੱਝ ਗਏ, ਕਈ ਸਰੀਰਾਂ ਨੇ ਆਪਣੇ ਢੋਲਣ ਦੀ ਉਡੀਕ ਵਿੱਚ ਦਿਨ ਰਾਤ ਸਵਾਸ ਸਵਾਸ ਨਾਮ ਦੀ ਮਾਲਾ ਫੇਰੀ, ਅਤੇ ਕਈਆਂ ਨੇ ਸਿਰਫ ਦੀਨ ਦੁਨੀਆਂ ਦਾ ਤਿਆਗ ਹੀ ਨਹੀਂ ਕੀਤਾ, ਸਗੋਂ ਆਪਣੇ ਸਰੀਰ ਦਾ ਤਿਆਗ

ਕਰ ਕੇ, ਪੁਨਰ ਜਨਮ ਧਾਰ ਕੇ, ਆਸ਼ਾਵਾਂ ਦੇ ਸੁਨਹਿਰੇ ਸੁਪਨੇ ਸਜਾ ਕੇ, ਆਪਣੇ ਦਿਲ ਦੀਆਂ ਧੜਕਨਾਂ ਵਿਚ ਰਾਮ ਨਾਮ ਦੀ ਰਟ ਲਗਾ ਲਈ। ਇਥੋਂ ਤਕ ਕਿ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ-ਛਾਇਆ ਵਿੱਚ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਅਣਗਿਣਤ ਹੀ ਸਾਧਾਰਨ ਤੇ ਅਖੰਡ ਪਾਠਾਂ ਦਾ ਭੋਗ ਮਰਯਾਦਾ-ਪੂਰਵਕ ਪਾਇਆ ਗਿਆ, ਵਰਣੀਆਂ ਦਾ ਪ੍ਰਵਾਹ ਵੀ ਨਿਰੰਤਰ ਚਲਦਾ ਰਿਹਾ ਤੇ ਚਲ ਰਿਹਾ ਹੈ ਪਰ ...?

ਸ੍ਰੀ ਰਾਮ ਚੰਦਰ ਜੀ ਦਾ ਬਨਵਾਸ ਅਤੇ ਅਯੁੱਧਿਆ ਪੁਰੀ ਦਾ ਵਿਛੋੜਾ ਤਾਂ ਸਿਰਫ ਚੌਦਾਂ ਸਾਲਾਂ ਵਿੱਚ ਹੀ ਮੁੱਕ ਗਿਆ, ਜਦੋਂ ਕਿ ਲੋਕਾਂ ਦੀਆਂ ਉਮਰਾਂ ਕਈ ਹਜ਼ਾਰਾਂ ਸਾਲ ਦੀਆਂ ਹੁੰਦੀਆਂ ਸਨ ਤੇ ਅੱਜ ਜਦੋਂ ਕਲਿਜੁਗ ਵਿੱਚ ਜੀਵਾਂ ਦੀ ਉਮਰ ਕੁਝ ਥੋੜੇ ਜਿਹੇ ਸਾਲਾਂ ਤਕ ਹੀ ਸੀਮਿਤ ਹੈ, ਉਸ ਤ੍ਰੇਤੇ ਦੇ ਲੋਕਾਂ ਦੇ ਚੌਦਾਂ ਸਾਲਾਂ ਦੇ ਵਿਛੋੜੇ ਸਾਹਮਣੇ ਨਾਮਧਾਰੀ ਸੰਗਤ ਦਾ ਵਿਛੋੜਾ ਕਿੰਨਾਂ ਲੰਮਾ, ਕਿੰਨਾ ਅਸਹਿ, ਕਿੰਨਾ ਦਰਦ ਭਰਿਆ ਤੇ ਹਰ ਨਾਮਧਾਰੀ ਦੇ ਹੋਠਾਂ ਤੇ :

ਐ ਮੇਰੇ ਅਜਾਨਬਾਹੁ ਮੀਤ, ਕਈ ਵਾਰੀ ਬਸੰਤ ਰਿਤੁ ਆਪਣਾ ਪੂਰਨ ਹਾਰ ਸ਼ਿੰਗਾਰ ਕਰ ਕੇ, ਵੰਨ ਸੁਵੰਨੇ ਫੁੱਲਾਂ ਦੀ ਮਹਿਕ ਨੂੰ ਚਾਰੋਂ ਪਾਸੇ ਖਿਲੇਰ ਕੇ ਆਪ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ ਬਿਹਬਲ ਹੋ ਉਠੀ ਪਰ ਉਹ ਬਿਹਬਲਤਾ ਤੇ ਨਿਰਾਸਤਾ ਉਂਝ ਹੀ ਬਣੀ ਰਹੀ, ਐ ਮੇਰੇ ਮਧੁਰ ਬੈਨਾਂ, ਮ੍ਰਿਗ ਨੈਨਾ ਵਾਲੇ ਗੁਲ ਚਿਹਰ, ਇਹ ਉਦਾਸੀ ਦੀ ਪਤਝੜ ਕਦੇ ਮਿਲਣ ਦੀ ਬਸੰਤ ਬਹਾਰ ਵਿੱਚ ਬਦਲੇਗੀ। ਐ ਸੁਤੰਤਰਤਾ ਦੇ ਮੋਢੀ, ਸੁਤੰਤਰਤਾ ਲਈ ਸਭ ਕੁਝ ਨਿਉਛਾਵਰ ਕਰਨ ਵਾਲੇ ਰਹਿਬਰ, ਹੁਣ ਤੇ ਕਈ ਸਾਲਾਂ ਤੋਂ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਅਸੀਂ ਮੁਕਤ ਹੋ ਚੁੱਕੇ ਹਾਂ, ਇਹ ਸੁਤੰਤਰ ਭਾਰਤ ਦੀ ਭੂਮੀ ਆਪ ਜੀ ਦੇ ਪਵਿਤਰ ਚਰਨ ਕੰਵਲਾਂ ਦੀ ਛੁਹ ਪ੍ਰਾਪਤ ਕਰਨ ਨੂੰ ਬੇਕਰਾਰ ਹੋ ਰਹੀ ਹੈ।

ਐ ਔਖੀ ਘੜੀ ਦੇ ਸਹਾਇਕ, ਪਤਿਤ ਪਾਵਨ, ਗ਼ਰੀਬ ਨਿਵਾਜ, ਮੁਰਦਾ ਹੋਏ ਪੰਥ ਨੂੰ ਮੁੜ ਤੋਂ ਸੁਰਜੀਤ ਕਰਨ ਵਾਲੇ, ਗਊ ਰੱਖਿਆ ਲਈ ਅਥਾਹ ਬਲਿਦਾਨ ਦੇ ਸੋਮੇ, ਕਲਿਜੁਗ ਵਿੱਚ ਸਤਿਜੁਗ ਵਰਤਾਉਣ ਵਾਲੇ, ਅੱਜ ਸਾਰੀ ਨਾਮਧਾਰੀ ਸੰਗਤ ਹਾਲ ਬਿਹਾਲ ਹੋ ਕੇ ਤਰਲੇ, ਮਿੰਨਤਾ ਤੇ ਅਰਜ਼ੋਈਆਂ ਕਰਦੀ ਹੋਈ ਵਿਰਹ ਦੀਆਂ ਲਾਟਾਂ ਦੀ ਲਪੇਟ ਵਿੱਚ ਸੜਦੀ ਹੋਈ ਦਸਮ ਗ੍ਰੰਥ ਦੇ ਇਨਾਂ ਵਾਕਾਂ ਨੂੰ ਦੁਹਰਾ ਰਹੀ ਹੈ :—

ਐਸੋ ਢੋਲਨ ਕਹਾਂ ਹੈ ? ਵਹ ਮਹਬਦਨ ਕਹਾਂ ਹੈ ? ਵਹ ਗੁਲਬਦਨ ਕਹਾਂ ਹੈ ?

ਸਾਰੀ ਸਾਧ-ਸੰਗਤ ਦੇ ਹਿਰਦਿਆਂ ਅੰਦਰ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ, ਦਰਸ਼ਨਾਂ ਦੀ ਪਿਆਸ ਬਣੀ ਹੋਈ ਹੈ :—

**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥**

## ੯

**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥**
**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥**
**ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥**
**ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥**
**ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥**
**ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥**
**ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥** ਮਾਝ ਮ: ੫, ਪੰਨਾ ੧੩੫

***ਸ਼ਬਦਾਰਥ :***

ਕਾਹੂ ਜੋਗ—ਕਿਸੇ ਦੇ ਜ਼ਿੰਮੇ, ਕਿਸੇ ਦੇ ਮੱਥੇ। ਲਗਨਿ—ਲੱਗ ਜਾਂਦੇ ਹਨ। ਵਿਆਪਨਿ—ਲੱਗਦੇ ਹਨ। ਵਿਜੋਗ—ਵਿਛੋੜੇ। ਕਉੜੇ—ਦੁਖਦਾਈ। ਜਨਮ ਵਿਜੋਗ—ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ। ਭੋਗ—ਮੌਜ, ਐਸ਼। ਵਿਚੁ—ਵਿਚੋਲਗੀ। ਕਿਸ ਥੈ—ਹੋਰ ਕਿਸੇ ਕੋਲ। ਰੋਜ—ਨਿਤ, ਹਰ ਰੋਜ਼। ਕੀਤਾ—ਆਪਣਾ ਕੀਤਾ। ਧੁਰਿ—ਧੁਰ ਤੋਂ। ਸਭਿ—ਸਾਰੇ। ਬਿਓਗ—ਵਿਛੋੜੇ ਦਾ ਦੁੱਖ। ਬੰਦੀ ਮੋਚ—ਕੈਦ ਤੋਂ ਛੁਡਾਉਣ ਵਾਲਾ। ਬਿਨਸਹਿ—ਨਾਸ ਹੋ ਜਾਂਦੀਆਂ ਹਨ। ਸੋਚ—ਫ਼ਿਕਰ।

***ਵਿਆਖਿਆ :***

ਅੱਸੂ ਦੇ ਮਹੀਨੇ ਵਿੱਚ ਜੀਵ ਰੂਪੀ ਇਸਤ੍ਰੀ ਦੇ ਮਨ ਅੰਦਰ ਪਿਆਰ ਦਾ ਸਮੁੰਦਰ ਉਛਾਲੇ ਮਾਰ ਰਿਹਾ ਸੀ, ਉਸ ਨੇ ਪ੍ਰਭੂ-ਪ੍ਰੀਤਮ ਦੇ ਮਿਲਣ ਦੇ ਕਈ ਉਪਾਅ ਸੋਚੇ, ਪਰ ਜਦੋਂ ਕੁਝ ਵੀ ਸਿਰੇ ਨਾ ਚੜ੍ਹਿਆ ਤਾਂ ਉਹ ਆਪਣੇ ਆਪ ਨੂੰ ਸਮਝਾਉਣ ਲੱਗੀ ਕਿ ਜੋ ਕੁਝ ਉਸਨੇ ਕਰਮ ਕੀਤੇ ਹਨ, ਉਨ੍ਹਾਂ ਦੇ ਫਲਸਰੂਪ ਹੀ ਉਹ ਇਹ ਸਭ ਕੁਝ ਭੁਗਤ ਰਹੀ ਹੈ। ਉਸ ਨੂੰ ਆਪਣਾ ਪਿਆਰਾ ਪ੍ਰਭੂ ਪ੍ਰੀਤਮ ਨਹੀਂ ਮਿਲਿਆ, ਇਸੇ ਕਰ ਕੇ ਉਹ ਹੋਰ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਂਦੀ ਸਗੋਂ ਆਪਣੇ ਆਪ ਨੂੰ ਕੋਸਦੀ ਹੈ, ਕਿ ਉਸ ਨੂੰ ਆਪਣੇ ਕੀਤੇ, ਕਰਮਾਂ ਅਨੁਸਾਰ ਸਜ਼ਾ ਭੋਗਣੀ ਪੈ ਰਹੀ ਹੈ। ਹਰ ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਫਲ ਮਿਲਦਾ ਹੈ। ਜੇ ਕਰ ਕੋਈ ਚੰਗੇ ਕਰਮ ਕਰਦਾ ਹੈ, ਉਸ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ

ਹੈ, ਜੋ ਕੋਈ ਬੁਰੇ ਕਰਮ ਕਰਦਾ ਹੈ, ਉਸ ਨੂੰ ਦੁੱਖ ਭੁਗਤਣਾ ਪੈਂਦਾ ਹੈ। ਇਸ ਕਰ ਕੇ ਆਪਣੇ ਦੁੱਖਾਂ ਦਾ ਦੋਸ਼ ਕਿਸੇ ਹੋਰ ਦੇ ਉੱਤੇ ਥੋਪਣਾ ਠੀਕ ਨਹੀਂ, ਕਿਉਂਕਿ ਉਹ ਤਾਂ ਉਸ ਦੇ ਕੀਤੇ ਹੋਏ ਕਰਮਾਂ ਦਾ ਫਲ ਹੈ :

**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥** ਪੰਨਾ ੪੩੩

ਜਿਹੜੇ ਉਸ ਅਕਾਲ ਪੁਰਖ ਨੂੰ ਵਿਸਾਰ ਦਿੰਦੇ ਹਨ, ਉਨ੍ਹਾਂ ਨੂੰ ਸਭ ਰੋਗ ਚੰਬੜ ਜਾਂਦੇ ਹਨ, ਉਨ੍ਹਾਂ ਦਾ ਸਰੀਰ ਰੋਗੀ ਹੋ ਜਾਂਦਾ ਹੈ ਤੇ ਉਹ ਰੋਗ ਗ੍ਰਸਤ ਹੋ ਕੇ ਰੋਗ ਦੀ ਪੀੜ੍ਹਾ ਨਾਲ ਕਰਾਹੁੰਦੇ ਹਨ, ਚਿਲਾਉਂਦੇ ਹਨ ਅਤੇ ਤੜਪਦੇ ਹਨ।

— **ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥**
**ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥**

ਸਲੋਕ ਫ਼ਰੀਦ ਜੀ, ਪੰਨਾ ੧੩੮੩

— **ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥**
**ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥**
**ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ॥** ਮਹਲਾ ੩, ਪੰਨਾ ੧੨੪੭

ਉਨ੍ਹਾਂ ਨੇ ਆਪਣੇ ਪ੍ਰਭੂ ਪਿਆਰੇ ਨੂੰ ਵਿਸਾਰ ਦਿੱਤਾ ਹੈ, ਉਹ ਉਸ ਤੋਂ ਵੇਮੁਖ ਹੋ ਗਏ ਹਨ, ਉਨ੍ਹਾਂ ਨੇ ਉਸ ਤੋਂ ਆਪਣਾ ਮੂੰਹ ਮੋੜ ਲਿਆ ਹੈ ਇਸ ਕਰ ਕੇ ਉਹਨਾਂ ਨੂੰ ਫਿਰ ਲੰਮੇ ਵਿਛੋੜੇ ਪੈ ਗਏ ਹਨ, ਜਨਮਾਂ ਜਨਮਾਂ ਤਕ ਉਹ ਆਪਣੇ ਪਿਆਰੇ ਤੋਂ ਵਿਛੱੜ ਗਏ ਹਨ।

ਗੁਰੂ ਤੋਂ ਮੂੰਹ ਫੇਰ ਲੈਣਾ ਮਨਮਤ ਅਤੇ ਦੁੱਖਾਂ ਨੂੰ ਬੁਲਾਵਾ ਦੇਣਾ ਹੈ। ਹਰੇਕ ਮਨੁੱਖ ਨੂੰ ਹਮੇਸ਼ਾਂ ਸਦਾ ਸਤਿਗੁਰੂ ਮੁੱਖੀ ਹੋ ਕੇ ਭਗਤੀ ਭਾਵ ਦਰਸਾਉਣਾ ਚਾਹੀਦਾ ਹੈ। ਏਸੇ ਵਿਚ ਸਭ ਦਾ ਕਲਿਆਣ ਹੈ। ਉਹ ਆਪਣੇ ਧੀਆਂ, ਪੁੱਤਰ, ਸੰਬੰਧੀਆਂ, ਸੰਸਾਰਿਕ ਪਦਾਰਥਾਂ ਦੇ ਮੋਹ ਵਿਚ ਗਲਤਾਨ ਹੋ ਕੇ, ਮਾਨਸਿਕ ਤੇ ਸਰੀਰਕ ਦੁੱਖ ਭੋਗਦੇ ਹਨ, ਤੇ ਕਈ ਜਨਮਾਂ ਤਕ ਦੁੱਖਾਂ ਦਾ ਗੇੜ ਚਲਦਾ ਰਹਿੰਦਾ ਹੈ, ਉਨ੍ਹਾਂ ਦੀ ਤ੍ਰਿਸ਼ਨਾ ਕਦੇ ਮੁੱਕਦੀ ਹੀ ਨਹੀਂ, ਉਹ ਤਾਂ :

**ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥**
**ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥**
**ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੁਕਾਰ॥**
**ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਿਰ ਛੋਡਿ ਭਤਾਰਿ॥**

ਸਲੋਕ ਮ: ੩, ਪੰਨਾ ੮੯

ਉਸ ਕੁਨਾਰ ਨੇ ਮਾਇਆ ਤੋਂ ਪੈਦਾ ਹੋਏ ਭੋਗਣ ਵਾਲੇ ਪਦਾਰਥ ਖ਼ੁਸ਼ੀ-ਖ਼ੁਸ਼ੀ ਭੋਗੇ, ਪਰ ਇਸ ਵਿਚ ਉਹ ਆਪਣੇ ਪਿਆਰੇ ਨੂੰ ਵਿਸਾਰ ਬੈਠੀ ਸੀ, ਤੇ ਉਸ

ਤੋਂ ਵੇਮੁਖ ਹੋ ਚੁੱਕੀ ਸੀ। ਅੰਤ ਵਿਚ ਉਹ ਸਾਰੇ ਮਾਇਆ ਦੇ ਭੋਗ ਇਥੇ ਹੀ ਧਰੇ ਧਰਾਏ ਰਹਿ ਗਏ। ਜਿਨ੍ਹਾਂ ਨੇ ਮਾਇਆ ਦੀ ਮੌਜਾਂ ਕਰ ਕੇ ਅਕਾਲ ਪੁਰਖ ਪ੍ਰਭੂ ਨੂੰ ਵਿਸਾਰ ਦਿੱਤਾ ਸੀ, ਉਹ ਇਕ ਪਲ ਵਿੱਚ ਦੁਖਦਾਈ ਬਣ ਗਈਆਂ।

— **ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ॥**
**ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ॥**

ਸਲੋਕ ਮ: ੫, ਪੰਨਾ ੨੫੭

— **ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ॥**
**ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ॥**

ਸਲੋਕ ਮ: ੫, ਪੰਨਾ ੨੫੨

ਜੇ ਕਰ ਉਸ ਦੁਖੀ ਹਾਲਤ ਵਿਚ ਜੀਵ ਰੂਪੀ ਇਸਤ੍ਰੀ ਕਿਸੇ ਹੋਰ ਦਾ ਆਸਰਾ ਲੈਂਦੀ ਹੈ, ਕਿਸੇ ਹੋਰ ਕੋਲ ਜਾਂਦੀ ਹੈ, ਉਸ ਦਾ ਕੋਈ ਲਾਭ ਨਹੀਂ। ਕਿਸੇ ਕੋਲ ਜਾ ਕੇ ਆਪਣੀ ਨਿੱਤ ਤਕਲੀਫਾਂ ਨਿੱਤ ਦੁੱਖ ਭਰੀਆਂ ਗਾਥਾਵਾਂ ਸੁਣਾਵੇ, ਤਾਂ ਕੋਈ ਵੀ ਨਹੀਂ ਸੁਣੇਗਾ, ਕੋਈ ਵੀ ਧਿਆਨ ਨਹੀਂ ਦੇਵੇਗਾ ਕਿਉਂਕਿ ਦੁੱਖ ਦਾ ਕਾਰਨ ਤਾਂ ਹੈ ਆਪਣੇ ਪਿਆਰੇ ਦਾ ਵਿਛੋੜਾ ਤੇ ਇਸ ਵਿਛੋੜੇ ਨੂੰ ਦੂਰ ਕਰਨ ਲਈ ਕੋਈ ਵੀ ਮਨੁੱਖ ਆ ਕੇ ਵਿਚੋਲੇਪਨ ਦਾ ਕੰਮ ਕਰੇ, ਤਾਂ ਸਫਲ ਨਹੀਂ ਹੋ ਸਕਦਾ। ਉਸ ਦਾ ਵਿਛੋੜਾ ਤਾਂ ਕਿਸੇ ਅੱਗੇ ਰੋਣੇ ਰੋਣ ਨਾਲ ਨਹੀਂ ਮਿਟਦਾ, ਨਾ ਹੀ ਉਸ ਦੇ ਸੱਗੇ ਸੰਬੰਧੀ ਉਸ ਦਾ ਕੁਝ ਸੰਵਾਰ ਸਕਦੇ ਹਨ ਅਤੇ ਨਾ ਹੀ ਕੋਈ ਵਿਚੋਲਾ ਵਿੱਚ ਪੈ ਕੇ ਬਿਰਹਾ ਦੀ ਪੀੜ ਨੂੰ ਖਤਮ ਕਰ ਸਕਦਾ ਹੈ।

**ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥**
**ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ॥**
**ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ॥**
**ਐਥੈ ਆਇਆ ਸਭ ਕੋ ਜਾਸੀ ਕੂੜਿ ਕਰਹੁ ਅਹੰਕਾਰੋ॥**

ਵਡਹੰਸ ਮ: ੧, ਪੰਨਾ ੫੭੯

ਜੇ ਕਰ ਜੀਵ ਰੂਪੀ ਇਸਤ੍ਰੀ ਇਹ ਸੋਚ ਲਵੇ ਕਿ ਉਸ ਦੇ ਕੀਤੇ ਹੋਇਆਂ ਕੁਝ ਹੋ ਸਕਦਾ ਹੈ, ਕੁਝ ਬਣ ਸਕਦਾ ਹੈ ਤਾਂ ਉਹ ਉਸ ਦੀ ਭੁੱਲ ਹੈ। ਜੋ ਕੁਝ ਧੁਰੋਂ ਹੀ ਲਿਖਿਆ ਹੋਇਆ ਹੈ, ਉਸ ਦੇ ਅਨੁਸਾਰ ਹੀ ਮਨੁੱਖ ਦੁੱਖ ਜਾਂ ਸੁੱਖ ਭੋਗਦਾ ਹੈ। ਇਸ ਵਿੱਚ ਕੋਈ ਵੀ ਕੁਝ ਨਹੀਂ ਕਰ ਸਕਦਾ। ਲਿਖੇ ਹੋਏ ਚੰਗੇ ਜਾਂ ਮੰਦੇ ਨੂੰ ਕੋਈ ਵੀ ਬਦਲ ਨਹੀਂ ਸਕਦਾ। ਦੁਖੀ ਜੀਵ ਰੂਪੀ ਇਸਤ੍ਰੀ ਦੀ ਆਪਣੀ ਕੋਈ ਪੇਸ਼ ਨਹੀਂ ਜਾਂਦੀ। ਹਾਂ, ਜੇ ਕਰ ਉਸ ਦੇ ਚੰਗੇ ਭਾਗ ਉਦੇ ਹੋ ਜਾਣ, ਉਸ ਨੂੰ ਪ੍ਰਭੂ ਪ੍ਰੀਤਮ ਆਣ ਮਿਲੈ ਤਾਂ ਉਸ ਦੇ ਵਿਛੋੜੇ ਦੇ ਸਾਰੇ ਦੁੱਖ

ਦੂਰ ਹੋ ਜਾਂਦੇ ਹਨ। ਜੀਵ ਰੂਪੀ ਇਸਤ੍ਰੀ ਆਪਣੇ ਅਕਾਲ ਪੁਰਖ ਪ੍ਰਭੂ ਪਿਆਰੇ ਦੇ ਚਰਨਾਂ ਵਿਚ ਬੇਨਤੀਆਂ, ਅਰਜ਼ੋਈਆਂ ਕਰ ਰਹੀ ਹੈ ਕਿ ਮਾਇਆ, ਮੋਹ ਦੇ ਬੰਧਨਾਂ ਤੋਂ ਛੁਡਾਉਣ ਵਾਲਾ ਪ੍ਰੀਤਮ ਹੀ ਉਸ ਦੀ ਰੱਖਿਆ ਕਰ ਸਕਦਾ ਹੈ, ਉਹੀ ਉਸ ਨੂੰ ਜੰਮਣ-ਮਰਨ ਦੇ ਬੰਧਨਾਂ ਤੋਂ ਮੁਕਤ ਕਰਾ ਸਕਦਾ ਹੈ।

**ਰਾਖਹੁ ਰਾਖਹੁ ਕਿਰਪਾ ਧਾਰਿ॥**
**ਤੇਰੀ ਸਰਣਿ ਤੇਰੈ ਦਰਵਾਰਿ॥ ਰਹਾਉ॥**
**ਜਿਨਿ ਸੇਵਿਆ ਨਿਰਭਉ ਸੁਖਦਾਤਾ॥**
**ਤਿਨਿ ਭਉ ਦੂਰਿ ਕੀਆ ਏਕੁ ਪਰਾਤਾ॥**
**ਜੋ ਤੂ ਕਰਹਿ ਸੋਈ ਫੁਨਿ ਹੋਇ॥**
**ਮਾਰੈ ਰਾਖੈ ਦੂਜਾ ਕੋਇ॥**
**ਕਿਆ ਤੂ ਸੋਚਹਿ ਮਾਣਸ ਬਾਣਿ॥**
**ਅੰਤਰਜਾਮੀ ਪੁਰਖੁ ਸੁਜਾਣੁ॥**
**ਏਕ ਟੇਕ ਏਕੋ ਆਧਾਰੁ॥**
**ਸਭ ਕਿਛੁ ਜਾਣੈ ਸਿਰਜਣਹਾਰੁ॥** ਭੈਰਉ ਮ : ੫, ਪੰਨਾ ੧੧੩੯

ਕੱਤਕ ਦੀ ਮਿੱਠੀ-ਮਿੱਠੀ ਰੁੱਤ ਵਿੱਚ ਜਿੰਨ੍ਹਾਂ ਜੀਵ ਰੂਪੀ ਇਸਤ੍ਰੀਆ ਨੂੰ ਸਾਧ-ਸੰਗਤ ਮਿਲ ਜਾਵੇ, ਉਨ੍ਹਾਂ ਦੇ ਵਿਛੋੜੇ ਵਾਲੇ ਸਾਰੇ ਝੋਰੇ, ਚਿੰਤਾਵਾਂ ਮਿਟ ਜਾਂਦੀਆਂ ਹਨ। ਕੱਤਕ ਦੇ ਮਹੀਨੇ ਨੂੰ ਸਫਲਤਾ ਪੂਰਬਕ ਬਿਤਾਉਣ ਲਈ ਸਾਧ-ਸੰਗਤ ਦਾ, ਸੰਤਾਂ ਦਾ ਸੰਗ ਅਤਿ ਆਵਸ਼ੱਕ ਹੈ, ਕਿਉਂਕਿ :

**ਸਾਧ ਕੈ ਸੰਗਿ ਮੁਖ ਊਜਲ ਹੋਤ॥**
**ਸਾਧ ਸੰਗਿ ਮਲੁ ਸਗਲੀ ਖੋਤ॥**
**ਸਾਧ ਕੈ ਸੰਗਿ ਮਿਟੈ ਅਭਿਮਾਨੁ॥**
**ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥**
**ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥**
**ਸਾਧ ਸੰਗਿ ਸਭੁ ਹੋਤ ਨਿਬੇਰਾ॥** ਗਉੜੀ ਮ: ੫, ਪੰਨਾ ੨੭੧

***ਭਾਵ :***

ਅਕਾਲ ਪੁਰਖ ਦੇ ਸਿਮਰਨ ਤੋਂ ਬਿਨਾਂ ਸਭ ਦੁੱਖ ਕਲੇਸ਼ ਆ ਕੇ ਮਨੁੱਖ ਨੂੰ ਘੇਰ ਲੈਂਦੇ ਹਨ। ਜਿਨ੍ਹਾਂ ਰੰਗ-ਤਮਾਸ਼ਿਆਂ ਕਰ ਕੇ ਮਨੁੱਖ ਅਕਾਲ ਪੁਰਖ ਨੂੰ ਵਿਸਾਰਦਾ ਹੈ, ਉਹ ਵੀ ਅੰਤ ਵਿਚ ਦੁਖਦਾਈ ਬਣ ਜਾਂਦੇ ਹਨ। ਉਸ ਵੇਲੇ ਉਸ ਦੀ ਕੋਈ ਪੇਸ਼ ਨਹੀ ਜਾਂਦੀ। ਅਕਾਲ ਪੁਰਖ ਆਪਣੀ ਕਿਰਪਾ ਨਾਲ ਜਿਸ ਮਨੁੱਖ ਨੂੰ ਸਤਿਗੁਰੂ ਦੇ ਲੜ ਲਾਉਂਦਾ ਹੈ, ਉਹ ਹੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਸਕਦਾ ਹੈ।

# ਵੇਮੁਖ ਹੋਏ ਰਾਮ ਤੇ

## ਬੇਮੁਖਾਂ ਦੀ ਦੁਰਦਸ਼ਾ

ਜਿਹੜੇ ਲੋਕ ਸਤਿਗੁਰੂ ਤੋਂ ਮੂੰਹ ਮੋੜ ਲੈਂਦੇ ਹਨ, ਸਤਿਗੁਰੂ ਦੇ ਬਚਨਾਂ ਵਲ ਧਿਆਨ ਨਹੀਂ ਦਿੰਦੇ, ਸਤਿਗੁਰੂ ਦੇ ਹੁਕਮਾਂ ਦੀ ਪਰਵਾਹ ਨਹੀਂ ਕਰਦੇ, ਉਹ ਬੇਮੁਖ ਹਨ। ਉਹ ਸਤਿਗੁਰੂ ਦੀਆਂ ਖੁਸ਼ੀਆਂ ਬਖਸ਼ਸ਼, ਵਡਿਆਈਆਂ ਤੋਂ ਵੰਚਿਤ ਰਹਿ ਜਾਂਦੇ ਹਨ, ਦੁਨੀਆਂ ਦੇ ਸਾਰੇ ਦੁੱਖ ਦਲਿਦਰ ਉਹਨਾਂ ਨੂੰ ਵਿਆਪਦੇ ਹਨ। ਗੁਰੂ ਅਮਰਦਾਸ ਜੀ ਐਸੇ ਮੂੰਹ ਲਈ ਜੋ ਸਤਿਗਰੂ ਤੋਂ ਫਿਰ ਜਾਂਦਾ ਹੈ ਫਰਮਾਉਂਦੇ ਹਨ :

**ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ॥**
**ਫਿਰਿ ਫਿਰਿ ਮਿਲਣੁ ਨਾ ਪਾਇਨੀ ਜੰਮਹਿ ਤੈ ਮਰਿ ਜਾਹਿ॥**

ਸਲੋਕ ਮ: ੩, ਪੰਨਾ ੬੪੫

ਏਥੇ ਸਤਿਗੁਰੂ ਜੀ ਨੇ ਮੂੰਹ ਫੇਰੇ ਦੀ ਨਹੀਂ, ਫਿਰੇ ਦੀ ਗੱਲ ਕੀਤੀ ਹੈ, ਭਾਵ ਉਹਨਾਂ ਮਨੁੱਖਾਂ ਦੇ ਦੁੱਖਾਂ ਦੀ ਕੋਈ ਥਾਹ ਨਹੀਂ ਰਹਿੰਦੀ, ਜਿਨ੍ਹਾਂ ਦਾ ਮੂੰਹ ਸਤਿਗੁਰੂ ਤੋਂ ਫਿਰ ਜਾਂਦਾ ਹੈ, ਜਿਹੜੇ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ ਉਹ ਆਵਾਗਉਣ ਦੇ ਚੱਕਰ ਵਿੱਚ ਫਸ ਜਾਂਦੇ ਹਨ। ਉਹਨਾਂ ਦਾ ਨਾ ਲੋਕ ਵਿੱਚ ਤੇ ਨਾ ਪਰਲੋਕ ਵਿੱਚ ਕੋਈ ਸਹਾਈ ਹੁੰਦਾ ਹੈ। ਐਸੇ ਮਨੁੱਖਾਂ ਦਾ ਜੀਵਨ ਤੇ ਨਿਸਫਲ ਹੋ ਹੀ ਜਾਂਦਾ ਹੈ ਪਰ ਅਗੇ ਵਾਸਤੇ ਤੋਂ ਵੀ ਉਹ ਆਵਾਗਉਣ ਦੇ ਚੱਕਰ ਵਿੱਚ ਫਸ ਜਾਂਦੇ ਹਨ।

ਜਿਹੜੇ ਸਤਿਗੁਰੂ ਤੋਂ ਮੂੰਹ ਮੋੜ ਲੈਂਦੇ ਹਨ, ਮੂੰਹ ਫੇਰ ਲੈਂਦੇ ਹਨ, ਬੇਮੁਖ ਹੋ ਜਾਂਦੇ ਹਨ, ਉਹ ਫਿਰ ਜੇ ਸਤਿਗੁਰੂ ਦੀ ਸ਼ਰਨ ਵਿੱਚ ਨਹੀਂ ਜਾਂਦੇ ਤਾਂ ਫਿਰ ਵੱਡੀਆਂ-ਵੱਡੀਆਂ ਬਲਾਵਾਂ ਦੁੱਖ ਉਨ੍ਹਾਂ ਦੇ ਪਿਛੇ ਲਗ ਟੁਰਦੀਆਂ ਹਨ, ਧਰਮਰਾਜ ਵੀ ਉਹਨਾਂ ਦਾ ਲਿਹਾਜ ਨਹੀਂ ਕਰਦਾ। ਐਸੇ ਬੇਮੁਖਾਂ ਨੂੰ ਫਿਰ ਜਨਮਾਂ ਦੇ ਵਿਯੋਗ ਰੂਪੀ ਦੁੱਖ ਲੱਗ ਜਾਂਦੇ ਹਨ। ਉਸਨੂੰ ਉਥੇ ਲੇਖਾ ਦੇਣਾ ਹੀ ਪੈਂਦਾ ਹੈ। ਜਮਾਂ ਦੀ ਮਾਰ ਸਹਿਣੀ ਪੈਂਦੀ ਹੈ। ਉਸਨੂੰ ਨਾ ਧਰਤੀ ਝਲਦੀ ਹੈ ਨਾ ਅਸਮਾਨ। ਦੁਨੀਆਂ ਉਹਨਾਂ ਨੂੰ ਫਿਟਕਾਂ ਪਾਉਂਦੀ ਹੈ। ਤੀਸਰੇ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ :

**ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ॥**
**ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ॥**

ਗਉੜੀ ਬੈਰਾਗਣਿ ਮ: ੩, ਪੰਨਾ ੨੩੩

ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਮੁਖਾਂ ਦੀ ਦੁਰਦਸ਼ਾ ਦਾ ਵਰਣਨ ਸ੍ਰੀ ਦਸਮ ਗ੍ਰੰਥ ਵਿਚ ਸੰਕਲਿਤ ਬਾਣੀ ਬਚਿੱਤ੍ਰ ਨਾਟਕ ਦੇ ਇੱਕ ਅਧਿਆਇ ਸਾਹਜਾਦੇ ਕੋ ਆਗਮਨ ਮਦ੍ਰ ਦੇਸ਼ ਵਿਚ ਬੜੀ ਅਨੂਠੀ ਤੇ ਰੋਚਕ ਸ਼ੈਲੀ ਵਿਚ ਕੀਤਾ ਹੈ। ਸੱਚੇ ਪਾਤਸ਼ਾਹ ਜੀ ਲਿਖਦੇ ਹਨ :

ਤਬ ਅਉਰੰਗ ਜੀਅ ਮਾਂਝ ਰਿਸਾਏ॥
ਏਕ ਅਹਦੀਆ ਈਹਾਂ ਪਠਾਏ॥
ਹਮ ਤੇ ਭਾਜਿ ਬਿਮੁਖ ਜੇ ਗਏ॥
ਤਿਨ ਕੇ ਧਾਮ ਗਿਰਾਵਤ ਭਏ॥੪॥
ਜੇ ਅਪਨੇ ਗੁਰ ਤੇ ਮੁਖ ਫਿਰ ਹੈ॥
ਈਹਾਂ ਊਹਾਂ ਤਿਨ ਕੇ ਗ੍ਰਿਹ ਗਿਰ ਹੈ॥
ਇਹਾਂ ਉਪਹਾਸ ਨ ਸੁਰਪੁਰ ਬਾਸਾ॥
ਸਭ ਬਾਤਨ ਤੇ ਰਹੈ ਨਿਰਾਸਾ॥੫॥
ਦੂਖ ਭੂਖ ਤਿਨ ਕੋ ਰਹੈ ਲਾਗੀ॥
ਸੰਤ ਸੇਵ ਤੇ ਜੋ ਹੈ ਤਿਆਗੀ॥
ਜਗਤ ਬਿਖੈ ਕੋਈ ਕਾਮ ਨ ਸਰਹੀ॥
ਅੰਤਹਿ ਕੁੰਡ ਨਰਕ ਕੀ ਪਰਹੀ॥੬॥
ਤਿਨ ਕੋ ਸਦਾ ਜਗਤ ਉਪਹਾਸਾ॥
ਅੰਤਹਿ ਕੁੰਡ ਨਰਕ ਕੀ ਬਾਸਾ॥
ਗੁਰ ਪਗ ਤੇ ਜੇ ਬੇਮੁਖ ਸਿਧਾਰੇ॥
ਈਹਾਂ ਊਹਾਂ ਤਿਨ ਕੇ ਮੁਖ ਕਾਰੇ॥੭॥
ਪੁਤ੍ਰ ਪਉਤ੍ਰ ਤਿਨ ਕੇ ਨਹੀ ਫਰੈ॥
ਦੁਖ ਦੈ ਮਾਤ ਪਿਤਾ ਕੌ ਮਰੈ॥
ਗੁਰ ਦੋਖੀ ਸਗ ਕੀ ਮ੍ਰਿਤ ਪਾਵੈ॥
ਨਰਕ ਕੁੰਡ ਡਾਰੇ ਪਛੁਤਾਵੈ॥੮॥

ਦਸਮ ਗ੍ਰੰਥ ਪੰਨਾ ੭੧

ਦਿਲਾਵਰ ਖ਼ਾਂ ਦੀਆਂ ਫ਼ੌਜਾਂ ਦੇ ਕਈ ਵਾਰ ਹਾਰ ਜਾਣ ਦੀ ਖਬਰ ਜਦੋਂ ਔਰੰਗਜ਼ੇਬ ਨੂੰ ਦੱਖਣ ਵਿੱਚ ਮਿਲੀ ਤਾਂ ਉਸਨੇ ਆਪਦੇ ਪੁੱਤਰ ਮੁਅਜ਼ਮ ਖਾਂ ਬਹਾਦੁਰ ਸ਼ਾਹ ਨੂੰ ਮੁਹਿੰਮ ਲਈ ਤੋਰਿਆ। ਸ਼ਾਹਜਾਦੇ ਦੇ ਆਉਣ ਦੀ ਖ਼ਬਰ ਸੁਣ ਕੇ ਕਾਇਰ ਲੋਕ ਆਪਣੇ ਘਰਾਂ ਨੂੰ ਛੱਡ ਕੇ ਦੂਰ ਪਹਾੜਾਂ ਵਿੱਚ ਜਾ ਲੁੱਕੇ। ਸੱਚੇ ਪਾਤਸ਼ਾਹ ਜੀ ਨੂੰ ਉਨ੍ਹਾਂ ਲੋਕਾਂ ਨੇ ਡਰਾਉਣ ਦੇ ਬਹੁਤ ਉਪਰਾਲੇ ਕੀਤੇ, ਪਰ ਉਨ੍ਹਾਂ ਨੂੰ ਕਾਲ ਦੀ ਗਤੀ ਦਾ ਬਿਲਕੁਲ ਗਿਆਨ ਨਹੀਂ ਸੀ। ਉਨ੍ਹਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆ ਰਹੇ ਤੂਫਾਨ ਤੋਂ ਬਚਣ ਲਈ ਬੇਨਤੀ ਕੀਤੀ, ਪਰ ਸੱਚੇ ਪਾਤਸ਼ਾਹ ਜੀ ਅਕਾਲ ਪੁਰਖ ਪ੍ਰਭੂ ਦੇ ਆਸਰੇ ਤੇ ਹੁਕਮ ਵਿੱਚ ਰਹਿਣ ਵਾਲੇ ਆਨੰਦਪੁਰ ਸਾਹਿਬ ਹੀ ਡਟੇ ਰਹੇ। ਇਸ ਮੌਕੇ ਤੇ ਕਈ ਡਰਪੋਕ ਬੁਜ਼ਦਿ [illegible] ੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਕੇ ਭੱਜ ਗਏ ਤੇ ਵੱ [illegible] ਹਾੜਾਂ ਵਿੱਚ ਜਾ ਵੱਸੇ। ਉਨ੍ਹਾਂ ਕਾਇਰ ਲੋਕਾਂ ਦਾ ਮਨ ਬਹੁਤ ਭੈ-ਭੀਤ [illegible] ਆ, ਤੇ ਉਨ੍ਹਾਂ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਰਹਿਣਾ ਠੀਕ ਨਾ ਸਮਝਿਆ।

ਉਸ ਵੇਲੇ ਔਰੰਗਜ਼ੇਬ ਦਾ ਪੁੱਤਰ ਬਹਾਦੁਰ ਸ਼ਾਹ ਵੀ ਬੜੇ ਗੁੱਸੇ ਵਿੱਚ ਆ ਗਿਆ। ਉਸ ਨੇ ਆਪਣਾ ਇੱਕ ਅਹਿਲਕਾਰ ਆਨੰਦਪੁਰ ਸਾਹਿਬ ਵਿਖੇ ਭੇਜਿਆ। ਜਿਹੜੇ ਲੋਕ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬੇਮੁਖ ਹੋ ਕੇ ਭੱਜ ਗਏ ਸਨ, ਉਸ ਅਹਦੀਏ ਨੇ ਉਹਨਾਂ ਸਾਰਿਆਂ ਦੇ ਘਰ ਢਹਿ ਢੇਰੀ ਕਰ ਦਿੱਤੇ। ਜਿਹੜੇ ਲੋਕ ਆਪਣੇ ਗੁਰੂ ਤੋਂ ਬੇਮੁਖ ਹੋ ਕੇ ਜਾਂਦੇ ਹਨ, ਮੂੰਹ ਫੇਰ ਲੈਂਦੇ ਹਨ, ਉਨ੍ਹਾਂ ਦੇ ਲੋਕ ਪ੍ਰਲੋਕ ਵਿੱਚ ਘਰ ਨਾਸ ਹੋ ਜਾਂਦੇ ਹਨ ਅਤੇ ਸਵਰਗ ਵਿੱਚ ਉਨ੍ਹਾਂ ਨੂੰ ਕੋਈ ਵਾਸਾ ਨਹੀਂ ਮਿਲਦਾ। ਉਨ੍ਹਾਂ ਨੂੰ ਸਭ ਪਾਸਿਆਂ ਤੋਂ ਨਿਰਾਸ ਹੋਣਾ ਪੈਂਦਾ ਹੈ। ਉਨ੍ਹਾਂ ਨੂੰ ਹਮੇਸ਼ਾ ਦੁੱਖ ਤੇ ਭੁੱਖ ਸਤਾਉਂਦੀ ਰਹਿੰਦੀ ਹੈ, ਕਿਉਂਕਿ ਉਹ ਮਹਾਂਪੁਰਖਾਂ ਦੀ ਸੰਗਤ ਅਤੇ ਸੇਵਾ ਤਿਆਗ ਦਿੰਦੇ ਹਨ। ਇਸ ਸੰਸਾਰ ਵਿੱਚ ਉਨ੍ਹਾਂ ਦਾ ਕੋਈ ਵੀ ਕੰਮ ਨਹੀ ਸੌਰਦਾ ਤੇ ਮਰ ਕੇ ਉਹ ਨਰਕ ਕੁੰਡ ਵਿੱਚ ਜਾ ਪੈਂਦੇ ਹਨ। ਐਸੀ ਲੋਕਾਂ ਦੀ ਦਸ਼ਾ ਵੇਖ ਕੇ ਸੰਸਾਰ ਦੇ ਲੋਕ ਹਾਸਾ ਕਰਦੇ ਹਨ ਤੇ ਅੰਤ ਨੂੰ ਉਹ ਮਰ ਕੇ ਨਰਕਾਂ ਵਿੱਚ ਜਾ ਵਸਦੇ ਹਨ। ਜਿਹੜੇ ਲੋਕ ਗੁਰੂ ਤੋਂ ਬੇਮੁੱਖ ਹੋ ਜਾਂਦੇ ਹਨ, ਉਨ੍ਹਾਂ ਦਾ ਇਸ ਲੋਕ ਤੇ ਪਰਲੋਕ ਵਿਚ ਮੂੰਹ ਕਾਲਾ ਹੋ ਜਾਂਦਾ ਹੈ। ਉਹਨਾਂ ਆਦਮੀਆਂ ਦੇ ਪੁੱਤਰ, ਪੋਤਰੇ ਵੀ ਉਹਨਾਂ ਨੂੰ ਨਹੀਂ ਝਲਦੇ। ਉਹ ਮਾਤਾ ਪਿਤਾ ਨੂੰ ਦੁੱਖ ਦੇ ਕੇ ਮਰ ਜਾਂਦੇ ਹਨ। ਗੁਰੂ ਕਾ ਦੋਖੀ ਕੁੱਤੇ ਦੀ ਮੌਤ ਮਰਦਾ ਹੈ। ਨਰਕ ਕੁੰਡ ਵਿਚ ਪੈ ਕੇ ਪਛਤਾਵਾ ਕਰਦਾ ਰਹਿੰਦਾ ਹੈ।

**ਜਬ ਹ੍ਵੈ ਹੈ ਬੇਮੁਖ ਬਿਨਾ ਧਨ॥**
**ਤਬ ਚੜਿ ਹੈ ਸਿੱਖਨ ਕਹ ਮਾਂਗਨ॥**
**ਜੇ ਜੇ ਸਿੱਖ ਤਿਨੈ ਧਨ ਦੈ ਹੈਂ॥**
**ਲੂਟਿ ਮਲੇਛ ਤਿਨੂ ਕੌ ਲੈ ਹੈ॥੧੧॥**
**ਜਬ ਹੁਇ ਹੈ ਤਿਨ ਦਰਬ ਬਿਨਾਸਾ॥**
**ਤਬ ਧਰਿਹੈ ਨਿਜ ਗੁਰ ਕੀ ਆਸਾ॥**
**ਜਬ ਤੇ ਗੁਰ ਦਰਸਨ ਕੋ ਐ ਹੈਂ॥**
**ਤਬ ਤਿਨ ਕੋ ਗੁਰ ਮੁਖ ਨ ਲਗੈ ਹੈਂ॥੧੨॥**
**ਬਿਦਾ ਬਿਨਾ ਜੈ ਹੌਂ ਤਬ ਧਾਮੰ॥**
**ਸਰਿ ਹੈ ਕੋਈ ਨ ਤਿਨ ਕੋ ਕਾਮੰ॥**
**ਗੁਰ ਦਰ ਢੋਈ ਨ ਪ੍ਰਭ ਪੁਰ ਵਾਸਾ॥**
**ਦੁਹੂੰ ਠਉਰ ਤੇ ਰਹੇ ਨਿਰਾਸਾ॥੧੩॥** ਦਸਮ ਗ੍ਰੰਥ, ਪੰਨਾ ੭੧

ਜਦੋਂ ਉਨ੍ਹਾਂ ਕੋਲ ਮਾਇਆ, ਧਨ ਖਤਮ ਹੋ ਜਾਂਦਾ ਹੈ, ਫਿਰ ਉਹ ਬੇਮੁਖ ਸਿੱਖਾਂ ਦੇ ਘਰ ਮੰਗਣ ਲਈ ਟੁਰ ਪੈਂਦੇ ਹਨ, ਜਿਹੜੇ ਸਿੱਖ ਇਨ੍ਹਾਂ ਬੇਮੁਖਾਂ ਨੂੰ ਮਾਇਆ ਦਾ ਦਾਨ ਦਿੰਦੇ ਹਨ, ਉਨ੍ਹਾਂ ਨੂੰ ਵੀ ਮਲੇਛ ਲੁੱਟ ਲੈਣਗੇ। ਜਦੋਂ ਇਨ੍ਹਾਂ ਬੇਮੁਖਾਂ ਦਾ ਧਨ ਖਤਮ ਹੋ ਜਾਂਦਾ ਹੈ, ਫਿਰ ਇਹ ਆਪਣੇ ਗੁਰੂ ਦੀ ਆਸ ਰਖਦੇ

ਹਨ, ਧਨ ਹੋਰ ਪ੍ਰਾਪਤ ਕਰਨ ਦੀ ਆਸ ਮਨ ਵਿੱਚ ਰਖ ਕੇ ਬੇਮੁਖ ਫਿਰ ਆਪਣੇ ਗੁਰੂ ਦੇ ਦਰਸ਼ਨਾਂ ਲਈ ਜਾਂਦੇ ਹਨ, ਉਸ ਵੇਲੇ ਗੁਰੂ ਇਨ੍ਹਾਂ ਦੀ ਪਰਵਾਹ ਨਹੀਂ ਕਰਨਗੇ ਤੇ ਉਨ੍ਹਾਂ ਬੇਮੁੱਖਾਂ ਨੂੰ ਆਪਣੇ ਮੂੰਹ ਨਹੀਂ ਲਗਾਉਣਗੇ। ਇਹੋ ਜਿਹੇ ਬੇਮੁੱਖ ਆਪਣੇ ਗੁਰੂ ਕੋਲੋਂ ਆਗਿਆ ਲਏ ਬਿਨਾਂ ਹੀ ਘਰ ਵਾਪਸ ਤੁਰ ਜਾਂਦੇ ਹਨ, ਤੇ ਫਿਰ ਉਨ੍ਹਾਂ ਦਾ ਕੋਈ ਵੀ ਕੰਮ ਨੇਪਰੇ ਨਹੀਂ ਚੜ੍ਹਦਾ। ਨਾ ਤੇ ਉਨ੍ਹਾਂ ਨੂੰ ਗੁਰੂ ਦੇ ਘਰ ਵਿੱਚ ਢੋਈ ਮਿਲਦੀ ਹੈ ਤੇ ਨਾ ਹੀ ਅਕਾਲ-ਪੁਰਖ ਦੇ ਘਰ ਕੋਈ ਟਿਕਾਣਾ ਮਿਲਦਾ ਹੈ, ਉਹ ਦੋਵੇਂ ਥਾਵਾਂ ਤੋਂ ਖਾਲੀ ਰਹਿ ਜਾਂਦੇ ਹਨ।

ਮਿਰਜਾਬੇਗ ਹੁਤੋ ਤਿਹ ਨਾਮੰ॥
ਜਿਨ ਢਾਹੇ ਬਿਮੁਖਨ ਕੇ ਧਾਮੰ॥
ਸਭ ਸਨਮੁਖ ਗੁਰ ਆਪ ਬਚਾਏ॥
ਤਿਨ ਕੇ ਬਾਰ ਨ ਬਾਂਕਨ ਪਾਏ॥੧੬॥
ਉਤ ਅਉਰੰਗ ਜੀਯ ਅਧਿਕ ਰਿਸਾਯੋ॥
ਚਾਰ ਅਹਦੀਯਨ ਅਉਰ ਪਠਾਯੋ॥
ਜੇ ਬੇਮੁਖ ਤਾਂ ਤੇ ਬਚਿ ਆਏ॥
ਤਿਨ ਕੇ ਗ੍ਰਿਹ ਪੁਨਿ ਇਨੈ ਗਿਰਾਏ॥੧੭॥
ਜੇ ਤਜਿ ਭਜੇ ਹੁਤੇ ਗੁਰ ਆਨਾ॥
ਤਿਨ ਪੁਨਿ ਗੁਰੂ ਅਹਦੀਅਹਿ ਜਾਨਾ॥
ਮੂਤ੍ਰ ਡਾਰ ਤਿਨ ਸੀਸ ਮੁੰਡਾਏ॥
ਪਾਹੁਰਿ ਜਾਨਿ ਗ੍ਰਿਹਹਿ ਲੈ ਆਏ॥੧੮॥
ਜੇ ਜੇ ਭਾਜ ਹੁਤੇ ਬਿਨੁ ਆਇਸੁ॥
ਕਹੋ ਅਹਦੀਅਹਿ ਕਿਨੈ ਬਿਤਾਇਸੁ॥
ਮੂੰਡ ਮੂੰਡਿ ਕਰਿ ਸਹਰਿ ਫਿਰਾਏ॥
ਕਾਰ ਭੇਟ ਜਨੁ ਲੈਨ ਸਿਧਾਏ॥੧੯॥
ਪਾਛੈ ਲਾਗਿ ਲਰਿਕਵਾ ਚਲੇ॥
ਜਾਨੁਕ ਸਿੱਖ ਸਖਾ ਹੈਂ ਭਲੇ॥
ਛਿਕੇ ਤੋਬਰਾ ਬਦਨ ਚੜਾਏ॥
ਜਨੁ ਗ੍ਰਿਹ ਖਾਨ ਮਲੀਦਾ ਆਏ॥੨੦॥
ਮਸਤਕ ਸੁਭੇ ਪਨਹੀਯਨ ਘਾਇ॥
ਜਨੁ ਕਰਿ ਟੀਕਾ ਦਏ ਬਨਾਇ॥
ਸੀਸ ਈਟ ਕੇ ਘਾਇ ਕਰੇਹੀ॥
ਜਨੁ ਤਿਨੁ ਭੇਟ ਪੁਰਾਤਨ ਦੇਹੀ॥੨੧॥ ਦਸਮ ਗ੍ਰੰਥ ਪੰਨਾ ੭੨

ਮਿਰਜ਼ਾਬੇਗ ਨੇ ਜਾ ਕੇ ਸਾਰੇ ਬੇਮੁੱਖਾਂ ਦੇ ਘਰ ਢਾਹ ਦਿਤੇ। ਔਰੰਗਜ਼ੇਬ ਦਾ

ਕ੍ਰੋਧ ਹੋਰ ਵੱਧਦਾ ਜਾ ਰਿਹਾ ਸੀ, ਇਸ ਲਈ ਉਸ ਨੇ ਚਾਰ ਅਹਿਲਕਾਰ ਹੋਰ ਭੇਜ ਦਿੱਤੇ। ਜਿਹੜੇ ਬੇਮੁੱਖ ਮਿਰਜ਼ਾਬੇਗ ਕੋਲੋਂ ਬਚ ਗਏ ਸਨ, ਉਨ੍ਹਾਂ ਦੇ ਘਰਾਂ ਨੂੰ ਉਨ੍ਹਾਂ ਅਹਿਲਕਾਰਾਂ ਨੇ ਤੋੜ ਦਿੱਤਾ। ਉਨ੍ਹਾਂ ਅਹਿਲਕਾਰਾਂ ਨੇ ਬਾਕੀ ਹੋਰ ਬੇਮੁਖਾਂ ਦੇ ਸਿਰਾਂ ਵਿੱਚ ਪੇਸ਼ਾਬ ਪਾ ਕੇ ਮੁੰਨ ਦਿੱਤੇ। ਜਿਹੜੇ ਗੁਰੂ ਦੀ ਆਗਿਆ ਤੋਂ ਬਿਨਾਂ ਨੱਸ ਗਏ ਸਨ, ਅਹਿਲਕਾਰਾਂ ਨੇ ਉਨ੍ਹਾਂ ਨੂੰ ਫੜ ਲਿਆ ਤੇ ਹੋਰਨਾਂ ਭਗੌੜਿਆਂ ਬਾਰੇ ਪੁੱਛਤਾਛ ਕੀਤੀ। ਜਦੋਂ ਉਹਨਾਂ ਬੇਮੁਖਾਂ ਦੇ ਨਾਮ ਪਤੇ ਅਹਿਲਕਾਰਾਂ ਨੂੰ ਦੱਸੇ, ਤਾਂ ਉਨ੍ਹਾਂ ਨੇ ਉਨ੍ਹਾਂ ਬੇਮੁੱਖਾਂ ਦੇ ਸਿਰ ਮੁੰਨ ਕੇ ਮੰਗਣ ਲਈ ਹੱਟੀ ਹੱਟੀ ਤੇ ਫੇਰਿਆ। ਉਨ੍ਹਾਂ ਦੇ ਪਿੱਛੇ ਮੁੰਡੇ ਲੱਗ ਟੁਰੇ ਤੇ 'ਓਇ' 'ਓਇ' ਕਰ ਕੇ ਉਨ੍ਹਾਂ ਦਾ ਹਾਸਾ ਮਜ਼ਾਕ ਕਰਨ ਲੱਗ ਪਏ। ਕਈਆਂ ਨੇ ਉਨ੍ਹਾਂ ਉਤੇ ਜੁੱਤੀਆਂ ਸੁੱਟੀਆਂ, ਜਿਸ ਨਾਲ ਉਨ੍ਹਾਂ ਦੇ ਮੱਥੇ ਤੇ ਨਿਸ਼ਾਨ ਪੈ ਗਏ, ਇੰਜ ਲੱਗ ਰਿਹਾ ਸੀ, ਕਿ ਉਹ ਨਿਸ਼ਾਨ ਮਾਨੋ ਉਨ੍ਹਾਂ ਦੇ ਮੱਥੇ ਤੇ ਟਿੱਕੇ ਲੱਗੇ ਹੋਣ। ਜਿਹੜੇ ਬੇਮੁਖਾਂ ਦੇ ਸਿਰਾਂ ਵਿਚ ਇੱਟਾਂ ਵੱਜ ਵੱਜ ਕੇ ਜ਼ਖਮ ਹੋ ਗਏ ਸਨ, ਮਾਨੋਂ ਉਨ੍ਹਾਂ ਨੂੰ ਕੋਈ ਪੁਰਾਨੀ, ਕਾਰ ਭੇਟ ਦਿੱਤੀ ਗਈ ਹੋਵੇ ਤੇ ਦੂਸਰੇ ਪਾਸੇ ਉਹ ਸਨਮੁਖ ਹਨ ਜਿਹੜੇ ਆਪਣੇ ਆਪ ਨੂੰ ਆਪਣੇ ਸਤਿਗੁਰੂ ਜੀ ਦੇ ਚਰਨਾਂ ਵਿਚ ਹਮੇਸ਼ਾ ਸਮਰਪਿਤ ਰਹਿੰਦੇ ਹਨ। ਕਰਤਾ ਉਨ੍ਹਾਂ ਨੂੰ ਅਪਣਾ ਲੈਂਦਾ ਹੈ। ਤੇ ਫਿਰ ਭਲਾ ਕਸ਼ਟ ਦੁੱਖ ਪੀੜਾਂ ਉਨ੍ਹਾਂ ਨੂੰ ਕਿਵੇਂ ਸਤਾ ਸਕਦੀਆਂ, ਰਿਧੀਆਂ ਸਿਧੀਆਂ ਉਨ੍ਹਾਂ ਦੇ ਘਰ ਵਿੱਚ ਆਣ ਪਹੁੰਚਦੀਆਂ ਹਨ, ਤੇ ਉਨ੍ਹਾਂ ਦੇ ਪਿੱਛੇ ਪਿੱਛੇ ਫਿਰਦੀਆਂ ਹਨ :

**ਜੇ ਜੇ ਗੁਰ ਚਰਨਨ ਰਤ ਹ੍ਵੈ ਹੈਂ॥**
**ਤਿਨ ਕੋ ਕਸਟਿ ਨ ਦੇਖਨ ਪੈਹੈਂ॥**
**ਰਿੱਧ ਸਿੱਧ ਤਿਨ ਕੇ ਗ੍ਰਿਹ ਮਾਹੀਂ॥**
**ਪਾਪ ਤਾਪ ਛ੍ਵੈ ਸਕੈ ਨ ਛਾਹੀਂ॥੧੪॥** ਦਸਮ ਗ੍ਰੰਥ ਪੰਨਾ ੭੨

ਅਕਾਲ ਪੁਰਖ ਆਪਣੇ ਭਗਤਾਂ ਪਿਆਰਿਆਂ ਦੇ ਕਸ਼ਟ ਸਹਿਨ ਨਹੀਂ ਕਰ ਸਕਦੇ, ਇਸ ਲਈ ਉਨ੍ਹਾਂ ਦੇ ਸਿਰਾਂ ਉਤੇ ਆਪਣਾ ਹੱਥ ਰੱਖ ਕੇ ਰੱਖਿਆ ਕਰਦੇ ਹਨ। ਜਿਸਦੇ ਸਿਰ ਦੇ ਉੱਤੇ ਉਸ ਅਕਾਲ ਪੁਰਖ ਪ੍ਰੀਤਮ ਦਾ ਹੱਥ ਹੈ, ਉਸ ਦਾ ਕੋਈ ਵੀ ਕੁਛ ਨਹੀਂ ਵਿਗਾੜ ਸਕਦਾ। ਉਨ੍ਹਾਂ ਦਾ ਰਾਖਾ ਤਾਂ ਉਹ ਆਪ ਹੈ।

**ਸੰਤਨ ਕਸਟ ਨਾ ਦੇਖਨ ਪਾਯੋ॥**
**ਆਪ ਹਾਥ ਦੈ ਨਾਥ ਬਚਾਯੋ॥੨੩॥** ਦਸਮ ਗ੍ਰੰਥ ਪੰਨਾ ੭੨

**ਦੋਹਿਰਾ॥ ਜਿਸਨੋ ਸਾਜਨ ਰਾਖਸੀ ਦੁਸਮਨ ਕਵਨ ਬਿਚਾਰ॥**
**ਛ੍ਵੈ ਨ ਸਕੈ ਤਿਹ ਛਾਹਿ ਕੌ ਨਿਹਫਲ ਜਾਇ ਗਵਾਰ॥੨੪॥**
**ਜੇ ਸਾਧੂ ਸਰਨੀ ਪਰੇ ਤਿਨਕੇ ਕਵਣ ਬਿਚਾਰ॥**
**ਦੰਤ ਜੀਭ ਜਿਮ ਰਾਖਿ ਕੈ ਦੁਸਟ ਅਰਿਸਟ ਸੰਘਾਰ॥੨੫॥**

ਦਸਮ ਗ੍ਰੰਥ ਪੰਨਾ ੭੨

## ੧੦

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵਾਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ਮ: ੫, ਪੰਨਾ ੧੩੫

***ਸ਼ਬਦਾਰਥ :***

ਮੰਘਿਰਿ—ਮੰਘਰ ਵਿਚ। ਮਾਹਿ—ਮਹੀਨੇ ਵਿਚ। ਸੁਹੰਦੀਆ—ਸੋਭਦੀਆਂ ਹਨ। ਪਿਰ ਸੰਗਿ—ਪਤੀ ਦੇ ਨਾਲ। ਗਣੀ—ਗਿਣੀ ਨਹੀਂ ਜਾ ਸਕਦੀ, ਬਿਆਨ ਨਹੀਂ ਹੋ ਸਕਦੀ। ਜਿ—ਜਿਨ੍ਹਾਂ ਨੂੰ। ਸਾਹਿਬਿ—ਸਾਹਿਬ ਨੇ। ਮੇਲੜੀਆਹ—ਮੇਲੀਆਂ ਹਨ। ਮਉਲਿਆ—ਖਿੜਿਆ ਹੈ। ਰਾਮ ਸਿਉ—ਅਕਾਲ ਪੁਰਖ ਨਾਲ। ਸੰਗਿ ਸਾਧ ਸਹੇਲੜੀਆਹ—ਸਤ ਸੰਗੀਆਂ ਨਾਲ। ਤੇ—ਤੋਂ। ਬਾਹਰੀ—ਬਿਨਾ। ਇਕੇ ਲੜੀਆਹ—ਦੁਖੀ। ਰਾਵਿਆ—ਸਿਮਰਿਆ। ਖੜੀਆਹ—ਸਾਵਧਾਨ, ਸੁਚੇਤ॥ ਕੰਠਿ—ਗਲ ਵਿਚ। ਜੜੀਆਹ—ਜੜੇ ਹੋਏ ਹਨ। ਬਾਂਛੈ—ਮੰਗਦਾ ਹੈ। ਦਰਿ—ਦਰ ਉਤੇ, ਦਰਵਾਜ਼ੇ ਵਿਚ। ਬਹੁੜਿ—ਮੁੜ ਫਿਰ। ਜਨਮੜੀਆਹ—ਜਨਮ, ਜੰਮਣਾ।

***ਵਿਆਖਿਆ :***

ਮੱਘਰ ਦੇ ਮਹੀਨੇ ਵਿਚ ਉਹ ਜੀਵ ਰੂਪੀ ਇਸਤ੍ਰੀਆਂ ਸੁਹਣੀਆਂ ਲਗਦੀਆਂ ਹਨ ਜੋ ਆਪਣੇ ਹਰੀ, ਪਤੀ ਨਾਲ ਬੈਠ ਕੇ ਸ਼ੋਭਨੀਕ ਹੁੰਦੀਆਂ ਹਨ। ਇਸਤ੍ਰੀ ਦਾ ਸ਼ਿੰਗਾਰ ਤਾਂ ਉਸ ਦਾ ਆਪਣਾ ਪਤੀ ਹੈ, ਆਪਣੇ ਪਤੀ ਤੋਂ ਬਿਨਾਂ ਇਸਤ੍ਰੀ ਮਾਨ, ਸ਼ੋਭਾ ਅਤੇ ਵਡਿਆਈ ਨਹੀਂ ਪ੍ਰਾਪਤ ਕਰ ਸਕਦੀ। ਆਪਣੇ ਪਿਆਰੇ ਅਕਾਲ ਪੁਰਖ ਦਾ ਨਾਮ ਸਿਮਰਨ ਕਰ ਕੇ, ਉਸ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਕੇ, ਜੀਵ ਰੂਪੀ ਇਸਤ੍ਰੀ ਸੁਹਣੀ ਲਗਦੀ ਹੈ ਜਦੋਂ ਉਸ ਨੂੰ ਸਾਧਾਂ ਨਾਲ ਬੈਠਣ ਦਾ ਅਵਸਰ ਮਿਲਦਾ ਹੈ ਤੇ ਫਿਰ—

**ਹਰਿ ਦੁਆਰੈ ਖਰੀਆ ॥**
**ਦਰਸਨੁ ਕਰੀਆ ॥**
**ਨਾਨਕ ਗੁਰੁ ਮਿਰੀਆ ॥**
**ਬਹੁਰਿ ਨ ਫਿਰੀਆ ॥** ਸੂਹੀ ਮ: ੫, ਪੰਨਾ ੭੪੬

ਜਦੋਂ ਉਨ੍ਹਾਂ ਨੂੰ ਆਪਣੇ ਪਿਆਰੇ ਨਾਲ ਇਕ ਮਿਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਫਿਰ ਉਨ੍ਹਾਂ ਦੀ ਸੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਉਹ ਜੀਵ ਰੂਪੀ ਇਸਤ੍ਰੀਆਂ ਬਹੁਤ ਉਪਮਾ ਦੇ ਯੋਗ ਹਨ, ਕਿਉਂਕਿ ਉਨ੍ਹਾਂ ਦੇ ਚੰਗੇ ਤੇ ਸ਼ੁਭ ਗੁਣਾਂ ਕਰ ਕੇ, ਅਕਾਲ ਪੁਰਖ ਨੇ ਆਪਣੇ ਨਾਲ ਮੇਲ ਲਿਆ ਹੈ। ਆਪਣੇ ਪਿਆਰੇ ਪ੍ਰਭੂ ਦੀ ਚਰਨ ਰਜ ਪ੍ਰਾਪਤ ਕਰ ਕੇ ਜੀਵ ਰੂਪੀ ਇਸਤ੍ਰੀ ਅਤਿ ਸਿਆਣੀ, ਅਤਿ ਸੁੰਦਰ, ਅਤਿ ਸੋਭਾਵੰਤੀ ਨਾਰ ਬਣ ਗਈ।

**ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥**
**ਸਦਾ ਰਾਵੇ ਪਿਰੁ ਅਪਾਣਾ ਸਚੈ ਪ੍ਰੇਮਿ ਪਿਆਰ ॥**
**ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥**
**ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥** ਮ: ੩, ਪੰਨਾ ੯੦

ਜਦੋਂ ਆਪਣੇ ਪਿਆਰੇ ਦਾ ਪਿਆਰ ਮਿਲ ਗਿਆ, ਉਸ ਦੇ ਨਾਲ ਮੇਲ-ਮਿਲਾਪ ਹੋ ਗਿਆ, ਫਿਰ ਹਰ ਪਾਸੇ ਆਨੰਦ ਹੀ ਆਨੰਦ ਦੀ ਪ੍ਰਾਪਤੀ। ਸਤ ਸੰਗ ਸਹੇਲੀਆਂ ਦੀ ਸੰਗਤ ਪ੍ਰਾਪਤ ਕਰ ਕੇ, ਉਨ੍ਹਾਂ ਦੇ ਵਿੱਚ ਰਹਿ ਕੇ, ਜੀਵ ਰੂਪੀ ਇਸਤ੍ਰੀ ਨੇ ਆਪਣੇ ਪਿਆਰੇ ਦੇ ਚਰਨਾਂ ਵਿੱਚ ਚਿਤ ਜੋੜ ਲਿਆ ਤੇ ਉਸ ਦਾ ਤਨ, ਮਨ ਆਪਣੇ ਪਿਆਰੇ ਦੇ ਮਿਲਾਪ ਨਾਲ ਖਿੜ ਗਿਆ, ਪੁਲਕਿਤ ਹੋ ਗਿਆ। ਉਸ ਨੂੰ ਇਧਰ ਉਧਰ ਦੀਆਂ ਸੰਸਾਰਿਕ ਗੱਲਾਂ ਵਿੱਚ ਰਤੀ ਭਰ ਵੀ ਰੁਚੀ ਨਾ ਰਹਿ ਗਈ ਤੇ ਉਹ ਹੁਣ ਆਪਣੀਆਂ ਸਖੀਆਂ, ਸਹੇਲੀਆਂ ਨਾਲ ਮਿਲ ਕੇ ਆਪਣੇ ਪਿਆਰੇ ਦੇ ਗੁਣਾਂ ਦਾ ਗਾਣ ਕਰਨ ਵਿਚ ਖ਼ੁਸ਼ ਰਹਿੰਦੀ ਹੈ।

**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥**
**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥**
**ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥**
ਸਿਰੀ ਰਾਗ ਮ: ੧, ਪੰਨਾ ੧੭

ਜੀਵ ਰੂਪੀ ਇਸਤ੍ਰੀ ਆਪਣੇ ਸਮਰੱਥ ਕੰਤ ਨੂੰ ਹਮੇਸ਼ਾਂ ਅਪਣੇ ਮਨ ਵਿੱਚ ਵਸਾ ਕੇ ਨਿਹਾਲ ਰਹਿੰਦੀ ਹੈ। ਉਸ ਦਾ ਮਨ ਤ੍ਰਿਪਤ ਰਹਿੰਦਾ ਹੈ ਤੇ ਉਹ ਹਮੇਸ਼ਾਂ ਸੁੱਖ ਦਾ ਅਨੁਭਵ ਕਰਦੀ ਹੈ। ਉਸ ਦੀਆਂ ਸਾਰੀਆਂ ਆਸ਼ਾਵਾਂ ਪੂਰਨ ਹੋ ਗਈਆਂ ਹਨ ਤੇ ਉਹ ਵਡਭਾਗਣ ਬਣ ਗਈ ਹੈ।

**ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ॥**
**ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਇ॥**
**ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ॥**

ਜੈਤਸਰੀ ਮ: ੫, ਪੰਨਾ ੭੦੪

ਇਕ ਪਾਸੇ ਤੇ ਉਹ ਜੀਵ ਰੂਪੀ ਇਸਤ੍ਰੀਆਂ ਹਨ ਜਿਹੜੀਆਂ ਸਾਧ-ਸੰਗ ਪ੍ਰਾਪਤ ਕਰ ਕੇ, ਆਪਣੇ ਪਿਆਰੇ ਦੀ ਸਰਾਹੁਣਾ ਵਿੱਚ ਲੱਗੀਆਂ ਹੋਈਆਂ ਹਨ ਤੇ ਦੂਸਰੇ ਪਾਸੇ ਉਹ ਜੀਵ ਰੂਪੀ ਇਸਤ੍ਰੀਆਂ ਵੀ ਹਨ ਜਿਹੜੀਆਂ ਸਤਿ-ਸੰਗਤ ਵਿਚ ਕਦੇ ਵੀ ਨਹੀਂ ਜਾਂਦੀਆਂ, ਉਸ ਤੋਂ ਦੂਰ ਰਹਿੰਦੀਆਂ ਹਨ ਉਹ ਹਮੇਸ਼ਾਂ ਇਕੱਲੀਆਂ ਹੀ ਰਹਿੰਦੀਆਂ ਹਨ। ਨਾ ਤੇ ਸਾਧਾਂ ਦੀ ਸੰਗਤ ਕੀਤੀ ਤੇ ਨਾ ਹੀ ਆਪਣੇ ਪਿਆਰੇ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

**ਦੋਹਾਗਣੀ ਕਿਆ ਨੀਸਾਣੀਆ॥**
**ਖਸਮਹੁ ਘੁਥੀਆ ਫਿਰਹਿ ਨਿਮਾਣੀਆ॥**
**ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥**

ਸਿਰੀ ਰਾਗ ਮ: ੧, ਪੰਨਾ ੭੨

ਉਹ ਹਮੇਸ਼ਾਂ ਦੁਖੀ ਰਹਿੰਦੀਆਂ ਹਨ, ਸੁੱਖ ਉਹਨਾਂ ਦੇ ਨੇੜੇ ਨਹੀਂ ਲੱਗਦਾ। ਉਨ੍ਹਾਂ ਦਾ ਦੁੱਖ ਕਦੇ ਦੂਰ ਨਹੀਂ ਹੁੰਦਾ ਤੇ ਉਹ ਆਪਣੇ ਆਪ ਜਮਾਂ ਦੇ ਵੱਸ ਪੈਂਦੀਆਂ ਹਨ। ਸਾਧ-ਸੰਗਤ ਤੋਂ ਬੇਮੁਖ ਰਹਿੰਦੀਆਂ ਹਨ ਤੇ ਦੂਸਰੇ ਪਾਸੇ ਜਿਨ੍ਹਾਂ ਜੀਵ ਰੂਪੀ ਇਸਤ੍ਰੀਆਂ ਨੇ ਆਪਣੇ ਪ੍ਰਭੂ ਪਿਆਰੇ ਨੂੰ ਸਿਮਰਿਆ ਹੈ, ਉਹ ਸਦਾ ਲਈ ਉਸ ਦੀ ਹਜ਼ੂਰੀ ਵਿਚ ਖਲੋਤੀਆਂ ਦਿੱਸਦੀਆਂ ਹਨ, ਉਨ੍ਹਾਂ ਨੂੰ ਹੋਰ ਕੋਈ ਯਾਦ ਨਹੀਂ ਆਉਂਦਾ, ਉਨ੍ਹਾਂ ਦਾ ਚਿੱਤ ਹਮੇਸ਼ਾਂ ਆਪਣੇ ਪਿਆਰੇ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ।

**ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ॥**
**ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ॥**
**ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ॥**

ਬਿਲਾਵਲ ਮ: ੫, ਪੰਨਾ ੮੪੬

ਉਹ ਹਮੇਸ਼ਾਂ ਪਿਆਰ ਵਿਚ ਮਸਤ ਰਹਿੰਦੀਆਂ ਹਨ, ਇਸ ਕਰ ਕੇ ਵਿਸ਼ੇ ਵਿਕਾਰ ਉਨ੍ਹਾਂ ਕੋਲੋਂ ਬਹੁਤ ਦੂਰ ਰਹਿੰਦੇ ਹਨ,ਉਹ ਹਮੇਸ਼ਾਂ ਸੁਚੇਤ ਦਿਸਦੀਆਂ ਹਨ। ਵਿਸ਼ੇ ਵਿਕਾਰ ਉਹਨਾਂ ਤੇ ਕੋਈ ਅਸਰ ਨਹੀਂ ਕਰ ਸਕਦੇ, ਕਿਉਂਕਿ ਉਨ੍ਹਾਂ ਦੇ ਗਲੇ ਅਕਾਲ ਪੁਰਖ ਪ੍ਰਭੂ ਦੇ ਨਾਮ ਰੂਪੀ ਰਤਨ, ਜਵਾਹਰ, ਲਾਲ ਆਦਿ ਨਾਲ ਮੜੇ ਹੋਏ ਹਾਰਾਂ ਨਾਲ ਸੁਸ਼ੋਭਿਤ ਹੋ ਰਹੇ ਹਨ। ਉਹ ਹਰ ਸਮੇਂ ਸਵਾਸ-

ਸਵਾਸ ਉਸ ਦੇ ਅਮੋਲਕ ਨਾਮ ਦਾ ਸਿਮਰਨ ਕਰਦੀਆਂ ਰਹਿੰਦੀਆਂ ਹਨ। ਸੱਚੇ ਪਾਤਸ਼ਾਹ ਜੀ ਉਨ੍ਹਾਂ ਸਤਿਸੰਗੀਆਂ ਦੇ ਚਰਨਾਂ ਦੀ ਧੂੜ ਮੰਗਦੇ ਹਨ, ਜਿਹੜੇ ਪ੍ਰਭੂ ਦੇ ਦਰ ਉਤੇ ਉਸ ਦੀ ਸ਼ਰਨ ਵਿੱਚ ਪਏ ਹਨ। ਉਨ੍ਹਾਂ ਦੇ ਚਰਨਾਂ ਦੀ ਰਜ ਮਸਤਕ ਨੂੰ ਲਗਾਉਣ ਨੂੰ ਜੀਅ ਕਰਦਾ ਹੈ। ਮੰਘਰ ਦੇ ਮਹੀਨੇ ਵਿੱਚ ਉਸ ਅਕਾਲ ਪੁਰਖ ਦਾ ਸਿਮਰਨ ਕਰਨ ਨਾਲ ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ, ਚੌਰਾਸੀ ਦੀਆਂ ਜੂਨਾਂ ਵਿਚ ਭਟਕਣਾ ਨਹੀਂ ਪੈਂਦਾ, ਤੇ ਸਦਾ ਇੱਕ ਰਸ ਆਪਣੇ ਪਿਆਰੇ ਦੇ ਮਿਲਾਪ ਤੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੁੰਦਾ ਹੈ।

***ਭਾਵ :***

ਜਿੰਹੜੀਆਂ ਜੀਵ ਰੂਪੀ ਇਸਤ੍ਰੀਆਂ ਆਪਣੇ ਪਿਆਰੇ ਦੇ ਪਿਆਰ ਦਾ ਆਨੰਦ ਮਾਣਦੀਆਂ ਹਨ, ਉਨ੍ਹਾਂ ਦਾ ਤਨ, ਮਨ ਹਮੇਸ਼ਾਂ ਖਿੜਿਆ ਰਹਿੰਦਾ ਹੈ, ਉਹ ਲੋਕ ਪਰਲੋਕ ਵਿਚ ਸ਼ੋਭਾ ਖਟਦੀਆਂ ਹਨ, ਉਹ ਵਿਸ਼ੇ ਵਿਕਾਰਾਂ ਤੋਂ ਦੂਰ ਰਹਿੰਦੀਆਂ ਹਨ ਤੇ ਇਸ ਤੋਂ ਵਿਪਰੀਤ ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਉਸ ਪਿਆਰੇ ਨੂੰ ਵਿਸਾਰ ਦਿੰਦੀਆਂ ਹਨ, ਉਨ੍ਹਾਂ ਦੀ ਉਮਰ ਦੁੱਖਾਂ ਵਿੱਚ ਬੀਤਦੀ ਹੈ, ਉਹ ਵਿਸ਼ੇ ਵਿਕਾਰਾਂ ਦੀ ਅੱਗ ਵਿਚ ਸੜਦੀਆਂ ਰਹਿੰਦੀਆਂ ਹਨ।

# ਤਿਨ ਕੀ ਸੋਭਾ ਕਿਆ ਗਣੀ

### *ਬਾਬਾ ਰਿਖੀ ਸਿੰਘ ਜੀ*

ਜਿਹੜੇ ਮਹਾਨ ਅਧਿਆਤਮਕ ਪੁਰਖ ਭਜਨ ਬੰਦਗੀ ਕਰ ਕੇ, ਆਪਣੇ ਆਪ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਹਮੇਸ਼ਾਂ ਲਿਵਲੀਨ ਰਖਦੇ ਹਨ, ਉਹ ਉਸ ਦੇ ਪਿਆਰੇ ਬਣ ਜਾਂਦੇ ਹਨ, ਉਸ ਦੇ ਆਸ਼ਕ ਹੋ ਜਾਂਦੇ ਹਨ, ਉਸ ਦੇ ਹਰਮਨ ਪਿਆਰੇ ਸੰਤ ਬਣ ਜਾਂਦੇ ਹਨ। ਇਸ਼ਟ ਆਪਣੇ ਆਸ਼ਕ ਬਿਨਾਂ ਨਹੀਂ ਰਹਿ ਸਕਦਾ ਅਤੇ ਆਸ਼ਕ ਇਸ਼ਟ ਦਾ ਹਮੇਸ਼ਾਂ ਆਸਰਾ ਢੂੰਡਦਾ ਰਹਿੰਦਾ ਹੈ। ਇਹੋ ਜਿਹੇ ਮਹਾਨ ਆਤਮਕ ਰੂਹਾਨੀ ਮੰਡਲ ਵਿਚ ਉਡਾਰੀਆਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਦੀ ਸੋਭਾ ਦਾ ਵਰਣਨ ਕਰਨਾ ਅਤਿ ਕਠਿਨ ਹੋ ਜਾਂਦਾ ਹੈ। ਉਹ ਆਪਣੇ ਪਿਆਰੇ ਦੀ ਅਰਾਧਨਾ ਕਰ ਕੇ ਆਪ ਤਾਂ ਸੋਭਨੀਯ ਹੋ ਹੀ ਜਾਂਦੇ ਹਨ, ਸਗੋਂ ਆਪਣੀ ਸੋਭਾ ਦੀ ਮਹਿਕ ਨਾਲ ਆਪਣੇ ਚਾਰ ਚੁਫੇਰੇ ਵਿਚਰਦੇ ਲੋਕਾਂ ਨੂੰ ਸੁਗੰਧਿਤ ਕਰ ਦਿੰਦੇ ਹਨ, ਉਨ੍ਹਾਂ ਦੀ ਮਹਿਕ ਸੀਮਿਤ ਨਾ ਰਹਿ ਕੇ ਦੂਰ-ਦੂਰ ਤਕ ਫੈਲ ਜਾਂਦੀ ਹੈ।

ਇਹੋ ਜਿਹੀ ਮਹਾਨ ਅਧਿਆਤਮਕ ਸ਼ਖ਼ਸੀਅਤ ਸਨ ਸੰਤ ਬਾਬਾ ਰਿਖੀ ਸਿੰਘ ਜੀ ਮਦਾਰ ਵਾਲੇ। ਬਚਪਨ ਤੋਂ ਹੀ ਬਾਬਾ ਜੀ ਦੀ ਬਿਰਤੀ ਸਾਧੂਆਂ ਸੰਤਾਂ ਵਾਲੀ ਸੀ। ਸਾਧੂ ਸੰਤਾਂ ਦਾ ਸੰਗ ਬਾਬਾ ਜੀ ਨੂੰ ਬਹੁਤ ਪਸੰਦ ਸੀ, ਇਸ ਕਰ

ਕੇ ਜਦੋਂ ਜ਼ਰਾ ਕੁ ਹੋਸ਼ ਸੰਭਾਲੀ ਤਾਂ ਬਾਬਾ ਜੀ ਸੰਤਾਂ ਸਾਧੂਆਂ ਦੀ ਮੰਡਲੀ ਵਿੱਚ ਰਲ ਗਏ। ਇਕ ਦਿਨ ਮਾਲਵੇ ਦੇ ਕਿਸੇ ਪਿੰਡ ਵਿੱਚ ਦੁੱਧ ਮੰਗਣ ਲਈ ਗਏ। ਘਰ ਆ ਕੇ ਜਦੋਂ ਭਜਨ ਬੰਦਗੀ ਕਰਨ ਲੱਗੇ ਤਾਂ ਮਨ ਬਿਰਤੀ ਇਕਾਗਰ ਨਾ ਹੋਈ। ਮਨ ਵਿਚ ਬਹੁਤ ਪਛਤਾਵਾ ਕੀਤਾ, ਖਾਣਾ ਪੀਣਾ, ਬੰਦ ਕਰ ਦਿੱਤਾ ਤੇ ਪਿੰਡ ਦੇ ਬਾਹਰ ਛੱਪੜ ਦੇ ਕੰਢੇ ਉਤੇ ਸਮਾਧੀ ਲਗਾ ਕੇ ਬਹਿ ਗਏ ਤੇ ਮਨ ਵਿਚ ਧਾਰਨ ਕਰ ਲਿਆ ਜਿੰਨੀ ਦੇਰ ਅਕਾਲ ਪੁਰਖ ਦੇ ਸਰਗੁਣ ਸਰੂਪ ਦੇ ਸਾਖਿਆਤ ਦਰਸ਼ਨ ਨਹੀਂ ਹੋ ਜਾਂਦੇ, ਉਨੀ ਦੇਰ ਸਮਾਧੀ ਲਗਾ ਕੇ ਰਖਣੀ ਹੈ। ਦਿਨ ਰਾਤ ਨਾਮ ਸਿਮਰਨ ਵਿੱਚ ਲਿਵਲੀਨ ਹੋ ਗਏ। ਇੱਕ ਦਿਨ ਬਾਬਾ ਜੀ ਨੂੰ ਇਹ ਆਵਾਜ਼ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ, "ਰਿਖੀ ਸਿੰਘਾ, ਉੱਠ ਤੇ ਗੰਗਾ ਦੇ ਹੀਰਾ ਘਾਟ ਉਤੇ ਪਹੁੰਚ ਉਥੇ ਜਿਹੜਾ ਤੈਨੂੰ ਮੰਤ੍ਰ ਦੇਵੇਗਾ, ਉਹ ਮੈਂ ਹੀ ਹੋਵਾਂਗਾ।" ਇਹ ਆਵਾਜ਼ ਸੁਣਦਿਆਂ ਸਾਰ ਹੀ ਰਿਖੀ ਸਿੰਘ ਜੀ ਆਪਣੀ ਸਮਾਧੀ ਤੋਂ ਉਠ ਕੇ ਇੱਕ ਦਮ ਹੀਰਾ ਘਾਟ ਵਲ ਤੁਰ ਪਏ। ਉਥੇ ਪਹੁੰਚ ਕੇ ਇਕ ਨੂਰਾਨੀ ਇਲਾਹੀ ਉੱਚ ਅਧਿਆਤਮਕ ਸ਼ਖ਼ਸੀਅਤ ਦੇ ਦਰਸ਼ਨ ਹੋਏ, ਜੋ ਉਸ ਵੇਲੇ ਆਪਣੇ ਪਵਿਤਰ ਕਰ ਕਮਲਾਂ ਨਾਲ ਗੰਨੇ ਵੰਡ ਰਹੇ ਸਨ। ਜਿਹੜੇ ਮਨੁੱਖ ਨੇ ਭਜਨ ਲੈ ਕੇ ਆਪਣਾ ਜੀਵਨ ਸਫਲ ਕਰਨਾ ਹੋਵੇ, ਉਸ ਨੂੰ ਆਪਣੇ ਪਵਿਤਰ ਕਰ ਕਮਲਾਂ ਨਾਲ ਇੱਕ ਗੰਨਾ ਦੇ ਦਿੰਦੇ।

ਬਾਬਾ ਰਿਖੀ ਸਿੰਘ ਜੀ ਇਹ ਸਭ ਕੁਛ ਵੇਖ ਰਹੇ ਸਨ ਕਿ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਵਾਜ਼ ਮਾਰ ਕੇ ਆਪਣੇ ਕੋਲ ਸੱਦਿਆ। ਆਪਣੇ ਕੋਲ ਬੁਲਾ ਕੇ ਉਸ ਨੂੰ ਇਕ ਗੰਨਾ ਦਿੱਤਾ, ਨਾਲ ਹੀ ਬਾਬਾ ਜੀ ਦੇ ਕੰਨਾਂ ਵਿਚ ਭਜਨ ਦੀ ਦਾਤ ਬਖਸ਼ ਕੇ ਉਨ੍ਹਾਂ ਦਾ ਲੋਕ ਪਰਲੋਕ ਸੰਵਾਰ ਦਿੱਤਾ। ਭਜਨ ਲੈਂਦੇ ਸਾਰ ਹੀ ਆਪਣੇ ਸਰੀਰ ਦੀ ਸੁਧ ਬੁਧ ਨਾ ਰਹੀ, ਵੈਰਾਗੀ ਹੋ ਗਏ ਸਤਿਗੁਰੂ ਜੀ ਨੇ ਬਾਬਾ ਜੀ ਨੂੰ ਘਰ ਜਾਣ ਲਈ ਹੁਕਮ ਕੀਤਾ, ਪਰ ਬਾਬਾ ਜੀ ਲਈ ਸਤਿਗੁਰੂ ਜੀ ਦੇ ਘਰ ਦਰ ਤੋਂ ਬਿਨਾਂ ਕੋਈ ਟਿਕਾਣਾ ਨਹੀਂ ਸੀ। ਬਾਬਾ ਜੀ ਨੇ ਕਛਹਿਰਾ ਨਹੀਂ ਪਾਇਆ ਸੀ, ਇਸ ਕਰ ਕੇ ਕਈ ਲੋਕ ਆਪਣੇ ਮਨ ਵਿਚ ਸ਼ੰਕਾ ਕਰਦੇ ਕਿ ਇਸ ਲੰਗੋਟੀ ਵਾਲੇ ਸਿੱਖ ਨੂੰ ਸਤਿਗੁਰੂ ਜੀ ਆਪਣੇ ਕੋਲ ਬਿਠਾਉਂਦੇ ਹਨ। ਸਤਿਗੁਰੂ ਜੀ ਨੇ ਬਖਸ਼ਸ਼ ਕੀਤੀ ਤੇ ਬਾਬਾ ਜੀ ਨੂੰ ਕਛਹਿਰਾ ਦਿੱਤਾ। ਬਾਬਾ ਜੀ ਉਸ ਕਛਹਿਰੇ ਨੂੰ ਹਰ ਵੇਲੇ ਪਾਈ ਰਖਦੇ ਸਨ ਤੇ ਇਸ਼ਨਾਨ ਕਰ ਕੇ ਉਹੀ ਗਿੱਲਾ ਕਛਹਿਰਾ ਹਮੇਸ਼ਾਂ ਹੀ ਪਾਈ ਰੱਖਦੇ। ਸਤਿਗੁਰੂ ਜੀ ਨੇ ਇੱਕ ਹੋਰ ਕਛਹਿਰਾ ਬਾਬਾ ਜੀ ਨੂੰ ਦਿੱਤਾ।

ਬਾਬਾ ਜੀ ਹਰ ਵੇਲੇ ਭਜਨ ਬੰਦਗੀ, ਨਾਮ ਸਿਮਰਨ ਵਿੱਚ ਆਪਣਾ ਸਮਾਂ ਸਫਲ ਕਰਦੇ। ਇੱਕ ਵਾਰੀ ਇੱਕ ਮਾਈ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਉਹ ਦਸ ਸੰਤਾਂ ਨੂੰ ਭੋਜਨ ਛਕਾ ਕੇ, ਸੇਵਾ

ਕਰਨ ਦਾ ਸੁਭਾਗ ਪ੍ਰਾਪਤ ਕਰਨਾ ਚਾਹੁੰਦੀ ਹੈ। ਸਤਿਗੁਰੂ ਜੀ ਨੇ ਮਾਈ ਨੂੰ ਹੁਕਮ ਕੀਤਾ ਕਿ ਉਹ ਆਪਣੇ ਨਾਲ ਬਾਬਾ ਰਿਖੀ ਸਿੰਘ ਜੀ ਨੂੰ ਲੈ ਜਾਣ, ਕਿਉਂਕਿ ਉਹ ਇਕੱਲੇ ਹੀ ਦਸਾਂ ਦੇ ਬਰਾਬਰ ਹਨ। ਮਾਈ ਆਪਣੀ ਹੱਥੀਂ ਲੰਗਰ ਪਕਾ ਕੇ ਸੰਤਾਂ ਦੀ ਟਹਿਲ ਸੇਵਾ ਕਰਦੀ। ਸੰਤ ਜੀ ਹਰ ਵੇਲੇ ਭਜਨ ਬੰਦਗੀ ਵਿੱਚ ਮਸਤ ਰਹਿੰਦੇ। ਇਸ ਲਈ ਉਥੋਂ ਦੇ ਪ੍ਰੇਮੀ ਲੋਕਾਂ ਨੇ ਸੰਤਾਂ ਲਈ ਬਾਹਰ ਇਕਾਂਤ ਵਿੱਚ ਇੱਕ ਕੁਟੀਆ ਬਣਵਾ ਦਿੱਤੀ। ਕੁਟੀਆ ਵਿੱਚ ਬਾਬਾ ਜੀ ਭਜਨ ਵਿੱਚ ਆਨੰਦ ਮਗਨ ਰਹਿੰਦੇ। ਲੋਕਾਂ ਦੀਆਂ ਲੰਮੀਆਂ ਕਤਾਰਾਂ ਸੰਤਾਂ ਦੇ ਦਰਸ਼ਨਾਂ ਲਈ ਲਗੀਆਂ ਰਹਿੰਦੀਆਂ। ਜੇ ਕਰ, ਕਿਸੇ ਨੇ ਆਪ ਜੀ ਦੇ ਚਰਨਾਂ ਵਿੱਚ ਮਾਇਆ ਦੀ ਸੇਵਾ ਭੇਟਾ ਕੀਤੀ, ਆਪਣੇ ਪੈਰਾਂ ਦੇ ਥੱਲੇ ਰੱਖ ਕੇ ਕਹਿਣਾ, ਜੋੜੇ ਦੇ ਕੰਮ ਵੀ ਨਹੀਂ। ਫਿਰ ਉਸ ਮਾਇਆ ਨੂੰ ਹੱਥ ਬਾਂਹ ਤੇ ਰਖ ਕੇ ਕਹਿਣਾ ਇਹ ਤਾਂ ਬਸਤ੍ਰ ਦੇ ਵੀ ਕੰਮ ਦਾ ਨਹੀਂ, ਫਿਰ ਉਸ ਨੂੰ ਆਪਣੀ ਰਸਨਾ ਤੇ ਰੱਖ ਕੇ ਸੁਆਦ ਚੱਖਣਾ ਤੇ ਕਹਿਣਾ ਇਸ ਦਾ ਤਾਂ ਕੋਈ ਸੁਆਦ ਵੀ ਨਹੀਂ।' ਇਹ ਸਭ ਕੁਝ ਕਰ ਕੇ ਉਸ ਮਾਇਆ ਨੂੰ ਜਿਸ ਨੇ ਉਨ੍ਹਾਂ ਨੂੰ ਭੇਟਾ ਕੀਤੀ ਹੁੰਦੀ, ਵਾਪਸ ਮੋੜ ਦੇਣਾ।

ਲੋਕਾਂ ਨੇ ਜਦੋਂ ਵੇਖਿਆ ਕਿ ਸੰਤ ਜੀ ਕੋਈ ਵੀ ਵਸਤੂ ਪਰਵਾਨ ਨਹੀਂ ਕਰਦੇ, ਤਾਂ ਭਾਂਡੇ ਬਸਤ੍ਰ ਭੇਟਾ ਕਰਨੇ ਸ਼ੁਰੂ ਕਰ ਦਿੱਤੇ। ਜਦੋਂ ਕੁਟੀਆ ਭਾਂਡਿਆਂ ਨਾਲ ਖਚਾ-ਖਚ ਭਰ ਗਈ, ਤਾਂ ਸੰਤ ਜੀ ਨੇ ਇੱਕ ਦਿਨ ਮੋਟਾ ਜਿਹਾ ਡੰਡਾ ਫੜ ਕੇ ਸਾਰੇ ਭਾਂਡੇ ਤੋੜ ਭੰਨ ਦਿੱਤੇ। ਸਾਰੇ ਕਪੜਿਆਂ ਨੂੰ ਅੱਗ ਲਾ ਦਿੱਤੀ ਤੇ ਸਭ ਕੁਝ ਸੜ ਕੇ ਸੁਆਹ ਹੋ ਗਿਆ। ਸੰਤ ਜੀ ਕਹਿਣ ਲੱਗੇ ਕਿ ਹੁਣ ਕੁਟੀਆ ਸਾਫ ਸੁਥਰੀ ਹੋ ਗਈ ਹੈ।

ਜਿਹੜੇ ਮਾਤਾ ਜੀ ਕੋਲ ਬਾਬਾ ਜੀ ਰਹਿੰਦੇ ਸਨ, ਇੱਕ ਦਿਨ ਉਹ ਖੂਬ ਕੰਮ ਕਾਰ ਵਿਚ ਰੁੱਝੇ ਸਨ। ਸੰਤਾਂ ਨੇ ਰੁਝੇਵੇਂ ਦਾ ਕਾਰਨ ਪੁੱਛਿਆ ਤਾਂ ਉੱਤਰ ਵਿਚ ਮਾਈ ਨੇ ਆਖਿਆ ਕਿ ਉਸ ਦੀ ਬੇਟੀ ਦਾ ਆਨੰਦ ਹੋਣ ਵਾਲਾ ਹੈ, ਇਸ ਲਈ ਉਹ ਤਿਆਰੀਆਂ ਵਿਚ ਜੁੱਟੀ ਪਈ ਹੈ। ਸੰਤਾਂ ਨੇ ਕਿਹਾ, "ਮਾਈ ਕਿਉਂ ਖਾਹ-ਮੁਖਾਹ ਖਪ ਰਹੀ ਹੈਂ। ਬੀਬੀ ਨੇ ਕਲ੍ਹ ਨੂੰ ਚੜ੍ਹਾਈ ਕਰ ਜਾਣਾ ਹੈ।" ਦੂਸਰੇ ਦਿਨ ਸੱਚ-ਮੁੱਚ ਉਸ ਬੀਬੀ ਨੇ ਆਪਣੇ ਪ੍ਰਾਣ ਤਿਆਗ ਦਿੱਤੇ।

ਸੰਤ ਨਰੈਣ ਸਿੰਘ ਜੀ ਅਤੇ ਵਸਾਵਾ ਸਿੰਘ ਜੀ ਬਾਬਾ ਜੀ ਨੂੰ ਆਪਣੇ ਕੋਲ ਮਦਾਰ ਲੈ ਆਏ। ਉਨ੍ਹਾਂ ਨੇ ਤਨ, ਮਨ, ਧਨ ਨਾਲ ਸੰਤਾਂ ਦੀ ਸੇਵਾ ਕਰ ਕੇ ਉਨ੍ਹਾਂ ਦੀਆਂ ਅਪਾਰ ਖੁਸ਼ੀਆਂ ਤੇ ਬਖਸ਼ਸ਼ਾਂ ਦੇ ਪਾਤਰ ਬਣੇ। ਅੰਤਲੇ ਸਮੇਂ ਤਕ ਸੰਤ ਜੀ ਪਿੰਡ ਮਦਾਰ ਵਿਖੇ ਹੀ ਰਹੇ ਅਤੇ ਸਾਰਾ ਸਮਾਂ ਭਜਨ ਬੰਦਗੀ ਕਰਦਿਆਂ ਹੋਇਆਂ ਬਤੀਤ ਕੀਤਾ।

# ੧੧

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਂਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥

ਮਾਝ ਮ: ੫, ਪੰਨਾ ੧੩੫

**ਸ਼ਬਦਾਰਥ :**

ਪੋਖਿ—ਪੋਹ ਦੇ ਮਹੀਨੇ ਵਿਚ। ਤੁਖਾਰੁ—ਕੱਕਰ, ਪਾਲਾ। ਵਿਆਪਈ—ਲੱਗਦਾ, ਪੋਂਹਦਾ। ਕੰਠਿ—ਗਲ ਨਾਲ। ਨਾਹ—ਨਾਥ, ਪਤੀ। ਬੇਧਿਆ—ਵਿੰਨਿਆ ਜਾਂਦਾ ਹੈ। ਚਰਨਾਰਬਿੰਦ—ਚਰਨ ਕੰਵਲਾਂ ਨਾਲ। ਦਰਸਨਿ—ਦੀਦਾਰ ਵਿਚ। ਸਾਹੁ—ਇੱਕ ਇੱਕ ਸਾਹ। ਲਾਹੁ—ਲਾਭ। ਬਿਖਿਆ—ਮਾਇਆ। ਗੁਣ ਗਾਹੁ—ਗੁਣਾਂ ਦੀ ਵਿਚਾਰ। ਜਹ ਤੇ—ਜਿਸ ਪ੍ਰਭੂ ਤੋਂ। ਸਮਾਹੁ—ਲਿਵ, ਸੱਚੀ ਪ੍ਰੀਤ ਵਿਚ ਸਮਾ ਗਈ। ਕਰੁ—ਹੱਥ। ਗਹਿ—ਫੜ ਕੇ। ਬਾਰਿ ਜਾਉ—ਮੈਂ ਵਾਰਨੇ ਜਾਂਦੀ ਹਾਂ। ਬੇਰੀਆਂ—ਵੇਰੀ। ਅਗਮ—ਅਪਹੁੰਚ। ਅਗਾਹੁ—ਥਾਹ, ਰਹਿਤ। ਸਰਮ—ਲਾਜ। ਦਰਿ—ਦਰ ਉਤੇ। ਪਈਅਹੁ—ਪਿਆਂ ਦੀ। ਅਗਾਹੁ—ਡੂੰਘੇ ਜਿਗਰ ਵਾਲਾ। ਸੁਹੰਦਾ—ਸੁਹਣਾ ਲਗਦਾ ਹੈ।

***ਵਿਆਖਿਆ :***

ਪੋਹ ਦੇ ਮਹੀਨੇ ਵਿਚ ਕੜਾਕੇ ਦੀ ਠੰਢ ਵਿੱਚ ਸ਼ਿਖਰਾਂ ਦਾ ਪਾਲਾ ਪੈਂਦਾ ਹੈ, ਸਾਰਾ ਵਾਤਾਵਰਣ ਕੋਹਰੇ ਦੀ ਲਪੇਟ ਵਿੱਚ ਹੁੰਦਾ ਹੈ। ਉਹ ਜੀਵ ਰੂਪੀ ਇਸਤ੍ਰੀਆਂ, ਜਿਨ੍ਹਾਂ ਦਾ ਮਿਲਾਪ ਆਪਣੇ ਹਿਰਦੇ ਵਿਚ ਪ੍ਰਭੂ ਪਤੀ ਨਾਲ ਲੱਗਾ ਹੋਇਆ ਹੋਵੇ, ਉਸ ਨੂੰ ਕੱਕਰ, ਅਤਿ ਦੀ ਸਰਦੀ ਕੁਝ ਨਹੀਂ ਕਹਿੰਦੀ, ਉਨ੍ਹਾਂ ਨੂੰ ਪੋਹ ਦੀ ਬਰਫੀਲੀ ਠੰਢ ਦਾ ਦੁੱਖ ਅਨੁਭਵ ਨਹੀਂ ਹੁੰਦਾ।

ਉਨ੍ਹਾਂ ਦੇ ਹਿਰਦੇ ਅੰਦਰ ਅਕਾਲ ਪੁਰਖ ਪ੍ਰਭੂ ਪਤੀ ਦਾ ਵਾਸਾ ਹੁੰਦਾ ਹੈ ਅਤੇ ਮਨ ਉਸ ਦੇ ਚਰਨ ਕੰਵਲਾਂ ਨਾਲ ਵਿੰਨਿਆ ਹੋਇਆ ਹੁੰਦਾ ਹੈ ਤੇ ਉਸ

ਦੀ ਬਿਰਤੀ ਆਪਣੇ ਪ੍ਰਭੂ ਪਿਆਰੇ ਦੇ ਦੀਦਾਰ ਦੀ ਤਾਂਘ ਵਿੱਚ ਲੱਗੀ ਰਹਿੰਦੀ ਹੈ, ਹਰ ਵੇਲੇ ਦਰਸ਼ਨਾਂ ਦੀ ਤੜਪ ਬਣੀ ਰਹਿੰਦੀ ਹੈ।

**ਆਸਾਵੰਤੀ ਆਸ ਗੁਸਾਈ ਪੂਰੀਐ॥**
**ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ॥**
**ਦੇਹੁ ਦਰਸੁ ਮਨਿ ਚਾਉ ਲਹਿ ਜਾਹਿ ਵਿਸੂਰੀਐ॥**
**ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ॥**
**ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ॥**

ਜੈਤਸਰੀ ਕੀ ਵਾਰ ਮ: ੫, ਪੰਨਾ ੭੦੮

ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਨੇ ਆਪਣੇ ਪਿਆਰੇ ਪ੍ਰਭੂ ਗੋਬਿੰਦ, ਗੋਪਾਲ ਦਾ ਆਸਰਾ ਲਿਆ, ਉਸਦੀ ਓਟ ਲਈ, ਉਨ੍ਹਾਂ ਨੇ ਪ੍ਰਭੂ-ਪਤੀ ਦੀ ਸੇਵਾ ਦਾ ਲਾਭ ਖੱਟ ਲਿਆ। ਉਸ ਨੂੰ ਆਪਣੇ ਪਿਆਰੇ ਸੁਆਮੀ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ ਦਿੱਸਦਾ। ਉਹ ਅਪਣੇ ਇੱਕ ਸੁਆਮੀ ਪ੍ਰੀਤਮ ਤੋਂ ਬਿਨਾਂ ਕਿਸੇ ਹੋਰ ਭਰੋਸੇ ਤੇ ਆਸਰੇ ਤੇ ਰਹਿੰਦੀਆਂ ਹੀ ਨਹੀਂ, ਉਨ੍ਹਾਂ ਨੂੰ ਉਸ ਦੀ ਸੇਵਾ ਭਗਤੀ ਦਾ ਲਾਭ ਪ੍ਰਾਪਤ ਹੁੰਦਾ ਹੈ, ਉਹ ਆਪ ਤਾਂ ਆਪਣੇ ਪਿਆਰੇ ਦੀ ਸੋਭਾ ਕਰ ਕੇ ਤ੍ਰਿਪਤ ਹੁੰਦੀਆਂ ਹਨ, ਸਗੋਂ ਹੋਰਨਾਂ ਨੂੰ ਵੀ ਉਸ ਸੇਵਾ ਵਾਲੇ ਪਾਸੇ ਪ੍ਰੇਰਿਤ ਕਰਦੀਆਂ ਹਨ। ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਆਪਣੇ ਮਨ ਨੂੰ ਆਪਣੇ ਪਿਆਰੇ ਦੇ ਚਰਨ ਕੰਵਲਾਂ ਨਾਲ ਜੋੜਦੀਆਂ ਹਨ, ਉਸ ਦੀ ਸੇਵਾ ਕਮਾਉਂਦੀਆਂ ਹਨ, ਉਸ ਦੀ ਰਜ਼ਾ ਵਿੱਚ ਰਹਿੰਦੀਆਂ ਹਨ, ਉਹ ਹਰ ਵੇਲੇ ਆਪਣੇ ਪਿਆਰੇ ਦੇ ਗੀਤ ਗਾਉਂਦੀਆਂ ਰਹਿੰਦੀਆਂ ਹਨ, ਹਰ ਵੇਲੇ ਸੰਤਾਂ ਸਾਧਾਂ ਦਾ ਸੰਗ ਕਰ ਕੇ ਉਸ ਦੀ ਸਿਫਤਿ ਸਲਾਹ ਵਿੱਚ ਅਪਣੀ ਰਸਨਾ ਪਵਿਤਰ ਕਰਦੀਆਂ ਹਨ, ਮਾਇਆ ਅਤੇ ਵਿਸ਼ੇ ਵਿਕਾਰ ਉਨ੍ਹਾਂ ਦੇ ਨੇੜੇ ਨਹੀਂ ਲੱਗ ਸਕਦੇ, ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ। ਅਕਾਲ ਪੁਰਖ ਪ੍ਰਭੂ ਪਿਆਰੇ ਦੇ ਗੁਣ ਗਾਉਣ ਨਾਲ ਮਨ ਦੇ ਵਿਕਾਰ ਮਲ, ਵਿਖੇਪ ਆਦਿ ਦੂਰ ਹੋ ਜਾਂਦੇ ਹਨ। ਉਨ੍ਹਾਂ ਦਾ ਮਨ ਹਰ ਵੇਲੇ ਨਾਮ ਸਿਮਰਨ ਵਿੱਚ ਜੁੜਿਆ ਰਹਿੰਦਾ ਹੈ, ਇਸ ਕਰ ਕੇ ਵਿਸ਼ੇ ਵਿਕਾਰ ਉਸ ਨਿਰਮਲ ਮਨ ਦੇ ਨੇੜੇ ਨਹੀਂ ਆ ਸਕਦੇ।

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥**
**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਉ॥**
**ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ॥**
**ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਆਪਨੈ ਕੀਓ॥**

ਬਿਲਾਵਲ ਮ: ੫, ਪੰਨਾ ੮੦੨

ਨਾਮ ਮਹਾ ਰਸ ਦਾ ਅੰਮ੍ਰਿਤ ਪਾਣ ਕਰ ਕੇ ਜੀਵ ਰੂਪੀ ਇਸਤ੍ਰੀ ਜਿਥੋਂ

ਉਤਪੰਨ ਹੋਈ ਸੀ, ਉਸੇ ਵਿੱਚ ਹੀ ਜਾ ਕੇ ਮਿਲ ਗਈ। ਉਸ ਦੀ ਲਿਵ ਹਮੇਸ਼ਾਂ ਹੀ ਪ੍ਰਭੂ ਦੀ ਪ੍ਰੀਤਿ ਵਿਚ ਲੱਗੀ ਰਹਿੰਦੀ ਹੈ ਤੇ ਆਪਣੀ ਉੱਚੀ ਤੇ ਸੁੱਚੀ ਪ੍ਰੀਤ ਕਰ ਕੇ ਉਸ ਦੇ ਸਰੂਪ ਵਿਚ ਲੀਨ ਹੋ ਜਾਂਦੀ ਹੈ।

**ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ**
**ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਗੇ॥**
**ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ**
**ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਗੇ॥**
**ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ**
**ਪਾਨ ਕੇ ਤਰੰਗ ਸਭੈ ਪਾਨ ਹੀ ਕਹਾਗਗੇ॥**
**ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ**
**ਤਾਹੀ ਤੇ ਉਪਜ ਸਭੈ ਤਾਹੀ ਮੈਂ ਸਮਾਹਗੇ॥** ਦਸਮ ਗ੍ਰੰਥ, ਪੰਨਾ ੧੯

ਉਸ ਦੇ ਪਿਆਰੇ ਪ੍ਰੀਤਮ ਨੇ ਉਸ ਦਾ ਹੱਥ ਫੜ ਕੇ ਉਸ ਨੂੰ ਆਪਣੇ ਚਰਨਾਂ ਨਾਲ ਜੋੜਿਆ ਤੇ ਇਹ ਮੇਲ-ਮਿਲਾਪ ਕੁਝ ਪਲਾਂ ਲਈ ਨਹੀਂ ਸਗੋਂ ਚਿਰ ਸਦੀਵੀ ਹੋ ਗਿਆ। ਉਹ ਹੁਣ ਕਦੇ ਵੀ ਆਪਣੇ ਪਿਆਰੇ ਨਾਲੋਂ ਨਹੀਂ ਵਿਛੱੜੇਗੀ, ਉਸ ਦੇ ਪਿਆਰ ਦਾ ਆਨੰਦ ਹਮੇਸ਼ਾ-ਹਮੇਸ਼ਾ ਲਈ ਮਾਣੇਗੀ। ਉਸ ਦਾ ਪਿਆਰਾ ਉਸ ਨੂੰ ਆਪਣੇ ਨਾਲੋਂ ਕਦੇ ਵੀ ਵਿਛੋੜੇਗਾ ਨਹੀਂ। ਇਹੋ ਜਿਹੇ ਪਿਆਰੇ ਪ੍ਰਭੂ ਤੋਂ ਜੀਵ-ਇਸਤ੍ਰੀ ਲੱਖ ਵੇਰਾ ਬਲਿਹਾਰ ਜਾਂਦੀ ਹੈ, ਉਹ ਪ੍ਰਭੂ ਬੜਾ ਅਪਹੁੰਚ ਹੈ, ਬੜਾ ਡੂੰਘਾ ਹੈ।

**ਹਉ ਵਾਰਿ ਵਾਰਿ ਜਾਉ ਗੁਰ ਗੋਪਾਲ॥ ਰਹਾਉ॥**
**ਮੋਹਿ ਨਿਰਗੁਨ ਤੁਮ ਪੂਰਨ ਦਾਤੇ ਦੀਨਾ ਨਾਥ ਦਇਆਲ॥**
**ਊਠਤ ਬੈਠਤ ਸੋਵਤ ਜਾਗਤ ਜੀਅ ਪ੍ਰਾਨ ਧਨ ਮਾਲ॥**

ਨਟ ਮ: ੪, ਪੰਨਾ ੯੮੦

ਜਿਹੜੇ ਉਸ ਅਕਾਲ ਪੁਰਖ ਪ੍ਰਭੂ ਦੇ ਦਰਵਾਜ਼ੇ ਉਤੇ ਜਾਂਦੇ ਹਨ, ਆਪਾ ਉਸ ਦੇ ਅਗੇ ਅਰਪਣ ਕਰਦੇ ਹਨ, ਉਹ ਸ਼ਰਨ ਵਿੱਚ ਆਇਆਂ ਦੀ ਹਮੇਸ਼ਾ ਲਾਜ ਰੱਖਦਾ ਹੈ, ਇੱਜ਼ਤ ਰਖਦਾ ਹੈ। ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਆਪਣੇ ਦਿਲ ਵਿੱਚ ਆਪਣੇ ਪਿਆਰੇ ਲਈ ਅਪਾਰ ਸ਼ਰਧਾ ਤੇ ਪ੍ਰੇਮ ਲੈ ਕੇ ਦੀਨ ਹੋ ਕੇ, ਆਪਾ ਨਿਉਛਾਵਰ ਕਰਦੀਆਂ ਹਨ, ਅਕਾਲ ਪੁਰਖ ਉਨ੍ਹਾਂ ਦੀ ਪੈਜ, ਲਾਜ ਜ਼ਰੂਰ ਰਖਦੇ ਹਨ। ਅਕਾਲ ਪੁਰਖ ਪੋਹ ਦੇ ਮਹੀਨੇ ਵਿੱਚ ਉਨ੍ਹਾਂ ਜੀਵ ਰੂਪੀ ਇਸਤ੍ਰੀਆ ਲਈ ਸਾਰੇ ਸੁੱਖਾਂ ਦੇ ਦਰਵਾਜੇ ਖੋਲ੍ਹ ਦਿੰਦਾ ਹੈ। ਉਨ੍ਹਾਂ ਨੂੰ ਪੋਹ ਦਾ ਮਹੀਨਾ ਅਤਿ ਸੁਹਾਵਣਾ, ਅਤਿ ਸੁੰਦਰ ਅਤਿ ਰਮਣੀਕ ਲਗਦਾ ਹੈ, ਉਨ੍ਹਾਂ ਨੂੰ ਸਰਬ ਗੁਣਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਮਾਈ ਮੇਰੇ ਮਨ ਕੋ ਸੁਖੁ॥
ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ॥ ਰਹਾਉ॥
ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ॥
ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ॥
ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥
ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ॥

ਟੋਡੀ ਮ: ੫, ਪੰਨਾ ੭੧੭

***ਭਾਵ :***

ਜਿਸ ਜੀਵਾਤਮਾ ਦਾ ਹਿਰਦਾ ਆਪਣੇ ਪਿਆਰੇ ਦੇ ਚਰਨਾਂ ਨਾਲ ਜੁੜਿਆ ਹੋਵੇ, ਆਪਣੇ ਸਤਿਗੁਰੂ ਦੀ ਕ੍ਰਿਪਾ ਸਦਕਾ ਉਹ ਹਰ ਵੇਲੇ ਨਾਮ ਸਿਮਰਨ ਕਰਦੀ ਹੈ ਅਤੇ ਇਸ ਨੂੰ ਉਹ ਆਪਣੇ ਜੀਵਨ ਦੀ ਅਸਲ ਕਮਾਈ ਸਮਝਦੀ ਹੈ. ਉਹ ਸੁਆਰਥਮਈ ਨਾ ਹੋ ਕੇ ਨਿਸ੍ਵਾਰਥਮਈ ਹੋ ਜਾਂਦੀ ਹੈ। ਉਸ ਦੇ ਹਿਰਦੇ ਅੰਦਰ ਹਰ ਵੇਲੇ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਬਣੀ ਰਹਿੰਦੀ ਹੈ। ਦਰ ਤੇ ਡਿੱਗੇ ਦੀ ਅਕਾਲ ਪੁਰਖ ਲਾਜ ਰਖਦਾ ਹੈ ਤੇ ਉਸ ਨੂੰ ਸਾਰੇ ਹੀ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

# ਸੇਵਾ ਸੁਆਮੀ ਲਾਹੁ

***ਸੇਵਾ***

ਇਤਿਹਾਸ ਦੇ ਪੰਨੇ ਪਲਟਾਉਣ ਤੇ ਸਪਸ਼ਟ ਹੁੰਦਾ ਹੈ ਕਿ ਹਰ ਜੁੱਗ ਵਿਚ ਹਰ ਸਮੇਂ ਅਨੇਕਾਂ ਹੀ ਐਸੀਆਂ ਸ਼ਖ਼ਸੀਅਤਾਂ ਪੈਦਾ ਹੋਈਆਂ ਹਨ, ਜਿਹੜੀਆਂ ਆਪਣੇ ਗੋਵਿੰਦ ਗੋਪਾਲ ਦੀ ਓਟ ਲੈ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਇੱਕ ਆਦਰਸ਼ ਚਾਨਣ ਮੁਨਾਰਾ ਬਣਦੀਆਂ ਹਨ। ਸਰਵਣ ਕੁਮਾਰ ਦੇ ਨਾਮ ਤੋਂ ਕੌਣ ਜਾਣੂ ਨਹੀਂ, ਲਛਮਣ ਦੀ ਸੇਵਾ ਕਿਸ ਕੋਲੋਂ ਲੁਕੀ ਹੈ, ਰਜਨੀ ਦੀ ਆਪਣੇ ਕੋਹੜੀ ਪਤੀ ਦੀ ਸੇਵਾ ਤੇ ਕੌਣ ਪਰਿਚਿਤ ਨਹੀਂ। ਮਾਂ ਆਪਣੇ ਬੱਚੇ ਦੀ ਹਰ ਪ੍ਰਕਾਰ ਨਾਲ ਸੇਵਾ ਕਰਦੀ ਹੈ, ਆਪਣੇ ਆਪ ਤੇ ਆਏ ਹਰ ਪ੍ਰਕਾਰ ਦੇ ਕਸ਼ਟਾਂ ਨੂੰ ਸਹਾਰ ਕੇ ਵੀ ਆਪਣੇ ਬਾਲਕ ਨੂੰ ਤੱਤੀ ਵਾ ਤੱਕ ਨਹੀਂ ਲੱਗਣ ਦਿੰਦੀ। ਨਰਸਾਂ, ਡਾਕਟਰ ਆਪਣੇ ਮਰੀਜ਼ ਨੂੰ ਸੇਵਾ ਨਾਲ ਹੀ ਠੀਕ ਕਰ ਲੈਂਦੇ ਹਨ। ਲੋਕ ਸਾਧਾਂ ਸੰਤਾਂ ਦੀ ਸੇਵਾ ਕਰਦੇ ਹਨ ਕਿ ਉਹ ਆਪਣਾ ਲੋਕ ਪਰਲੋਕ ਸੁਧਾਰ ਸਕਣ। ਸਿੱਖ ਆਪਣੇ ਪਿਆਰੇ ਸਤਿਗੁਰੂ ਦੀ ਸੇਵਾ ਕਰਦਾ ਹੈ ਤਾਂ ਕਿ ਉਹ 'ਲੱਖ ਖੁਸ਼ੀਆ ਪਾਤਸ਼ਾਹੀਆ' ਦਾ ਪਾਤਰ ਬਣ ਸਕੇ, ਪਰ ਬੜੇ ਭਾਗਸ਼ਾਲੀ ਹਨ, ਉਹ ਜਿਨ੍ਹਾਂ ਨੂੰ ਇਹ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਇਹ ਅਵਸਰ

ਪ੍ਰਾਪਤ ਕਰਨਾ ਇਤਨਾ ਸਹਿਜ ਨਹੀਂ। ਜਿਨ੍ਹਾਂ ਨੂੰ ਇਹ ਅਵਸਰ ਮਿਲਦਾ ਹੈ, ਉਹ ਆਪਣੇ ਸਤਿਗੁਰੂ ਪਿਆਰੇ ਪ੍ਰੀਤਮ ਦੀ ਸੇਵਾ ਕਰ ਕੇ ਜਨਮ-ਜਨਮਾਂਤਰਾਂ ਦੀ ਮੈਲ ਧੋ ਲੈਂਦੇ ਹਨ। ਸਤਿਗੁਰੂ ਉਨ੍ਹਾਂ ਦੀ ਸੇਵਾ ਘਾਲ ਨੂੰ ਪ੍ਰਵਾਨ ਕਰ ਲੈਂਦੇ ਹਨ ਤੇ ਉਨ੍ਹਾਂ ਦੇ ਜਨਮ-ਜਨਮਾਤਰਾਂ ਦੇ ਕਸ਼ਟ, ਪਾਪ ਨਸ਼ਟ ਕਰ ਕੇ ਆਪਣੇ ਚਰਨੀਂ ਲਾ ਲੈਂਦੇ ਹਨ :

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥**
**ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥**
**ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥**

ਗਉੜੀ ਮ: ੫, ਪੰਨਾ ੩੧੪

ਸੇਵਾ ਇੱਕ ਪ੍ਰਕਾਰ ਨਾਲ ਨਹੀਂ, ਸਗੋਂ ਆਪਣੇ ਪਿਆਰੇ ਸਤਿਗੁਰੂ ਜੀ ਦੀ ਸੇਵਾ ਅਨੇਕ ਤਰ੍ਹਾਂ ਨਾਲ ਹੋ ਸਕਦੀ ਹੈ। ਆਪਣਾ ਜੀਵਨ ਸਤਿਗੁਰੂ ਦੀ ਸੇਵਾ ਵਿੱਚ, ਆਪਣੇ ਪ੍ਰਾਣ, ਆਪਣਾ ਮਨ ਸਭ ਆਪਣੇ ਪ੍ਰੀਤਮ ਦੇ ਚਰਨਾਂ ਵਿੱਚ ਹਾਜ਼ਿਰ, ਆਪਣਾ ਅਭਿਮਾਨ ਤਿਆਗ ਕੇ ਜਲ ਦੀ ਸੇਵਾ ਕਰਨੀ, ਪੱਖੇ ਨਾਲ ਹਵਾ ਕਰ ਕੇ ਅਨੇਕ ਵਾਰੀ ਬਲਿਹਾਰੀ ਹੋਣਾ, ਦਾਸੀ ਹੋ ਕੇ ਆਪਣੇ ਪ੍ਰੀਤਮ ਲਈ ਪਾਣੀ ਭਰਨਾ, ਅਭਿਮਾਨ ਤਿਆਗ ਕੇ ਆਪਣੇ ਪਿਆਰੇ ਨੂੰ ਨਿਮਖ-ਨਿਮਖ ਅਰਾਧਣਾ, ਦਿਨ ਰਾਤ ਸੇਵਾ ਲਈ ਤੱਤਪਰ ਰਹਿਣਾ।

ਭਾਈ ਗੁਰਦਾਸ ਜੀ ਫਰਮਾਉਂਦੇ ਹਨ :

*ਪੈਰੀ ਪੈ ਪਾ ਖਾਕ ਹੋਇ ਛਡਿ ਮਣੀ ਮਨੂਰੀ॥*
*ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ॥*
*ਤ੍ਰਪੜ ਝਾੜਿ ਵਿਛਾਇੰਦਾ ਚੁਲਿ ਝੋਕਿ ਨ ਝੂਰੀ॥* ਵਾਰ ੨੭ ਪਉੜੀ ੧੯

ਸਾਧ ਸੰਗਤ ਲਈ ਪਾਣੀ ਭਰਨਾ, ਪੱਖਾ ਝੱਲਣਾ, ਦਾਣੇ ਪੀਹਣੇ, ਦਰੀਆਂ ਆਦਿ ਝਾੜ ਕੇ ਵਿਛਾਉਣੀਆਂ ਸੇਵਾ ਹੀ ਹੈ, ਗੁਰਸਿੱਖ ਸੇਵਾ ਵਿਚ ਲੱਗ ਕੇ ਆਪਣਾ ਜਨਮ ਸੰਵਾਰ ਲੈਂਦੇ ਹਨ। ਭਾਈ ਗੁਰਦਾਸ ਜੀ ਫਰਮਾਉਂਦੇ ਹਨ :

*ਗੁਰਸਿਖਾ ਗੁਰਸਿਖ ਸੇਵਾ ਲਾਇਆ॥*
*ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ॥*
*ਤਪੜੁ ਝਾੜਿ ਵਿਛਾਇ ਧੂੜੀ ਨਾਇਆ॥*
*ਕੋਰੇ ਮਟ ਅਣਾਇ, ਨੀਰੁ ਭਰਾਇਆ॥*
*ਆਣਿ ਮਹਾ ਪਰਸਾਦੁ ਵੰਡਿ ਖੁਵਾਇਆ॥* ਵਾਰ ੨੦ ਪਉੜੀ ੧੦

ਸਾਧ ਸੰਗਤ ਦੀ ਸੇਵਾ ਕਰ ਕੇ ਸੁੱਖ ਤੇ ਆਨੰਦ ਪ੍ਰਾਪਤ ਹੁੰਦਾ ਹੈ। ਸਤਿਗੁਰੂ

ਜੀ ਦੀਆਂ ਅਪਾਰ ਖ਼ੁਸ਼ੀਆਂ ਮਿਲਦੀਆਂ ਹਨ। ਸਾਧ ਸੰਗਤ ਲਈ ਪਾਣੀ ਭਰਨਾ, ਇੰਦਰ ਪੁਰੀ ਦੇ ਲੱਖ ਰਾਜਾਂ ਤੋਂ ਉੱਤਮ ਹੈ। ਸਾਧ ਸੰਗਤ ਲਈ ਅਨਾਜ ਪੀਹਣ ਦਾ ਮਹਾਤਮ ਵੀ ਕੋਈ ਘੱਟ ਨਹੀਂ।

*ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ॥*
*ਲਖ ਸੁਰਗ ਸਿਰਤਾਜ ਗਲਾ ਪੀਹਾਵਣੀ॥* (ਵਾਰ ੧੪, ਪਉੜੀ ੧੮)

ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਵਿੱਚ ਬੜੇ ਸੁੰਦਰ ਢੰਗ ਨਾਲ ਸਪਸ਼ਟ ਕੀਤਾ ਹੈ ਕਿ ਗੁਰਸਿੱਖ ਨੂੰ ਇਸ਼ਨਾਨ ਕਰਾਉਣ ਦਾ, ਜਲ ਛਕਾਉਣ ਦਾ, ਪ੍ਰਸ਼ਾਦਾ ਛਕਾਉਣ ਦਾ ਫਲ ਅਸ਼ਵਮੇਧ ਜਗ ਕਰਨ ਦੇ ਬਰਾਬਰ ਹੈ।

*ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ*
*ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥*
*ਸਿਖ ਕਉ ਪਿਲਾਏ ਪਾਨੀ ਭਾਉ ਕਰਿ ਕੁਰਖੇਤ*
*ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥*

ਕਬਿੱਤ ੬੭੩ ਭਾਈ ਗੁਰਦਾਸ ਜੀ

ਸ੍ਰੀ ਸਤਿਗੁਰੂ ਅਮਰਦਾਸ ਜੀ ਸਿਖਿਆ ਦਿੰਦੇ ਹਨ, "ਹੇ ਮਨੁੱਖ ਜੇ ਕਰ ਤੂੰ ਹੋਰ ਕਿਸੇ ਕਿਸਮ ਦੀ ਵੀ ਸੇਵਾ ਕਰੇਂਗਾ ਤਾਂ ਉਹ ਵਿਅਰਥ ਹੈ, ਉਸ ਦਾ ਕੋਈ ਲਾਭ ਨਹੀਂ, ਸਿਰਫ ਆਪਣੇ ਪਿਆਰੇ ਸਤਿਗੁਰੂ ਜੀ ਦੀ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਦੀ ਸੇਵਾ ਕਰ ਕੇ ਮਨ ਇੱਛੇ ਫਲ ਦੀ ਪ੍ਰਾਪਤੀ ਹੁੰਦੀ ਹੈ।" ਆਪ ਜੀ ਫਰਮਾਉਂਦੇ ਹਨ।

**ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ॥**
**ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ॥**
**ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵਾ ਬਨੀ ਜੀਉ॥**

ਗੂਜਰੀ ਮ:: ੩, ਪੰਨਾ ੪੯੦

ਸ੍ਰੀ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਪ੍ਰੇਰਣਾ ਦਿੰਦੇ ਹਨ, "ਹੇ ਮਨੁੱਖ ਤੇਰੇ ਨਾਲ ਹਮੇਸ਼ਾਂ ਕਾਲ ਦਾ ਵਾਸਾ ਹੈ। ਇਸ ਲਈ ਤੁਸੀਂ ਸਾਧਾਂ ਦੀ, ਸੰਤਾਂ ਦੀ ਸੇਵਾ ਕਰੋ, ਤੇ ਜਮਾਂ ਦੀ ਫਾਹੀ ਤੋਂ ਬਚੋ।"

**ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ॥**
**ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ॥**

ਗਉੜੀ ਮ: ੫, ਪੰਨਾ ੨੧੪

ਸੇਵਾ ਕਰਨ ਦਾ ਅਵਸਰ ਬੜੇ ਭਾਗਾਂ ਨਾਲ, ਸਤਿਗੁਰੂ ਜੀ ਦੀ ਕ੍ਰਿਪਾ ਨਾਲ ਹੀ ਮਿਲਦਾ ਹੈ।

**ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥**
**ਤਾ ਕੀ ਪੂਰਨ ਆਸ ਜਿਨ ਸਾਧ ਸੰਗੁ ਪਾਇਆ॥** ਆਸਾ ਮ: ੫, ਪੰਨਾ ੪੫੭

ਸੇਵਾ ਕਰ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ, ਇੱਛਾਵਾਂ ਪੂਰਨ ਹੋ ਜਾਂਦੀਆਂ ਹਨ। ਫਾਹੀ ਦੇ ਫੰਧੇ ਕੱਟੇ ਜਾਂਦੇ ਹਨ, ਆਤਮਾ ਤ੍ਰਿਪਤ ਹੋ ਜਾਂਦੀ ਹੈ, ਸੰਤੋਖ ਦੀ ਪ੍ਰਾਪਤੀ ਹੋ ਜਾਂਦੀ ਹੈ, ਤਨ ਮਨ ਸ਼ੀਤਲ ਹੋ ਜਾਂਦਾ ਹੈ, ਸਭ ਤਰ੍ਹਾਂ ਦੇ ਬੰਧਨ ਟੁੱਟ ਜਾਂਦੇ ਹਨ, ਦੁਰਮਤਿ ਮਿੱਟ ਜਾਂਦੀ ਹੈ, ਹਉਮੈ ਖਤਮ ਹੋ ਜਾਂਦੀ ਹੈ, ਆਵਾਗਮਨ ਦੇ ਚੱਕਰ ਮਿੱਟ ਜਾਂਦੇ ਹਨ। ਸੇਵਕ ਆਪ ਤਾਂ ਇਸ ਭਵ ਸਾਗਰ ਤੋਂ ਤਰ ਹੀ ਜਾਂਦੇ ਹਨ ਤੇ ਨਾਲ ਹੀ ਆਪਣੇ ਕੁਟੰਬ ਨੂੰ ਵੀ ਤਾਰ ਲੈਂਦੇ ਹਨ।

**ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ॥**
**ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ॥** ਮ: ੫, ਪੰਨਾ ੩੦੦

ਹੱਥ ਓਹੀ ਸਫਲ ਹਨ, ਜਿਹੜੇ ਸਾਧ ਸੰਗਤ ਲਈ ਪਾਣੀ ਭਰਦੇ ਹਨ, ਪੈਰ ਧੋ ਕੇ ਚਰਨਾਮ੍ਰਿਤ ਪੀਂਦੇ ਹਨ, ਗੁਰਬਾਣੀ ਦੀਆਂ ਪੋਥੀਆਂ ਲਿਖਦੇ ਹਨ, ਤਾਲ ਮ੍ਰਿਦੰਗ, ਰਬਾਬ ਵਜਾ ਕੇ ਸਾਧ ਸੰਗਤ ਦੀ ਸੇਵਾ ਕਰਦੇ ਹਨ, ਕਿਰਤ ਕਰ ਕੇ ਭਲਾ ਮੰਨਦੇ ਹਨ, ਦੂਸਰੇ ਦੇ ਧਨ ਨੂੰ ਹੱਥ ਨਹੀਂ ਲਾਉਂਦੇ। ਆਪਾ ਗਵਾ ਕੇ ਵੀ ਜਤਾਉਂਦੇ ਨਹੀਂ। ਪੈਰ ਉਹ ਹਨ, ਜਿਹੜੇ ਗੁਰੂ ਦੇ ਮਾਰਗ ਤੇ ਚਲਦੇ ਹਨ, ਗੁਰਦੁਆਰੇ ਜਾ ਕੇ ਸਾਧ ਸੰਗਤ ਵਿੱਚ ਜਾ ਕੇ ਬਹਿੰਦੇ ਹਨ, ਜੋ ਪਰਉਪਕਾਰ ਕਰਨ ਲਈ ਭੱਜ ਪੈਂਦੇ ਹਨ ਤੇ ਇਸਦੇ ਵਿਪਰੀਤ ਜਿਹੜੇ ਲੋਕ ਸੇਵਾ ਨਹੀਂ ਕਰਦੇ, ਉਨ੍ਹਾਂ ਬਾਰੇ ਭਾਈ ਗੁਰਦਾਸ ਜੀ ਧ੍ਰਿਗ ਧ੍ਰਿਗ ਕਹਿੰਦੇ ਹਨ :

ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।
ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।
ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।
ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਣੀ॥

ਵਾਰ ੨੭, ਪਉੜੀ ੧੦

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਖਾਂ ਸਾਧਾਂ ਦੀ ਸੇਵਾ ਕਰਨ ਦਾ ਬਚਪਨ ਤੋਂ ਹੀ ਸ਼ੌਕ ਸੀ। ਇਸੇ ਲਈ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪ੍ਰਸ਼ਾਦਾ ਛਕਾ ਕੇ, ਆਪਣੀ ਮਾਇਆ ਸਫਲ ਕੀਤੀ। ਬੇਬੇ ਨਾਨਕੀ ਆਪਣੇ ਪਿਆਰੇ ਵੀਰ ਨੂੰ

ਅਕਾਲ ਪੁਰਖ ਸਮਝਦੀ ਸੀ, ਇਸ ਲਈ ਉਨ੍ਹਾਂ ਦੀ ਸੇਵਾ ਕਰ ਕੇ ਆਪਣੇ ਧੰਨ ਭਾਗ ਸਮਝਦੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਜਲ ਦੀਆਂ ਗਾਗਰਾਂ ਢੋ-ਢੋ ਕੇ ਬਾਰਾਂ ਸਾਲ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਵਿੱਚ ਸੇਵਕ ਬਣ ਕੇ ਸੇਵਾ ਕਰਦੇ ਰਹੇ। ਬੀਬੀ ਭਾਨੀ ਜੀ ਸੇਵਾ ਦੀ ਪ੍ਰਤੱਖ ਮੂਰਤ ਸਨ। ਜਦੋਂ ਤੋਂ ਹੋਸ਼ ਸੰਭਾਲੀ, ਆਪਣੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਨ ਲੱਗ ਪਏ। ਸਭ ਨੂੰ ਪਤਾ ਹੈ ਕਿ ਕਿਵੇਂ ਚੌਂਕੀ ਹੇਠਾਂ ਪਾਵੇ ਦੀ ਥਾਂ ਆਪਣਾ ਪੈਰ ਰੱਖ ਦਿੱਤਾ ਸੀ। ਖ਼ੂਨ.ਦੀ ਧਾਰ ਵੱਗ ਪਈ, ਪਰ ਉਫ ਨਾ ਕੀਤਾ। ਆਪਣੇ ਪਿਆਰੇ ਪਿਤਾ ਸਤਿਗੁਰੂ ਪਾਸੋਂ ਸੇਵਾ ਕਰ ਕੇ ਖ਼ੁਸ਼ੀਆਂ ਦੇ ਭੰਡਾਰੇ ਪ੍ਰਾਪਤ ਕਰ ਲਏ। ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਭਾਈ ਮੰਝ ਇੱਕ ਆਦਰਸ਼ ਸਿੱਖ ਸੇਵਕ ਬਣੇ। ਆਪਣੇ ਸਰੀਰ ਦੀ ਰਤਾ ਵੀ ਪਰਵਾਹ ਨਾ ਕੀਤੀ, ਲੰਗਰ ਲਈ ਲੱਕੜੀਆਂ ਦੀ ਪੰਡ ਦੀ ਜ਼ਿਆਦਾ ਚਿੰਤਾ ਸੀ ਉਨ੍ਹਾਂ ਨੂੰ, ਕਿਉਂਕਿ :

**ਨਿਮਖ ਨਿਮਖ ਏਹੀ ਆਰਾਧਉ॥ ਦਿਨਸੁ ਰੈਣਿ ਏਹ ਸੇਵਾ ਸਾਧਉ॥**
**ਭਏ ਕ੍ਰਿਪਾਲ ਗੁਪਾਲ ਗੋਬਿੰਦ॥ ਸਾਧ ਸੰਗਿ ਨਾਨਕ ਬਖਸਿੰਦ॥**

ਆਸਾ ਮ: ੫,•ਪੰਨਾ ੩੯੧

ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਕਾਬਲ ਤੋਂ ਇਕ ਬੀਬੀ ਸਰੋਵਰ ਦੀ ਕਾਰ ਸੇਵਾ ਕਰਨ ਲਈ ਰੋਜ਼ ਆਉਂਦੀ, ਇਕ ਹੱਥ ਨਾਲ ਆਪਣੇ ਸਵਾ ਸਾਲ ਦੇ ਬੱਚੇ ਦੇ ਪੰਘੂੜੇ ਨੂੰ ਹਿਲਾ ਲੈਂਦੀ, ਤਾਂ ਕਿ ਉਹ ਰੋਵੇ ਨਾ ਤੇ ਸਾਰਾ ਦਿਨ ਅਣਥੱਕ ਸੇਵਾ ਕਰ ਕੇ ਵਾਪਸ ਕਾਬਲ ਪਹੁੰਚ ਜਾਂਦੀ ਸੀ। ਭਾਈ ਘਨੱਈਆ ਜੀ ਨੂੰ ਸੇਵਾ ਕਰਦਿਆਂ-ਕਰਦਿਆਂ ਹਰ ਕਿਸੇ ਵਿੱਚ ਹੀ ਗੁਰੂ ਗੋਬਿੰਦ ਸਿੰਘ ਦੇ ਹੀ ਦਰਸ਼ਨ ਹੁੰਦੇ ਸਨ। ਸ੍ਰੀ ਮਾਨ ਬਾਬਾ ਜਮੀਤ ਸਿੰਘ ਜੀ ਗਿੱਲ ਨੂੰ ਮਸਤਾਨਿਆਂ ਦੀ ਸੇਵਾ ਕਰਨ ਦਾ ਬੜਾ ਸ਼ੌਕ ਸੀ। ਸੰਤ ਕੇਸਰ ਸਿੰਘ ਚਵਿੰਡੇ ਵਾਲੇ ਲੰਗਰ ਦਾ ਸਾਰਾ ਜਲ ਆਪਣੇ ਹੱਥੀਂ ਢੋਂਦੇ, ਸਭ ਨੂੰ ਅਪਣੇ ਹੱਥੀਂ ਇਸ਼ਨਾਨ ਕਰਾਉਂਦੇ ਤੇ ਸੇਵਾ ਵਿਚ ਮਸਤ ਹੋ ਕੇ ਸੇਵਾ ਰੂਪ ਹੀ ਹੋ ਜਾਂਦੇ। ਜਿਸ ਕਿਸੇ ਦੇ ਘਰ ਡੇਰਾ ਕਰਦੇ, ਕੋਈ ਨਾ ਕੋਈ ਸੇਵਾ ਲੈ ਲੈਂਦੇ। ਸੰਤ ਗੰਡਾ ਸਿੰਘ ਚੰਦ੍ਰੋਵਾਲ ਦਾ ਨਿਯਮ ਸੀ ਕਿ ਜਦ ਤਕ ਕਿਸੇ ਨਾਮਧਾਰੀ ਨੂੰ ਪ੍ਰਸ਼ਾਦਾ ਨਾ ਛਕਾ ਲੈਣ, ਆਪ ਵੀ ਨਹੀਂ ਸਨ ਛਕਦੇ। ਇਤਿਹਾਸ ਦੇ ਪੰਨੇ "ਸੇਵਕਾਂ" ਦੇ ਕਾਰਨਾਮਿਆਂ ਨਾਲ ਭਰਪੂਰ ਹਨ। ਮਾਤਾ ਜੀਵਨ ਕੌਰ ਦੇ ਅੰਦਰ ਸੇਵਾ ਭਾਵ ਏਡਾ ਪ੍ਰਬਲ ਸੀ ਕਿ ਜੇ ਕੋਈ ਸਿੱਖ ਬਿਮਾਰ ਹੋ ਜਾਂਦਾ ਤਾਂ ਉਸ ਦਾ ਵਿਸ਼ਟਾ ਤਕ ਆਪਣੇ ਹੱਥਾਂ ਨਾਲ ਸਾਫ ਕਰਨ ਤੇ ਵੀ ਉਨ੍ਹਾਂ ਨੂੰ ਰਤਾ ਭਰ ਵੀ ਗਿਲਾਨੀ

ਨਾ ਆਉਂਦੀ। ਮਾਤਾ ਜੀ ਨੇ ਜੋ ਪੰਥ ਦੀ ਸੇਵਾ ਕੀਤੀ ਹੈ ਉਹ ਸੁਨਹਿਰੀ ਅੱਖਰਾਂ ਵਿੱਚ ਲਿਖਣ ਯੋਗ ਹੈ। ਇਹੋ ਜਿਹੇ ਸੇਵਕਾਂ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ :

**ਅਪਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ॥**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥**

ਆਸਾ ਮ: ੫, ਪੰਨਾ ੪੦੩

# ੧੨

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥

ਮ: ੫, ਪੰਨਾ ੧੩੫

***ਸ਼ਬਦਾਰਥ :***

ਮਾਘਿ—ਮਾਘ ਮਹੀਨੇ ਵਿਚ। ਮਜਨੁ—ਤੀਰਥ ਇਸ਼ਨਾਨ, ਚੁੱਭੀ। ਜਨਮ ਕਰਮ ਮਲੁ—ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਂਦੀ ਹੋਈ ਵਿਕਾਰਾਂ ਦੀ ਮੈਲ। ਗੁਮਾਨੁ—ਅਹੰਕਾਰ। ਮੋਹੀਐ—ਠੱਗੇ ਜਾਈਦਾ। ਸੁਆਨੁ—ਕੁੱਤਾ। ਮਾਰਗਿ—ਰਸਤੇ ਉੱਤੇ। ਉਸਤਿਤ—ਸੋਭਾ। ਅਠਸਠਿ—ਅਠਾਹਠ। ਸਗਲ ਪੁੰਨ—ਹੋਰ ਸਾਰੇ ਪੁੰਨ ਕਰ ਕੇ। ਜੀਅ—ਜੀਵਾਂ ਤੇ। ਪਰਵਾਨੁ—ਮੰਨੀ ਗਈ ਹੋਈ, ਪ੍ਰਸਿੱਧ। ਕਰ— ਕਰ ਕੇ। ਸੁਜਾਨੁ—ਸਿਆਣਾ॥ ਕਾਂਢੀਅਹਿ—ਆਖੇ ਜਾਂਦੇ ਹਨ।

***ਵਿਆਖਿਆ :***

ਮਾਘੀ ਦੇ ਮਹੀਨੇ ਵਿੱਚ ਲੋਕਾਂ ਨੂੰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨਾ ਬਹੁਤ ਚੰਗਾ ਲਗਦਾ ਹੈ। ਇਸ਼ਨਾਨ ਕਰਨ ਉਪਰੰਤ .ਗਰੀਬਾਂ ਨੂੰ ਪੁੰਨ ਦਾਨ ਕਰ ਕੇ, ਉਹ ਸੋਚਦੇ ਹਨ ਕਿ ਉਨ੍ਹਾਂ ਦਾ ਤੀਰਥ ਤੇ ਜਾਣਾ ਸਫਲ ਹੋ ਗਿਆ, ਪਰ ਸੱਚੇ ਪਾਤਸ਼ਾਹ ਜੀ ਆਪਣੇ ਸਿੱਖਾਂ ਸੇਵਕਾਂ ਨੂੰ ਉਪਦੇਸ਼ ਦਿੰਦੇ ਹਨ ਕਿ ਮਾਘ ਦੇ ਮਹੀਨੇ ਵਿਚ ਸੰਤਾਂ ਸਾਧਾਂ ਦੀ ਸੰਗਤ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਦੀ ਚਰਨ-ਧੂੜੀ ਵਿੱਚ ਇਸ਼ਨਾਨ ਕਰ ਕੇ ਮਾਘ ਦਾ ਮਹੀਨਾ ਸਫਲ ਹੁੰਦਾ ਹੈ। ਗੁਰਮੁਖਾਂ, ਸਾਧੂਆਂ ਦੀ ਸੰਗਤ ਵਿਚ ਬੈਠ ਕੇ ਗਿਆਨ ਚਰਚਾ ਕਰਨਾ, ਇਸ ਤੋਂ ਉੱਤਮ ਹੋਰ ਇਸ਼ਨਾਨ ਕੋਈ ਨਹੀਂ ਹੋ ਸਕਦਾ। ਮਹਾਪੁਰਸ਼ਾਂ, ਮਹਾਤਮਾਂ ਦੀ ਚਰਨ-ਧੂੜ ਵਿਚ ਇਸ਼ਨਾਨ ਕਰਨਾ ਸਭ ਤੋਂ ਉੱਤਮ ਹੈ। ਇਸ ਤਰ੍ਹਾਂ ਦਾ ਇਸ਼ਨਾਨ ਕਰਨ ਉਪਰੰਤ ਲੋੜ ਹੈ ਅਕਾਲ-ਪੁਰਖ ਪ੍ਰਭੂ ਦਾ ਨਾਮ ਸੁਣ ਕੇ

ਸਿਮਰਨ ਕਰਨ ਦੀ। ਉਸ ਦਾ ਨਾਮ ਖੁਦ ਜਪ ਕੇ ਆਪਣਾ ਆਪ ਤਾਂ ਸਵਾਰਨਾ ਹੈ, ਪਰ ਦੂਸਰਿਆਂ ਨੂੰ ਵੀ ਉਸ ਦੇ ਨਾਮ ਦਾ ਦਾਨ ਦੇਣ ਦੀ ਲੋੜ ਹੈ।

**ਹਰਿ ਕਾ ਨਾਮੁ ਧਿਆਏ ਕੈ ਹੋਹੁ ਹਰਿਆ ਭਾਈ॥**
**ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥**
**ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥**
**ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥**
**ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥** ਮ: ੫, ਪੰਨਾ ੧੧੯੩

ਜਿਹੜੇ ਮਨੁੱਖ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਦੇ ਹਨ, ਫਿਰ ਦਾਨ ਦਿੰਦੇ ਹਨ, ਉਨ੍ਹਾਂ ਦੇ ਮਨ ਅੰਦਰ ਹਉਮੈ ਪੈਦਾ ਹੋ ਜਾਂਦੀ ਹੈ। ਅਹੰਕਾਰ ਜਾਗ ਪੈਂਦਾ ਹੈ, ਪਰ ਅਕਾਲ ਪੁਰਖ ਪ੍ਰਭੂ ਦਾ ਨਾਮ ਸੁਣ ਕੇ ਸਿਮਰਨ ਕਰਨ ਨਾਲ ਜਨਮ ਜਨਮਾਂਤਰਾਂ ਦੇ ਕੀਤੇ ਹੋਏ ਮੰਦੇ ਕਰਮਾਂ ਦੀ ਮੈਲ ਧੁਲ ਜਾਂਦੀ ਹੈ, ਮਨ ਦੇ ਵਿੱਚ ਆਏ ਹੋਏ ਹੰਕਾਰ ਦਾ ਨਾਸ ਹੋ ਜਾਂਦਾ ਹੈ। ਅਕਾਲ ਪੁਰਖ ਦਾ ਨਾਮ ਜਪ ਕੇ, ਉਸ ਦੀ ਸਿਫਤਿ ਸਲਾਹ ਸੁਣ ਕੇ ਤੇ ਇਹ ਦਾਤ ਦੂਸਰਿਆਂ ਨੂੰ ਵੰਡ ਕੇ ਮਨੁੱਖ ਦੇ ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਉਤਪੰਨ ਹੋਈ ਮੈਲ ਮਨ ਤੋਂ ਉਤਰ ਜਾਂਦੀ ਹੈ, ਮਨ ਬਿਲਕੁਲ ਸ਼ੁੱਧ, ਸਾਫ ਤੇ ਨਿਰਮਲ ਹੋ ਜਾਂਦਾ ਹੈ, ਅਹੰਕਾਰ ਦੂਰ ਹੋ ਜਾਂਦਾ ਹੈ :

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥**
**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥**
**ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥**
**ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥** ਮ: ੩, ਪੰਨਾ ੬੫੧

ਨਾਮ ਸਿਮਰਨ ਕਰਨ ਨਾਲ, ਕਾਮ ਕਰੋਧ ਉਸ ਨੂੰ ਠੱਗ ਨਹੀਂ ਸਕਦੇ, ਉਸ ਤੇ ਰੱਤੀ ਭਰ ਵੀ ਪ੍ਰਭਾਵ ਨਹੀਂ ਪਾ ਸਕਦੇ ਅਤੇ ਲੋਭ ਜੋ ਹਲਕਾਏ ਕੁੱਤੇ ਵਾਂਗ ਘਰ-ਘਰ ਲਈ ਫਿਰਦਾ ਹੈ, ਉਸ ਦਾ ਨਾਸ ਹੋ ਜਾਂਦਾ ਹੈ। ਨਾਮ ਜਪਣ ਤੇ ਜਪਾਉਣ ਨਾਲ ਉਸ ਦੀ ਆਤਮਾ ਵਿੱਚ ਬਲ ਅਤੇ ਤਾਕਤ ਆ ਜਾਂਦੀ ਹੈ, ਉਹ ਮਹਾਂਬਲੀ ਬਣ ਜਾਂਦਾ ਹੈ, ਤੇ ਪੰਚ ਦੂਤ, ਕਾਮ, ਕਰੋਧ, ਲੋਭ, ਮੋਹ, ਅਹੰਕਾਰ ਉਸ ਦੇ ਨੇੜੇ ਨਹੀਂ ਆ ਸਕਦੇ।

**ਕਾਮੁ ਕ੍ਰੋਧੁ ਲੋਭੁ ਛੋੜੀਐ ਦੀਜੈ ਅਗਨਿ ਜਲਾਇ॥**
**ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ॥** ਮ: ੫, ਪੰਨਾ ੫੧੯

ਜਦੋਂ ਮਨੁੱਖ ਸਾਧਾਂ ਦੀ ਸੰਗਤ ਕਰਦਾ ਹੈ, ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ, ਆਪ ਨਾਮ ਜਪਦਾ ਹੈ ਤੇ ਹੋਰਾਂ ਨੂੰ ਜਪਾਉਂਦਾ ਹੈ, ਚੰਗੇ

ਕਰਮ ਕਰਦਾ ਹੈ, ਦੂਸਰਿਆਂ ਦੀ ਭਲਾਈ ਕਰਦਾ ਹੈ, ਆਪਣੇ ਪਿਆਰੇ ਦੇ ਦੱਸੇ ਸੱਚੇ ਰਾਹਾਂ ਤੇ ਚਲਦਾ ਹੈ, ਸੰਸਾਰ ਵਿੱਚ ਉਸ ਦੀ ਉਸਤਤ ਹੁੰਦੀ ਹੈ, ਵਡਿਆਈ ਹੁੰਦੀ ਹੈ। ਸ਼ੁਭ-ਗੁਣਾਂ ਦਾ ਧਾਰਨੀ ਹੋਣ ਕਰ ਕੇ ਹਰ ਕੋਈ ਉਸ ਨੂੰ ਸਰਾਹੁੰਦਾ ਹੈ, ਸੇਵਾ ਕਰਦਾ ਹੈ। ਜਿਹੜੇ ਮਨੁੱਖ ਜੀਵਾਂ ਉੱਤੇ ਦਇਆ ਕਰਦੇ ਹਨ, ਉਨ੍ਹਾਂ ਨੂੰ ਅਠਾਹਠ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦੇ ਸਾਰੇ ਪੁੰਨ ਪ੍ਰਾਪਤ ਹੋ ਜਾਂਦੇ ਹਨ। ਇੱਕ ਤਾਂ ਪੁੰਨ ਪ੍ਰਾਪਤ ਹੁੰਦਾ ਹੈ ਤੇ ਦੂਸਰਾ ਅਗੇ ਜਾ ਕੇ ਲੇਖਾ ਨਹੀਂ ਦੇਣਾ ਪੈਂਦਾ।

ਜੀਵਾਂ ਉਤੇ ਤਰਸ ਕਰਨਾ ਦਇਆ ਕਰਨੀ ਇਹ ਸਭ ਉਸ ਦੀ ਬਖਸ਼ਸ਼ ਮਿਹਰ ਨਾਲ ਪ੍ਰਾਪਤ ਹੁੰਦੇ ਹਨ। ਪ੍ਰਾਣੀ ਦੇ ਆਪਣੇ ਵੱਸ ਵਿੱਚ ਕੁਝ ਨਹੀਂ। ਜਦੋਂ ਅਕਾਲ ਪੁਰਖ ਮਨੁੱਖ ਉਤੇ ਕ੍ਰਿਪਾ ਕਰਦਾ ਹੈ, ਉਸ ਦੇ ਦਿਲ ਅੰਦਰ ਮਿਹਰ ਤੇ ਤਰਸ ਆ ਜਾਂਦਾ ਹੈ। ਖਿਮਾ, ਦਇਆ, ਤਰਸ ਹਿਰਦੇ ਅੰਦਰ ਧਾਰਨ ਕਰਨ ਨਾਲ ਉਹ ਮਨੁੱਖ ਸਿਆਣਾ ਬਣ ਜਾਂਦਾ ਹੈ, ਸੋਝੀਵਾਨ ਹੋ ਜਾਂਦਾ ਹੈ। ਜਿਹੜੀਆਂ ਜੀਵ ਰੂਪੀ ਇਸਤ੍ਰੀਆਂ ਨੂੰ ਆਪਣਾ ਪਿਆਰਾ ਅਕਾਲ ਪੁਰਖ ਪ੍ਰਭੂ ਮਿਲ ਪਿਆ, ਸੱਚੇ ਪਾਤਸ਼ਾਹ ਜੀ ਉਨ੍ਹਾਂ ਤੋਂ ਵਾਰਨੇ, ਬਲਿਹਾਰਨੇ ਜਾਂਦੇ ਹਨ। ਜਦੋਂ ਧਨ ਆਪਣੇ ਪਿਆਰੇ ਪ੍ਰੀਤਮ ਨੂੰ ਪ੍ਰਾਪਤ ਕਰ ਲੈਂਦੀ ਹੈ, ਉਨ੍ਹਾਂ ਨੂੰ ਮਨ ਬਾਂਛਤ ਫਲਾਂ ਦੀ ਪ੍ਰਾਪਤੀ ਹੁੰਦੀ ਹੈ :

**ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ॥**
**ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ॥**
**ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥**
**ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥** ਮ: ੫, ਪੰਨਾ ੯੨੯

ਸਤਿਗੁਰੂ ਜੀ ਇਹੋ ਜਿਹੀਆਂ ਜੀਵ ਰੂਪੀ ਇਸਤ੍ਰੀਆ ਤੋਂ ਵਾਰੇ-ਵਾਰੇ ਜਾਂਦੇ ਹਨ। ਮਾਘ ਦੇ ਮਹੀਨੇ ਵਿੱਚ ਉਹਨਾਂ ਹੀ ਜੀਵਾਂ ਨੂੰ ਸੱਚੇ ਤੇ ਸੁੱਚੇ ਆਖਿਆ ਜਾਂਦਾ ਹੈ, ਜਿਨ੍ਹਾਂ ਉਤੇ ਪੂਰੇ ਗੁਰੂ ਦੀ ਮਿਹਰ ਹੁੰਦੀ ਹੈ, ਬਖਸ਼ਸ਼ ਹੁੰਦੀ ਹੈ, ਦਇਆ ਹੁੰਦੀ ਹੈ।

**ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥**
**ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥**
**ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥**
**ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥**
**ਸਤਿਗੁਰੁ ਹੋਇ ਦਇਆਲੁ ਤ ਜਮ ਕਾ ਡਰੁ ਕੇਹਾ॥**
**ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥**
**ਸਤਿਗੁਰੁ ਹੋਇ ਦਇਆਲੁ ਤਾ ਨਵਨਿਧਿ ਪਾਈਐ॥**
**ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ॥**

ਸਲੋਕ ਮ: ੩, ਪੰਨਾ ੧੪੯

*ਭਾਵ :*

ਜਿਹੜਾ ਮਨੁੱਖ ਮਾਘੀ ਵਾਲੇ ਦਿਨ, ਗੁਰਮੁਖਾਂ ਦੀ ਚਰਨ-ਧੂੜੀ ਵਿੱਚ ਇਸ਼ਨਾਨ ਕਰਦਾ ਹੈ, ਨਾਮ ਸਿਮਰਨ ਕਰਦਾ ਹੈ, ਉਸ ਦਾ ਜੀਵਨ ਪਵਿਤਰ ਹੋ ਜਾਂਦਾ ਹੈ, ਸੁੱਚਾ ਹੋ ਜਾਂਦਾ ਹੈ। ਸੰਸਾਰ ਵਿੱਚ ਉਹ ਪ੍ਰਸੰਸਾ ਦਾ ਪਾਤਰ ਬਣ ਜਾਂਦਾ ਹੈ। ਕਾਮ, ਕਰੋਧ, ਲੋਭ ਆਦਿ ਵਿਕਾਰਾਂ ਦਾ ਉਸ ਉੱਤੇ ਕੋਈ ਅਸਰ ਨਹੀਂ ਹੁੰਦਾ। ਜੀਵਾਂ ਤੇ ਦਇਆ ਕਰਨ ਕਰ ਕੇ, ਉਸ ਨੂੰ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨ ਦਾ ਪੁੰਨ ਪ੍ਰਾਪਤ ਹੋ ਜਾਂਦਾ ਹੈ।

# ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ

## *ਜੀਅ ਦਇਆ*

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨ ਤੋਂ ਭਾਵ ਹੈ ਜੀਆਂ ਤੇ ਦਇਆ ਕਰਨ ਦਾ ਪੁੰਨ ਅਠਾਹਠ ਤੀਰਥਾਂ ਦੀ ਯਾਤਰਾ ਕਰਨ ਦੇ ਬਰਾਬਰ ਹੈ। ਅੱਜ ਦੇ ਹਵਾਈ ਜਹਾਜ਼ਾਂ ਤੇ ਰਾਕਟਾਂ ਦੇ ਯੁੱਗ ਤੋਂ ਜ਼ਰਾ ਪਿਛਾਂਹ ਵਲ ਨੂੰ ਟੁਰ ਕੇ ਬੈਲ-ਗੱਡੀ ਦੇ ਜ਼ਮਾਨੇ ਵਿਚ ਪਹੁੰਚ ਜਾਈਏ, ਉਸ ਵੇਲੇ ਲੋਕਾਂ ਨੂੰ ਤੀਰਥ ਭਰਮਣ ਕਰਨ ਦਾ ਸ਼ੌਕ ਸੀ। ਉਹ ਸੋਚਦੇ ਸਨ ਕਿ ਤੀਰਥਾਂ ਤੇ ਜਾਣ ਨਾਲ ਉਨ੍ਹਾਂ ਦਾ ਜੀਵਨ ਸਫਲ ਹੋ ਜਾਵੇਗਾ ਤੇ ਉਹ ਮੋਖ-ਮੁਕਤ ਪ੍ਰਾਪਤ ਕਰ ਲੈਣਗੇ ਇਸ ਲਈ ਉਹ ਤੀਰਥਾਂ ਦੀ ਯਾਤਰਾ ਕਰ ਕੇ ਪੈਦਲ ਘਰੋਂ ਟੁਰ ਪੈਂਦੇ ਸਨ ਤੇ ਕਈ ਵਰ੍ਹੇ ਇਸ ਤਰ੍ਹਾਂ ਭਰਮਣ ਕਰਦੇ-ਕਰਦੇ ਗੁਜ਼ਾਰ ਦਿੰਦੇ। ਤੀਰਥ ਸੰਗਯਾ ਹੈ ਜਿਸ ਤੋਂ ਭਾਵ ਹੈ ਉਹ ਪਵਿਤਰ ਅਸਥਾਨ, ਜਿਥੇ ਲੋਕ ਧਰਮ ਭਾਵ ਨਾਲ ਪਾਪ ਦੂਰ ਕਰਨ ਜਾਂਦੇ ਹਨ। ਸੰਸਾਰ ਦੇ ਸਾਰੇ ਸੰਤਾਂ ਨੇ ਆਪਣੇ-ਆਪਣੇ ਨਿਸ਼ਚੇ ਅਨੁਸਾਰ ਅਨੇਕ ਪਵਿਤਰ ਤੀਰਥ ਮੰਨ ਰਖੇ ਹਨ ਕਿਤਨਿਆਂ ਨੇ ਦਰਸ਼ਨ ਅਤੇ ਸਪਰਸ਼ ਮਾਤਰ ਤੋਂ ਹੀ ਤੀਰਥਾਂ ਨੂੰ ਮੁਕਤੀ ਦਾ ਸਾਧਨ ਨਿਸ਼ਚਿਤ ਕੀਤਾ ਹੈ।

ਗੁਰਬਾਣੀ ਵਿੱਚ ਅਠਸਠਿ ਗਿਣਤੀ ਹਿੰਦੂਆਂ ਦੇ ਅਠਾਹਠ ਤੀਰਥਾਂ ਦਾ ਬੋਧ ਕਰਾਉਂਦੀ ਹੈ— "ਸੁਣਿਐ ਅਠਸਠਿ ਕਾ ਇਸ਼ਨਾਨ।" ਗੁਰੂ ਸਾਹਿਬ ਦਾ ਅਠਸਠ ਤੋਂ ਭਾਵ ਸਰਬ ਤੀਰਥ ਹੈ।

ਹਿੰਦੂਮਤ ਦੇ ਗ੍ਰੰਥਾਂ ਵਿਚ ਮਤਭੇਦ ਕਰ ਕੇ ਤੀਰਥਾਂ ਦੀ ਗਿਣਤੀ ਬਹੁਤ ਵੱਧ ਕੇ ਹੈ। ਮਤਸਯ ਪੁਰਾਣ ਦੇ ਸ਼ੁੱਧ ਕਲਪ ਦੇ ੨੨ਵੇਂ ਅਧਿਆਇ ਵਿੱਚ ੨੨੨ ਤੀਰਥ ਦੱਸੇ ਹਨ। ਭਵਿੱਖ ਪੁਰਾਣ ਦੇ ਨਾਗਰ ਖੰਡ ਦੇ ਅਧਿਆਇ ੧੦੨ ਵਿੱਚ ਹੋਰ ਗਿਣਤੀ ਹੈ। ਕਪਲ ਤੰਤ ਵਿੱਚ ਅਠਸਠ ਤੀਰਥ ਇਹ ਲਿਖੇ ਹਨ :

ਓਅੰਕਾਰ, ਅਸ਼ਯਯਾ, ਅਵੰਤਕਾ, ਏਰਾਵਤੀ, ਸਰਸਵਤੀ, ਸਰਯੂ, ਸਿੰਧੂ, ਸ਼ਿਪ੍ਰਾ, ਸ਼ੋਣ, ਸ੍ਰੀਸੈਲ, ਸ੍ਰੀ ਰੰਗ, ਹਰਿਦਵਾਰ, ਕਪਾਲਮੋਚਨ, ਕਪਿਲੋਦਕ, ਕਾਂਸ਼ੀ,

ਕਾਂਚੀ, ਕਾਲੰਜਰ, ਕਾਵੇਰੀ, ਕੁਰੂਕਸ਼ੇਤਰ, ਕੇਦਾਰਨਾਥ, ਕੌਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾ ਸਾਗਰ, ਗੰਡਕਾ, ਘਰਘਰਾ, ਚਰਮਨ੍ਰਤੀ, ਚਿਤ੍ਰਕੂਟ, ਚੰਦ੍ਰਤਭਾਗਾ, ਜਗੰਨਾਥ, ਜਵਾਲਾਮੁਖੀ, ਤਪਤੀ, ਤਾਮ੍ਰਪਰਣੀ, ਤੁਗੰਭਦਾ, ਦਸ਼ਾਸ਼੍ਵਮੇਧ, ਦ੍ਰਿਸ਼ਦਵਤੀ, ਦਵਾਰਿਕਾ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ, ਤ੍ਰਿਵੇਣੀ ਸੰਗਮ, ਪ੍ਰਿਥੁਦਕ, ਬਦਰੀ ਨਾਰਾਇਣ, ਭਦ੍ਰੇਸ਼ਵਰ, ਭੀਮੇਸ਼ਵਰ, ਭ੍ਰਿਗੁਤੰਗ, ਮਹਾਕਾਲ, ਮਹਾਬੋਧ, ਮਥੁਰਾ, ਮਾਨਸਰੋਵਰ, ਮਾਯਾਪੁਰੀ, ਮੰਦਾਕਿਨੀ, ਯਮੁਨਾ, ਰਾਮੇਸ਼ਵਰ, ਵਿਤਸ਼ਤਾ, ਵਿੰਧਯ, ਵਿਪਾਸ਼, ਵਿਮੋਲਸ਼ਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ ਅਤੇ ਵੈਦਯਨਾਥ।

ਸ੍ਰੀ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਵਿੱਚ ਮਨੁੱਖ ਨੂੰ ਇਹ ਸਿੱਖਿਆ ਦਿੱਤੀ ਗਈ ਹੈ ਕਿ ਉਹ ਜੀਵਾਂ ਦਾ ਸੰਹਾਰ ਨਾ ਕਰੇ ਕਿਉਂਕਿ ਉਹ ਅਕਾਲ ਪੁਰਖ ਸਭ ਥਾਈਂ, ਸਭ ਜੀਵਾਂ ਵਿਚ ਬਿਰਾਜਮਾਨ ਹੈ :

**ਹਸਤ ਕੀਟ ਕੇ ਬੀਚ ਸਮਾਨਾ।**

ਫਿਰ ਸਾਨੂੰ ਕੀ ਹੱਕ ਹੈ ਕਿ ਅਸੀਂ ਆਪਣੀ ਜੀਭ ਦੇ ਸਵਾਦ ਲਈ ਜੀਵ ਹੱਤਿਆ ਕਰੀਏ। ਜਦੋਂ ਅਸੀਂ ਕਿਸੇ ਨੂੰ ਜੀਵਨ ਪ੍ਰਦਾਨ ਕਰ ਹੀ ਨਹੀਂ ਸਕਦੇ, ਅਸੀਂ ਮੋਏ ਨੂੰ ਜੀਵਤ ਕਰਨ ਦੀ ਸਮਰੱਥਾ ਨਹੀਂ ਰਖਦੇ ਫਿਰ ਸਾਨੂੰ ਕੀ ਹੱਕ ਹੈ ਕਿ ਅਸੀਂ ਕਿਸੇ ਦੇ ਪ੍ਰਾਣ ਲਈਏ। ਜੇ ਕਰ ਜੀਵ ਹੱਤਿਆ ਦੇ ਕਰਮ ਨੂੰ ਪੁੰਨ ਕਰਮ ਆਖਿਆ ਜਾਏ ਤਾਂ ਪਾਪ ਕਿਹੜੇ ਕਰਮਾਂ ਨੂੰ ਆਖਾਂਗੇ। ਜੀਵ ਹੱਤਿਆ ਕਰ ਕੇ ਮਾਸ ਖਾਣ ਵਾਲਿਆਂ ਨੂੰ ਸ੍ਰੇਸ਼ਟ ਪੁਰਸ਼ ਆਖਾਂਗੇ ਤਾਂ ਫਿਰ ਕਸਾਈ ਕਿਨ੍ਹਾਂ ਲੋਕਾਂ ਨੂੰ ਆਖਾਂਗੇ।

**ਜੀਅ ਬਧਹੁ ਸੁ ਧਿਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥**

ਮਾਰੂ ਕਬੀਰ ਜੀ, ਪੰਨਾ ੧੧੦੩

ਬੇਜ਼ੁਬਾਨ ਜੀਵ ਨੂੰ ਭਾਵੇਂ ਇਕੋ ਝਟਕੇ ਨਾਲ ਤੇ ਜਾਂ ਬਿਸਮਿਲ ਕਰ ਕੇ ਮਾਰਿਆ ਜਾਵੇ, ਦੋਨੋਂ ਤਰੀਕਿਆਂ ਨਾਲ ਹੱਤਿਆ ਕਰਨ ਵਾਲਿਆਂ ਦੇ ਹਿਰਦਿਆਂ ਵਿਚੋਂ ਦਇਆ ਨਿਕਲ ਜਾਂਦੀ ਹੈ ਜਿਸ ਕਰ ਕੇ ਇਨ੍ਹਾਂ ਦੋਹਾਂ ਤਰੀਕਿਆਂ ਨਾਲ ਜੀਵ ਬੱਧ ਕਰਨ ਵਾਲਿਆਂ ਦੇ ਹਿਰਦਿਆਂ ਵਿਚ ਸਦਾ ਹੀ ਅਸ਼ਾਂਤੀ ਦੀ ਅੱਗ ਤੇ ਭਟਕਣਾ ਲਗੀ ਰਹਿੰਦੀ ਹੈ :

**ਉਨ ਝਟਕਾ ਉਨ ਬਿਸਮਿਲ ਕੀਆ ਦਯਾ ਦੁਹਾਂ ਤੇ ਭਾਗੀ॥**
**ਕਹੁ ਕਬੀਰ ਸੁਨਹੁ ਤੇ ਸੰਤਹੁ ਆਗ ਦੁਹੂੰ ਘਰਿ ਲਾਗੀ॥**

ਸਿੱਖ ਧਰਮ ਦਾ ਤਾਂ ਮੂਲ ਆਹਾਰ ਹੀ ਦਇਆ ਹੈ। ਜੀਵ ਹੱਤਿਆ ਕਰ ਕੇ ਮਾਸ ਖਾਣ ਵਾਲਿਆਂ ਨੂੰ ਕਬੀਰ ਜੀ ਪੁੱਛਦੇ ਹਨ ਕਿ :

**ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥**

ਪ੍ਰਭਾਤੀ ਕਬੀਰ ਜੀ, ਪੰਨਾ ੧੩੫੦

ਜੇ ਕਰ ਸਾਰਿਆਂ ਵਿਚ ਪ੍ਰਮਾਤਮਾ ਦਾ ਵਾਸ ਹੈ ਤਾਂ ਮੁਰਗੀ ਨੂੰ ਕਿਉਂ ਮਾਰਦੇ ਹੋ। ਕਿਉਂ ਉਸ ਦੀ ਹੱਤਿਆ ਕਰ ਕੇ ਉਸ ਨੂੰ ਖਾਂਦੇ ਹੋ। ਜਿਵੇਂ ਪਵਣ, ਪਾਣੀ, ਪ੍ਰਿਥਵੀ, ਅਕਾਸ਼, ਗਰਮੀ, ਸਰਦੀ, ਸੂਰਜ, ਚੰਦਰਮਾ, ਆਦਿ ਦਾ ਸੰਬੰਧ ਦੁਨੀਆਂ ਭਰ ਦੇ ਸਭ ਜੀਆਂ ਜੰਤੂਆਂ ਨਾਲ ਹੈ, ਤਾਂ ਹੇ ਮਨੁੱਖ ! ਤੂੰ ਪ੍ਰਮਾਤਮਾ ਵਾਂਗ ਹਰ ਜੀਵ ਤੇ ਦਇਆ ਕਿਉਂ ਨਹੀਂ ਕਰਦਾ ਕਿਉਂ ਉਹਨਾਂ ਤੇ ਅੱਤਿਆਚਾਰ ਕਰਦਾ ਹੈਂ ? ਲਾਹਨਤ ਹੈ ਅਜਿਹੇ ਖਾਣ ਤੇ ਜਿਸਦੇ ਖਾਣ ਪਿਛੋਂ ਲੇਖਾ ਦੇਣਾ ਪੈਂਦਾ ਹੈ ਤੇ ਸਖਤ ਤੋਂ ਸਖਤ ਸਜ਼ਾ ਵੀ ਭੁਗਤਣੀ ਪੈਂਦੀ ਹੈ।

**ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥**
**ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥**
**ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥**
**ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥** ਪੰਨਾ ੧੩੭੫

ਈਸਾਈਆਂ ਨੇ ਕਿਹਾ ਹੈ ਕਿ ਇੱਕ ਬਲਦ ਦਾ ਕਾਤਲ ਇੱਕ ਮਨੁੱਖ ਦਾ ਕਾਤਲ ਹੈ। ਟਾਲਸਟਾਏ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਜੀਵਾਂ ਨੂੰ ਮਾਰਨਾ ਜ਼ੁਲਮ ਦੀ ਜਿਉਂਦੀ ਜਾਗਦੀ ਤਸਵੀਰ ਹੈ।

ਹਰ ਧਰਮ ਵਿਚ ਪ੍ਰਾਣੀ ਮਾਤਰ ਦਾ ਹਿਰਦਾ ਦੁਖਾਉਣ ਦੀ ਮਨਾਹੀ ਹੈ, ਫਿਰ ਮੰਗਦੇ ਵੀ ਹਾਂ ਸਰਬਤ ਦਾ ਭਲਾ। ਜੇ ਸਰਬਤ ਦਾ ਭਲਾ ਮੰਗਦੇ ਹਾਂ ਤਾਂ ਫਿਰ ਜਾਨਵਰਾਂ ਨੂੰ ਮਾਰ ਕੇ ਉਸ ਦਾ ਮਾਸ ਕਿਉਂ ਖਾਂਦੇ ਹਾਂ ਫਿਰ ਜੀਵ ਦਾ ਘਾਤ ਕਿਉਂ ਕੀਤਾ ਜਾਂਦਾ ਹੈ।

**ਮਨਿ ਸੰਤੋਖੁ ਸਰਬ ਜੀਅ ਦਇਆ॥**
**ਇਨ ਬਿਧਿ ਬਰਤ ਸੰਪੂਰਨ ਭਇਆ॥** ਪੰਨਾ ੨੯੯

ਵਰਤ ਵੀ ਤਾਂ ਹੀ ਸੰਪੂਰਨ ਹੁੰਦਾ ਹੈ ਜਦ ਮਨ ਵਿਚ ਸਭਨਾਂ ਜੀਆਂ ਪ੍ਰਤੀ ਦਇਆ ਦੀ ਭਾਵਨਾ ਹੋਵੇ। ਅਸਲ ਵਿੱਚ ਸਭ ਜੀਆਂ ਤੇ ਦਇਆ ਕਰਨੀ ਹੀ ਅਕਾਲ ਪੁਰਖ ਦੀ ਪ੍ਰਾਪਤੀ ਵਲ ਉਡਾਰੀ ਮਾਰ ਕੇ ਪਹੁੰਚਣ ਦੇ ਬਰਾਬਰ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, '**ਧੌਲ ਧਰਮ ਦਇਆ ਕਾ ਪੂਤੁ।** ਦਇਆ ਦਾ ਅਤੇ ਧਰਮ ਦਾ ਆਪੋ ਵਿੱਚ ਬਹੁਤ ਨੇੜੇ ਦਾ ਸੰਬੰਧ ਹੈ। ਗੁਰੂ ਸਾਹਿਬ ਨੇ ਦਇਆ ਨੂੰ ਧਰਮ ਦੀ ਜਨਨੀ ਕਿਹਾ ਹੈ।

ਪਾਤਸ਼ਾਹ ਕਹਿੰਦੇ ਹਨ ਜਿਸ ਹਿਰਦੇ ਵਿੱਚ ਦਇਆ ਨਹੀਂ ਤੇ ਸਿਰਫ ਖ਼ੂਨ ਤੇ ਮਾਸ ਵੜਿਆ ਹੋਇਆ ਹੈ, ਉਥੇ ਪਰਮੇਸ਼ਰ ਕਿਵੇਂ ਜਾ ਸਕਦਾ ਹੈ, ਕਹਿੰਦੇ ਹਨ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ**

ਜੇ ਖ਼ੂਨ ਕਿਸੇ ਕਪੜੇ ਨੂੰ ਲੱਗ ਜਾਏ ਤਾਂ ਉਸ ਨੂੰ ਧੋ ਕੇ ਪਾਇਆ ਜਾਂਦਾ ਹੈ ਕਹਿੰਦੇ ਹਨ ਪਲੀਤ ਹੋ ਗਿਆ ਹੈ, ਮੈਲਾ ਹੋ ਗਿਆ ਹੈ ਤੇ ਜੇ ਜਾਮਾ ਪਲੀਤ ਹੋ ਗਿਆ ਹੈ ਤਾਂ

**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥**

ਮ: ੧ ਪੰਨਾ ੧੪੦

ਜੇ ਕਪੜਾ ਮੈਲਾ ਹੋ ਗਿਆ ਹੈ ਤਾਂ ਜੋ ਮਨੁੱਖ ਮਾਸ ਖਾਂਦੇ ਹਨ, ਰਤ ਪੀਦੇ ਹਨ, ਜਿੰਨਾ ਦੇ ਹਿਰਦੇ ਵਿਚ ਰਤ ਚਲੀ ਗਈ ਹੈ, ਮਾਸ ਚਲਾ ਗਿਆ ਹੈ, ਕੀ ਉਹ ਹਿਰਦਾ ਪਵਿੱਤਰ ਰਹਿ ਸਕਦਾ ਹੈ, ਉਹ ਹਿਰਦਾ ਕਿਵੇਂ ਨਿਰਮਲ ਹੋ ਸਕਦਾ ਹੈ ?

ਕੋਈ ਵੀ ਧਰਮ ਕਿਸੇ ਜੀਵ ਦੀ ਹੱਤਿਆ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇਸਾਈਆਂ ਨੂੰ ਆਪਣੇ ਵੱਡੇ ਗੁਰੂ ਯਸੂ ਮਸੀਹ ਦੇ ਇਨ੍ਹਾਂ ਸ਼ਬਦਾਂ ਨੂੰ ਚੇਤੇ ਰਖਣਾ ਚਾਹੀਦਾ ਹੈ, "ਜਾਵੋ ਅਤੇ ਸਿਖੋ ਤੇ ਇਸ ਦੇ ਅਰਥ ਕੀ ਹਨ ਮੈਂ ਰਹਿਮ ਚਾਹੁੰਦਾ ਹਾਂ ਨਾ ਕਿ ਕੁਰਬਾਨੀ।" ਇਸਲਾਮ ਧਰਮ ਵਿੱਚ ਮੁਸਲਮਾਨਾਂ ਨੂੰ ਮੋਮਨ ਦਾ ਖ਼ਿਤਾਬ ਦੇਣ ਤੋਂ ਇਹੀ ਮੁਰਾਦ ਹੈ ਕਿ ਉਸ ਦਾ ਮਨ ਕਿਸੇ ਦਾ ਦੁੱਖ ਦੇਖ ਕੇ ਮੋਮ ਦੀ ਤਰ੍ਹਾਂ ਪਿਘਲ ਜਾਵੇ ਪਰ ਜਿਹੜਾ ਮੁਸਲਮਾਨ ਬੇਜ਼ੁਬਾਨਾਂ ਦੇ ਗਲ ਤੇ ਛੁਰੀ ਵੇਖ ਕੇ ਖੁਸ਼ ਹੌਦਾ ਹੈ, ਉਸ ਦੇ ਲਈ ਮੋਮਨ ਸ਼ਬਦ ਬਿਲਕੁਲ ਵੀ ਨਹੀਂ ਢੁੱਕਦਾ। ਜੈਨ ਧਰਮ ਕਹਿੰਦਾ ਹੈ ਕਿ ਧਾਰਮਕ, ਸਮਾਜਕ ਅਤੇ ਰਾਜਨੀਤਕ ਆਦਿ ਸਮੂਹ ਹਾਲਤਾਂ ਵਿਚ ਅਹਿੰਸਾ ਦਾ ਪਾਲਨ ਕਰਨਾ ਲਾਜ਼ਮੀ ਹੈ। ਉਹਨਾਂ ਨੇ ਹਿੰਸਾ ਦਾ ਲਖਣ ਕਰਦਿਆਂ ਹੋਇਆਂ ਕਿਹਾ ਹੈ ਕਿ "ਰਾਗਦਿ ਵਿਸ਼ਿਸ਼ਟ ਹੋ ਕੇ ਆਪਣੇ ਜਾਂ ਪਰਾਏ ਪ੍ਰਾਣਾਂ ਦਾ ਘਾਤ ਕਰਨਾ ਹਿੰਸਾ ਹੈ।"

ਪ੍ਰਮੋਤ ਯੋਗਾਤ ਪ੍ਰਾਣ ਵਯਪਰੋਭਣੇ ਹਿੰਸਾ।

ਜੀਅ ਦਇਆ ਦਾ ਫਲ ਮਿਲਦਾ ਹੈ। ਇਹ ਕੋਈ ਬਹੁਤ ਪੁਰਾਣੀ ਗੱਲ ਨਹੀਂ। ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ ਜੀ ਦੇ ਸਵਰਗਵਾਸ ਹੋਣ ਤੋਂ ਬਹੁਤ ਪਹਿਲੇ ਖ਼ੂਨ ਦੀ ਉਲਟੀ ਆਉਣ ਕਾਰਣ ਉਹਨਾਂ ਦੀ ਸਿਹਤ ਖਤਰਨਾਕ ਅਵਸਥਾ ਧਾਰਨ ਕਰ ਗਈ ਤਾਂ ਉਸ ਸਮੇਂ ਉਪ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਜੀ ਨੇ ਦੇਸ਼ ਭਰ ਵਿਚ ਇੱਕ ਦਿਨ ਜੀਵ ਹੱਤਿਆ ਬੰਦ ਕਰ ਕੇ ਰਾਸ਼ਟਰਪਤੀ ਜੀ ਦੀ ਸਿਹਤ ਲਈ ਅਰਦਾਸ ਕਰਨ ਦਾ ਹੁਕਮ ਕੀਤਾ ਸੀ। ਫਲ ਸਰੂਪ ਰਾਸ਼ਟਰਪਤੀ ਉਸ ਵੇਲੇ ਭਿਆਨਕ ਬਿਮਾਰੀ ਤੋਂ ਛੁਟਕਾਰਾ ਪਾ ਗਏ। ਇਹ ਇੱਕ ਦਿਨ ਵਿੱਚ ਕੀਤੀ ਜੀਵ ਦਇਆ ਦਾ ਫਲ ਸੀ। ਜੇ ਕਰ ਹਮੇਸ਼ਾਂ ਜੀਵਾਂ ਉਤੇ ਦਇਆ ਕੀਤੀ ਜਾਵੇ ਤਾਂ ਫਿਰ ਮਨੁੱਖ ਆਪ ਹੀ ਸੋਚ ਸਕਦਾ ਹੈ ਕਿ ਉਸ ਨੂੰ ਕਿੰਨੇ ਕੁ ਫਲਾਂ ਦੀ ਪ੍ਰਾਪਤੀ ਹੋਵੇਗੀ, ਕਿੰਨੇ ਸੁੱਖ ਮਿਲਣਗੇ।

# ੧੩

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥

ਮਾਝ ਮ: ੫, ਪੰਨਾ ੧੩੬

***ਸ਼ਬਦਾਰਥ :***

ਫਲਗੁਣਿ—ਫੱਗਣ ਮਹੀਨੇ ਵਿਚ। ਉਪਾਰਜਨਾ—ਉਪਜਿਆ, ਪ੍ਰਗਟ ਹੋਇਆ ਹੈ। ਸਹਾਈ ਰਾਮ ਕੇ—ਅਕਾਲ ਪੁਰਖ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ। ਸੇਜ—ਹਿਰਦਾ। ਜਾਇ—ਥਾਂ। ਵਰੁ—ਖਸਮ, ਪ੍ਰਭੂ। ਮੰਗਲ—ਖ਼ੁਸ਼ੀ ਦੇ ਗੀਤ, ਸਿਫਤਿ ਸਲਾਹ ਦੀ ਬਾਣੀ। ਗਾਵਹੀ—ਗਾਂਦੀਆਂ ਹਨ। ਅਲਾਇ—ਉਚਾਰਨ ਕਰ ਕੇ। ਦਿਸਈ—ਦਿਸਦਾ। ਲਵੈ—ਨੇੜ। ਲਵੈ ਨਾ ਲਾਇ—ਨੇੜੇ ਤੇੜੇ ਦਾ ਨਹੀਂ, ਬਰਾਬਰੀ ਕਰਨ ਜੋਗਾ ਨਹੀਂ। ਹਲਤੁ—ਇਹ ਲੋਕ। ਪਲਤੁ—ਪਰ ਲੋਕ। ਸਵਾਰਿਓਨੁ—ਅਕਾਲ ਪੁਰਖ ਨੇ ਸਵਾਰ ਦਿੱਤਾ। ਦਿਤੀਅਨ—ਇਸ ਪ੍ਰਭੂ ਨੇ ਦਿੱਤੀ। ਧਾਇ—ਦੌੜਦਾ। ਜਾਇ—ਥਾਂ। ਤੇ—ਤੋਂ। ਰਖਿਅਨੁ—ਉਸ ਹਰੀ ਨੇ ਰੱਖ ਲਏ। ਧਾਇ—ਭਟਕਦਾ। ਪਾਇ—ਪੈ ਕੇ। ਤਿਲੁ—ਰਤਾ ਭੀ। ਤਮਾਇ—ਤਮ੍ਹਾ ਲਾਲਚ।

***ਵਿਆਖਿਆ :***

ਜੀਵ ਰੂਪੀ ਇਸਤ੍ਰੀ ਸਾਰਾ ਸਾਲ ਆਪਣੇ ਪ੍ਰੀਤਮ ਪਿਆਰੇ ਦੀ ਯਾਦ ਵਿੱਚ ਤੜਪਦੀ ਰਹੀ, ਉਸ ਨੇ ਕਈ ਪ੍ਰੋਗ੍ਰਾਮ ਉਲੀਕੇ, ਪਰ ਉਸ ਦਾ ਪਿਆਰਾ ਉਸ ਨੂੰ ਨਹੀਂ ਮਿਲਿਆ। ਫਗਣ ਦਾ ਮਹੀਨਾ ਅਤਿ ਭਾਗਾਂ ਵਾਲਾ ਹੈ, ਜਦੋਂ ਉਸ ਨੂੰ ਉਸ ਦੇ ਆਪਣੇ ਪਿਆਰੇ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ, ਤੇ ਉਸ ਦਾ ਹਿਰਦਾ ਆਨੰਦ-ਮਗਨ ਹੋ ਗਿਆ। ਉਸ ਨੂੰ ਸਰਦੀ ਜਾਂ ਪਾਲਾ ਭੁੱਲ ਗਿਆ,

ਤੇ ਹੁਣ ਫਗਣ ਦੇ ਮਹੀਨੇ ਵਿਚ ਜੀਵ ਰੂਪੀ ਇਸਤ੍ਰੀ ਆਨੰਦਿਤ ਹੋ ਗਈ, ਕਿਉਂਕਿ ਉਸ ਦੇ ਸੱਜਣ ਹਰੀ ਨੇ ਪ੍ਰਤੱਖ ਰੂਪ ਵਿੱਚ ਆਣ ਕੇ ਦਰਸ਼ਨ ਦਿੱਤੇ ਹਨ।

**ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥**
**ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥**
**ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥**
**ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ॥**
**ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ॥**

ਆਸਾ ਮ: ੫, ਪੰਨਾ ੪੫੨

ਉਸ ਨੂੰ ਪ੍ਰਤੱਖ ਆਪਣੇ ਪਿਆਰੇ ਦੇ ਦਰਸ਼ਨ ਹੋ ਗਏ, ਦਰਸ਼ਨਾਂ ਦਾ ਸੁਭਾਗ ਸੰਤਾਂ ਤੇ ਸਾਧਾਂ ਦੀ ਕ੍ਰਿਪਾ ਕਰ ਕੇ ਹੋਇਆ ਹੈ, ਕਿਉਂਕਿ ਉਹ ਹੀ ਉਸ ਅਕਾਲ ਪੁਰਖ ਪ੍ਰਭੂ ਨਾਲ ਮੇਲ ਕਰਨ ਵਿਚ ਸਹਾਇਕ ਹੋ ਸਕਦੇ ਹਨ, ਤੇ ਉਨ੍ਹਾਂ ਦੀ ਕ੍ਰਿਪਾ ਸਦਕਾ ਹੀ ਅੱਜ ਉਸ ਨੂੰ ਫਗਣ ਦੇ ਮਹੀਨੇ ਵਿਚ ਆਪਣੇ ਪਿਆਰੇ ਨਾਲ ਮੇਲ ਮਿਲਾਪ ਦਾ ਅਵਸਰ ਪ੍ਰਾਪਤ ਹੋਇਆ ਹੈ।

**ਮਿਲਿ ਸਤਸੰਗਤਿ ਲਧਾ ਹਰਿ ਸਜਣੁ**
**ਹਉ ਸਤਿਗੁਰ ਵਿਟਹੁ ਘੁਮਾਈਆ ਜੀਉ॥**
**ਜਹ ਜਹ ਦੇਖਾ ਤਹ ਤਹ ਸੁਆਮੀ॥**
**ਤੂ ਘਟਿ ਘਟਿ ਰਵਿਆ ਅੰਤਰਜਾਮੀ॥**
**ਗੁਰਿ ਪੂਰੈ ਹਰਿ ਨਾਲਿ ਦਿਖਾਲਿਆ ਹਉ**
**ਸਤਿਗੁਰ ਵਿਟਹੁ ਸਦ ਵਾਰਿਆ ਜੀਉ॥** ਮਾਝ ਮ: ੪, ਪੰਨਾ ੯੬

ਜਦੋਂ ਉਸ ਦਾ ਪਿਆਰਾ ਉਸ ਦੀ ਸੇਜ ਤੇ ਆ ਕੇ ਸ਼ੋਭਨੀਕ ਹੋ ਗਿਆ, ਤੇ ਉਸ ਦੀ ਸੇਜ ਦੀ ਸ਼ੋਭਾ ਬਣ ਗਈ, ਹੁਣ ਉਸ ਨੂੰ ਸਭ ਸੁਖਾਂ ਦੀ ਪ੍ਰਾਪਤੀ ਹੋ ਗਈ, ਜਿਥੇ ਸੁੱਖ ਮਿਲ ਜਾਣ, ਫਿਰ ਉਥੋਂ ਦੁੱਖ ਭੱਜ ਜਾਂਦੇ ਹਨ। ਉਹ ਹੁਣ ਆਨੰਦ ਮਗਨ ਹੋਏ ਮੌਜਾਂ ਮਾਣਦੀ ਹੈ। ਉਥੇ ਹੁਣ ਵਿਛੋੜੇ ਤੋਂ ਉਤਪੰਨ ਹੋਣ ਵਾਲੇ ਦੁੱਖਾਂ ਲਈ ਰੱਤੀ ਭਰ ਵੀ ਥਾਂ ਨਹੀਂ।

**ਦੂਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ॥**

ਸਾਰੰਗ ਮ: ੫, ਪੰਨਾ ੧੨੧੮

ਉਹ ਬੜੇ ਭਾਗਾਂ ਵਾਲੀ ਇਸਤ੍ਰੀ ਹੈ, ਜਿਹੜੀ ਦਰਸ਼ਨਾਂ ਦੀ ਦਾਤ ਪ੍ਰਾਪਤ ਕਰ ਕੇ ਆਪਣੀਆਂ ਇਛਾਵਾਂ ਦੀ ਪੂਰਤੀ ਕਰਦੀ ਹੈ। ਉਸ ਕਰਮਾਂ ਵਾਲੀ ਨੂੰ

ਅਕਾਲ ਪੁਰਖ ਪ੍ਰਭੂ ਪਤੀ ਦੇ ਦਰਸ਼ਨ ਹੋ ਗਏ ਉਸ ਦੇ ਮਨ ਦੀ ਮੁਰਾਦ ਪੂਰੀ ਹੋ ਗਈ, ਉਸ ਨੇ ਜਿਸ ਪਿਆਰੇ ਦੇ ਮਿਲਾਪ ਦੀ ਇੱਛਾ ਕੀਤੀ, ਉਹ ਉਸ ਨੂੰ ਮਿਲ ਗਿਆ।

**ਸਾ ਗੁਣਵੰਤੀ ਸਾ ਵਡਭਾਗਣਿ॥**
**ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥**
**ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ॥**

ਮਾਝ ਮ: ੫, ਪੰਨਾ ੯੭

ਇਸ ਤਰ੍ਹਾਂ ਦੇ ਖ਼ੁਸ਼ੀ ਦੇ ਸ਼ੁਭ ਅਵਸਰ ਤੇ ਉਸ ਵਡਭਾਗਣ ਜੀਵ ਰੂਪੀ ਇਸਤ੍ਰੀ ਦੀਆਂ ਸਹੇਲੀਆਂ ਮਿਲ ਕੇ ਉਸ ਅਕਾਲ ਪੁਰਖ ਦੇ ਮੰਗਲਮਈ ਗੀਤ ਗਾਉਂਦੀਆਂ ਹਨ, ਉਸ ਦੀ ਸਿਫਤਿ ਸਲਾਹ ਵਿੱਚ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਉਂਦੀਆਂ ਹਨ :

**ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥**
**ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥**

ਕਬੀਰ ਜੀ ਰਾਗ ਆਸਾ ਪੰਨਾ ੪੮੨

ਅਕਾਲ ਪੁਰਖ ਦੀ ਬਰਾਬਰੀ ਕਰਨ ਵਾਲਾ ਕੋਈ ਹੋਰ ਦੂਜਾ ਉਨ੍ਹਾਂ ਨੂੰ ਦਿੱਸਦਾ ਹੀ ਨਹੀਂ। ਦਿੱਸ ਵੀ ਕਿਵੇਂ ਸਕਦਾ ਹੈ, ਕਿਉਂਕਿ ਉਸ ਵਰਗਾ ਕੋਈ ਹੋਰ ਹੈ ਹੀ ਨਹੀਂ। ਉਹ ਸਰਬ ਵਿਆਪਕ, ਸਰਬ ਸ਼ਕਤੀਮਾਨ, ਸਰਬ ਪੂਰਕ, ਪਰਿਪੂਰਨ ਸਵੱਛ ਅਤੇ ਸੁੰਦਰ ਹੈ। ਉਸ ਦੀ ਤੁਲਨਾ ਕੋਈ ਹੋਰ ਕਿਵੇਂ ਕਰ ਸਕਦਾ ਹੈ।

**ਕੰਜਲਕ ਨੈਨ ਕੰਬੁ ਗ੍ਰੀਵਹਿ ਕਟਿ ਕੇਹਰ ਕੁੰਜਰ ਗਵਨ॥**
**ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ॥**

ਦਸਮ ਗ੍ਰੰਥ ਪੰਨਾ ੧੩੧

ਇਹੋ ਜਿਹੇ ਅਕਾਲ ਪੁਰਖ ਪ੍ਰਭੂ ਨੂੰ ਪ੍ਰਾਪਤ ਕਰ ਕੇ, ਜੀਵ ਰੂਪੀ ਇਸਤ੍ਰੀ ਦੇ ਜਨਮ-ਮਰਨ ਦੇ ਦੁੱਖ ਕੱਟੇ ਗਏ, ਉਸ ਨੂੰ ਆਪਣੇ ਚਰਨ ਕੰਵਲਾਂ ਵਿੱਚ ਲਿਵਲੀਨਤਾ ਵਾਲੀ ਇਸ ਤਰ੍ਹਾਂ ਦੀ ਥਾਂ ਬਖਸ਼ੀ, ਜੋ ਅਚੱਲ ਹੈ, ਅਡੋਲ ਹੈ, ਨਿਹਚਲ ਹੈ। ਉਸ ਦਾ ਇਹ ਲੋਕ ਉਸ ਪਿਆਰੇ ਪ੍ਰਭੂ ਪਤੀ ਨੂੰ ਪਾ ਕੇ ਸੌਰ ਗਿਆ ਨਾਲ ਹੀ ਪਰਲੋਕ ਵੀ ਸੰਵਾਰ ਦਿੱਤਾ।

**ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ॥**
**ਮਿਟਹਿ ਕਮਾਣੇ ਪਾਪ ਚਿਰਾਣੇ ਸਾਧ ਸੰਗਤਿ ਮਿਲਿ ਮੁਆ ਜੀਜੈ॥**

ਧਨਾਸਰੀ ਮ: ੫, ਪੰਨਾ ੬੮੩

ਅਕਾਲ ਪੁਰਖ ਆਪਣੀ ਪਿਆਰੀ ਜੀਵ ਰੂਪੀ ਇਸਤ੍ਰੀ ਦੀ ਰੱਖਿਆ ਆਪਣਾ ਹੱਥ ਦੇ ਕੇ ਕਰਦਾ ਹੈ ਤੇ ਉਸ ਨੂੰ ਸੰਸਾਰ ਸਾਗਰ ਵਿਚ ਡੁੱਬਣ ਤੋਂ ਬਚਾਉਂਦਾ ਹੈ। ਉਸ ਦੇ ਨਾਲ ਹੀ ਉਸ ਨੂੰ ਆਵਾਗਵਣ ਦੇ ਚੱਕਰਾਂ ਤੋਂ ਮੁਕਤ ਕਰਾਉਂਦਾ ਹੈ। ਉਸ ਨੂੰ ਫਿਰ ਮੁੜ ਮੁੜ ਕੇ ਜਨਮ ਧਾਰਨ ਦੀ ਕੋਈ ਲੋੜ ਨਹੀਂ ਪੈਂਦੀ। ਆਪਣੇ ਪਿਆਰੇ ਇਸ਼ਟ ਦੇ ਅਣਗਿਣਤ ਗੁਣ ਹਨ, ਉਨ੍ਹਾਂ ਗੁਣਾਂ ਦਾ ਵਰਣਨ ਇਕ ਜੀਭ ਨਾਲ ਕਰਨਾ ਤਾਂ ਬਹੁਤ ਕਠਿਨ ਹੈ :

**ਏਕ ਜੀਹ ਗੁਣ ਕਵਨ ਬਖਾਨੈ॥**
**ਸਹਸ ਫਨੀ ਸੇਖ ਅੰਤੁ ਨ ਜਾਨੈ॥**
**ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥**

ਮਾਰੂ ਮ: ੫, ਪੰਨਾ ੧੦੮੩

ਉਸ ਅਕਾਲ ਪੁਰਖ ਦੇ ਗੁਣ ਬੇਅੰਤ ਹਨ ਜੋ ਇੱਕ ਜੀਭ ਨਾਲ ਤਾਂ ਕਥਨ ਨਹੀਂ ਕੀਤੇ ਜਾ ਸਕਦੇ। ਜਿਨ੍ਹਾਂ ਨੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਆਪਣੇ ਚਰਨੀ ਲਾ ਲੈਂਦੇ ਹਨ, ਉਹ ਇਸ ਸੰਸਾਰ ਰੂਪੀ ਭਵਜਲ ਤੋਂ ਤਰ ਜਾਂਦੇ ਹਨ। ਉਨ੍ਹਾਂ ਦੇ ਬੇੜੇ ਪਾਰ ਹੋ ਜਾਂਦੇ ਹਨ। ਉਨ੍ਹਾਂ ਦੀਆਂ ਸਾਰੀਆਂ ਆਸ਼ਾਵਾਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ। ਫਗਣ ਦੇ ਮਹੀਨੇ ਵਿੱਚ ਹਮੇਸ਼ਾ ਉਸ ਅਕਾਲ ਪੁਰਖ ਦੇ ਜਸ ਗਾਉਣੇ ਚਾਹੀਦੇ ਹਨ, ਜਿਸ ਨੂੰ ਤਿਲ ਮਾਤਰ ਵੀ ਲਾਲਚ ਨਹੀਂ। ਉਸ ਨੂੰ ਰਤਾ ਭਰ ਵੀ ਪਰਵਾਹ ਨਹੀਂ ਚਾਹੇ, ਉਸ ਨੂੰ ਕੋਈ ਯਾਦ ਕਰੇ, ਭਾਵੇਂ ਨਾ ਕਰੇ। ਉਹ ਤਾਂ ਵੱਡਾ ਸਾਹਿਬ ਹੈ, ਉਸ ਦੀ ਵਡਿਆਈ ਦਾ ਤਾਂ ਵਰਣਨ ਹੋ ਹੀ ਨਹੀਂ ਸਕਦਾ।

**ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ॥**
**ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ॥**
**ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ॥**
**ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ॥**
**ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ,**
**ਜਨੁ ਨਾਨਕੁ ਦਾਸੁ ਦਸੋਨਾ॥** ਸਲੋਕ ਮ: ੪, ਪੰਨਾ ੧੩੧੫

**ਭਾਵ :**

ਉਹ ਜੀਵ ਰੂਪੀ ਇਸਤ੍ਰੀ ਕਿੰਨੀਆਂ ਵਡਭਾਗਣਾਂ ਹਨ, ਜਿਹੜੀਆਂ ਸਾਧ ਸੰਗਤ ਵਿਚ ਜਾ ਕੇ ਆਪਣੇ ਪਿਆਰੇ ਅਕਾਲ ਪੁਰਖ ਪ੍ਰਭੂ ਦੀ ਸਿਫਤਿ ਸਲਾਹ ਦੇ ਗੀਤ ਗਾ ਕੇ ਆਤਮਿਕ ਆਨੰਦ ਦੀ ਪ੍ਰਾਪਤੀ ਕਰਦੀਆਂ ਹਨ। ਕਿੰਨੀਆਂ ਹੀ ਦੁੱਖ ਮੁਸੀਬਤਾਂ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀਆਂ। ਇਸ ਭਵਸਾਗਰ ਤੋਂ ਪਾਰ ਹੋ ਕੇ ਉਹ ਆਪਣਾ ਲੋਕ ਪਰਲੋਕ ਸੰਵਾਰ ਲੈਂਦੀਆਂ ਹਨ।

# ਇਛ ਪੁਨੀ ਵਡਭਾਗਣੀ

## *ਸੰਤ ਬਾਬਾ ਨਿਹਾਲ ਸਿੰਘ ਜੀ*

ਕਿੰਨੀਆਂ ਭਾਗਸ਼ਾਲੀ ਹਨ ਉਹ ਰੂਹਾਨੀ ਸ਼ਖ਼ਸੀਅਤਾਂ, ਜਿਹੜੀਆਂ ਹਰ ਵੇਲੇ ਨਾਮ ਸਿਮਰਨ ਕਰਦੀਆਂ ਹਨ, ਆਪਣੇ ਹਰ ਖਿਨ, ਪਲ, ਘੜੀਆਂ ਆਪਣੇ ਪਿਆਰੇ ਦੇ ਚਰਨਾਂ ਵਿਚ ਅਰਪਿਤ ਕਰਦੀਆਂ ਹਨ, ਉਹ ਉਸ ਨੂੰ ਪ੍ਰਾਪਤ ਕਰ ਕੇ ਧੰਨ ਧੰਨਯ ਹੋ ਜਾਂਦੀਆਂ ਹਨ, ਆਪਣੇ ਪਿਆਰੇ ਹਰਿ ਰੂਪੀ ਵਰ ਨੂੰ ਪ੍ਰਾਪਤ ਕਰ ਕੇ ਉਨ੍ਹਾਂ ਦੀਆਂ ਸਾਰੀਆਂ ਲੋਚਾਂ ਪੂਰਨ ਹੋ ਜਾਂਦੀਆਂ ਹਨ, ਕਾਮਨਾਵਾਂ ਤ੍ਰਿਪਤ ਹੋ ਜਾਂਦੀਆਂ। ਉਹ ਹਰਿ ਦੇ, ਹਰਿ ਜੁ ਆਪਣੇ ਭਗਤਾਂ ਦੇ ਬਣ ਜਾਂਦੇ ਹਨ। ਉਨ੍ਹਾਂ ਨੂੰ ਅਗਮ ਨਿਗਮ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ, ਜਦੋਂ ਸ੍ਰਿਸ਼ਟੀ ਦਾ ਮਾਲਕ ਆਪਣਾ ਬਣ ਗਿਆ ਫੇਰ ਸਾਰੀ ਕਾਇਨਾਤ ਸਾਰੇ ਬ੍ਰਹਿਮੰਡ ਵਿੱਚ ਚਾਨਣਾ ਹੋਣ ਲੱਗ ਜਾਂਦਾ ਹੈ, ਤੇ ਉਹ ਵੀ ਆਪਣੇ ਪਿਆਰੇ ਦਾ ਹੁਕਮ ਪ੍ਰਾਪਤ ਕਰ ਕੇ, ਪਿਆਰੇ ਤੇ ਭਗਤੀ ਦੇ ਅਧੀਨ ਹੋ ਜਾਂਦੇ ਹਨ।

**ਇਛ ਪੁਨੀ ਵਡਭਾਗਣੀ ਵਰ ਪਾਇਆ ਹਰਿ ਰਾਇ॥**

ਇਹੋ ਜਿਹੀ ਮਹਾਨ ਸ਼ਖ਼ਸੀਅਤ ਸਨ ਸੰਤ ਬਾਬਾ ਨਿਹਾਲ ਸਿੰਘ ਜੀ। ਆਪ ਜੀ ਦਾ ਜਨਮ ਪਿੰਡ ਮੁਸੱਕੇ ਵਾਲੀ ਜ਼ਿਲ੍ਹਾ ਗੁਜਰਾਂਵਾਲਾ ਵਿਖੇ ਹੋਇਆ। ਆਪ ਜੀ ਆਪਣਾ ਖੇਤੀ ਬਾੜੀ ਦਾ ਕੰਮ ਬੜੀ ਲਗਨ ਅਤੇ ਮਿਹਨਤ ਨਾਲ ਕਰਦੇ। ਬਾਬਾ ਜੀ ਮਹਾਂਪੁਰਖ ਸਨ ਤੇ ਆਪਣੇ ਪਿਆਰੇ ਸਤਿਗੁਰੂ ਦੀ ਭਗਤੀ ਕਰ ਕੇ, ਉੱਚ ਰੂਹਾਨੀ ਅਧਿਆਤਮਕ ਸ਼ਖ਼ਸੀਅਤ ਬਣ ਚੁੱਕੇ ਸਨ। ਇੱਕ ਵਾਰੀ ਕੁਝ ਸਿੱਖ ਬਾਬਾ ਜੀ ਦੇ ਚਰਨਾਂ ਵਿੱਚ ਬੇਨਤੀ ਕਰਨ ਲੱਗੇ, "ਬਾਬਾ ਜੀ ! ਕ੍ਰਿਪਾ ਕਰੋ ਤੇ ਸਾਨੂੰ ਕੁਝ ਵਿਖਾਉ।" ਬਾਬਾ ਜੀ ਨੇ ਕਿਹਾ, "ਹੱਛਾ ਭਾਈ, ਰਾਤ ਨੂੰ ਆ ਜਾਣਾ।" ਜਦੋਂ ਰਾਤ ਪੈ ਗਈ, ਹਨੇਰਾ ਹੋ ਗਿਆ, ਹਨੇਰੀਆਂ ਰਾਤਾਂ ਹੋਣ ਕਰ ਕੇ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਹਨੇਰੀ ਰਾਤ ਵਿਚ ਐਨੀ ਜ਼ੋਰ ਦੀ ਪ੍ਰਕਾਸ਼ ਹੋਇਆ ਕਿ ਅੱਖਾਂ ਚੁੰਧਿਆ ਗਈਆਂ। ਉਸ ਦੇ ਸਾਹਮਣੇ ਬਿਜਲੀ ਦੀ ਰੌਸ਼ਨੀ ਫਿੱਕੀ ਪੈ ਰਹੀ ਸੀ, ਤੇ ਉਸ ਰੋਸ਼ਨੀ ਵਿਚ ਕੀੜੀ ਤਕ ਨਜ਼ਰ ਆ ਰਹੀ ਸੀ। ਥੋੜੇ ਚਿਰ ਪਿਛੋਂ ਫਿਰ ਉਸੇ ਤਰ੍ਹਾਂ ਹਨੇਰਾ ਘੁੱਪ ਹੋ ਗਿਆ। ਉਥੇ ਇੱਕ ਖੂਹ ਸੀ, ਖੂਹੀ ਦੇ ਲਹਿੰਦੇ ਪਾਸੇ ਵਲ੍ਹ ਇੱਕ ਬਹੁਤ ਵੱਡੀ ਹਵੇਲੀ ਸੀ, ਖੂਹ ਚਲ ਰਿਹਾ ਸੀ। ਉਥੇ ਕੋਲ ਹੀ ਬਹੁਤ ਭਾਰੀ ਭੀੜ ਇਕੱਠੀ ਹੋਈ ਸੀ। ਬਾਬਾ ਜੀ ਨੇ ਉਨ੍ਹਾਂ ਸਿੱਖਾਂ ਨੂੰ ਆਖਿਆ, "ਆਉ ਭਾਈ, ਸ੍ਰੀ ਭੈਣੀ ਸਾਹਿਬ ਦੇ ਸਾਖਿਆਤ ਦਰਸ਼ਨ ਕਰ ਲਵੋ। ਦੂਜੇ ਪਾਸੇ ਉਸੇ ਤਰ੍ਹਾਂ ਖੂਹ ਵਗ ਰਿਹਾ ਸੀ। ਸਾਰੇ ਵਿਸਮਾਦਿਤ ਹੋ ਉਠੇ ਤੇ ਹਰੇਕ ਦੀ ਰਸਨਾ ਉਤੇ ਸੀ, "ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ। ਧੰਨ ਸਤਿਗੁਰੂ ਦੀ ਸਿੱਖੀ।"

ਬਾਬਾ ਜੀ ਨੇ ਇੱਕ ਵਾਰੀ ਸਤਿਗੁਰੂ ਜੀ ਦੀ ਆਗਿਆਨੁਸਾਰ ਹੋਲਾ ਮਹੱਲਾ ਕੀਤਾ। ਹੋਲੇ ਤੇ ਆਉਣ ਵਾਲੀ ਸਾਧ-ਸੰਗਤ ਲਈ ਬਾਬਾ ਜੀ ਨੇ ਦੋ ਮਣ ਕਣਕ ਪਿਸਵਾ ਕੇ ਭੜੋਲੇ ਵਿਚ ਪਾ ਦਿੱਤੀ। ਸਾਧ ਸੰਗਤ ਦਾ ਭਾਰੀ ਇਕੱਠ ਹੋਇਆ। ਜਦੋਂ ਦੋ ਤਿੰਨ ਵਾਰੀ ਲੰਗਰ ਪੱਕ ਚੁੱਕਾ ਤਾਂ ਵਿਚੋਂ ਆਟਾ ਆਉਣਾ ਬੰਦ ਹੋ ਗਿਆ। ਬਾਬਾ ਜੀ ਦੀ ਭੈਣ ਚਿੰਤਾਤੁਰ ਹੋ ਕੇ ਦੌੜ ਕੇ ਬਾਬਾ ਜੀ ਕੋਲ ਪਹੁੰਚੀ ਤੇ ਉਨ੍ਹਾਂ ਨੂੰ ਦੱਸਿਆ ਕਿ ਭੜੋਲੇ ਵਿਚ ਆਟਾ ਮੁੱਕ ਗਿਆ ਲੱਗਦਾ ਹੈ। ਬਾਬਾ ਜੀ ਆਪਣੀ ਭੈਣ ਦੇ ਨਾਲ ਘਰ ਪਹੁੰਚੇ ਤੇ ਆਪਣੇ ਹੱਥ ਵਿਚ ਲਾਠੀ ਲੈ ਕੇ ਭੜੋਲੇ ਉਤੇ ਮਾਰੀ। ਲਾਠੀ ਮਾਰਨ ਨਾਲੋਂ ਅੰਦਰੋਂ ਜ਼ੋਰ ਦੀ ਧੜੱਮ ਕਰ ਕੇ ਕੁਝ ਡਿੱਗਣ ਦੀ ਆਵਾਜ਼ ਆਈ ਤੇ ਭੜੋਲੇ ਵਿਚੋਂ ਆਟਾ ਬਾਹਰ ਨਿਕਲਣਾ ਸ਼ੁਰੂ ਹੋ ਗਿਆ। ਬਾਬਾ ਜੀ ਦੀ ਭੈਣ ਨੇ ਭੜੋਲੇ ਨੂੰ ਉਪਰੋਂ ਦੀ ਢੱਕਣ ਦੇ ਦਿੱਤਾ ਤੇ ਉਸ ਦਾ ਮੂੰਹ ਬੰਦ ਕਰ ਦਿੱਤਾ। ਆਪਣੀ ਭੈਣ ਨੂੰ ਹੁਕਮ ਕੀਤਾ ਕਿ ਭੜੋਲੇ ਨੂੰ ਉਪਰੋਂ ਮੂੰਹ ਤੋਂ ਕਦੇ ਵੀ ਨਹੀਂ ਖੋਹਲਣਾ। ਥਲਿਉ ਆਟਾ ਜਿੰਨਾ ਮਰਜ਼ੀ ਹੈ, ਕੱਢਦੇ ਜਾਣਾ। ਇਸ ਤਰ੍ਹਾਂ ਉਸ ਦੋ ਮਣ ਆਟੇ ਨਾਲ ਸਾਰਾ ਹੋਲਾ ਮੇਲਾ ਹੋ ਗਿਆ ਤੇ ਉਸ ਤੋਂ ਬਾਅਦ ਉਸ ਆਟੇ ਨੂੰ ਆਪਣੇ ਘਰ ਲਈ ਵੀ ਵਰਤੋਂ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਆਟੇ ਨੂੰ ਕੀੜਾ ਲਗਦਾ ਵੇਖ ਕੇ, ਭੈਣ ਨੇ ਭੜੋਲੇ ਦਾ ਮੂੰਹ ਇਹ ਸੋਚ ਕੇ ਉਪਰੋਂ ਦੀ ਖੋਲ੍ਹ ਲਿਆ ਕਿ ਵੇਖਿਆ ਜਾਵੇ ਅੰਦਰ ਕਿੰਨਾ ਕੁ ਆਟਾ ਹੈ। ਜਦੋਂ ਬੀਬੀ ਨੇ ਵੇਖਿਆ ਤਾਂ ਭੜੋਲੇ ਦੇ ਅੰਦਰ ਲੱਗ ਲਬੇੜ ਹੀ ਰਹਿ ਗਿਆ ਸੀ।

ਇੱਕ ਦਿਨ ਪਰਿਵਾਰ ਦੇ ਲੋਕ ਬਾਬਾ ਜੀ ਨੂੰ ਕਹਿਣ ਲੱਗੇ ਕਿ ਉਨ੍ਹਾਂ ਨੇ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਜਾਣਾ ਹੈ। ਬਾਬਾ ਜੀ ਸਹਿਜੇ ਹੀ ਕਹਿਣ ਲੱਗੇ ਕਿ ਜੇ ਕਰ ਉਹ ਦੀਵਾਲੀ ਉਨ੍ਹਾਂ ਨੂੰ ਉਥੇ ਹੀ ਵਿਖਾ ਦੇਣ। ਜਦੋਂ ਦੀਵਾਲੀ ਦੇ ਅਵਸਰ ਤੇ ਸ੍ਰੀ ਅੰਮ੍ਰਿਤਸਰ ਵਿਖੇ ਦੀਪਮਾਲਾ ਕੀਤੀ ਗਈ ਤਾਂ ਬਾਬਾ ਜੀ ਨੇ ਆਪਣੇ ਪਰਿਵਾਰ ਦੇ ਲੋਕਾਂ ਨੂੰ ਸੱਦ ਕੇ ਕਿਹਾ, "ਆਉ ਭਾਈ, ਸਾਰੇ ਜਣੇ ਦੀਵਾਲੀ ਦਾ ਆਨੰਦ ਮਾਣ ਲਵੋ, ਦੀਪਮਾਲਾ ਵੇਖ ਲਵੋ।" ਉਨ੍ਹਾਂ ਸਾਰਿਆਂ ਨੇ ਘਰ ਬੈਠਿਆਂ ਹੀ ਅੰਮ੍ਰਿਤਸਰ ਦੀ ਦੀਪਮਾਲਾ ਦਾ ਆਨੰਦ ਮਾਣਿਆ ਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਲਏ। ਜਿਸ ਤਰ੍ਹਾਂ ਵੀ ਕਿਸੇ ਦੀ ਭਾਵਨਾ ਹੁੰਦੀ, ਬਾਬਾ ਜੀ ਉਸੇ ਤਰ੍ਹਾਂ ਹੀ ਉਸ ਨੂੰ ਪੂਰੀ ਕਰਦੇ।

ਬਾਬਾ ਜੀ ਦੇ ਘਰ ਦੇ ਬਿਲਕੁਲ ਨੇੜੇ ਇੱਕ ਮੁਸਲਮਾਨ ਦਾ ਘਰ ਸੀ। ਜਦੋਂ ਬਾਬਾ ਜੀ ਅੰਮ੍ਰਿਤ ਵੇਲੇ ਸਵੇਰੇ ਇਸ਼ਨਾਨ ਕਰਨ ਲਈ ਉਠਦੇ ਤਾਂ ਉਸ ਮੁਸਲਮਾਨ ਦੀ ਲੜਕੀ ਵੀ ਇਸ਼ਨਾਨ ਕਰ ਲੈਂਦੀ। ਬਾਬਾ ਜੀ ਆਪਣੇ ਭਜਨ ਵਿਚ ਮਸਤ ਹੋ ਜਾਂਦੇ ਤੇ ਬੀਬੀ ਅਲ੍ਹਾ-ਅਲ੍ਹਾ ਕਰਨ ਲੱਗ ਜਾਂਦੀ। ਇੱਕ ਦਿਨ ਬਾਬਾ ਜੀ ਨੂੰ ਉਹ ਮੁਸਲਮਾਨ ਲੜਕੀ ਅਗੋਂ ਦੀ ਮਿਲੀ। ਬਾਬਾ ਜੀ ਨੇ ਉਸ

ਨੂੰ ਕਿਹਾ ਕਿ ਉਹ ਪੱਕਾ-ਪੱਕਾ ਆਖਿਆ ਕਰੇ। ਇਹ ਕਹਿਣ ਦੀ ਦੇਰ ਸੀ, ਕਿ ਬੀਬੀ ਨੂੰ ਇਕ ਦਮ ਸੂਤਰ ਪੈ ਗਿਆ ਤੇ ਉਸ ਮਸਤਾਨੀ ਹੋ ਗਈ। ਜਦੋਂ ਵੀ ਬੀਬੀ ਦੇ ਕੰਨਾਂ ਵਿਚ ਬਾਬਾ ਜੀ ਦੇ ਕੀਰਤਨ ਕਰਦਿਆਂ ਹੋਇਆ ਢੋਲਕ, ਛੈਣਿਆਂ ਦੀ ਆਵਾਜ਼ ਪਵੇ, ਮੁਸਲਮਾਨ ਬੀਬੀ ਇਕ ਦਮ ਮਸਤਾਨੀ ਹੋ ਜਾਂਦੀ। ਉਸ ਨੂੰ ਆਪਣੇ ਆਪ ਦੀ ਹੋਸ਼ ਨਾ ਰਹਿੰਦੀ ਤੇ ਉਹ ਬੇਸੁੱਧ ਹੋ ਜਾਂਦੀ। ਇੱਕ ਦਿਨ ਬੀਬੀ ਨੂੰ ਜਦੋਂ ਬਹੁਤ ਸੂਤਰ ਪੈ ਗਿਆ, ਬੀਬੀ ਨੂੰ ਪਿਤਾ ਨੇ ਬਹੁਤ ਮਾਰਿਆ ਕੁੱਟਿਆ। ਜਦੋਂ ਬਾਬਾ ਜੀ ਨੂੰ ਪਤਾ ਲੱਗਾ, ਬਾਬਾ ਜੀ ਉਸ ਮੁਸਲਮਾਨ ਲੜਕੀ ਦੇ ਪਿਤਾ ਕੋਲ ਗਏ ਤੇ ਉਨ੍ਹਾਂ ਨੂੰ ਸਮਝਾਇਆ ਕਿ ਉਹ ਬੀਬੀ ਨੂੰ ਅਗੇ ਤੋਂ ਨਾ ਮਾਰਿਆ ਕਰਨ, ਕਿਉਂਕਿ ਉਹ ਉਸ ਨੂੰ ਦਿੱਤੀ ਹੋਈ ਆਪਣੀ ਚੀਜ਼ ਉਸ ਕੋਲੋਂ ਵਾਪਸ ਲੈ ਰਹੇ ਹਨ। ਬਾਬਾ ਜੀ ਨੇ ਅਪਾਣੀ ਦ੍ਰਿਸ਼ਟੀ ਉਸ ਬੀਬੀ ਉਤੇ ਪਾਈ ਤੇ ਉਸ ਤੋਂ ਬਾਅਦ ਬੀਬੀ ਨੂੰ ਕਦੇ ਵੀ ਸੂਤਰ ਨਾ ਪਿਆ।

# ੧੪

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥
ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥
ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥
ਨਾਨਕੁ ਮੰਗੈ ਦਰਸੁ ਦਾਨੁ ਕਿਰਪਾ ਕਰਹੁ ਹਰੇ॥੧੪॥

**ਸ਼ਬਦਾਰਥ :**

ਜਿਨਿ—ਜਿਸ ਮਨੁੱਖ ਨੇ। ਸਰੇ—ਨੇਪਰੇ ਚੜ੍ਹੇ, ਚੰਗੇ ਹਨ। ਖਰੇ—ਸੁਰਖਰੂ। ਦਰਗਹ ਸਚਿ—ਸਦਾ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ। ਭਉਜਲੁ—ਸੰਸਾਰ ਸਮੁੰਦਰ। ਬਿਖਮੁ—ਔਖਾ ਕਠਿਨ। ਤਿਨ—ਉਹਨਾਂ। ਬਿਖਿਆ ਨਾਹਿ ਜਰੇ—ਵਿਸ਼ਿਆਂ ਦੀ ਅੱਗ ਵਿਚ ਨਹੀਂ ਸੜਦੇ। ਕੂੜ—ਵਿਅਰਥ ਝੂਠੇ ਲਾਲਚ। ਦੁਬਿੱਧਾ—ਦੁਚਿੱਤਾਪਨ, ਮਨ ਦੀ ਭਟਕਣਾ। ਭਰੇ—ਟਿਕ ਰਹਿੰਦੇ ਹਨ। ਧਰੇ—ਧਾਰਨ ਕਰ ਕੇ। ਮਾਹ—ਮਹੀਨੇ। ਦਿਵਸ—ਦਿਹਾੜੇ, ਦਿਨ। ਮੂਰਤ—ਮੁਹੂਰਤ। ਜਿਨ ਕਉ—ਜਿੰਨਾਂ ਉੱਤੇ। ਹਰੇ—ਹੇ ਹਰੀ।

***ਵਿਆਖਿਆ :***

ਜਿਹੜੇ ਮਨੁੱਖ ਨੇ ਆਪਣੇ ਪਿਆਰੇ ਪ੍ਰਭੂ ਦਾ ਨਾਮ ਸਿਮਰਨ ਕੀਤਾ, ਉਸ ਦੇ ਲੋਕ ਤੇ ਪਰਲੋਕ ਦੋਵੇਂ ਥਾਵਾਂ ਦੇ ਕਾਰਜ ਸੌਰ ਗਏ। ਜਿਹੜੇ ਉਸ ਦੇ ਭਗਤ ਜਨ ਹਨ, ਉਨ੍ਹਾਂ ਦੀ ਰੱਖਿਆ ਕਰਨ ਵਾਸਤੇ ਉਹ ਆਪ ਆਉਂਦਾ ਹੈ ਆਪਣਾ ਹੱਥ ਦੇ ਕੇ ਸੁਰੱਖਿਆ ਪ੍ਰਦਾਨ ਕਰਦਾ ਹੈ ਤੇ ਆਪਣੇ ਸੇਵਕ ਦੀ ਲਾਜ ਆਪ ਰਖਦਾ ਹੈ।

ਨਾਮਾ ਛੀਂਬਾ ਆਖੀਐ, ਗੁਰਮੁਖਿ ਭਾਇ ਭਗਤਿ ਲਿਵ ਲਾਈ॥
ਖਤ੍ਰੀ ਬ੍ਰਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ॥
ਨਾਮਾ ਪਕੜਿ ਉਠਾਲਿਆ ਬਹਿ ਪਛਵਾੜੈ ਹਰਿ ਗੁਣ ਗਾਈ॥
ਭਗਤ ਵਛਲੁ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ॥
ਦਰਗਹ ਮਾਣੁ ਨਿਮਾਣਿਆ ਸਾਧ ਸੰਗਤਿ ਸਤਿਗੁਰ ਸਰਣਾਈ॥

ਵਾਰ ੨੫ ਪਉੜੀ ੪

ਸੇਵਕ ਨੂੰ ਯਾਦ ਕਰਨ ਦੀ ਦੇਰ ਹੈ, ਉਹ ਖਿਨਾਂ ਪਲਾਂ ਵਿੱਚ ਉਸ ਦਾ ਸਹਾਇਕ ਬਣ ਜਾਂਦਾ ਹੈ। ਜਿਨ੍ਹਾਂ ਮਨੁੱਖਾਂ ਨੇ ਆਪਣੇ ਪਿਆਰੇ ਪੂਰਨ ਹਰਿ, ਗੁਰੂ ਦੀ ਅਰਾਧਨਾ ਕੀਤੀ, ਸਿਮਰਨ ਕੀਤਾ, ਉਹ ਅੱਗੇ ਦਰਗਾਹ ਵਿੱਚ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ ਸੁਰਖਰੂ ਹੁੰਦੇ ਹਨ। ਉਹ ਮਾਣ ਤੇ ਸੋਭਾ ਪ੍ਰਾਪਤ ਕਰਦੇ ਹਨ। ਉਨ੍ਹਾਂ ਦੀ ਵਡਿਆਈ ਤੇ ਪ੍ਰਸਿੱਧੀ ਇਸ ਧਰਤੀ ਤੇ ਹੁੰਦੀ ਹੀ ਹੈ, ਪਰ ਦਰਗਾਹ ਵਿੱਚ ਵੀ ਉਹ ਆਪਣੇ ਪੂਰੇ ਸਤਿਗੁਰੂ ਦੀ ਕ੍ਰਿਪਾ ਸਦਕਾ ਵਿਸ਼ੇਸ਼ ਸਥਾਨ ਪ੍ਰਾਪਤ ਕਰਦੇ ਹਨ।

**ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ॥**
**ਖੰਡੇ ਧਾਰ ਗਲੀ ਅਤਿ ਭੀੜੀ। ਲੇਖਾ ਲੀਜੈ ਤਿਲ ਜਿਉ ਪੀੜੀ॥**
**ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥**
ਮਾਰੂ ਮ: ੧, ਪੰਨਾ ੧੦੨੮

ਆਪਣੇ ਪਿਆਰੇ ਦੇ, ਹਰਿ ਜੂ ਦੇ ਚਰਣ ਸਾਰੇ ਸੁੱਖਾਂ ਦਾ ਖਜ਼ਾਨਾ ਹਨ। ਜਿਹੜੇ ਜੀਵ ਸਤਿਗੁਰੂ ਜੀ ਦੀ ਚਰਨੀਂ ਲਗਦੇ ਹਨ, ਉਹ ਔਖੇ ਸੰਸਾਰ ਸਮੁੰਦਰ ਵਿਚੋਂ ਸਹੀ-ਸਲਾਮਤ ਪਾਰ ਲੰਘ ਜਾਂਦੇ ਹਨ। ਆਪਣੇ ਪਿਆਰੇ ਦੇ ਚਰਨਾਂ ਸਦਕਾ ਕੋਈ ਵੀ ਔਕੜ ਔਕੜ ਨਹੀਂ ਰਹਿੰਦੀ, ਕੋਈ ਵੀ ਕਠਿਨਾਈ ਕਠਿਨਾਈ ਨਹੀਂ ਰਹਿੰਦੀ, ਸਭ ਕੁਝ ਸੁਲਭ ਹੋ ਜਾਂਦਾ ਹੈ, ਸਭ ਕੁਛ ਸੁਗਮ ਹੋ ਜਾਂਦਾ ਹੈ।

**ਚਰਨ ਕਮਲ ਸੰਗਿ ਲਾਗੀ ਡੋਰੀ॥**
**ਸੁਖ ਸਾਗਰ ਕਰਿ ਪਰਮ ਗਤਿ ਮੋਰੀ॥** ਨਟ ਮ: ੫, ਪੰਨਾ ੯੭੯

ਚਰਨਾਂ ਦੀ ਸ਼ਰਨ ਵਿੱਚ ਜਾ ਕੇ, ਮਨੁੱਖ ਨੇ ਆਪਣੇ ਪਿਆਰੇ ਦਾ ਪਿਆਰ ਤੇ ਭਗਤੀ ਪ੍ਰਾਪਤ ਕਰ ਲਈ। ਜਦੋਂ ਪਿਆਰੇ ਦਾ ਪਿਆਰ ਮਿਲ ਗਿਆ, ਫਿਰ ਕਿਸੇ ਪਦਾਰਥ ਦਾ ਘਾਟਾ ਨਹੀਂ ਰਹਿ ਜਾਂਦਾ, ਸਭ ਕੁਛ ਪ੍ਰਾਪਤ ਹੋ ਜਾਂਦਾ ਹੈ। ਜਦੋਂ ਸਭ ਕੁਝ ਪ੍ਰਾਪਤ ਹੋ ਗਿਆ, ਫਿਰ ਦੁਨਿਆਵੀ ਵਿਸ਼ੇ ਵਿਕਾਰਾਂ ਦੀ ਅਗਨੀ ਉਸ ਜੀਵ ਦਾ ਕੁਝ ਵੀ ਨਹੀਂ ਵਿਗਾੜ ਸਕਦੀ।

**ਸਿਮਰਤ ਨਾਮੁ ਕਿਲਬਿਖ ਸਭ ਨਾਸੇ॥**
**ਸਚੁ ਨਾਮੁ ਗੁਰਿ ਦੀਨੀ ਰਾਸੇ॥**
**ਪ੍ਰਭ ਕੀ ਦਰਗਹ ਸੋਭਾਵੰਤੇ॥**
**ਸੇਵਕ ਸੇਵਿ ਸਦਾ ਸੋਹੰਤੇ॥** ਪ੍ਰਭਾਤੀ ਮ: ੫, ਪੰਨਾ ੧੩੩੯

ਉਹ ਅਕਾਲ ਪੁਰਖ ਪ੍ਰਭੂ ਦੀ ਦਰਗਾਹ ਵਿਚ ਸੋਭਦੇ ਹਨ, ਬਹੁਤ ਸੁਹਣੇ ਲਗਦੇ ਹਨ। ਉਨ੍ਹਾਂ ਦੇ ਮਨ ਦੇ ਝੂਠੇ ਫੁਰਨੇ ਨਿਕਲ ਜਾਂਦੇ ਹਨ, ਉਨ੍ਹਾਂ ਦੇ ਵਿਅਰਥ ਝੂਠੇ ਲਾਲਚ ਖਤਮ ਹੋ ਜਾਂਦੇ ਹਨ, ਉਨ੍ਹਾਂ ਦੇ ਮਨ ਦੀ ਦੁਬਿਧਾ ਖਤਮ

ਹੋ ਜਾਂਦੀ ਹੈ, ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਦਵੈਤ ਭਾਵਨਾ ਦੂਰ ਹੋ ਜਾਂਦੀ ਹੈ, ਅਤੇ ਉਨ੍ਹਾਂ ਦੇ ਹਿਰਦੇ ਦੇ ਅੰਦਰ ਪੂਰਨ ਰੂਪ ਵਿਚ ਸੱਚ ਦਾ ਨਿਵਾਸ ਹੋ ਜਾਂਦਾ ਹੈ। ਉਨ੍ਹਾਂ ਦਾ ਮਨ ਸਦਾ ਥਿਰ ਰਹਿਣ ਵਾਲੇ ਹਰੀ ਦੇ ਚਰਨਾਂ ਵਿੱਚ ਟਿਕ ਜਾਂਦਾ ਹੈ।

**ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ॥**
**ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ॥**
**ਜਿਨਾ ਅੰਦਰਿ ਸਚਾ ਨੇਹੁ ਕਿਉ ਜੀਵਨਿ ਪਿਰੀ ਵਿਹੂਣਿਆ॥**

ਸਲੋਕ ਮ: ੪, ਪੰਨਾ ੧੪੨੨

ਉਹ ਆਪਣੇ ਇਕੋ ਪਿਆਰੇ ਪ੍ਰੀਤਮ ਨੂੰ ਆਪਣੇ ਮਨ ਵਿੱਚ ਵਸਾ ਕੇ, ਉਸ ਦਾ ਹਮੇਸ਼ਾ ਸਿਮਰਨ ਕਰਦੇ ਹਨ। ਉਹ ਆਪਣੇ ਮਨ ਨੂੰ ਕਿਸੇ ਹੋਰ ਕਾਰਜਾਂ ਵਿੱਚ ਨਹੀਂ ਲਗਾਉਂਦੇ, ਸਗੋਂ ਹਰ ਵੇਲੇ ਉਸ ਦੇ ਨਾਮ ਸਿਮਰਨ ਵਿੱਚ ਆਪਣਾ ਸਵਾਸ ਸਵਾਸ ਬਿਤਾਉਂਦੇ ਹਨ :

**ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ॥**
**ਸੰਗਿ ਚਲਨ ਕਉ ਤੋਸਾ ਦੀਨਾ ਗੋਬਿੰਦ ਨਾਮ ਕੇ ਬਿਉਹਾਰੀ॥**
**ਅਵਰ ਬਿਸਾਰੀ ਬਿਸਾਰੀ॥**
**ਨਾਮ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ॥ਰਹਾਉ॥**
**ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮਾਰੀ॥**
**ਨਾਮ ਦ੍ਰਿੜ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ॥**
**ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ॥**

ਆਸਾ ਮ: ੫, ਪੰਨਾ ੪੦੧

ਜਿਨ੍ਹਾਂ ਜੀਵਾਂ ਤੇ ਅਕਾਲ ਪੁਰਖ ਆਪਣੀ ਮਿਹਰ ਕਰਦਾ ਹੈ, ਉਹਨਾਂ ਵਾਸਤੇ ਸਾਰੇ ਮਹੀਨੇ, ਸਾਰੇ ਦਿਹਾੜੇ ਸਾਰੇ ਮਹੂਰਤ ਸੁਲੱਖਣੇ ਹਨ। ਸਤਿਗੁਰੂ ਜੀ ਵਰਣਨ ਕਰਦੇ ਹਨ ਕਿ ਪ੍ਰੇਮਿਕਾ ਆਪਣੇ ਪ੍ਰੇਮੀ ਦੇ ਚਰਨਾਂ ਵਿਚ ਅਰਜ਼ੋਈਆਂ ਕਰਦੀਂ ਹੈ, ਜੋਦੜੀਆਂ, ਬੇਨਤੀਆਂ ਕਰਦੀ ਹੈ, ਕਿ ਉਹ ਉਸ ਦੀ ਕ੍ਰਿਪਾ ਦੀ ਪਾਤਰ ਬਣੇ ਅਤੇ ਉਸ ਨੂੰ ਹਮੇਸ਼ਾ ਹਮੇਸ਼ਾ ਉਸ ਦੇ ਦਰਸ਼ਨਾਂ ਦੀ ਦਾਤ ਅਤੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਵੇ।

**ਦਰਸਨੁ ਮਾਗਉ ਦੇਹਿ ਪਿਆਰੇ॥**
**ਤੁਮਰੀ ਸੇਵਾ ਕਉਨ ਕਉਨ ਨ ਤਾਰੇ॥ਰਹਾਉ॥**
**ਜਾ ਕੈ ਨਿਕਟਿ ਨ ਆਵੈ ਕੋਈ॥**
**ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ॥** ਆਸਾ ਮ: ੫, ਪੰਨਾ ੩੮੬

*ਭਾਵ :*

ਜਦੋਂ ਅਕਾਲ ਪੁਰਖ ਪ੍ਰਭੂ ਆਪ ਜੀਵਾਤਮਾ ਦੇ ਹਿਰਦੇ ਅੰਦਰ ਆ ਕੇ ਵਾਸ ਕਰ ਲੈਂਦਾ ਹੈ, ਉਸ ਦਾ ਹਿਰਦਾ ਸੁੰਦਰ ਸੇਜਾ ਬਣ ਜਾਂਦੀ ਹੈ, ਉਸ ਨੂੰ ਸਾਰੇ ਹੀ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਦੁੱਖਾਂ ਲਈ ਰਤਾ ਭਰ ਵੀ ਥਾਂ ਨਹੀਂ ਰਹਿ ਜਾਂਦੀ, ਉਸ ਨੂੰ ਹਰੀ ਪ੍ਰਭੂ ਖਸਮ ਮਿਲ ਪੈਂਦਾ ਹੈ ਅਤੇ ਉਸ ਦੇ ਹਿਰਦੇ ਅੰਦਰ ਪਰਮ ਆਨੰਦ ਅਤੇ ਖੇੜਾ ਵਾਸ ਕਰ ਜਾਂਦਾ ਹੈ। ਉਨ੍ਹਾਂ ਦਾ ਲੋਕ ਪਰਲੋਕ ਸੰਵਰ ਜਾਂਦਾ ਹੈ। ਉਹ ਆਵਾਗਵਨ ਦੇ ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ, ਉਹ ਇਸ ਭਵਸਾਗਰ ਨੂੰ ਸਹਿਜੇ, ਅਡੋਲ ਹੀ ਪਾਰ ਕਰ ਲੈਂਦਾ ਹੈ।

# ਜਿਨਿ ਜਿਨਿ ਨਾਮ ਧਿਆਇਆ

*ਕਬੀਰ ਜੀ*

ਜਿਹੜੇ ਲੋਕ ਸੱਚੇ ਦਿਲ ਨਾਲ ਉਸ ਅਕਾਲ ਪੁਰਖ ਪ੍ਰਭੂ ਦੀ ਅਰਾਧਨਾ ਕਰਦੇ ਹਨ, ਉਸ ਦੇ ਨਾਮ ਦਾ ਸਿਮਰਨ ਕਰਦੇ ਹਨ, ਅਕਾਲ ਪੁਰਖ ਆਪ ਆਪਣੇ ਭਗਤਾਂ, ਪ੍ਰੇਮੀਆਂ ਦਾਂ ਹੋ ਜਾਂਦਾ ਹੈ ਤੇ ਜਦੋਂ ਕਦੇ ਉਨ੍ਹਾਂ ਉੱਤੇ ਔਖੀ ਘੜੀ ਆ ਬਣਦੀ ਹੈ, ਉਹ ਉਨ੍ਹਾਂ ਆਪਣੇ ਪਿਆਰੇ ਭਗਤਾਂ ਦਾ ਰੱਖਿਅਕ, ਸਹਾਇਕ ਬਣ ਕੇ ਉਨ੍ਹਾਂ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਦਾ ਹੈ।

**ਜਿਨਿ ਜਿਨਿ ਨਾਮ ਧਿਆਇਆ ਤਿਨ ਕੇ ਕਾਜ ਸਰੇ॥**

ਜ਼ੁਲਾਹਾ ਨੀਰੂ ਅਤੇ ਉਸਦੀ ਪਤਨੀ ਨੀਮਾ ਨੂੰ ਸੰਮਤ ੧੪੫੫ ਬਿਕ੍ਰਮੀ ਜੇਠ ਸੁਦੀ ਪੂਰਨਮਾਸ਼ੀ ਵਾਲੇ ਦਿਨ ਇੱਕ ਤਲਾਅ ਦੇ ਕੰਢੇ ਉੱਤੇ ਨਵਾਂ ਜੰਮਿਆ ਹੋਇਆ ਬਾਲਕ ਮਿਲਿਆ। ਉਨ੍ਹਾਂ ਨੇ ਬੜੇ ਚਾਅ ਅਤੇ ਲਾਡ ਪਿਆਰ ਨਾਲ ਇਸ ਬੱਚੇ ਦਾ ਪਾਲਣ ਪੋਸਣ ਕੀਤਾ। ਇਹ ਬਾਲਕ ਜਿਸਦਾ ਨਾਮ ਕਬੀਰ ਰਖਿਆ ਕੋਈ ਸਾਧਾਰਣ ਬਾਲਕ ਨਹੀਂ ਸੀ, ਸਗੋਂ ਵਿਸ਼ੇਸ਼ ਗੁਣਾਂ ਦਾ ਧਾਰਨੀ ਸੀ। ਕਬੀਰ ਜੀ ਬਚਪਨ ਵਿੱਚ ਹੀ ਰਾਮ ਨਾਮ ਦਾ ਜਾਪ ਕਰਦੇ ਅਤੇ ਜਿਉਂ ਜਿਉਂ ਵੱਡੇ ਹੋਣ ਲਗੇ ਉਹਨਾਂ ਦੀ ਸੋਭਾ ਅਤੇ ਜਸ ਦੂਰ ਦੂਰ ਤਕ ਫੈਲ ਗਿਆ। ਉਹਨਾਂ ਨੂੰ ਹਰ ਥਾਂ, ਹਰ ਮਨੁੱਖ ਵਿੱਚ ਪਸ਼ੂ, ਪੰਖੀਆਂ ਅਤੇ ਕੁਦਰਤ ਦੇ ਕਣ ਕਣ ਵਿੱਚ ਉਸ ਅਕਾਲ ਪੁਰਖ ਪ੍ਰਭੂ ਦੇ ਦਰਸ਼ਨ ਹੁੰਦੇ।

ਈਰਖਾ ਭਰੇ ਬ੍ਰਾਹਮਣ ਅਤੇ ਮੁਸਲਮਾਨ ਉਨ੍ਹਾਂ ਦਾ ਜੱਸ ਅਤੇ ਉਪਮਾ ਨਾ ਸਹਾਰ ਸਕੇ, ਇਸ ਲਈ ਉਹਨਾਂ ਨੇ ਬਾਦਸ਼ਾਹ ਕੋਲ ਜਾ ਕੇ ਕਬੀਰ ਜੀ ਦੇ ਵਿਰੁੱਧ ਸ਼ਿਕਾਇਤਾਂ ਕੀਤੀਆਂ। ਬਾਦਸ਼ਾਹ ਨੇ ਕਬੀਰ ਨੂੰ ਬੁਲਾਇਆ ਅਤੇ ਕਬੀਰ ਜੀ ਨੇ ਜਦੋਂ ਬਾਦਸ਼ਾਹ ਨੂੰ ਸਲਾਮ ਨਾ ਕੀਤੀ, ਤਾਂ ਬਾਦਸ਼ਾਹ ਨੂੰ ਇਸ ਗਲ ਦਾ

ਭਰੋਸਾ ਹੋ ਗਿਆ ਕਿ ਕਬੀਰ ਸਾਰੇ ਸ਼ਹਿਰ ਵਿਚ ਊਧਮ ਮਚਾਉਣ ਦਾ ਜ਼ਿੰਮੇਵਾਰ ਹੈ। ਜਦੋਂ ਕਬੀਰ ਜੀ ਬਾਦਸ਼ਾਹ ਕੋਲੋਂ ਵੀ ਨਾ ਡਰਦੇ, ਉਸ ਦੇ ਸਾਹਮਣੇ ਰਾਮ-ਰਾਮ ਕਰਦੇ ਹਨ, ਉਹ ਹੋਰ ਮੁਸਲਮਾਨਾਂ ਕੋਲੋਂ ਕਿਵੇਂ ਡਰਦੇ ਹੋਣਗੇ ? ਇਹ ਬਹੁਤ ਬੁਰੀ ਗੱਲ ਹੈ ਕਿ ਕਬੀਰ ਮੁਸਲਮਾਨ ਹੋ ਕੇ ਰਾਮ ਰਾਮ ਦਾ ਜਾਪ ਕਰੇ, ਰਾਜਾ ਇਹ ਕਦੇ ਵੀ ਸਹਿਨ ਨਹੀਂ ਕਰਦਾ ਸੀ। ਇਸ ਕਰ ਕੇ ਰਾਜੇ ਨੇ ਇਹ ਹੁਕਮ ਦਿੱਤਾ ਕਿ ਕਬੀਰ ਜੀ ਨੂੰ ਸੰਗਲਾਂ ਨਾਲ ਬੰਨ੍ਹ ਕੇ ਗੰਗਾ ਦੇ ਡੂੰਘੇ ਪਾਣੀ ਵਿੱਚ ਡੋਬ ਦਿੱਤਾ ਜਾਵੇ। ਜਦੋਂ ਰਾਜ ਕਰਮਚਾਰੀਆਂ ਨੇ ਕਬੀਰ ਜੀ ਨੂੰ ਗੰਗਾ ਵਿੱਚ ਸੁੱਟ ਦਿੱਤਾ,

**ਗੰਗਾ ਕੀ ਲਹਿਰ ਮੇਰੀ ਟੁਟੀ ਜੰਜੀਰ॥**
**ਮ੍ਰਿਗਛਾਲਾ ਪਰ ਬੈਠੇ ਕਬੀਰ॥** ਭੈਰਉ ਕਬੀਰ ਜੀ, ਪੰਨਾ ੧੧੬੨

ਜਿਸ ਤਰ੍ਹਾਂ ਕੋਈ ਮ੍ਰਿਗਛਾਲਾ ਦੇ ਉਪਰ ਚੌਕੜੀ ਮਾਰ ਕੇ ਬੈਠਾ ਹੁੰਦਾ ਹੈ, ਕਬੀਰ ਜੀ ਪਾਣੀ ਦੇ ਉੱਪਰ ਚੌਕੜੀ ਮਾਰ ਕੇ ਬੈਠੇ ਹੋਏ ਅਡੋਲ ਬਾਹਰ ਕੰਢੇ ਤੇ ਆ ਕੇ ਖੜੇ ਹੋ ਗਏ। ਵੇਖਣ ਵਾਲਿਆਂ ਨੇ ਇਹ ਸੋਚਿਆ ਕਿ ਕਬੀਰ ਨੂੰ ਬੜੇ ਜੰਤਰ ਮੰਤਰ ਆਉਂਦੇ ਹਨ, ਇਸ ਕਰ ਕੇ ਇਨ੍ਹਾਂ ਦਾ ਬਚਾਅ ਹੋ ਜਾਂਦਾ ਹੈ।

ਬਾਦਸ਼ਾਹ ਨੇ ਸੋਚਿਆ ਕਿ ਕਬੀਰ ਜੀਊਂਦੇ ਹੀ ਗੰਗਾ ਵਿਚੋਂ ਬਾਹਰ ਨਿਕਲ ਆਏ ਹਨ, ਇਸ ਲਈ ਹੁਣ ਇਨ੍ਹਾਂ ਨੂੰ ਅੱਗ ਵਿਚ ਸਾੜ੍ਹ ਦੇਣਾ ਚਾਹੀਦਾ ਹੈ, ਅੱਗ ਤਾਂ ਕਿਸੇ ਦਾ ਲਿਹਾਜ ਨਹੀਂ ਕਰਦੀ। ਇਸ ਕਰ ਕੇ ਹਾਕਮਾਂ ਨੇ ਖੂਬ ਸਾਰੀਆਂ ਲੱਕੜੀਆਂ ਇਕੱਠੀਆਂ ਕਰ ਕੇ, ਉਨ੍ਹਾਂ ਨੂੰ ਅੱਗ ਲਗਾ ਕੇ ਕਬੀਰ ਜੀ ਨੂੰ ਬਿਠਾ ਦਿੱਤਾ। ਜਦੋਂ ਲੱਕੜੀਆਂ ਬਲ ਕੇ ਸੁਆਹ ਹੋ ਗਈਆਂ ਤਾਂ ਕਬੀਰ ਜੀ ਉਸ ਸੁਆਹ ਦੇ ਢੇਰ ਵਿਚੋਂ ਅਡੋਲ ਹੀ ਬਾਹਰ ਨਿਕਲ ਗਏ। ਇਸ ਨੂੰ ਵੇਖ ਕੇ ਕਬੀਰ ਜੀ ਦੇ ਪ੍ਰਸੰਸਕਾਂ ਕੀ ਗਿਣਤੀ ਹੋਰ ਵੀ ਵੱਧ ਗਈ ।

ਕਬੀਰ ਜੀ ਨੂੰ ਮਾਰਨ ਦਾ ਇੱਕ ਹੋਰ ਉਪਾਅ ਸੋਚਿਆ ਗਿਆ। ਬਾਦਸ਼ਾਹ ਨੇ ਹੁਕਮ ਕੀਤਾ ਕਿ ਕਬੀਰ ਜੀ ਨੂੰ ਮਸਤ ਹਾਥੀ ਅੱਗੇ ਸੁੱਟ ਦਿੱਤਾ ਜਾਵੇ, ਫਿਰ ਆਪੇ ਹਾਥੀ ਉਨ੍ਹਾਂ ਨੂੰ ਪੈਰਾਂ ਹੇਠਾਂ ਕੁਚਲ ਕੇ ਰੱਖ ਦੇਵੇਗਾ।

**ਭੁਜਾ ਬਾਂਧਿ ਭਿਲਾ ਕਰਿ ਡਾਰਿਓ॥**
**ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥**
**ਹਸਤਿ ਭਾਗਿ ਕੈ ਚੀਸਾ ਮਾਰੈ॥**
**ਇਆ ਮੂਰਤਿ ਕੈ ਹਉ ਬਲਿਹਾਰੈ॥**
**ਆਹਿ ਮੇਰੇ ਠਾਕੁਰ ਤੁਮਰਾ ਜੋਰੁ॥**
**ਕਾਜੀ ਬਕਿਬੋ ਹਸਤੀ ਤੋਰੁ॥੧॥ ਰਹਾਉ॥**

ਰੇ ਮਹਾਵਤ ਤੁਝੁ ਡਾਰਉ ਕਾਟਿ॥
ਇਸਹਿ ਤੁਰਾਵਹੁ ਘਾਲਹੁ ਸਾਟਿ॥
ਹਸਤਿ ਨ ਤੋਰੈ ਧਰੈ ਧਿਆਨੁ॥
ਵਾ ਕੈ ਰਿਦੈ ਬਸੈ ਭਗਵਾਨੁ॥੨॥
ਕਿਆ ਅਪਰਾਧੁ ਸੰਤ ਹੈ ਕੀਨਾ॥
ਬਾਂਧਿ ਪੋਟ ਕੁੰਚਰ ਕਉ ਦੀਨਾ॥
ਕੁੰਚਰ ਪੋਟ ਲੈ ਲੈ ਨਮਸਕਾਰੈ॥
ਬੂਝੀ ਨਹੀ ਕਾਜੀ ਅੰਧਿਆਰੈ॥੩॥ ਗੌਂਡ ਬਾਣੀ ਕਬੀਰ ਜੀ ਪੰਨਾ ੮੭੦

ਮਹਾਵਤ ਨੇ ਹਾਥੀ ਨੂੰ ਬਹੁਤ ਕੁੰਡੇ ਮਾਰੇ, ਅੱਗੇ ਵਧਾਉਣ ਦੇ ਪ੍ਰਯਤਨ ਕੀਤੇ ਪਰ ਆਪਣੇ ਭਗਤ ਦੇ ਰਖਵਾਲੇ ਅਕਾਲ ਪੁਰਖ ਪ੍ਰਭੂ ਸਿੰਘ ਰੂਪ ਹੋ ਕੇ ਕਬੀਰ ਜੀ ਦੇ ਸਾਹਮਣੇ ਖਲੋਤੇ ਹੋਏ ਹਾਥੀ ਨੂੰ ਦਿੱਸ ਰਹੇ ਸਨ। ਇਸ ਲਈ ਹਾਥੀ ਕਬੀਰ ਵੱਲ ਜਾਣ ਦੀ ਬਜਾਏ ਚੀਕਾਂ ਮਾਰ-ਮਾਰ ਕੇ ਆਪਣੇ ਘਰ ਵਾਪਸ ਜਾਣ ਲਈ ਭੱਜ ਪਿਆ। ਬਾਦਸ਼ਾਹ ਸਿਕੰਦਰ ਲੋਧੀ ਬਹੁਤ ਸ਼ਰਮਸਾਰ ਹੋਇਆ ਤੇ ਕਬੀਰ ਦੇ ਚਰਨਾਂ ਉੱਪਰ ਡਿੱਗ ਕੇ ਮੁਆਫ਼ੀ ਮੰਗੀ ਤੇ ਕਬੀਰ ਜੀ ਦੇ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ, "ਕਬੀਰ ਤੂੰ ਤਾਂ ਖ਼ੁਦਾ ਦਾ ਦੋਸਤ ਹੈਂ, ਤੇ ਮੇਰੇ ਕੋਲੋਂ ਅਵੱਗਿਆ ਹੋਈ ਹੈ। ਹੁਣ ਕ੍ਰਿਪਾ ਕਰ ਕੇ ਮੈਨੂੰ ਆਪਣੇ ਰਾਮ ਤੋਂ ਬਚਾ ਲੈ। ਜੋ ਤੂੰ ਚਾਹੁੰਦਾ ਹੈਂ, ਮੈਂ ਤੈਨੂੰ ਦੇਣ ਨੂੰ ਤਿਆਰ ਹਾਂ।" ਕਬੀਰ ਜੀ ਨੇ ਉੱਤਰ ਦਿੱਤਾ, "ਬਾਦਸ਼ਾਹ, ਮੈਨੂੰ ਤਾਂ ਸਿਰਫ਼ ਇਕ ਰਾਮ ਨਾਮ ਦੀ ਇੱਛਾ ਹੈ, ਜਿਸ ਨੂੰ ਮੈਂ ਸਵਾਸ ਸਵਾਸ ਜਪਦਾ ਹਾਂ। ਹੋਰ ਕਿਸੇ ਤਰ੍ਹਾਂ ਦੀ ਮਾਇਆ ਪਦਾਰਥ ਮੇਰੇ ਕਿਸੇ ਕੰਮ ਨਹੀਂ।"

ਜਦੋਂ ਬਾਦਸ਼ਾਹ ਕਬੀਰ ਜੀ ਦਾ ਕੁਝ ਨਾ ਵਿਗਾੜ ਸਕਿਆ ਤਾਂ ਬ੍ਰਾਹਮਣ ਬੜੇ ਸ਼ਰਮਸਾਰ ਹੋਏ। ਉਨ੍ਹਾਂ ਨੇ ਬਦਲਾ ਲੈਣ ਲਈ ਕਈਆਂ ਦੇ ਸਿਰ ਮੂੰਹ ਮੁੰਨਵਾ ਕੇ ਬੈਰਾਗੀ ਸਾਧੂਆਂ ਦਾ ਰੂਪ ਬਣਾ ਦਿੱਤਾ। ਉਨ੍ਹਾਂ ਨੇ ਦੂਰ ਜਾ ਕੇ ਸੰਤਾਂ ਦੇ ਡੇਰਿਆਂ ਵਿਚ ਪਹੁੰਚ ਕੇ ਕਬੀਰ ਜੀ ਦੇ ਨਾਮ ਤੇ ਝੂਠੇ ਨਿਉਤੇ ਦੇਣੇ ਸ਼ੁਰੂ ਕਰ ਦਿੱਤੇ ਕਿ ਕਬੀਰ ਜੀ ਨੇ ਸਭ ਨੂੰ ਪੱਕਾ ਭੰਡਾਰਾ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਲਈ ਸਭ ਹੁੰਮ ਹੁੰਮਾ ਕੇ ਕਬੀਰ ਜੀ ਦੇ ਡੇਰੇ ਪਹੁੰਚਣ। ਉਨ੍ਹਾਂ ਪਖੰਡੀਆਂ ਦੇ ਕਹਿਣ ਅਨੁਸਾਰ ਕਬੀਰ ਜੀ ਦੇ ਡੇਰੇ ਤੇ ਲੋਕ ਜਮ੍ਹਾਂ ਹੋਣ ਲੱਗੇ। ਇਹ ਸਾਰਾ ਕੁਝ ਵੇਖ ਕੇ ਕਬੀਰ ਜੀ ਘਰ ਤੋਂ ਬਾਹਰ ਨਿਕਲ ਟੁਰੇ ਤੇ ਕਿਧਰੇ ਲੁੱਕ ਕੇ ਭਜਨ ਬੰਦਗੀ ਵਿੱਚ ਲਿਵਲੀਨ ਹੋ ਗਏ। ਆਪਣੇ ਪਿਆਰੇ ਭਗਤ ਦੀ ਪੈਜ ਰਖਣ ਵਾਲੇ ਅਕਾਲ ਪੁਰਖ ਪ੍ਰਭੂ ਨੇ ਆਪ ਕਬੀਰ ਦੇ ਅਨੇਕਾਂ ਰੂਪ ਧਾਰਨ ਕਰ ਕੇ ਉਥੇ ਪਹੁੰਚ ਕੇ ਸਾਧਾਂ, ਸੰਤਾਂ ਦੀ ਰੱਜ ਕੇ ਸੇਵਾ ਕੀਤੀ, ਪੱਕਾ ਭੰਡਾਰਾ ਕੀਤਾ, ਤੇ ਸਭ ਨੂੰ ਰਾਜ਼ੀ ਖ਼ੁਸ਼ੀ ਘਰ ਵਿਦਾ ਕੀਤਾ, ਹਰ

ਪਾਸੇ ਧੰਨ ਕਬੀਰ ! ਧੰਨ ਕਬੀਰ ! ਦੀਆਂ ਅਵਾਜ਼ਾਂ ਆ ਰਹੀਆਂ ਸਨ। ਜਦੋਂ ਭੰਡਾਰੇ ਵਾਲੀ ਤਾਰੀਕ ਲੰਘ ਗਈ, ਕਬੀਰ ਜੀ ਆਪਣੇ ਘਰ ਵਾਪਸ ਪਰਤੇ, ਤੇ ਅੱਗੇ ਅਕਾਲ ਪੁਰਖ ਭਗਵੰਤ ਬਿਰਾਜਮਾਨ ਸਨ। ਆਪਣੇ ਪਿਆਰੇ ਭਗਤ ਨੂੰ ਆਉਂਦਾ ਵੇਖ ਕੇ ਭਗਵੰਤ ਜੀ ਅਲੋਪ ਹੋ ਗਏ। ਹਰ ਕਿਸੇ ਦੇ ਹੋਠਾਂ ਤੇ ਕਬੀਰ ਜੀ ਦੀ ਪ੍ਰਸੰਸਾ ਹੋ ਰਹੀ ਸੀ। ਸਭ ਪਾਸਿਉਂ ਆਪਣੇ ਨਾਮ ਦੀ ਮਹਿਮਾ ਸੁਣ ਕੇ ਕਬੀਰ ਜੀ ਨੇ ਉਚਾਰਿਆ :

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥**
**ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰ ਕਬੀਰ॥**

ਸਲੋਕ ਕਬੀਰ ਜੀ ਪੰਨਾ ੧੩੮੭

ਬ੍ਰਾਮਹਣ ਵੀ ਹਾਰ ਗਏ ਤੇ ਆ ਕੇ ਕਬੀਰ ਜੀ ਦੇ ਚਰਨਾਂ ਤੇ ਡਿੱਗ ਕੇ ਮਾਫ਼ੀ ਮੰਗੀ, ਕਿਉਂਕਿ ਉਹ ਅਕਾਲ ਪੁਰਖ ਆਪ ਹੀ ਆਪਣੇ ਪਿਆਰਿਆਂ ਨੂੰ ਆਪਣਿਆਂ ਭਗਤਾਂ ਨੂੰ ਜਦੋਂ ਵੀ ਉਹ ਉਸ ਨੂੰ ਨਾਮ ਸਿਮਰਨ ਰਾਹੀਂ ਯਾਦ ਕਰਦੇ ਹਨ, ਨਿਵਾਜਦਾ ਹੈ, ਕ੍ਰਿਪਾ ਕਰਦਾ ਹੈ, ਖ਼ੁਸ਼ੀਆਂ ਦੇ ਅਥਾਹ ਭੰਡਾਰੇ ਬਖਸ਼ਦਾ ਹੈ।

# ਤੁਲਨਾਤਮਿਕ ਅਧਿਐਨ

ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਬਾਰਹ ਮਾਹਾ ਰਾਗ ਤੁਖਾਰੀ ਵਿੱਚ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਬਾਰਹ ਮਾਹਾ ਰਾਗ ਮਾਝ ਵਿੱਚ ਗਹੁ ਨਾਲ ਪੜ੍ਹਨ ਉਪਰੰਤ, ਇਹ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਬਾਣੀਆਂ ਦੇ ਹਾਵ-ਭਾਵ, ਵਿਸ਼ਾ-ਵਸਤੂ, ਸ਼ਬਦਾਵਲੀ ਵਿਚ ਕਿੰਨੀ ਸਮਾਨਤਾ ਹੈ। ਜੇ ਕਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਬਦਾਵਲੀ, ਬਿਰਹੁ-ਬਿਰੋਧ, ਕਿਰਤ ਕਰੰਮਾ, ਗੁਣ ਗਹਿਲੀ ਆਦਿ ਸਮਾਸਾਂ ਕਰ ਕੇ ਕੁਝ ਕਠਿਨ ਹੋ ਗਈ ਹੈ, ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰਲ ਸ਼ਬਦਾਂ ਦਾ ਪ੍ਰਯੋਗ ਕਰ ਕੇ ਸ਼ਬਦਾਵਲੀ ਨੂੰ ਸਰਲ ਬਣਾ ਦਿੱਤਾ ਹੈ, ਤਾਂ ਕਿ ਪਾਠਕਾਂ ਦੇ ਹਿਰਦਿਆਂ ਅੰਦਰ, ਉਹ ਸਹਿਜ ਨਾਲ ਹੀ ਸਮਾ ਜਾਣ ਦੀ ਸਮੱਰਥਾ ਰਖਦੀ ਹੈ। ਇਹ ਦੋਵੇਂ ਬਾਰਹ ਮਾਹਾਂ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਸਾਂਝੇ ਹਨ, ਅਤੇ ਦੋਹਾਂ ਗੁਰੂ ਸਾਹਿਬਾਂ ਨੇ ਮਾਨਵ ਜਾਤੀ ਨੂੰ ਇੱਕ ਸਾਂਝਾ ਉਪਦੇਸ਼ ਦਿੱਤਾ ਹੈ। ਇਨ੍ਹਾਂ ਦੋਹਾ ਬਾਹਰਮਾਹਾਂ ਦਾ ਨਾਇਕ, ਅਕਾਲ ਪੁਰਖ ਪ੍ਰਭੂ ਪ੍ਰਮਾਤਮਾ ਹੈ, ਜੀਵ ਰੂਪੀ ਇਸਤ੍ਰੀਆਂ ਆਪਣੇ ਪ੍ਰਭੂ ਪ੍ਰੀਤਮ ਤੋਂ ਵਿਛੱੜ ਕੇ, ਬਿਰਹਾਂ ਅਗਨੀ ਵਿੱਚ ਸੜ ਰਹੀਆਂ ਹਨ, ਵਿਯੋਗ ਦੀ ਭੱਠੀ ਵਿਚ ਸੁਲਗ ਰਹੀਆਂ ਹਨ, ਅਤੇ ਦਰਸ਼ਨਾਂ ਦੀ ਤੜਪ ਉਨ੍ਹਾਂ ਨੂੰ ਸਤਾ ਰਹੀ ਹੈ। ਉਹ ਆਪਣੇ ਜੀਵਨ ਦੇ ਦੀਪਕ ਨੂੰ ਦਰਸ਼ਨਾਂ ਦੇ ਤੇਲ ਨਾਲ ਪ੍ਰਕਾਸ਼ਮਈ ਬਣਾਉਣ ਲਈ ਲੋਚ ਰਹੀਆਂ ਹਨ। ਜੇ ਕਰ ਇਹ ਕਹਿ ਦਿੱਤਾ ਜਾਵੇ ਕਿ ਗੁਰੂ ਸਾਹਿਬਾਂ ਨੇ ਇਸ ਪ੍ਰਾਚੀਨ ਲੋਕ ਕਾਵਿ ਰੂਪ ਨੂੰ ਅਧਿਆਤਮਕ ਰੰਗ ਵਿੱਚ ਰੰਗ ਕੇ ਇਕ ਨਵੀਂ ਰੀਤ ਟੋਰੀ ਹੈ ਤਾਂ ਕੋਈ ਅਤਿਕਥਨੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਰਹ ਮਾਹ ਤੁਖਾਰੀ ਵਿਚ ਪ੍ਰਕਿਰਤੀ ਦਾ ਚਿਤਰਨ ਬੜੇ ਵਿਸਥਾਰ ਵਿੱਚ ਕਰਦੇ ਹਨ, ਅਤੇ ਮਹੀਨਿਆਂ ਦੇ ਅਨੁਸਾਰ ਪ੍ਰਕਿਰਤੀ ਆਪਣੇ ਵੰਨ-ਸੁਵੰਨੇ ਰੰਗਾਂ ਅਤੇ ਰੂਪਾਂ ਨਾਲ ਪਾਠਕਾਂ ਦੇ ਮਨਾਂ ਨੂੰ ਮੋਹ ਲੈਂਦੀ ਹੈ, ਜਦੋਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹ ਮਾਝ ਵਿੱਚ ਪ੍ਰਕਿਰਤੀ ਦਾ ਚਿਤਰਨ ਸੰਕੇਤ ਮਾਤਰ ਹੀ ਕਰਦੇ ਹਨ, ਕਿਉਂਕਿ ਆਪ ਜੀ ਪ੍ਰਕਿਰਤੀ ਨਾਲੋਂ ਵੱਧ ਮਨ ਦੇ ਚਿਤਰਾਂ ਨੂੰ ਉਘਾੜ ਕੇ ਬੜੇ ਸੁੰਦਰ ਢੰਗ ਨਾਲ ਪ੍ਰਗਟ ਕਰਦੇ ਹਨ। ਦੋਵੇਂ ਬਾਰਹ ਮਾਹ ਪੰਜਾਬੀ ਸਾਹਿੱਤ ਅਤੇ ਗੁਰਮਤਿ ਸਾਹਿੱਤਕ ਜਗਤ ਵਿੱਚ ਇੱਕ ਨਿਵੇਕਲਾ, ਅੰਨਮੋਲ ਅਤੇ ਵਡਮੁੱਲਾ ਖਜ਼ਾਨਾ ਹੈ। ਦੋਹਾਂ ਬਾਰਹ ਮਾਹਾਂ ਦਾ ਤੁਲਨਾਤਮਿਕ ਅਧਿਐਨ ਪਾਠਕਾਂ ਦੀ ਰੁਚੀ ਵਿੱਚ ਵਾਧਾ ਕਰ ਕੇ ਮਨੋਰੰਜਨ ਅਤੇ ਗਿਆਨ ਪ੍ਰਦਾਨ ਕਰਦਾ ਹੈ।

| ਬਾਰਹ ਮਾਹ ਤੁਖਾਰੀ | ਬਾਰਹ ਮਾਹ ਮਾਝ |
|---|---|
| ੧. ਪਹਿਲਾ ਬਾਰਹ ਮਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿਚ ਰਚਿਆ ਹੈ | ੧. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿਚ ਦੂਸਰੇ ਬਾਰਹ ਮਾਹ ਦੀ ਰਚਨਾ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲੀਹ ਨੂੰ ਹੀ ਅਗਾਂਹ ਟੋਰਿਆ ਹੈ। |
| ੨. ਬਾਰਹ ਮਾਹ ਦਾ ਵਿਸ਼ਾ ਹੈ—ਅਕਾਲ ਪੁਰਖ ਪ੍ਰਭੂ ਤੋਂ ਵਿਛੜੀ ਹੋਈ ਆਤਮਾ ਦਾ ਵਿਰਹ ਵਿਯੋਗ ਤੜਪ ਅਤੇ ਅੰਤ ਵਿਚ ਮਿਲਾਪ। | ੨. ਇਸ ਬਾਰਹ ਮਾਹ ਦਾ ਵਿਸ਼ਾ ਵੀ ਰਾਗ ਤੁਖਾਰੀ ਵਰਗਾ ਹੈ। ਆਤਮਾ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਤੇ ਫਿਰ ਅੰਤ ਵਿੱਚ ਮਿਲਾਪ। |
| ੩. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਰਹ ਮਾਹ ਰੂਪਕ ਪੱਖ ਤੋਂ ਪ੍ਰਾਚੀਨ ਪਰੰਪਰਾ ਦਾ ਧਾਰਨੀ ਹੈ। | ੩. ਪੰਜਾਬੀ ਸਾਹਿੱਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਸ ਕਾਵਿ ਰੂਪ ਨੂੰ ਪੂਰੀ ਤਰ੍ਹਾਂ ਅਧਿਆਤਮਕ ਰੰਗ ਵਿਚ ਰੰਗ ਦਿੱਤਾ। |
| ੪. ਇਸ ਵਿਚ ਸ਼ਿੰਗਾਰ ਅਤੇ ਭਾਵਾਤਮਕ ਸ਼ੈਲੀ ਦਾ ਪ੍ਰਗਟਾਵਾ ਅਧਿਆਤਮਕ ਸ਼ਿਖਰਾਂ ਨੂੰ ਛੋਹ ਰਿਹਾ ਹੈ। ਭਾਵਾਂ ਦਾ ਸੰਖੇਪ ਵਿਚ ਵਰਣਨ ਹੈ। | ੪. ਇਸ ਵਿਚ ਬੌਧਿਕ ਸ਼ੈਲੀ ਦਾ ਪ੍ਰਗਟਾਵਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਿਸਥਾਰ ਅਤੇ ਵਿਆਖਿਆ ਰਾਹੀਂ ਭਾਵਾਂ ਨੂੰ ਦਰਸਾਇਆ ਹੈ। |
| ੫. ਇਸ ਵਿਚ ਅਕਾਲ ਪੁਰਖ ਪ੍ਰਭੂ ਪ੍ਰਮਾਤਮਾ ਦੀ ਕ੍ਰਿਪਾ ਦਾ ਜ਼ੋਰ ਹੈ। | ੫. ਇਸ ਵਿਚ ਕਰਮ ਅਤੇ ਸਾਧਨਾਂ ਵੱਲ ਮੁੱਖ ਧਿਆਨ ਦਿੱਤਾ ਹੈ। |
| ੬. ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ। ਸੰਜੋਗ ਅਤੇ ਵਿਜੋਗ ਪੱਖਾਂ ਨੂੰ ਦਰਸਾਇਆ ਗਿਆ ਹੈ। | ੬. ਭਗਤੀ ਰਸ ਦੀ ਪ੍ਰਧਾਨਤਾ ਹੈ। |
| ੭. ਵਿਛੋੜੇ ਦੇ ਪਲਾਂ ਵਿਚ ਬਿਹਬਲਤਾ ਕਸਕ ਪੀੜਾ ਹੈ। | ੭. ਜਜ਼ਬਿਆਂ ਦਾ ਵਿਸ਼ਲੇਸ਼ਨ ਅਧਿਕ ਕੀਤਾ ਗਿਆ ਹੈ। |
| ੮. ਪ੍ਰਕਿਰਤੀ ਚਿੱਤਰਨ ਕਰਨ ਲੱਗਿਆਂ ਵੱਖ-ਵੱਖ ਰੁੱਤਾਂ ਅਨੁਸਾਰ ਭਾਂਤ-ਭਾਂਤ ਦੇ ਰੰਗਾਂ ਦਾ ਨਿਖਾਰ ਦਿੱਸ ਆਉਂਦਾ ਹੈ। ਕਈ-ਕਈ ਮਹੀਨਿਆਂ ਵਿੱਚ ਪ੍ਰਕਿਰਤੀ ਦਾ ਵਰਣਨ ਵਿਸਥਾਰ | ੮. ਪ੍ਰਕਿਰਤੀ ਦਾ ਵਰਣਨ ਜ਼ਿਆਦਾ ਉਪਲੱਬਧ ਨਹੀਂ, ਕਿਧਰੇ-ਕਿਧਰੇ ਸੰਖੇਪ ਵਿਚ ਪ੍ਰਕਿਰਤੀ ਦਾ ਚਿਤਰਨ ਕੀਤਾ ਗਿਆ ਹੈ। ਮਨੋਭਾਵਾਂ ਨੂੰ ਬੜੇ ਸੁੰਦਰ ਢੰਗ ਨਾਲ ਸਪਸ਼ਟ ਕੀਤਾ |

| | |
|---|---|
| ਵਿਚ ਕੀਤਾ ਗਿਆ ਹੈ। | ਗਿਆ ਹੈ। |
| ੯. ਸਥਾਨਕ ਰੰਗਣ ਬਹੁਤ ਹੈ। ਸ਼ਬਦਾਵਲੀ ਕੁਝ ਔਖੀ ਹੋ ਗਈ ਹੈ। ਮੂਕ ਵੇਦਨਾ ਦਾ ਪ੍ਰਗਟਾਵਾ ਹੈ। | ੯. ਬੋਲੀ ਸਰਲ ਅਤੇ ਸੌਖੀ ਹੈ। ਪ੍ਰਚਲਤ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ ਹੈ। |
| ੧੦. ਸ਼ਬਦ ਚੋਣ ਢੁਕਵੀਂ, ਫੱਬਵੀਂ ਅਤੇ ਭਾਵਾਂ ਨਾਲ ਓਤਪ੍ਰੋਤ ਹੈ। ਅਲੰਕਾਰਾਂ ਅਤੇ ਮੁਹਾਵਰਿਆਂ ਨੇ ਸੁਹਜ ਅਤੇ ਸੁੰਦਰਤਾ ਪ੍ਰਦਾਨ ਕੀਤੀ ਹੈ। | ੧੦. ਭਾਵਾਂ ਅਨੁਸਾਰ ਢੁਕਵੇਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਪਾਠਕ ਸ਼ਬਦਾਂ ਦੇ ਨਾਲ-ਨਾਲ ਅਗਾਂਹ ਵੱਧਦਾ ਜਾਂਦਾ ਹੈ। ਅਲੰਕਾਰ ਮੁਹਾਵਰੇ ਚਾਰ ਚੰਨ ਲਗਾਉਂਦੇ ਹਨ। |
| ੧੧. ਸ਼ਬਦਾਂ ਅਤੇ ਭਾਵਾਂ ਦੀ ਸਮਾਨਤਾ | |
| — ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ | — ਕਿਰਤ ਕਰਮ ਕੇ ਵੀਛੁੜੇ ਕਰ ਕਿਰਪਾ ਮੇਲਹੁ ਰਾਮ। |
| — ਨਾ ਕੋਈ ਮੇਰਾ ਹਉ ਕਿਸ ਕੇਰਾ | — ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ |
| — ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ | — ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ |
| — ਚੇਤਿ ਸਹਿਜ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ | — ਚੇਤਿ ਗੋਵਿੰਦੁ ਅਰਾਧੀਐ ਹੋਵੇ ਅਨੰਦੁ ਘਣਾ। |
| — ਵੈਸਾਖੁ ਭਲਾ ਸਾਖਾ ਵੇਸ ਕਰੇ | — ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ |
| — ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ | — ਵੈਸਾਖ ਸੁਹਾਵਾ ਤਾ ਲਗੈ ਜਾ ਸੰਤੁ ਭੇਟੈ ਹਰਿ ਸੋਇ। |
| — ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ। | — ਹਰਿ ਜੇਠ ਰੰਗੀਲਾ ਤਿਸ ਧਣੀ ਜਿਸ ਕੈ ਭਾਗੁ ਮਥੰਨਿ। |
| — ਅਸਾੜੁ ਭਲਾ ਸੂਰਜੁ ਗਗਨਿ ਤਪੈ। | — ਅਸਾੜ ਤਪੰਦਾ ਤਿਸ ਲਗੈ |
| — ਸੁਖੁ ਤਿਸੁ ਸਾਚੁ ਸਮਾਲੇ | — ਜਿਸ ਮਨਿ ਹਰਿ ਚਰਣ ਨਿਵਾਸ |
| — ਸਾਵਣਿ ਸਰਸ ਮਨਾ | — ਸਾਵਣਿ ਸਰਸੀ ਕਾਮਣੀ |
| — ਹਰਿ ਬਿਨ ਨੀਦ ਭੂਖ ਕਹੁ ਕੈਸੀ | — ਹਰਿ ਮਿਲਣੈ ਨੋ ਮਨੁ ਲੋਚਦਾ |
| — ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ। | — ਸਾਵਣਿ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ। |
| — ਭਾਦਉ ਭਰਮਿ ਭੁਲੀ | — ਭਾਦੁਇ ਭਰਮ ਭੁਲਾਣੀਆ |
| — ਆਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ | — ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ |
| — ਕਤਕਿ ਕਿਰਤੁ ਪਇਆ | — ਕਤਿਕਿ ਕਰਮ ਕਮਾਵਣੇ |

| | |
|---|---|
| — ਮੰਘਰੁ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ | — ਮੰਘਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ |
| — ਮੈ ਪਿਰੁ ਨਿਹਚਲੁ ਭਾਵਏ। | — ਤਨੁ ਮਨੁ ਮਉਲਿਆ ਰਾਮ ਸਿਉ |
| — ਪੋਖਿ ਤੁਖਾਰੁ ਪੜੈ | — ਪੋਖਿ ਤੁਖਾਰੁ ਨ ਵਿਆਪਈ |
| — ਮਾਘਿ ਪੁਨੀਤ ਭਈ, ਤੀਰਥੁ ਅੰਤਰਿ ਜਾਨਿਆ | — ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ |
| — ਹਰਿ ਜਪਿ ਅਠਸਠਿ ਤੀਰਥ ਨਾਤਾ | — ਅਠਸਠਿ ਤੀਰਥ ਸਗਲ ਪੁੰਨ |
| — ਫਲਗੁਨਿ ਮਨਿ ਰਹਸੀ | — ਫਲਗੁਣਿ ਅਨੰਦ ਉਪਾਰਜਨਾ |
| — ਘਰਿ ਵਰੁ ਪਾਇਆ ਨਾਰੀ | — ਵਰੁ ਪਾਇਆ ਹਰਿ ਰਾਇ। |
| — ਪ੍ਰਭ ਮਿਲੇ ਪਿਆਰੇ ਕਾਰਜ ਸਾਰੇ | — ਤਿਨ ਕੇ ਕਾਜ ਸਰੇ |
| — ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ | — ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ। |

ਉਪਰੋਕਤ ਤੁਲਨਾ ਤੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਰਚਿਤ ਬਾਰਹ ਮਾਹ ਜੇ ਕਰ ਇਕ ਆਰੰਭਿਕ ਸੰਖੇਪ ਰਚਨਾ ਹੈ, ਤੇ ਸ੍ਰੀ ਗੁਰੂ ਅਰਜਨ ਦੇਵ ਜੀ ਰਾਹੀਂ ਰਚਿਤ ਬਾਰਹ ਮਾਹ ਵਿਚ ਉਸੇ ਵਿਸ਼ੇ ਨੂੰ ਵਿਸਥਾਰ ਕਰ ਕੇ ਅਗਾਹ ਟੋਰਿਆ ਹੈ। ਇਨ੍ਹਾਂ ਦੋਹਾਂ ਵਿਚ ਭਾਵਾਂ ਦਾ, ਵਲਵਲਿਆ ਦਾ, ਸ਼ਬਦਾਂ ਦਾ, ਵਿਰਹ ਦਾ, ਵਿਯੋਗ ਦਾ ਅਤਿ ਸੁੰਦਰ ਸੁਮੇਲ ਹੈ। ਇਥੋਂ ਤਕ ਕਿ ਭਾਵਾਂ ਦਾ ਪ੍ਰਗਟਾਵਾ ਸਮਾਨ ਸ਼ਬਦਾਂ ਰਾਹੀਂ ਕੀਤਾ ਗਿਆ ਹੈ।

ਜੇ ਕਰ ਇਹ ਕਹਿ ਦਿੱਤਾ ਜਾਵੇ ਕਿ ਇਹ ਦੋਵੇਂ ਬਾਰਹ ਮਾਹ ਸਾਰੇ ਸਿੱਖ ਜਗਤ ਵਿਚ ਅਧਿਆਤਮਕ ਸ਼ਿਖਰਾਂ ਨੂੰ ਛੁੰਹਦੇ ਹੋਏ ਅਨਮੋਲ ਵੱਡਮੁੱਲਾ ਖਜ਼ਾਨਾ ਹਨ, ਤਾਂ ਕੋਈ ਅਤਿਕਥਨੀ ਨਹੀਂ।



ਪ੍ਰਿੰ: ਬੇਅੰਤ ਕੌਰ

# ਲੇਖਿਕਾ ਬਾਰੇ

ਬੀਬੀ ਬੇਅੰਤ ਕੌਰ ਜੀ ਦਾ ਜਨਮ ਸੂਬਾ ਗੰਡਾ ਸਿੰਘ ਦਿੱਲੀ ਅਤੇ ਸ੍ਰੀ ਮਤੀ ਕੇਸਰ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਬੀਬੀ ਜੀ ਨੇ ਆਪਣੀ ਮੁਢੱਲੀ ਵਿਦਿਆ ਪ੍ਰਾਪਤ ਕਰਕੇ ਪੰਜਾਬੀ, ਅੰਗਰੇਜ਼ੀ ਵਿੱਚ ਐੱਮ. ਏ. ਕੀਤੀ ਅਤੇ ਹਿੰਦੀ ਵਿੱਚ ਸਾਹਿਤ ਰਤਨ ਦੀ ਡਿਗਰੀ ਪ੍ਰਾਪਤ ਕੀਤੀ। ਗਵਰਨਮੈਂਟ ਟਰੇਨਿੰਗ ਕਾਲਜ ਜਲੰਧਰ ਤੋਂ ਬੀ. ਟੀ. ਕਰਦਿਆਂ ਹੋਇਆਂ, ਅੰਗਰੇਜ਼ੀ, ਪੰਜਾਬੀ, ਹਿੰਦੀ ਵਿਸ਼ਿਆਂ ਵਿਚ ਮੁਹਾਰਤ ਹਾਸਿਲ ਕੀਤੀ। ਆਪ ਜੀ ਨੂੰ ਸ੍. ਸੰਤ ਸਿੰਘ ਜੀ ਜੋ ਕਿ ਬੜੇ ਅਨੁਭਵੀ ਇਲੈਕਟਰੀਕਲ ਇੰਨਜੀਨੀਅਰ ਹਨ, ਦੀ ਸੁਪਤਨੀ ਹੋਣ ਦਾ ਸੁਭਾਗ ਪ੍ਰਾਪਤ ਹੈ। ਆਪ ਜੀ ਦੇ ਦੋ ਸਪੁੱਤਰ ਮਕੈਨੀਕਲ ਇੰਨਜੀਨੀਅਰਿੰਗ ਵਿੱਚ ਗੋਲਡ ਮੈਡਲਿਸਟ ਹਨ। ਸਮੇਂ ਸਮੇਂ ਬੀਬੀ ਜੀ ਨੂੰ ਕਈ ਸੰਸਥਾਵਾਂ ਨੇ ਸਨਮਾਨਿਤ ਕੀਤਾ।

ਆਪ ਜੀ ਨੂੰ ਟ੍ਰੇਨਿੰਗ ਕਾਲਜ ਅਤੇ ਕੇਂਦਰੀ ਵਿਦਿਆਲਾ ਹਰਿਦੁਆਰ ਅਤੇ ਦਿੱਲੀ ਵਿਖੇ ਪੜ੍ਹਾਉਣ ਦਾ ੨੩ ਸਾਲ ਦਾ ਵਿਸ਼ਾਲ ਅਨੁਭਵ ਪ੍ਰਾਪਤ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਪ ਜੀ ਨੇ ਕੇਂਦਰੀ ਵਿਦਿਆਲਾ ਦੀ ਸਥਾਈ ਨੌਕਰੀ ਛਡ ਕੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਦੀ ਸਥਾਪਨਾ ਤੋਂ ਪ੍ਰਿੰਸੀਪਲ ਦੇ ਪਦ ਤੇ ਪੰਦਰਾਂ ਸਾਲ ਅਣਥੱਕ ਸੇਵਾ ਕੀਤੀ। ਇਹਨਾਂ ਦੇ ਵਿਸ਼ਾਲ ਅਨੁਭਵ ਅਤੇ ਸੁਯੋਗ ਅਗਵਾਈ ਹੇਠ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਸੀਨੀਅਰ ਸੈਕੰਡਰੀ ਸਕੂਲ ਬਣ ਕੇ ਦਿੱਲੀ ਦੇ ਸਰਵ ਸ੍ਰੇਸ਼ਟ ਸਕੂਲਾਂ ਦੇ ਪੱਧਰ ਤੇ ਆਣ ਪਹੁੰਚਿਆ।

ਬੀਬੀ ਜੀ ਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਕ ਹੈ ਅਤੇ ਆਪ ਜੀ ਦੇ ਲੇਖ ਸਤਿਜੁਗ, ਵਰਿਆਮ, ਨਿਰੀਖਿਅਕ, ਅਕਸ ਅਤੇ ਪੰਜਾਬੀ ਡਾਈਜੈਸਟ ਆਦਿ ਵਿਚ ਸਮੇਂ ਸਮੇਂ ਛਪ ਚੁੱਕੇ ਹਨ :

**ਆਪ ਦੀਆਂ ਛਪ ਚੁੱਕੀਆਂ ਅਤੇ ਛਪ ਰਹੀਆਂ ਪੁਸਤਕਾਂ :**

1. ਸੂਬਾ ਰੀਡਾ ਸਿੰਘ — 1990 ਵਿੱਚ
2. ਸ਼ਹੀਦ ਪਤ੍ਰਿਕਾ — 1991 ਵਿੱਚ
3. ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੌਲੇ ਮਹੱਲੇ — 1991 ਵਿੱਚ
4. ਲਾਲ ਏਹਿ ਰਤਨ ਭਾਗ ਪਹਿਲਾ — 1995 ਵਿੱਚ
5. ਸ਼ਹੀਦ ਪਤ੍ਰਿਕਾ — 1995 ਵਿੱਚ
6. ਦਰਸਨੁ ਦੇਹੁ ਦਇਆਪਤਿ ਦਾਤੇ — 1996 ਵਿੱਚ
7. ਸੁੰਦਰ ਸਿਆਮ ਕੀ ਮਾਨਤਮੈ — ਪ੍ਰਕਾਸ਼ਨ ਅਧੀਨ
8. ਲਾਲ ਏਹਿ ਰਤਨ ਭਾਗ ਦੂਜਾ — ਪ੍ਰਕਾਸ਼ਨ ਅਧੀਨ